# ਸ੍ਰੇਸ਼ਟ ਪੁਰਸ਼



ਕਿਰਪਾਲ ਸਿੰਘ ਕਸੇਲ

Satgu... Library ...mdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜਗਜੀਤ ਸਿੰ...
ਪੁਸਤਕ ਨੰ:.................
ਅਲਮਾਰੀ .................
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਸ੍ਰੇਸ਼ਟ ਪੁਰਸ਼

(ਆਲੋਚਨਾਤਮਿਕ ਨਿਬੰਧ)


ਕਿਰਪਾਲ ਸਿੰਘ ਕਸੇਲ



ਪੁਸਤਕ ਨੰ.........
ਅਲਮਾਰੀ .........



ਲਾਹੌਰ ਬੁੱਕਸ

ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

# Sarashthh Purush

(Criticism)

*By*

***Kirpal Singh Kasel,***

*House No. 4262/2,Mohala Suin Gran,*

*Near Ram Ashram, Patiala.*

*Ph.: 2321532*

© ਸਭ ਹੱਕ ਲੇਖਕ ਦੇ ਰਾਖਵੇਂ ਹਨ।

ਪਹਿਲੀ ਵਾਰ : 2016

ਕੀਮਤ : 200.00 ਰੁਪਏ

ਪ੍ਰਕਾਸ਼ਕ : ਲਾਹੌਰ ਬੁੱਕ ਸ਼ਾਪ, ਲੁਧਿਆਣਾ

ਫੋਨ: 0161-2740738, 6540738

www.lahorepublishers.com

ਛਾਪਕ : ਆਰ.ਕੇ.ਆਫਸੈਟ, ਦਿੱਲੀ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਪ੍ਰੋ. ਪੂਰਨ ਸਿੰਘ ਨੂੰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਪੰਜਾਬ ਦਾ ਟੈਗੋਰ : ਪ੍ਰੋ. ਪੂਰਨ ਸਿੰਘ/ 7

ਅਦੁਤੀ ਕਾਵਿ ਯਾਤ੍ਰਾ/ 18

ਨਵੀਨ ਸੋਚ ਨੂੰ ਜਗਾਉਣ ਵਾਲਾ ਵਸ਼ਿਸ਼ਟ ਸਾਹਿਤਕਾਰ ਪ੍ਰੋ. ਪੂਰਨ ਸਿੰਘ ਯੂ.ਕੇ./ 44

ਗੁਰਮਤਿ ਚਿੰਤਨਧਾਰਾ ਦੇ ਵਿਕਾਸ ਵਿਚ ਪ੍ਰੋ. ਪੂਰਨ ਸਿੰਘ ਦਾ ਯੋਗਦਾਨ / 47

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਸ਼੍ਰੇਸ਼ਟ ਤੇ ਸਚਿਆਰਾ ਅਲਮਬਰਦਾਰ ਪ੍ਰੋ. ਪ੍ਰੀਤਮ ਸਿੰਘ/ 60

ਬਾਬਾ ਬੋਹੜ ਪ੍ਰੋ. ਸੰਤ ਸਿੰਘ ਸੇਖੋਂ ਦੀ ਯਾਦ ਵਿਚ/ 80

ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਪ੍ਰੋ. ਸੰਤ ਸਿੰਘ ਸੇਖੋਂ ਦਾ ਯੋਗਦਾਨ / 89

ਗੁਰ-ਸਿਖ-ਪੰਜਾਬੀ ਗਿਆਨੀ ਲਾਲ ਸਿੰਘ/ 105

ਗਿਆਨੀ ਕੇਸਰ ਸਿੰਘ ਪੰਜਾਬ ਦਾ ਮਹਾਨ ਸਾਹਿਤਕਾਰ/ 119

ਮਾਵਾਂ ਠੰਡੀਆਂ ਛਾਵਾਂ/ 132

ਨਿੱਕੀ ਮਾਂ/ 142


Sri Satguru Jagjit Singh Ji eLibrary NamdhariElibrary@gmail.com

## ਆਦਿ ਕਥਨ

ਸ੍ਰੇਸ਼ਟ ਪੁਰਸ਼ ਨਾਮ ਦੀ ਪੁਸਤਕ ਵਿਚ 11 ਵਿਅਕਤੀਆਂ ਦਾ ਵਰਨਣ ਹੈ। ਜੋ ਮੇਰੇ ਮਾਣਦੰਡਾ ਅਨੁਸਾਰ ਸ੍ਰੇਸ਼ਟ ਪੁਰਸ਼ ਅਖਵਾਉਣ ਦੇ ਅਧਿਕਾਰੀ ਹਨ। ਇਨ੍ਹਾਂ ਵਿੱਚ ਦੋ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ 20ਵੀਂ ਸਦੀ ਦੀਆਂ ਜਾਣੀਆਂ-ਪਛਾਣੀਆਂ ਹਸਤੀਆਂ ਹਨ। ਬਾਕੀ ਦੇ 9 ਵਿਅਕਤੀ ਮੇਰੇਂ ਜੀਵਨ ਕਾਲ ਨਾਲ ਜੁੜੇ ਹੋਏ ਹਨ ਜਿਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਘੋਖਿਆ-ਪਰਖਿਆ ਹੈ ਤੇ ਇਨ੍ਹਾਂ ਵਿਚਲੇ ਆਦਰਸ਼ ਗੁਣਾਂ ਕਾਰਨ ਇਹ ਸ੍ਰੇਸ਼ਟ ਵਿਅਕਤੀ ਅਖਵਾਉਣ ਦੇ ਹੱਕਦਾਰ ਹਨ।

ਭਾਈ ਵੀਰ ਸਿੰਘ ਦਾ ਕਥਨ ਹੈ "ਚੌੜੇ ਦਾਓ ਅਸਾਂ ਨਹੀਂ ਵਧਣਾ, ਸਿਧੇ ਜਾਣਾ ਚੜ੍ਹਦੇ" ਅਰਥਾਤ ਉਦੇਸ਼ ਪਦਾਰਥਕ ਫੈਲਾਓ ਨਹੀਂ ਸਗੋਂ ਆਤਮਕ ਵਿਕਾਸ ਹੈ। ਪ੍ਰੋ. ਪੂਰਨ ਸਿੰਘ ਵੀ ਆਪਣੇ ਆਪ ਨੂੰ ਮਾਨਸਰੋਵਰ ਵਲ ਜਾਣ ਵਾਲਾ ਪੰਛੀ ਦੱਸਦਾ ਹੈ ਜੋ ਦੂਜੇ ਸ਼ਬਦਾਂ ਵਿਚ ਆਤਮਕ ਵਿਕਾਸ ਦਾ ਹੀ ਸੂਚਕ ਹੈ। ਬਾਕੀ ਦੇ 9 ਵਿਅਕਤੀ ਮੇਰੇ ਆਪਣੇ ਸਥਾਪਿਤ ਆਦਰਸ਼ਾਂ ਅਨੁਸਾਰ ਸ੍ਰੇਸ਼ਟ ਵਿਅਕਤੀ ਮੰਨੇ ਜਾ ਸਕਦੇ ਹਨ। ਆਪਣੇ ਆਪ ਵਿਚ ਇਨ੍ਹਾਂ ਦੇ ਆਦਰਸ਼ਕ ਗੁਣ ਭਲੀ-ਭਾਂਤ ਉਜਾਗਰ ਹਨ।

ਇਨ੍ਹਾਂ ਰੇਖਾ-ਚਿੱਤਰਾਂ ਦਵਾਰਾ ਮੇਰਾ ਮਨੋਰਥ ਸ੍ਰੇਸ਼ਟਤਾ ਬਾਰੇ ਆਵਸਕ ਬੋਧ ਕਰਵਾਉਣਾ ਹੀ ਹੈ। ਹਰ ਸੂਝਵਾਨ ਵਿਅਕਤੀ ਇਨ੍ਹਾਂ ਬਾਰੇ ਭਿੰਨ ਰਾਇ ਵੀ ਰਖ ਸਕਦੇ ਹਨ, ਪਰ ਮੇਰੇ ਦ੍ਰਿਸ਼ਟੀਕੋਣ ਅਨੁਸਾਰ ਇਨ੍ਹਾਂ ਵਿੱਚ ਸ੍ਰੇਸ਼ਟਤਾ ਦੇ ਉਤਮ ਗੁਣ ਮੌਜੂਦ ਹਨ।

ਕਿਰਪਾਲ ਸਿੰਘ ਕਸੇਲ
4262/2, ਸ. ਸੂਈ ਗਰਾਂ
ਰਾਮ ਆਸ਼ਰਮ, ਪਟਿਆਲਾ

Sri Satguru Jagjit Singh Ji eLibrary NamdhariElibrary@gmail.com

# ਪੰਜਾਬ ਦਾ ਟੈਗੋਰ - ਪ੍ਰੋ. ਪੂਰਨ ਸਿੰਘ

ਚੌੜਾ ਮਸਤਕ ਖੁਲ੍ਹਾ ਦਾੜ੍ਹਾ,
ਦਿਲ ਵਿਚ ਸਾਗਰ ਛਲਕੇ।
ਨੈਣਾਂ ਦੀ ਅਸਗਾਹਤਾ ਉਸ ਦੀ,
ਰੋਮ ਰੋਮ 'ਚੋਂ ਝਲਕੇ।

ਮਾਨ-ਸਰੋਵਰ ਦਾ ਉਹ ਪੰਛੀ,
ਆਤਮ ਪੰਧ ਦਾ ਪਾਂਧੀ।
ਕਲ੍ਹ ਉਸ ਜਿਹੜਾ ਬੀਜ ਬੀਜਿਆ,
ਮੌਲੇਗਾ ਮੁੜ ਭਲਕੇ।

## 1. ਵਿਰਾਟ ਪ੍ਰਤਿਭਾ ਦਾ ਸੁਆਮੀ

ਪੰਜਾਬ ਦੀ ਮਹਾਨ ਸਾਹਿਤਕ ਪ੍ਰਤਿਭਾ ਪ੍ਰੋ. ਪੂਰਨ ਸਿੰਘ (1881-1931) ਪੰਜਾਬ ਦੀ ਹੀ ਨਹੀਂ, ਭਾਰਤ ਦੀ ਰਾਸ਼ਟਰੀ ਆਤਮਾ ਦੇ ਪ੍ਰਤੀਨਿਧ ਉਹ ਸ੍ਰੇਸ਼ਟ ਸਾਹਿਤਕਾਰ ਹਨ, ਜਿਨ੍ਹਾਂ ਨੂੰ ਗੁਰੂਦੇਵ ਰਾਬਿੰਦਰ ਨਾਥ ਟੈਗੋਰ, ਸੁਆਮੀ ਵਿਵੇਕਾਨੰਦ, ਸੁਆਮੀ ਰਾਮ ਤੀਰਥ, ਸ੍ਰੀ ਅਰਬਿੰਦੂ ਘੋਸ਼, ਅਤੇ ਡਾ. ਮੁਹੰਮਦ ਇਕਬਾਲ ਆਦਿ ਵਰਗੇ ਉਨ੍ਹਾਂ ਮਹਾਨ ਅਧਿਆਤਮਕ ਚਿੰਤਕਾਂ, ਰਹੱਸਵਾਦੀ ਸੰਤ ਮਹਾਂਪੁਰਸ਼ਾਂ ਅਤੇ ਉਚ-ਕੋਟੀ ਦੇ ਪੂਰਬੀ ਕਵੀਆਂ ਦੇ ਉਸ ਸ਼ਾਨਦਾਰ ਸਾਹਿਤਕ ਮੰਡਲ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ, ਜੋ ਭਾਰਤੀ ਪੁਨਰ-ਜਾਗ੍ਰਿਤੀ ਦੇ ਸਾਂਸਕ੍ਰਿਤਕ ਅੰਦੋਲਨ ਦੇ ਮਹਾਨ ਪ੍ਰਵਕਤਾ, ਅਦੁਤੀ ਵਿਆਖਿਆਕਾਰ, ਸਿਰਮੌਰ ਕਵੀ ਤੇ ਚਿੰਤਕ ਸਨ। ਵੀਹਵੀਂ ਸਦੀ ਦਾ ਸਮੁਚਾ ਭਾਰਤੀ ਚਿੰਤਨ ਤੇ ਸਰਵੋਤਮ ਸਾਹਿਤਕ ਵਿਰਸਾ ਇਨ੍ਹਾਂ ਮਹਾਨ ਜਗਤ ਪ੍ਰਸਿੱਧ ਸਾਹਿਤਕਾਰਾਂ ਦੀ ਹੀ ਦੇਣ ਹੈ। ਇਨ੍ਹਾਂ ਵਿਚ ਹੀ ਅਸੀਂ ਮਹਾਤਮਾ ਗਾਂਧੀ, ਡਾ. ਰਾਜਿੰਦਰ ਪ੍ਰਸਾਦ, ਪੰਡਤ ਜਵਾਹਰ ਲਾਲ ਨਹਿਰੂ ਅਤੇ ਡਾ. ਰਾਧਾ ਕ੍ਰਿਸ਼ਨਨ ਵਰਗੇ ਮਹਾਨ ਨੇਤਾਵਾਂ, ਸਮਾਜਕ ਤੇ ਸਭਿਆਚਾਰਕ ਕ੍ਰਾਂਤੀ ਦੇ ਮੋਢੀਆਂ ਤੇ ਨਵ-ਭਾਰਤ ਦੇ ਨਵ-ਉਸਰਈਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਵਿਸ਼ਵ ਭਰ ਵਿਚ ਭਾਰਤ ਦੇ ਰਾਸ਼ਟਰੀ-ਸਰੂਪ ਤੇ ਗੌਰਵ ਦੀ ਪਛਾਣ ਕਰਵਾਈ ਹੈ ਅਤੇ ਨਵੇਂ ਉਭਰੇ ਸੁਤੰਤਰ ਲੋਕਤੰਤਰਕ ਭਾਰਤ ਦੀ ਭਵਿਖਾਰਥੀ ਨੁਹਾਰ ਦੇ ਨਕਸ਼ਾਂ ਨੂੰ ਆਪਣੀ ਕਲਪਨਾ, ਚਿੰਤਨ, ਅਨੁਭਵ ਤੇ ਅਮਲ ਦੁਆਰਾ ਘੜਿਆ ਹੈ। ਇਨ੍ਹਾਂ ਭਾਰਤੀ ਚਿੰਤਕਾਂ ਤੇ ਰਾਸ਼ਟਰੀ ਗੌਰਵ ਵਾਲੀਆਂ ਮਹਾਨ ਵਿਭੂਤੀਆਂ ਨੇ ਭਾਰਤ ਦੇ ਨਵੇਂ ਕੌਮੀ ਅਸਤਿਤਵ ਤੇ ਸਰੂਪ ਨੂੰ ਵਿਸ਼ਵ-ਵਿਆਪੀ ਧਰਾਤਲਾਂ ਉਤੇ ਹੀ ਰਖ ਕੇ ਨਵੀਂ ਉਸਰ ਰਹੀ ਵਿਸ਼ਵ ਸੰਸਕ੍ਰਿਤੀ ਤੇ ਵਿਸ਼ਵ-ਸਮਾਜ ਦੇ ਮਾਨਵਵਾਦੀ ਆਦਰਸ਼ਾਂ ਅਰਥਾਤ ਭਵਿਖ ਦੇ ਵਿਸ਼ਵ-ਵਿਆਪੀ ਮਾਨਵ-ਸਮਾਜ ਦੀ ਏਕਤਾ ਤੇ ਅਟੁੱਟ ਸਾਂਝ



Sri Satguru Jagjit Singh Ji eLibrary NamdhariElibrary@gmail.com

ਦੀ ਕੜੀ ਨੂੰ ਸਮਝਣ ਤੇ ਮਜ਼ਬੂਤ ਕਰਨ ਦਾ ਸਫਲ ਯਤਨ ਕੀਤਾ ਹੈ। ਭਾਵੇਂ ਇਹ ਸਾਰੇ ਚਿੰਤਕ, ਕਵੀ ਤੇ ਸਾਹਿਤਕਾਰ ਪੂਰਬੀ ਆਤਮਾ ਦੇ ਪ੍ਰਤੀਕ ਹਨ, ਪਰ ਇਨ੍ਹਾਂ ਦਾ ਦ੍ਰਿਸ਼ਟੀਕੋਣ ਪਛਮੀ ਸਮਾਜ ਦੀ ਉਦਯੋਗਕ ਤੇ ਵਿਗਿਆਨਕ ਉਨਤੀ ਦੇ ਵਰਤਾਰੇ ਨੂੰ ਵੀ ਸਮਝਣ, ਉਸ ਨਾਲ ਪੱਕੀ ਪੀਢੀ ਮਾਨਵੀ ਸਾਂਝ ਪਾਉਣ ਤੇ ਵਿਸ਼ਵ ਏਕਤਾ ਤੇ ਮਾਨਵ ਏਕਤਾ ਦੀ ਭਾਵਨਾ ਨੂੰ ਸੁਦ੍ਰਿੜ ਕਰਨ ਵਿਚ ਸਹਾਈ ਹੋਇਆ ਹੈ।

ਜੇ ਗਹੁ ਨਾਲ ਹੋਰ ਡੂੰਘਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ ਕਿ ਇਹ ਸਾਰੇ ਵਿਅਕਤੀ ਜਿਨ੍ਹਾਂ ਉਤੇ ਕੇਵਲ ਭਾਰਤ ਨੂੰ ਹੀ ਮਾਣ ਨਹੀਂ ਸਗੋਂ ਸਾਰੇ ਵਿਸ਼ਵ ਦੇ ਪ੍ਰਗਤੀਸ਼ੀਲ ਮਾਨਵ-ਸਮੂਹਾਂ ਤੇ ਸਮਾਜਾਂ ਨੂੰ ਇਨ੍ਹਾਂ ਦੇ ਆਦਰਸ਼ਕ ਵਿਅਕਤਿਤਵ ਉਤੇ ਗੌਰਵ ਹੋ ਸਕਦਾ ਹੈ। ਮਹਾਨ ਆਤਮਾਵਾਂ ਕੇਵਲ ਇਕ ਦੇਸ਼, ਫ਼ਿਰਕੇ ਜਾਂ ਸਮਾਜ ਨਾਲ ਬੱਝੀਆਂ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਦਾ ਯੋਗਦਾਨ ਸਾਰੇ ਸੰਸਾਰ ਦਾ ਹੀ ਅਮੀਰ ਵਿਰਸਾ ਹੁੰਦਾ ਹੈ। ਅਜਿਹੇ ਵਿਅਕਤੀ ਸਾਰੇ ਵਿਸ਼ਵ ਦੇ ਹੀ ਮਿਤਰ-ਪਿਆਰੇ ਹੁੰਦੇ ਹਨ ਅਤੇ ਉਨ੍ਹਾਂ ਦੇ ਨੈਣਾਂ ਦੀ ਚਮਕ ਵਿਚੋਂ ਹੀ ਵਿਸ਼ਵ-ਵਿਆਪੀ ਦਿਸਹੱਦਿਆਂ ਨੂੰ ਵੇਖਿਆ ਜਾ ਸਕਦਾ ਹੈ।

ਭਾਰਤ ਦੇ ਜਿਨ੍ਹਾਂ ਸਾਹਿਤਕਾਰਾਂ, ਕਵੀਆਂ ਤੇ ਚਿੰਤਕਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਸਿਰਫ਼ ਪ੍ਰੋ. ਪੂਰਨ ਸਿੰਘ ਹੀ ਹਨ, ਜਿਨ੍ਹਾਂ ਨੂੰ ਸਮੁਚੇ ਭਾਰਤ ਅਤੇ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਿਕ ਮੰਡਲਾਂ ਨੇ ਉਹ ਸਨਮਾਨਯੋਗ ਸਥਾਨ ਨਹੀਂ ਦਿਤਾ ਜਿਸ ਦੇ ਕਿ ਉਹ ਹੱਕਦਾਰ ਸਨ। ਇਹ ਗੱਲ ਸਮੁਚੇ ਭਾਰਤ ਦੇ ਬੁਧੀਜੀਵੀਆਂ, ਸਾਹਿਤਕ ਮੰਡਲਾਂ ਤੇ ਵਿਸ਼ੇਸ਼ ਕਰਕੇ ਪੰਜਾਬ ਦੇ ਜਨ-ਸਮੂਹ ਤੇ ਸਾਹਿਤਕ ਘੇਰਿਆਂ ਲਈ ਅਤਿ ਦੀ ਦੁਖਦਾਈ ਮੰਨੀ ਜਾ ਸਕਦੀ ਹੈ। ਦੂਜੇ ਬੰਨ੍ਹੇ ਸੱਚ ਤਾਂ ਇਹ ਹੈ ਕਿ ਪ੍ਰੋ. ਪੂਰਨ ਸਿੰਘ ਦੀ ਪ੍ਰਤਿਭਾ ਦੀ ਉਚਿਤ ਪਛਾਣ ਕਰਨ ਤੋਂ ਬਿਨਾਂ ਅਸੀਂ ਪੰਜਾਬ ਦੇ ਸਮੁੱਚੇ ਸਭਿਆਚਾਰ, ਸੰਸਕ੍ਰਿਤੀ ਅਤੇ ਸਾਹਿਤਕ ਪ੍ਰਾਪਤੀ ਦੀ ਪੂਰੀ ਤਰ੍ਹਾਂ ਪਛਾਣ ਨਹੀਂ ਕਰ ਸਕਦੇ, ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰੋ. ਪੂਰਨ ਸਿੰਘ ਦੀਆਂ ਸਾਹਿਤਕ ਰਚਨਾਵਾਂ ਦਾ ਪੁਨਰ ਮੁਲਾਂਕਣ ਕਰਕੇ ਉਨ੍ਹਾਂ ਦੀ ਵਿਰਾਟ ਸਾਹਿਤਕ ਪ੍ਰਤਿਭਾ ਨੂੰ ਸਮੁੱਚੇ ਅਖਿਲ-ਭਾਰਤੀ ਤੇ ਵਿਸ਼ਵ-ਸਾਹਿਤ ਵਿਚ ਉਹ ਸਨਮਾਨਯੋਗ ਸਥਾਨ ਦਿਵਾਇਆ ਜਾ ਸਕੇ ਜਿਸ ਦੇ ਕਿ ਉਹ ਹਰ ਲਿਹਾਜ਼ ਨਾਲ ਅਧਿਕਾਰੀ ਹਨ।

ਭਾਰਤ ਦੇ ਅਧਿਆਤਮਕ ਚਿੰਤਨ ਵਿਚ ਆਪ ਨੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਤੇ ਅਰਬਿੰਦੂ ਘੋਸ਼ ਵਰਗਾ ਯੋਗਦਾਨ ਪਾਇਆ ਹੈ। ਉਨ੍ਹਾਂ ਦਾ ਅਧਿਆਤਮਕ-ਚਿੰਤਨ ਕੇਵਲ ਬੌਧਿਕ ਪ੍ਰਯਾਸਾਂ ਦੀ ਹੀ ਦੇਣ ਨਹੀਂ ਹੈ; ਸਗੋਂ ਉਹ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਅਨੁਭਵੀ ਦਿੱਬ-ਦ੍ਰਿਸ਼ਟੀ ਤੇ ਦੈਵੀ ਆਵੇਸ਼-ਗਤ ਅਵਸਥਾ ਦਾ ਪ੍ਰਣਾਮ ਹੈ। ਇਸੇ ਲਈ ਆਪ ਦਾ ਅਧਿਆਤਮਕ ਦਰਸ਼ਨ ਕੇਵਲ ਪਰੰਪਰਾਗਤ ਅਧਿਆਤਮਵਾਦ ਦੀ ਹੀ ਪੁਨਰ-ਸੁਰਜੀਤੀ ਨਹੀਂ ਜੋ ਕਿ ਉਨ੍ਹਾਂ ਦੇ ਸਮਕਾਲੀ ਚਿੰਤਕਾਂ ਵਿਚ ਇਕ ਤਰ੍ਹਾਂ ਨਾਲ ਵਿਆਪਕ ਪ੍ਰਵਿਰਤੀ ਸੀ, ਸਗੋਂ ਇਹ ਇਕ ਤਰ੍ਹਾਂ ਨਾਲ ਅਧਿਆਤਮਵਾਦੀ ਦਰਸ਼ਨ ਦੀ ਨਵੀਨ ਤੇ ਯੁਗਾਨੁਕੂਲ ਵਿਆਖਿਆ ਸੀ, ਜਿਸ



Sri Satguru Jagjit Singh Ji eLibrary NamdhariElibrary@gmail.com

ਦੀ ਬਹੁਤੀ ਸਿਰਜਨਾ ਉਨ੍ਹਾਂ ਦੇ ਮੌਲਿਕ ਅਨੁਭਵ ਦੇ ਰਹੱਸਵਾਦੀ ਸਰੂਪ ਦੁਆਰਾ ਹੋਂਦ ਵਿਚ ਆਈ ਹੈ, ਇਸੇ ਲਈ ਪ੍ਰੋ. ਪੂਰਨ ਸਿੰਘ ਦੇ ਅਧਿਆਤਮਕ ਚਿੰਤਨ ਤੇ ਰਹੱਸਵਾਦੀ ਅਨੁਭਵ ਨੂੰ ਨਵ-ਅਧਿਆਤਮਵਾਦ ਤੇ ਨਵ-ਰਹੱਸਵਾਦ ਦੀ ਸੰਗਿਆ ਦਿਤੀ ਜਾ ਸਕਦੀ ਹੈ।

ਉਪਰੋਕਤ ਸਾਹਿਤਕਾਰਾਂ ਦੇ ਮੰਡਲ ਵਿਚ ਤਿੰਨ ਮਹਾਨ ਸ਼ਖ਼ਸੀਅਤਾਂ ਪੰਜਾਬ ਦੇ ਸਭਿਆਚਾਰਕ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਸੁਆਮੀ ਰਾਮ ਤੀਰਥ (1873-1906), ਪ੍ਰੋ. ਪੂਰਨ ਸਿੰਘ ਤੇ ਡਾ. ਮੁਹੰਮਦ ਇਕਬਾਲ (1877-1938)। ਇਹ ਤਿੰਨੇ ਸਮਕਾਲੀ ਵੀ ਹਨ ਅਤੇ ਪਿਛਲੇ ਦੋਵੇਂ ਪ੍ਰੋ. ਪੂਰਨ ਸਿੰਘ ਤੇ ਡਾ. ਮੁਹੰਮਦ ਇਕਬਾਲ ਇਕ ਦੂਜੇ ਦੇ ਨਿਕਟ ਸਹਿਯੋਗੀ ਵੀ ਰਹੇ ਹਨ। ਸੁਆਮੀ ਰਾਮ ਤੀਰਥ ਤਾਂ ਪ੍ਰੋ. ਪੂਰਨ ਸਿੰਘ ਦੇ ਅਧਿਆਤਮਕ ਗੁਰੂ ਸਨ, ਜਿਨ੍ਹਾਂ ਨੇ ਆਪ ਨੂੰ 'ਸਵਰਨ-ਭੂਮੀ' ਦੀ ਯਾਤਰਾ ਕਰਵਾਈ ਤੇ ਇਹ ਆਦੇਸ਼ ਦਿੱਤਾ, "ਪੂਰਨ, ਇਸ ਸਵਰਨ-ਭੂਮੀ ਨੂੰ ਕਦੀ ਨਾ ਭੁਲਾਣਾ।" ਸੁਆਮੀ ਰਾਮ ਤੀਰਥ ਦੇ ਵੇਦਾਂਤ-ਦਰਸ਼ਨ ਨੂੰ ਪ੍ਰੋ. ਪੂਰਨ ਸਿੰਘ ਵਿਵਹਾਰਕ ਵੇਦਾਂਤ ਜਾਂ ਪ੍ਰੈਕਟੀਕਲ ਵੇਦਾਂਤ ਦੀ ਸੰਗਿਆ ਦਿੰਦੇ ਹਨ ਅਤੇ ਆਪ ਨੇ ਸੁਆਮੀ ਰਾਮ ਤੀਰਥ ਦੇ ਅਧਿਆਤਮਕ ਚਿੰਤਨ ਤੇ ਰਹੱਸਵਾਦੀ ਅਨੁਭਵ ਤੋਂ ਸ਼ਿਸ਼ ਰੂਪ ਵਿਚ ਬਹੁਤ ਕੁਝ ਗ੍ਰਹਿਣ ਕੀਤਾ ਹੈ, ਜੋ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਵਿਚ ਸਪੱਸ਼ਟ ਰੂਪ ਵਿਚ ਝਲਕਦਾ ਦਿਖਾਈ ਦਿੰਦਾ ਹੈ। ਡਾ. ਮੁਹੰਮਦ ਇਕਬਾਲ ਦੀ ਕਵਿਤਾ ਵੀ ਆਪਣੇ ਸਮੇਂ ਦੀ ਹੀ ਨਹੀਂ ਸਗੋਂ ਸਰਬ ਸਮਿਆਂ ਦੀ ਸ੍ਰੇਸ਼ਟ ਕਾਵਿ-ਨਿਧੀ ਹੈ ਜਿਸ ਵਿਚ 'ਕਾਮਿਲ ਮਰਦ' ਨੂੰ ਉਸ ਦੇ ਵਿਅਕਤੀਗਤ ਅਮਲ ਵਿਚ ਗਤੀਸ਼ੀਲ ਵੇਖਿਆ ਗਿਆ ਹੈ। ਸੁਆਮੀ ਰਾਮ ਤੀਰਥ ਦੇ ਜੀਵਨ ਦਰਸ਼ਨ ਵਿਚ ਵੀ ਵਿਸ਼ਵ-ਵਿਆਪੀ ਸਾਂਝ, ਮਨੁੱਖ ਮਾਤਰ ਲਈ ਕਰੁਣਾ ਤੇ ਪ੍ਰੇਮ ਦੇ ਅਸੀਮ ਮਨੋਭਾਵ ਵਿਦਮਾਨ ਹਨ ਜੋ ਸਾਰੀ ਸ੍ਰਿਸ਼ਟੀ ਨੂੰ ਪ੍ਰੇਮ ਦੀ ਸਾਂਝੀ ਪਕੜ ਵਿਚ ਬੰਨ੍ਹ ਦਿੰਦੇ ਹਨ। ਇਨ੍ਹਾਂ ਸਭ ਸਾਹਿਤਕ ਵਿਭੂਤੀਆਂ ਨੂੰ ਕਿਸੇ ਦੇਸ਼, ਕਾਲ ਤੇ ਜਾਤੀ ਜਾਂ ਸੰਪਰਦਾਇ ਨਾਲ ਜੋੜ ਦੇਣਾ ਇਨ੍ਹਾਂ ਨਾਲ ਘੋਰ ਅਨਿਆਂ ਹੈ। ਇਹ ਤਾਂ ਸਰਬ ਮਨੁੱਖਤਾ ਦੇ ਰੌਸ਼ਨ-ਸਿਤਾਰੇ ਹਨ, ਜਿਨ੍ਹਾਂ ਤੋਂ ਮਨੁੱਖੀ ਸਮਾਜ ਸਦੀਆਂ ਤਕ ਪ੍ਰੇਰਨਾ, ਉਤਸ਼ਾਹ ਤੇ ਭਵਿਖਾਰਥੀ ਚਿੰਤਨ ਦੀ ਟੋਹ ਲੈ ਸਕਦਾ ਹੈ।

ਅਜ ਦੇ ਸਭਿਆਚਾਰਕ ਇਤਿਹਾਸ ਵਿਚ ਟੈਗੋਰ ਤੇ ਅਰਬਿੰਦੂ ਘੋਸ਼ ਨੂੰ ਭਾਰਤ ਦੇ ਰਾਸ਼ਟਰੀ ਕਵੀ ਕਰਕੇ ਜਾਣਿਆ ਜਾਂਦਾ ਹੈ। ਡਾ. ਮੁਹੰਮਦ ਇਕਬਾਲ ਵੀ ਭਾਰਤ ਦੇ ਕੌਮੀ ਸ਼ਾਇਰ ਹਨ ਅਤੇ ਅਜ ਪਾਕਿਸਤਾਨ ਵਿਚ ਉਨ੍ਹਾਂ ਦੀ ਅਜ਼ਮਤ ਅਤੇ ਸ਼ਾਨ ਅਦੁਤੀ ਹੈ। ਪਰ ਸੁਆਮੀ ਰਾਮ ਤੀਰਥ ਦੀ ਥੋੜ੍ਹੀ ਪਛਾਣ ਭਾਵੇਂ ਭਾਰਤੀ ਲੋਕਾਂ ਤੇ ਆਤਮਕ ਜਿਗਿਆਸੂਆਂ ਨੇ ਕੀਤੀ ਹੈ, ਪਰ ਇਸ ਸਬੰਧ ਵਿਚ ਪ੍ਰੋ. ਪੂਰਨ ਸਿੰਘ ਹੀ ਇਕੱਲੇ ਸਾਹਿਤਕਾਰ ਹਨ, ਜਿਨ੍ਹਾਂ ਦੀ ਸਾਹਿਤਕ ਪ੍ਰਤਿਭਾ ਦੀ ਉਚਿਤ ਪਛਾਣ ਹੁਣ ਤਕ ਵੀ ਨਹੀਂ ਕੀਤੀ ਗਈ ਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਉਪਰੋਕਤ ਕਵੀਆਂ ਦੀ ਪੰਕਤੀ ਵਿਚ ਖੜਾ ਕਰਕੇ ਵਾਚਿਆ ਘੋਖਿਆ ਜਾਂਦਾ ਹੈ। ਸ਼ਾਇਦ ਇਸ ਦਾ ਵੱਡਾ ਕਾਰਨ ਉਨ੍ਹਾਂ ਦਾ ਪੰਜਾਬ ਦਾ ਜੰਮਪਲ ਹੋਣਾ ਤੇ ਸਿਖ ਜਗਤ ਨਾਲ



Sri Satguru Jagjit Singh Ji eLibrary NamdhariElibrary@gmail.com

ਸਬੰਧਿਤ ਹੋਣਾ ਹੋ ਸਕਦਾ ਹੈ ? ਪੰਜਾਬੀ ਸਾਹਿਤਕ ਜਗਤ ਵਿਚ ਵੀ ਇਹ ਸ਼ੋਕ ਦੀ ਗੱਲ ਹੈ ਕਿ ਪ੍ਰੋ. ਪੂਰਨ ਸਿੰਘ ਦੀ ਪ੍ਰਤਿਭਾ ਨਾਲ ਪੰਜਾਬੀ ਦੇ ਸਾਹਿਤਕਾਰਾਂ ਤੇ ਆਲੋਚਕਾਂ ਨੇ ਹੁਣ ਤਕ ਨਿਆਂ ਨਹੀਂ ਕੀਤਾ। ਇਹੋ ਕਾਰਨ ਹੈ ਕਿ ਆਪ ਦੀ ਮਹਾਨ ਰਚਨਾ ਨੂੰ ਨਾ ਕੇਵਲ ਸ਼ਰਧਾ ਤੇ ਸਤਿਕਾਰ ਨਾਲ ਪੜ੍ਹਿਆ ਹੀ ਗਿਆ ਹੈ ਸਗੋਂ ਇਕ ਤਰ੍ਹਾਂ ਨਾਲ ਵਿਸਾਰ ਹੀ ਦਿਤਾ ਗਿਆ ਹੈ। ਜਿਥੇ ਅੱਜ ਬੰਗਾਲ ਵਿਚ ਮਹਾਂ ਕਵੀ ਟੈਗੋਰ ਦੀਆਂ ਰਚਨਾਵਾਂ ਨੂੰ ਹਰ ਸਾਲ ਲੇਖਾਂ ਦੀ ਗਿਣਤੀ ਵਿਚ ਪੜ੍ਹਿਆ ਤੇ ਵਾਚਿਆ ਜਾਂਦਾ ਹੈ, ਉਥੇ ਪ੍ਰੋ. ਪੂਰਨ ਸਿੰਘ ਦੀਆਂ ਸਾਹਿਤਕ ਕਿਰਤਾਂ ਜਾਂ ਤਾਂ ਮਿਲਦੀਆਂ ਹੀ ਨਹੀਂ ਜਾਂ ਬਿਲਕੁਲ ਹੀ ਭੁਲਾ ਦਿਤੀਆਂ ਗਈਆਂ ਹਨ। ਇਹ ਕਿੰਨੀ ਸ਼ੋਕ ਦੀ ਗੱਲ ਹੈ ਕਿ ਉਨ੍ਹਾਂ ਦੀ ਅੰਗ੍ਰੇਜ਼ੀ ਕਵਿਤਾ ਜਿਸਦੇ ਪੰਜ ਸੰਗ੍ਰਹਿ ਉਨ੍ਹਾਂ ਦੇ ਜੀਵਨ ਕਾਲ ਵਿਚ ਪ੍ਰਕਾਸ਼ਿਤ ਹੋਏ ਤੇ ਦੋ ਕਾਵਿ ਸੰਗ੍ਰਹਿ ਮਰਣੋਪਰੰਤ। ਫਿਰ ਵੀ ਉਨ੍ਹਾਂ ਦੀ ਇਤਨੀ ਵੱਡੀ ਕਾਵਿ-ਮਈ ਦੇਣ ਦੀ ਪਛਾਣ ਨਹੀਂ ਹੋ ਸਕੀ ਅਤੇ ਬਹੁਤ ਸਾਰੇ ਬੌਧਿਕ ਤੇ ਸਾਹਿਤਕ ਖੇਤਰ ਇਨ੍ਹਾਂ ਰਚਨਾਵਾਂ ਤੋਂ ਬਿਲਕੁਲ ਹੀ ਅਗਿਆਤ ਪ੍ਰਤੀਤ ਹੁੰਦੇ ਹਨ।

ਇਹੋ ਹੀ ਹਾਲ ਉਨ੍ਹਾਂ ਦੀਆਂ ਸਿੱਖ ਚਿੰਤਨ ਤੇ ਗੁਰਮਤਿ ਸਬੰਧੀ ਰਚਨਾਵਾਂ ਦਾ ਹੈ, ਜਿਨ੍ਹਾਂ ਦੀਆਂ ਦੋ ਪੁਸਤਕਾਂ ਉਨ੍ਹਾਂ ਦੇ ਜੀਵਨ ਕਾਲ ਵਿਚ ਤੇ ਤਿੰਨ ਪੁਸਤਕਾਂ ਉਨ੍ਹਾਂ ਦੇ ਅਕਾਲ ਚਲਾਣੇ ਦੇ ਲਗਪਗ 50 ਸਾਲਾਂ ਪਿਛੋਂ ਪ੍ਰਕਾਸ਼ਿਤ ਹੋਈਆਂ ਹਨ – ਹਾਲਾਂਕਿ ਇਕ ਸਿਖ ਚਿੰਤਕ ਤੇ ਅਧਿਆਤਮਵਾਦੀ ਲੇਖਕ ਵਜੋਂ ਆਪ ਪਹਿਲੇ ਅਜਿਹੇ ਗੁਰਮਤਿ ਦੇ ਵਿਆਖਿਆਕਾਰ ਹਨ, ਜਿਨ੍ਹਾਂ ਨੇ ਸਿਖ ਗੁਰੂ ਸਾਹਿਬਾਨ ਦੇ ਚਿੰਤਨ ਤੇ ਬਾਣੀ ਵਿਚ ਆਧੁਨਿਕਤਾ ਦੀ ਝਲਕ ਵੇਖੀ ਅਤੇ ਇਸ ਦੇ ਭਵਿਖਾਰਥੀ ਵਿਸ਼ਵ-ਵਿਆਪੀ ਸਰੂਪ ਨੂੰ ਸਪੱਸ਼ਟ ਭਾਂਤ ਲਖ ਲਿਆ ਸੀ। ਸਿਖ ਧਰਮ ਅਰਥਾਤ ਗੁਰਮਤਿ ਦੀ ਪਹਿਲੀ ਵਾਰ ਤੁਲਨਾਤਮਕ ਧਰਮ-ਦ੍ਰਿਸ਼ਟੀ ਤੋਂ ਵਿਆਖਿਆ ਆਪ ਨੇ ਹੀ ਕੀਤੀ ਹੈ, ਜੋ ਨਾ ਤਾਂ ਪਰੰਪਰਾਗਤ ਰੂਪ ਦੀ ਸੰਪਰਦਾਈ ਹੈ ਅਤੇ ਨਾ ਹੀ ਸੰਕੀਰਨ; ਸਗੋਂ ਇਸ ਵਿਚ ਵਿਸ਼ਵ-ਵਿਆਪੀ ਆਧਿਆਤਮਕ ਦ੍ਰਿਸ਼ਟੀਕੋਣ ਦੇ ਸਾਰਥਕ ਨੁਕਤਿਆਂ ਦੇ ਲਕਸ਼ਾਂ ਦੀ ਸੋਝੀ ਕਰਵਾਈ ਗਈ ਹੈ।

ਭਾਵੇਂ ਆਪ 1913 ਈਸਵੀ ਵਿਚ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਵੀ ਸਾਹਿਤਕ ਰਚਨਾ ਕਰਦੇ ਸਨ, ਜਿਨ੍ਹਾਂ ਦਾ ਇਕ ਪਖ ਸੁਆਮੀ ਰਾਮ ਤੀਰਥ ਦੀਆਂ ਅੰਗਰੇਜ਼ੀ ਰਚਨਾਵਾਂ (In Woods of God-Realization) ਦੀਆਂ ਭੂਮਿਕਾਵਾਂ ਵਿਚੋਂ ਵੇਖੀਆਂ ਜਾ ਸਕਦੀਆਂ ਹਨ। ਪਰ 1913-14 ਤੋਂ ਪਿਛੋਂ ਆਪਣੇ ਜੀਵਨ ਦੇ ਅੰਤਮ ਸੁਆਸਾਂ ਤਕ ਆਪ ਲਗਾਤਾਰ ਸਾਹਿਤਕ ਪ੍ਰੀਸ਼ਰਮ ਵਿਚ ਜੁਟੇ ਰਹੇ ਅਤੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਆਪ ਨੇ ਤੀਹ ਦੇ ਕਰੀਬ ਮੁਲਵਾਨ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚੋਂ ਕੁਝ ਉਸ ਸਮੇਂ ਇੰਗਲੈਂਡ ਤੇ ਅਮਰੀਕਾ ਵਿਚ ਵੀ ਪ੍ਰਕਾਸ਼ਿਤ ਹੋਈਆਂ। ਅਰਨੈਸਟ ਰਈਸ ਵਰਗੇ ਕੁਝ ਅੰਗਰੇਜ਼ ਸਮਾਲੋਚਕਾਂ ਨੇ ਵੀ ਉਨ੍ਹਾਂ ਦੇ ਵਿਅਕਤੀਤਵ ਤੇ ਕਵਿਤਾ ਬਾਰੇ ਸਾਰਥਿਕ ਵਿਆਖਿਆ ਕੀਤੀ। ਪਰ ਉਹ ਆਪ ਵੀ ਜਿਥੇ ਇਕ ਸਿਰਜਨਾਤਮਕ ਸਾਹਿਤਕਾਰ ਸਨ, ਉਥੇ ਉਚ ਕੋਟੀ



Sri Satguru Jagjit Singh Ji eLibrary NamdhariElibrary@gmail.com

ਦੇ ਕਲਾਚਿੰਤਕ ਤੇ ਆਲੋਚਕ ਵੀ ਸਨ। ਉਨ੍ਹਾਂ ਦੀ ਵੀਹਾਂ ਦੇ ਦਹਾਕੇ ਵਿਚ ਛਪੀ ਪੁਸਤਕ "The Spirit of Oriental Poetry" ਉਨ੍ਹਾਂ ਦੀ ਆਲੋਚਨਾਤਮਕ ਸੂਝ ਦਾ ਪ੍ਰਤੱਖ ਪ੍ਰਮਾਣ ਹੈ, ਜਿਸ ਵਿਚ ਸਮੁਚੇ ਵਿਸ਼ਵ ਦੀ ਕਵਿਤਾ, ਕਲਾ ਤੇ ਸੰਸਕ੍ਰਿਤੀ ਦਾ ਮੁਲਾਂਕਣ ਕੀਤਾ ਗਿਆ ਹੈ। ਇਹ ਆਲੋਚਨਾਤਮਕ ਵੇਰਵੇ ਬੜੇ ਵਿਵਿਧ-ਮੁਖੀ ਤੇ ਬਹੁ-ਪਾਸਾਰੇ ਵਾਲੇ ਮੌਲਿਕ ਹਨ, ਜਿਨ੍ਹਾਂ ਦੁਆਰਾ ਆਪ ਦੇ ਆਦਰਸ਼ਵਾਦੀ ਸਾਹਿਤਕ ਦ੍ਰਿਸ਼ਟੀਕੋਣ ਦਾ ਸਹਿਜੇ ਹੀ ਪਰੀਚੈ ਹੋ ਜਾਂਦਾ ਹੈ। ਆਪ ਕਵੀ ਦੇ ਆਦਰਸ਼ਕ ਵਿਅਕਤਿਤਵ ਨੂੰ ਪ੍ਰਥਮ ਸਥਾਨ ਦਿੰਦੇ ਹਨ ਤੇ ਉਨ੍ਹਾਂ ਦੀ ਕਵਿਤਾ ਨੂੰ ਦੁਤੀਆ ਕਿਉਂਜੋ ਕਵਿਤਾ ਕਵੀ ਦੇ ਅਨੁਭਵ ਦਾ ਅੱਖਰੀ ਪ੍ਰਗਟਾਉ ਹੀ ਹੁੰਦਾ ਹੈ, ਜੋ ਕਈ ਵਾਰ ਅਪੂਰਨ ਵੀ ਮੰਨਿਆ ਜਾ ਸਕਦਾ ਹੈ। ਕਵਿਤਾ ਨੂੰ ਆਪ ਇਕ ਸਾਖਿਆਤ ਪ੍ਰੇਰਨਾ ਦਾ ਸੰਚਾਰ ਮਾਧਿਅਮ ਮੰਨਦੇ ਹਨ ਜੋ ਕਵੀ ਦੇ ਵਿਅਕਤਿਤਵ ਵਿਚਲੇ ਦੈਵੀ-ਆਵੇਸ਼ ਦੀ ਦੇਣ ਹੁੰਦਾ ਹੈ ਅਤੇ ਜਿਸ ਦਾ ਉਦੇਸ਼ ਮਾਨਵਤਾ ਨੂੰ ਨਵਾਂ ਆਤਮਕ ਸੰਦੇਸ਼ ਦੇਣਾ ਹੁੰਦਾ ਹੈ। ਕਵਿਤਾ ਤੇ ਵਾਰਤਕ ਸਬੰਧੀ ਆਪ ਦਾ ਇਹ ਮਤ ਸੀ ਕਿ ਉਚੇਰਾ ਸਾਹਿਤਕ ਕਾਰਜ ਸਦਾ ਆਤਮਕ ਧਰਾਤਲ ਉਤੇ ਹੀ ਸੰਭਵ ਹੁੰਦਾ ਹੈ ਅਤੇ ਇਸ ਦੀ ਪਛਾਣ ਵੀ ਸੂਖਮ ਅੰਤਰ-ਦ੍ਰਿਸ਼ਟੀ ਜਾਂ ਅੰਤਰੀਵ ਨੈਣਾਂ ਦੁਆਰਾ ਹੀ ਹੋ ਸਕਦੀ ਹੈ। ਇਸ ਦਾ ਉਦੇਸ਼ ਵੀ ਮਨੁੱਖ ਮਾਤਰ ਜਾਂ ਪਾਠਕਾਂ ਨੂੰ ਆਤਮਕ ਤੌਰ ਤੇ ਜਾਗਰੂਪ ਕਰਨਾ ਹੁੰਦਾ ਹੈ ਤਾ ਜੋ ਉਹ ਉਸ ਕਲਪਿਤ ਆਦਰਸ਼ਕ ਸੁਤੰਤਰਤਾ ਨੂੰ ਅਨੁਭਵ ਕਰ ਤੇ ਮਾਣ ਸਕਣ ਜੋ ਮਨੁੱਖ ਮਾਤਰ ਨੂੰ ਉਚੇਰੀਆਂ ਹਿਮ ਸਿਖ਼ਰਾਂ ਦਾ ਬੋਧ ਕਰਵਾਉਂਦੀ ਤੇ ਉਨ੍ਹਾਂ ਦੇ ਦਿਸਹੱਦੇ ਨੂੰ ਵਿਸ਼ਾਲ, ਅਨੰਤ ਤੇ ਬ੍ਰਹਿਮੰਡ-ਵਿਆਪੀ ਬਣਾ ਦਿੰਦੀ ਹੈ। ਇਸੇ ਦ੍ਰਿਸ਼ਟੀਕੋਣ ਤੋਂ ਹੀ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਬਹੁਮੁੱਲੀਆਂ ਰਚਨਾਵਾਂ ਵਿਚ ਵਿਸ਼ਵ-ਵਿਆਪੀ ਆਤਮਕ ਸੰਸਕ੍ਰਿਤੀ ਨੂੰ ਸਿਰਜਨ ਦਾ ਯਤਨ ਕੀਤਾ ਹੈ। ਇਸ ਆਤਮਕ ਸੰਸਕ੍ਰਿਤੀ ਦੀ ਪਛਾਣ ਮਨੁੱਖ ਨੂੰ ਕਾਲਾਤੀਤ, ਦੇਸ਼ਾਤੀਤ ਤੇ ਉਸ ਉਚਤਮ ਆਤਮ-ਬਿੰਦੂ ਤਕ ਲੈ ਜਾਂਦੀ ਹੈ, ਜੋ ਅਨੰਤ ਜਿਨਾ ਵਿਸ਼ਾਲ ਤੇ ਅਸੀਮ ਹੋ ਜਾਂਦਾ ਹੈ। ਇਸ ਸਬੰਧ ਵਿਚ ਪੂਰਬ ਤੇ ਪੱਛਮ, ਕਾਲੇ ਤੇ ਗੋਰੇ, ਜਾਤ ਤੇ ਵਰਣ ਦੇ ਸਾਰੇ ਭੇਦ ਮਿਟ ਜਾਂਦੇ ਹਨ ਤੇ ਪ੍ਰਾਣੀ ਕਰੁਣਾ ਤੇ ਪ੍ਰੇਮ ਦਾ ਰੂਪ ਧਾਰਨ ਕਰਕੇ ਕਰਮਸ਼ੀਲ ਵਿਸ਼ਵ-ਵਿਆਪੀ ਸਾਂਝ ਵਿਚ ਬੱਝ ਜਾਂਦਾ ਹੈ। ਆਪਣੇ ਦ੍ਰਿਸ਼ਟੀਕੋਣ ਤੇ ਸਾਹਿਤਕ ਸਿਰਜਨਾ ਦੇ ਪਖ ਤੋਂ ਆਪ ਨਿਸ਼ਚੇ ਹੀ ਉਨ੍ਹਾਂ ਪੂਰਬੀ ਤੇ ਪੱਛਮੀ ਮਹਾਨ ਸਾਹਿਤਕਾਰਾਂ ਤੇ ਕਵੀਆਂ ਦੇ ਹਮ-ਪੱਲਾ ਲੇਖਕ ਹਨ, ਜਿਨ੍ਹਾਂ ਦੇ ਮੰਡਲ ਵਿਚ ਕਾਰਲਾਇਲ, ਐਮਰਸਨ, ਵਾਲਟ-ਵਿਟਮੈਨ, ਗੋਇਟੇ ਤੇ ਟਾਲਸਟਾਏ ਵਰਗੇ ਮਹਾਨ ਸਾਹਿਤਕਾਰ ਆ ਜਾਂਦੇ ਹਨ। ਇਸ ਪ੍ਰਕਾਰ ਪ੍ਰੋ. ਪੂਰਨ ਸਿੰਘ ਹੀ ਪੰਜਾਬ ਦਾ ਉਹ ਇਕੱਲਾ ਸਾਹਿਤਕਾਰ ਹੈ, ਜਿਸ ਨੇ ਵਿਸ਼ਵ-ਵਿਆਪੀ ਸਾਹਿਤਕ ਦਿਸਹੱਦਿਆਂ, ਪੂਰਬੀ ਤੇ ਪੱਛਮੀ ਸੰਸਕ੍ਰਿਤੀ ਤੇ ਚਿੰਤਨ ਦੀ ਅੰਤਰ-ਸਾਂਝ ਦੀ ਪਛਾਣ ਕਰਵਾਉਂਦਿਆਂ ਹੋਇਆਂ ਆਪਣੇ ਮੌਲਿਕ ਤੇ ਨਿਵੇਕਲੇ ਰਾਹ ਨੂੰ ਚੁਣਿਆ ਤੇ ਆਪਣੇ ਵਿਰਾਟ ਚਿੰਤਨ ਤੇ ਅਨੁਭਵ ਨੂੰ ਆਪਣੀਆਂ ਸਾਹਿਤਕ ਰਚਨਾਵਾਂ ਦੁਆਰਾ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ ਹੈ। ਆਧੁਨਿਕ ਯੁੱਗ ਦੇ



Sri Satguru Jagjit Singh Ji eLibrary NamdhariElibrary@gmail.com

ਅਧਿਆਤਮਕ ਚਿੰਤਨ ਤੇ ਮੌਲਿਕ ਰਹੱਸਵਾਦੀ ਅਨੁਭਵ ਉਤੇ ਆਧਾਰਿਤ ਆਪਣੀ ਕਲਪਨਾਸ਼ੀਲ ਉਦਾਤਭਾਵੀ, ਆਦਰਸ਼ਵਾਦੀ ਰਚਨਾ ਵਿਚ ਆਪ ਨੇ ਉਚ ਕੋਟੀ ਦੀ ਉਸ ਆਤਮਕ ਸੰਸਕ੍ਰਿਤੀ ਦਾ ਨਿਰਮਾਣ ਕੀਤਾ ਹੈ, ਜੋ ਬ੍ਰਹਿਮੰਡ-ਵਿਆਪੀ ਚੇਤਨਾ ਤੇ ਭਵਿਖ ਦੇ ਮਾਨਵੀ ਸਮਾਜ ਦਾ ਲਕਸ਼ ਹੋ ਸਕਦੀ ਹੈ। ਇਹੋ ਕਾਰਨ ਹੈ ਕਿ ਪ੍ਰੋ. ਪੂਰਨ ਸਿੰਘ ਦੀ ਰਚਨਾ ਦਾ ਪੁਨਰ-ਮੁਲਾਂਕਣ, ਪੁਨਰ-ਖੋਜ ਅਤੇ ਦੀਰਘ ਅਧਿਐਨ ਸਾਨੂੰ ਨਾ ਕੇਵਲ ਉਸ ਦੀ ਰਚਨਾ ਦੇ ਅੰਤਰਮੁਖੀ ਸਮਕਾਲੀਨਤਾ ਤਕ ਹੀ ਸੀਮਤ ਰਖਦਾ ਹੈ, ਸਗੋਂ ਭਵਿਖ ਦੇ ਆਤਮਕ ਤੌਰ ਤੇ ਜਾਗੇ ਹੋਏ ਮਨੁੱਖ ਤੇ ਉਸ ਦੇ ਆਦਰਸ਼ ਸਮਾਜ ਦੀ ਵੀ ਸੋਝੀ ਕਰਵਾਉਂਦਾ ਹੈ। ਇਸ ਲਈ ਪ੍ਰੋ. ਪੂਰਨ ਸਿੰਘ ਦੇ ਸਾਹਿਤ ਦੀ ਨਵੀਨ ਖੋਜ ਸਾਨੂੰ ਜਿਥੇ ਮਹਾਨ ਸਾਹਿਤਕ ਪ੍ਰਤਿਭਾ ਨਾਲ ਜੋੜ ਸਕੇਗੀ, ਉਥੇ ਸਾਹਿਤ ਦੇ ਮਹਾਨ ਲਕਸ਼ਾਂ ਨ ਲ ਪ੍ਰੀਚਿਤ ਹੋਣ ਵਿਚ ਵੀ ਸਹਾਈ ਹੋਵੇਗੀ।

**2. ਨਿਜ-ਆਤਮਾ ਦੀ ਸਵੈ-ਪਛਾਣ**

ਪ੍ਰੋ. ਪੂਰਨ ਸਿੰਘ ਉਨ੍ਹਾਂ ਵਿਲੱਖਣ ਸਾਹਿਤਕਾਰਾਂ ਵਿਚੋਂ ਹਨ, ਜੋ ਸਾਹਿਤਕ ਸਿਰਜਨਾ ਦੇ ਪ੍ਰਕਾਰਜ ਨਾਲ ਸਬੰਧਿਤ ਹੁੰਦੇ ਹੋਏ ਵੀ ਆਪਣੀ ਸਾਹਿਤਕ ਰਚਨਾ ਦੇ ਸਿਧਾਂਤਕ ਲਕਸ਼ਾਂ ਬਾਰੇ ਪੂਰੀ ਤਰ੍ਹਾਂ ਸਚੇਤ ਸਨ। ਆਪ ਦੇ ਵਿਸ਼ਵ-ਸਾਹਿਤ ਦੇ ਵਿਸ਼ਾਲ ਅਧਿਐਨ-ਕਰਤਾ ਹੋਣ ਦਾ ਪ੍ਰਮਾਣ ਤਾਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਮਿਲਦੇ ਪ੍ਰਮੁਖ ਚਿੰਤਕਾਂ, ਸਾਹਿਤਕਾਰਾਂ, ਕਵੀਆਂ ਤੇ ਲੇਖਕਾਂ ਦੇ ਹਵਾਲਿਆਂ ਤੋਂ ਮਿਲ ਜਾਂਦਾ ਹੈ, ਜਿਨ੍ਹਾਂ ਦਾ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਕੇਵਲ ਉਲੇਖ ਹੀ ਨਹੀਂ ਕੀਤਾ, ਸਗੋਂ ਆਪਣੇ ਵਲੋਂ ਉਨ੍ਹਾਂ ਬਾਰੇ ਮੌਲਿਕ ਟਿਪਣੀਆਂ ਵੀ ਕਰ ਦਿੱਤੀਆਂ ਹਨ। ਆਪਣੀ ਸਵੈ-ਜੀਵਨੀ ਤੇ ਵਿਅਕਤੀਗਤ ਅਨੁਭਵ ਅਤੇ ਆਪਣੇ ਉਤੇ ਪਏ ਪ੍ਰਭਾਵਾਂ ਸਬੰਧੀ ਉਨ੍ਹਾਂ ਦੀਆਂ ਪੁਸਤਕਾਂ 'On Paths of Life' (ਜ਼ਿੰਦਗੀ ਦੇ ਰਾਹਾਂ ਉਤੇ) 'The Story of Swami Rama' (ਸੁਆਮੀ ਰਾਮ ਤੀਰਥ ਦੀ ਜੀਵਨ-ਕਥਾ) ਅਤੇ ਹੋਰ ਅਨੇਕ ਕਵਿਤਾਵਾਂ ਤੇ ਗੱਦ ਰਚਨਾਵਾਂ ਵਿਚ ਆਏ ਹਵਾਲਿਆਂ ਤੋਂ ਮਿਲ ਸਕਦਾ ਹੈ। ਉਨ੍ਹਾਂ ਦੀ ਅਦੁਤੀ ਪ੍ਰਤਿਭਾ ਦੀ ਪੂਰੀ ਤਰ੍ਹਾਂ ਪਛਾਣ ਕਰਨ ਲਈ ਉਨ੍ਹਾਂ ਦੀਆਂ ਇਨ੍ਹਾਂ ਸਵੈ-ਜੀਵਨੀ ਮੂਲਕ ਰਚਨਾਵਾਂ ਨੂੰ ਪੜ੍ਹਨਾ ਬੜਾ ਜ਼ਰੂਰੀ ਹੈ। ਵਿਸ਼ੇਸ਼ ਕਰਕੇ ਆਪਣੇ ਜਾਪਾਨ ਦੇ ਪਰਵਾਸ ਸਮੇਂ ਜੋ ਉਨ੍ਹਾਂ ਦੇ ਜੀਵਨ ਕਾਲ ਦਾ ਅਤਿ ਦਾ ਸੰਵੇਦਨਸ਼ੀਲ ਤੇ ਪ੍ਰਭਾਵ ਗ੍ਰਹਿਣ ਕਰਨ ਦਾ ਢੁਕਵਾਂ ਸਮਾਂ ਸੀ, ਵਿਚ ਉਕਾਕੁਰਾ ਵਰਗੇ ਕਲਾ ਪਾਰਖੂ ਅਤੇ ਸੁਆਮੀ ਰਾਮ ਤੀਰਥ ਵਰਗੇ ਵੇਦਾਂਤ ਦਰਸ਼ਨ ਦੇ ਆਧੁਨਿਕ ਪ੍ਰਵਕਤਾ ਨਾਲ ਗੁਰੂ ਸ਼ਿਸ਼ ਦੇ ਸਬੰਧ, ਬੋਧੀ ਧਰਮ-ਅਵਲੰਬੀਆਂ ਨਾਲ ਸੈਧਰਮੀ ਸਹਿਚਾਰ ਅਤੇ ਪਿਛੋਂ ਭਾਈ ਵੀਰ ਸਿੰਘ ਵਰਗੇ ਸਿਖ ਆਚਾਰੀਆ ਅਤੇ ਮਹਾਂਕਵੀ ਨਾਲ ਮੇਲ ਉਨ੍ਹਾਂ ਦੇ ਜੀਵਨ ਦੇ ਅਤਿ ਦੇ ਸੰਵੇਦਨਸ਼ੀਲ ਪੜਾਵਾਂ ਨਾਲ ਸੰਬੰਧਤ ਹਨ। ਪਰ ਇਨ੍ਹਾਂ ਸਭ ਪ੍ਰਭਾਵਾਂ, ਮੇਲ ਮੁਲਾਕਾਤਾਂ ਤੇ ਵਿਚਾਰ-ਗੋਸ਼ਟੀਆਂ ਦੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਆਪਣਾ ਨਿਜੀ ਅਨੁਭਵ ਤੇ ਮੌਲਿਕ ਦ੍ਰਿਸ਼ਟੀਕੋਣ ਨਿਵੇਕਲੇ ਆਦਰਸ਼ਾਂ ਦੀ ਸੋਝੀ ਕਰਵਾਉਂਦਾ ਹੈ। ਇਨ੍ਹਾਂ ਆਦਰਸ਼ਾਂ ਨੂੰ ਆਪ ਨੇ ਆਪਣੀ ਅਨੁਭਵੀ ਸੰਵੇਦਨਸ਼ੀਲਤਾ



Sri Satguru Jagjit Singh Ji eLibrary NamdhariElibrary@gmail.com

ਤੇ ਬੌਧਿਕ ਪਰਿਕਲਪਨਾ ਦੁਆਰਾ ਸੂਖਮ ਤੇ ਉਚਤਮ ਆਤਮਕ-ਧਰਾਤਲ ਉਤੇ ਹੀ ਘੋਖਿਆ, ਪਰਖਿਆ, ਨਿਹਾਰਿਆ, ਵਿਚਾਰਿਆ ਤੇ ਇਕ ਪ੍ਰਕਾਰ ਦੇ ਤੀਬਰ ਦੈਵੀ-ਆਵੇਸ਼ ਵਿਚ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਸੰਚਾਰਿਆ ਹੈ। ਇਥੇ ਨਾ ਤਾਂ ਗਦ ਤੇ ਪਦ ਦਾ ਕੋਈ ਅੰਤਰ ਹੈ ਤੇ ਨਾ ਹੀ ਵਿਵਿਧ ਭਾਸ਼ਾਵਾਂ ਵਿਚ ਰਚਨਾ ਕਰਨ ਨਾਲ ਕੋਈ ਫ਼ਰਕ ਪਿਆ ਹੈ। ਉਨ੍ਹਾਂ ਦਾ ਸਮੁੱਚਾ ਵਿਅਕਤਿਤਵ ਅਤੇ ਸਮੁਚੀ ਸਾਹਿਤਕ ਸਿਰਜਨਾ ਆਪਣੇ ਆਪ ਵਿਚ ਇਕ ਸੰਪੂਰਨ ਜੀਵਿਤ ਇਕਾਈ ਹੈ। ਆਪ ਦੀ ਰਚਨਾ ਦਾ ਸੰਪੂਰਨ ਥਹੁ ਪਾਉਣ ਲਈ ਇਸ ਏਕਾਤਮਕ ਸਰੂਪ ਤੇ ਵਿਭਿੰਨ ਰਚਨਾਵਾਂ ਵਿਚ ਇਸ ਦੀ ਵਿਵਿਧ ਮੁਖੀ ਸਾਪੇਖਕਤਾ ਤੋਂ ਜਾਣੂ ਹੋਣਾ ਬੜਾ ਜ਼ਰੂਰੀ ਹੈ। ਇਹ ਵਿਵਿਧ ਮੁਖਤਾ ਕਈ ਵਾਰ ਭਰਮ ਤੇ ਸ਼ੰਕੇ ਵੀ ਉਤਪੰਨ ਕਰ ਸਕਦੀ ਹੈ ਕਿ ਇਸ ਮਹਾਂ-ਕਵੀ ਦੀ ਰਚਨਾ ਵਿਚ ਕੁਝ ਸਵੈ-ਵਿਰੋਧ ਹਨ, ਪਰ ਡੂੰਘੀ ਖੋਜ ਤੇ ਅਧਿਐਨ ਇਸ ਧਾਰਨਾ ਦਾ ਖੰਡਨ ਕਰਦੇ ਹਨ। ਉਨ੍ਹਾਂ ਦੀ ਸਾਹਿਤਕ ਰਚਨਾ ਦੀ ਸਾਰੀ ਜਿਗਿਆਸਾ ਤੇ ਪ੍ਰੀਸ਼ਰਮ ਸਚਿਆਰਤਾ ਦੇ ਰਹੱਸ ਨੂੰ ਜਾਣਨ ਅਤੇ ਆਤਮਕ ਵਿਕਾਸ ਦੀ ਮੰਜ਼ਿਲ ਵਲ ਨਿਤ ਅਗੇ ਵਧਣ ਦੀ ਪ੍ਰਕਿਰਿਆ ਹੈ। ਪ੍ਰਮੁਖ ਤੌਰ ਤੇ ਆਪ ਵਿਅਕਤੀਗਤ ਰੂਪ ਵਿਚ ਇਕ ਅਜਿਹੇ ਆਤਮਕ ਯਾਤਰੀ ਹਨ ਜੋ ਨਾ ਕੇਵਲ ਜੀਵਨ ਦੀਆਂ ਵਰਤਮਾਨ ਭੌਤਿਕ ਸੀਮਾਵਾਂ ਵਿਚ ਹੀ ਅਗੇ ਵਧਣਾ ਲੋਚਦੇ ਹਨ, ਸਗੋਂ ਮੌਤ ਉਪਰੰਤ ਵੀ ਉਚੇਰੇ ਅਧਿਆਤਮਕ ਮੰਡਲਾਂ ਤਕ ਪਹੁੰਚਣ ਦੀ ਅਟੁੱਟ ਤੇ ਅਖੰਡ ਯਾਤਰਾ ਦੀ ਕਲਪਨਾ ਕਰਦੇ ਹਨ। ਇਸ ਯਾਤਰਾ ਵਿਚ ਕੋਈ ਵੀ ਵਿਅਕਤੀ ਆਪ ਦੇ ਦ੍ਰਿਸ਼ਟੀਕੋਣ ਅਨੁਸਾਰ ਇਕੱਲਾ ਨਹੀਂ ਹੁੰਦਾ ਸਗੋਂ ਕਈ ਅਦ੍ਰਿਸ਼ਟ ਤੇ ਅਗਿਆਤ ਆਤਮਾਵਾਂ ਉਸ ਦੀ ਸਹਾਇਤਾ ਕਰਦੀਆਂ ਹਨ ਅਤੇ ਇਹ ਵਰਤਾਰਾ ਨਿਜੀ ਯਤਨਾਂ ਦੇ ਨਾਲ-ਨਾਲ ਦੈਵੀ ਨਦਰਿ-ਕਰਮ ਉਤੇ ਵਧੇਰੇ ਆਧਾਰਿਤ ਹੁੰਦਾ ਹੈ। ਆਪ ਦੀ ਰਚਨਾ ਦੇ ਵਾਸਤਵਿਕ ਤੇ ਵਿਗਿਆਨਕ ਬੋਧ ਲਈ ਇਸ ਦ੍ਰਿਸ਼ਟੀਕੋਣ ਦੀ ਪ੍ਰਮਾਣਿਕਤਾ ਤੇ ਮੌਲਿਕਤਾ ਨੂੰ ਸਾਖੀ ਰਖ ਕੇ ਤੁਰਨਾ ਬੜਾ ਜ਼ਰੂਰੀ ਹੈ। ਪੰਜਾਬ ਦੇ ਕਿਸੇ ਵੀ ਹੋਰ ਸਾਹਿਤਕਾਰ ਦੇ ਅਧਿਐਨ ਵਿਚ ਸ਼ਾਇਦ ਇੰਨੀ ਵਧੇਰੇ ਸਾਵਧਾਨੀ ਤੇ ਉਚੇਰੇ ਪ੍ਰੀਸ਼ਰਮ ਦੀ ਲੋੜ ਨਹੀਂ ਪੈਂਦੀ। ਸਭ ਤੋਂ ਪਹਿਲਾਂ ਸਾਨੂੰ ਪ੍ਰੋ. ਪੂਰਨ ਸਿੰਘ ਦੇ ਵਿਅਕਤਿਤਵ ਤਕ ਪੁਜਣ ਦੀ ਲੋੜ ਹੈ ਤੇ ਫਿਰ ਉਨ੍ਹਾਂ ਦੇ ਸਾਹਿਤ ਤਕ ਜਿਸ ਨੂੰ ਸਮਕਾਲੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸੰਦਰਭਾਂ ਵਿਚ ਰਖ ਕੇ ਵਾਚਣਾ ਹੋਰ ਵੀ ਜ਼ਰੂਰੀ ਹੈ।

ਇਥੇ ਇਕ ਗੱਲ ਵਲ ਵਿਸ਼ੇਸ਼ ਤੌਰ ਤੇ ਉਲੇਖ ਕਰ ਦੇਣਾ ਹੋਰ ਵੀ ਜ਼ਰੂਰੀ ਹੈ। ਉਹ ਹੈ ਪ੍ਰੋ. ਪੂਰਨ ਸਿੰਘ ਦਾ ਬਹੁ-ਭਾਸ਼ਾਵਾਂ ਵਿਚ ਰਚਨਾ ਕਰਨਾ। ਆਪ ਦੀ ਅਦੁੱਤੀ ਪ੍ਰਤਿਭਾ ਦੀ ਅਤਿ ਦੀ ਸੰਵੇਦਨਸ਼ੀਲਤਾ ਤੇ ਧਿਆਨੀ ਵਿਸ਼ਵ-ਵਿਆਪੀ ਚੇਤੰਨਤਾ ਇਤਨੀ ਸੰਵਿਰਦ ਤੇ ਅਰੂੜ ਸੀ ਕਿ ਪੰਜਾਬੀ ਵਰਗੀ ਵਿਕਾਸਸ਼ੀਲ ਭਾਸ਼ਾ ਜਿਸ ਨੇ ਆਪਣੇ ਆਧੁਨਿਕ ਸਰੂਪ ਨੂੰ ਹਾਲੀ ਨਿਖਾਰਨਾ ਸੀ; ਸ਼ਾਇਦ ਪੂਰੀ ਤਰ੍ਹਾਂ ਪ੍ਰਗਟਾਉ ਮਾਧਿਅਮ ਦੇ ਰੂਪ ਵਿਚ ਉਨ੍ਹਾਂ ਦਾ ਸਾਥ ਨਹੀਂ ਸੀ ਨਿਭਾ ਸਕਦੀ। ਇਸੇ ਲਈ ਆਪ ਨੇ ਆਪਣੇ ਹੋਰ ਸਮਕਾਲੀ ਭਾਰਤੀ ਸਾਹਿਤਕਾਰਾਂ



Sri Satguru Jagjit Singh Ji eLibrary NamdhariElibrary@gmail.com

ਸਮਾਨ ਅੰਗਰੇਜ਼ੀ ਭਾਸ਼ਾ ਨੂੰ ਆਪਣੇ ਮਾਧਿਅਮ ਵਜੋਂ ਚੁਣਿਆ, ਪਰ ਮਾਤ ਭਾਸ਼ਾ, ਪੰਜਾਬੀ ਦੀ ਉਨਤੀ ਸਬੰਧੀ ਵੀ ਆਪ ਬੜੇ ਪ੍ਰਤੀਬਧ ਸਨ। ਆਪ ਨੇ ਆਪਣੀਆਂ ਪੰਜਾਬੀ ਰਚਨਾਵਾਂ ਵਿਚ ਨਿਰੰਤਰ ਇਹ ਯਤਨ ਕੀਤਾ ਹੈ ਕਿ ਪੰਜਾਬੀ ਭਾਸ਼ਾ ਨੂੰ ਆਧੁਨਿਕ ਸਰੂਪ ਵਿਚ ਨਿਖ਼ਾਰਿਆ ਤੇ ਪ੍ਰਪੱਕ ਕੀਤਾ ਜਾਵੇ। ਆਪ ਦੀ ਪੰਜਾਬੀ ਕਵਿਤਾ ਤੇ 'ਖੁੱਲ੍ਹੇ ਲੇਖ' ਵਰਗੀ ਪੁਸਤਕ ਦੇ ਲੇਖ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਆਪ ਦੇ ਹੱਥਾਂ ਵਿਚ ਪੰਜਾਬੀ ਭਾਸ਼ਾ ਨੇ ਕਵਿਤਾ ਤੇ ਗੱਦ ਰੂਪ ਵਿਚ ਆਪਣੇ ਆਧੁਨਿਕ ਸਰੂਪ ਨੂੰ ਨਿਸ਼ਚਿਤ ਹਦ ਤਕ ਨਿਖਾਰ ਤੇ ਸੰਵਾਰ ਲਿਆ ਸੀ। ਇਹ ਯਤਨ ਆਪ ਨੇ ਆਪਣੇ ਪੰਜਾਬੀ ਅਨੁਵਾਦਾਂ ਵਿਚ ਵੀ ਜਾਰੀ ਰਖਿਆ ਤਾਂ ਜੋ ਪੰਜਾਬੀ ਭਾਸ਼ਾ ਵਿਚ ਅੰਗਰੇਜ਼ੀ ਤੇ ਹੋਰ ਵਿਦੇਸ਼ੀ ਉਨਤ ਭਾਸ਼ਾਵਾਂ ਵਰਗਾ ਉਚ ਕੋਟੀ ਦਾ ਸਾਹਿਤ ਪ੍ਰਾਪਤ ਹੋ ਸਕੇ। ਆਪ ਦੇ ਅਨੁਵਾਦ ਨਾ ਕੇਵਲ ਅਖਰੀ ਅਨੁਵਾਦ ਹਨ, ਸਗੋਂ ਇਕ ਪ੍ਰਕਾਰ ਦੀ ਪੁਨਰ ਸਿਰਜਨਾ ਹਨ। ਇਸ ਸਬੰਧ ਵਿਚ 'ਕਲਾ ਤੇ ਕਲਾਧਾਰੀ ਪੂਜਾ' ਤੇ ਮਹਾਨ ਰੂਸੀ ਲੇਖਕ ਲਿਊ ਤਾਲਸਤਾਏ ਦੇ ਨਾਵਲ 'ਮੋਇਆ ਦੀ ਜਾਗ' ਦਾ ਹਵਾਲਾ ਦੇਣਾ ਹੀ ਕਾਫ਼ੀ ਹੋਵੇਗਾ।

ਇਥੇ ਇਕ ਹੋਰ ਨੁਕਤੇ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਆਪ ਦੀ ਅੰਗਰੇਜ਼ੀ ਰਚਨਾ ਇਕ ਤਰ੍ਹਾਂ ਨਾਲ ਪੰਜਾਬ ਦੇ ਸਭਿਆਚਾਰਕ ਵਿਰਸੇ ਤੇ ਭਾਰਤੀ-ਸੰਸਕ੍ਰਿਤੀ ਨਾਲ ਹੀ ਸਬੰਧਿਤ ਹੈ ਤੇ ਜਿਸ ਨੂੰ ਅਸੀਂ ਸਹੀ ਅਰਥਾਂ ਵਿਚ ਪੰਜਾਬ ਤੇ ਭਾਰਤ ਦਾ ਸਾਹਿਤਕ ਵਿਰਸਾ ਹੀ ਮੰਨ ਸਕਦੇ ਹਾਂ। ਆਪ ਦੇ ਵਿਅਕਤਿਤਵ ਵਿਚ ਕਵੀ, ਚਿੰਤਕ, ਵਿਗਿਆਨੀ, ਆਤਮਕ ਜਿਗਿਆਸੂ ਅਤੇ ਰਹੱਸਵਾਦੀ ਸੰਤ ਪੁਰਸ਼ ਦੇ ਸਦਗੁਣ ਸੰਮਿਲਤ ਹਨ। ਅਜਿਹਾ ਅਦੁਤੀ ਪ੍ਰਕਾਰ ਦਾ ਸਮਨਵੈ ਕਿਸੇ ਵਿਰਲੇ ਵਿਅਕਤੀ ਦੇ ਵਿਅਕਤਿਤਵ ਵਿਚ ਹੀ ਦ੍ਰਿਸ਼ਟੀਗੋਚਰ ਹੋ ਸਕਦਾ ਹੈ। ਨਿਰਸੰਦੇਹ, ਪ੍ਰੋ. ਪੂਰਨ ਸਿੰਘ ਇਕ ਅਜਿਹੀ ਹੀ ਅਖੰਡ ਤੇ ਬਹੁਪਖੀ ਸ਼ਖ਼ਸੀਅਤ ਸੀ। ਪਰ, ਆਪ ਦੇ ਪਾਰਸ ਵਿਅਕਤਿਤਵ ਦੀ ਛੂਹ ਨਾਲ ਆਪ ਦਾ ਸਾਰਾ ਸਾਹਿਤ ਹੀ ਆਪ ਦੀ ਅਦੁਤੀ ਪ੍ਰਤਿਭਾ ਦੀ ਸੁੰਦਰ ਕਲਾਮਈ ਅਭਿਵਿਅਕਤੀ ਹੋ ਨਿਬੜਿਆ ਹੈ।

**3. ਪ੍ਰੋ. ਪੂਰਨ ਸਿੰਘ ਦਾ ਗੌਰਵਮਈ ਸਾਹਿਤਕ ਯੋਗਦਾਨ**

ਪ੍ਰੋ. ਪੂਰਨ ਸਿੰਘ ਨੇ ਭਾਵੇਂ ਆਪਣੀ ਸਾਹਿਤਕ ਰਚਨਾ ਆਪਣੇ ਜਾਪਾਨ ਦੇ ਪਰਵਾਸ ਸਮੇਂ ਹੀ ਆਰੰਭ ਕਰ ਦਿਤੀ ਸੀ ਤੇ ਉਥੋਂ ਦੇ ਸਮਾਚਾਰ-ਪੱਤਰਾਂ ਵਿਚ ਆਪ ਜੀ ਦੀਆਂ ਕੁਝ ਰਚਨਾਵਾਂ ਛਪਦੀਆਂ ਵੀ ਰਹੀਆਂ ਹਨ, 'Thundering Dawn' (ਗਰਜ਼ਦੀ ਪ੍ਰਭਾਤ) ਨਾਂ ਦਾ ਪੱਤਰ ਵੀ ਇਸ ਸਬੰਧ ਵਿਚ ਉਲੇਖਯੋਗ ਹੈ ਅਤੇ ਸੁਆਮੀ ਰਾਮ ਤੀਰਥ ਦੀਆਂ ਰਚਨਾਵਾਂ ਦੇ ਸੰਕਲਨ ਤੇ ਸੰਪਾਦਨ ਵਿਚ ਵੀ ਆਪ ਜੀ ਦਾ ਸਕਰਮਕ ਭਾਗ ਹੈ। ਪਰ ਆਪ ਜੀ ਦੀ ਰਚਨਾ ਦਾ ਵਧੇਰੇ ਗਤੀਸ਼ੀਲ ਕਾਲ ਭਾਈ ਵੀਰ ਸਿੰਘ ਨਾਲ ਆਪ ਦੇ ਮੇਲ ਪਿਛੋਂ ਹੀ ਆਰੰਭ ਹੁੰਦਾ ਹੈ ਅਤੇ ਇਸ ਦਾ ਵਧੇਰੇ ਕਰਮਸ਼ੀਲ ਭਾਗ 1920 ਦੇ ਦਹਾਕੇ ਦਾ ਹੈ, ਜਦੋਂ ਆਪ ਦਾ ਵਿਅਕਤਿਤਵ ਪੂਰੀ ਤਰ੍ਹਾਂ ਪ੍ਰੌਢ ਅਨੁਭਵ ਤੇ ਪ੍ਰਪੱਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕਰ ਚੁਕਾ



Sri Satguru Jagjit Singh Ji eLibrary NamdhariElibrary@gmail.com

ਸੀ। ਇਸੇ ਕਾਲ ਵਿਚ ਆਪ ਨੇ ਅੰਗਰੇਜ਼ੀ ਪੰਜਾਬੀ ਤੇ ਹਿੰਦੀ ਵਿਚ ਲਗਪਗ 30 ਦੇ ਕਰੀਬ ਸਾਹਿਤਕ ਰਚਨਾਵਾਂ ਦਿਤੀਆਂ ਹਨ। ਪ੍ਰਮੁਖ ਤੌਰ ਤੇ ਆਪ ਨੂੰ ਕਵੀ ਦੇ ਤੌਰ ਤੇ ਹੀ ਵਧੇਰੇ ਜਾਣਿਆ ਜਾਵੇਗਾ ਕਿਉਂਜੋ ਆਪ ਦੀ ਸ਼ਖ਼ਸੀਅਤ ਵਿਚ ਕਵੀ ਦਾ ਚਰਿਤ੍ਰ ਵਧੇਰੇ ਪ੍ਰਭਾਵਸ਼ਾਲੀ ਰਿਹਾ ਹੈ। ਜੇ ਇਹ ਕਹਿ ਦਿਤਾ ਜਾਵੇ ਕਿ ਆਪ ਪਹਿਲਾਂ ਕਵੀ ਹਨ ਤੇ ਫਿਰ ਕੁਝ ਹੋਰ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ। ਪੰਜਾਬੀ ਵਿਚ ਆਪ ਦੀਆਂ ਤਿੰਨ ਪ੍ਰਮੁੱਖ ਕਾਵਿ-ਰਚਨਾਵਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਵਿਚ ਆਪ ਨੇ ਖੁੱਲ੍ਹੀਆਂ ਆਤਮਕ ਉਡਾਰੀਆਂ ਲਾਈਆਂ ਹਨ ਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਨਾਮਕਰਨ ਵਿਚ 'ਖੁੱਲ੍ਹੇ' ਸ਼ਬਦ ਦਾ ਪ੍ਰਯੋਗ ਜਿਵੇਂ 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਅਸਮਾਨੀ ਰੰਗ' ਅਤੇ ਇਸੇ ਤਰ੍ਹਾਂ 'ਖੁੱਲ੍ਹੇ ਲੇਖ' ਆਦਿ ਇਸ ਗੱਲ ਦਾ ਸੂਚਕ ਹੈ ਕਿ ਇਹ ਖੁਲ੍ਹ ਉਨ੍ਹਾਂ ਦੀ ਉਸ ਆਤਮਕ ਸੁਤੰਤਰਤਾ ਦੀ ਪ੍ਰਤੀਕ ਹੈ, ਜੋ ਉਚਤਮ ਹਿਮ ਸਿਖ਼ਰਾਂ ਦੀ ਯਾਤਰਾ ਤਾਂ ਹੈ ਹੀ, ਪਰ ਇਸ ਦੇ ਨਾਲ ਹੀ ਉਹ ਅਨੰਤ ਵਿਸ਼ਾਲਤਾ ਦਾ ਆਭਾਸ ਵੀ ਕਰਵਾਉਂਦੀ ਹੈ। ਇਨ੍ਹਾਂ ਪੰਜਾਬੀ ਰਚਨਾਵਾਂ ਵਿਚ ਹੀ 'ਪੂਰਨ ਨਾਥ ਜੋਗੀ' ਵਰਗੀ ਉਤਕ੍ਰਿਸ਼ਟ ਰਚਨਾ ਸੰਮਿਲਤ ਹੈ, ਜਿਸ ਨੂੰ ਆਧੁਨਿਕ ਪੰਜਾਬੀ ਕਵਿਤਾ ਦੀ ਪਹਿਲੀ ਕਲਾਸਕੀ ਨਿਧੀ ਮੰਨਿਆ ਜਾ ਸਕਦਾ ਹੈ। 'ਖੁੱਲ੍ਹੇ ਮੈਦਾਨ' ਵਿਚ ਪੰਜਾਬ ਦੇ ਵਿਸ਼ਾਲ ਸਭਿਆਚਾਰ ਤੇ 'ਖੁੱਲ੍ਹੇ ਘੁੰਡ' ਵਿਚ ਅਧਿਆਤਮਕ ਚਿੰਤਨ ਦਾ ਮੌਲਿਕ ਵਿਕਾਸ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰ ਉਨ੍ਹਾਂ ਦੀ ਅੰਗਰੇਜ਼ੀ ਕਵਿਤਾ ਦੇ ਸੱਤ ਕਾਵਿ ਸੰਗ੍ਰਹਿ ਜਿਨ੍ਹਾਂ ਵਿਚੋਂ ਪੰਜ 'Sisters of the Spining Wheel' (ਤ੍ਰਿੰਞਣ ਸਖੀਆਂ) 'Unstrung Beads' (ਮਾਲਾ ਮਣਕੇ) 'An After-noon with Self' (ਲੌਢੇ ਪਹਿਰ ਦਾ ਆਤਮ ਚਿੰਤਨ) 'At His Feet' (ਚਰਨ ਛੂਹ), 'Seven Baskets of Prose Poems' (ਗੱਦ ਕਾਵਿ ਦੀਆਂ ਸੱਤ ਖਾਰੀਆਂ), ਆਪ ਦੇ ਜੀਵਨ ਕਾਲ ਵਿਚ ਪ੍ਰਕਾਸ਼ਿਤ ਹੋਏ ਅਤੇ 'Bride of the Sky' (ਅਰਸ਼ੀ ਲਾੜੀ) 'Burning Candle And Temple Tulips (ਜਗਦੀਆਂ ਜੋਤਾਂ) ਆਪ ਦੇ ਦੇਹਾਂਤ 1931 ਤੋਂ ਲਗਪਗ 50 ਸਾਲ ਪਿਛੋਂ ਆਪ ਜੀ ਦੀ ਪ੍ਰਥਮ ਜਨਮ-ਸ਼ਤਾਬਦੀ 1981 ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਤ ਹੋਈਆਂ। ਗੁਰਬਾਣੀ ਦੇ ਕੁਝ ਅੰਗਰੇਜ਼ੀ ਅਨੁਵਾਦ ਜੈਦੇਵ ਦਾ 'ਗੀਤ ਗੋਵਿੰਦ' ਅਤੇ 'ਸੁਆਮੀ ਰਾਮ ਤੀਰਥ' ਦੀ ਕਵਿਤਾ ਦੇ ਅੰਗਰੇਜ਼ੀ ਅਨੁਵਾਦ ਵੀ ਪ੍ਰਾਪਤ ਹੁੰਦੇ ਹਨ। ਇਸ ਸਾਰੀ ਅੰਗਰੇਜ਼ੀ ਕਵਿਤਾ ਅਨੁਵਾਦਾਂ ਸਹਿਤ ਲਗਪਗ ਹਜ਼ਾਰ ਪੰਦਰਾਂ ਸੌ ਪੰਨੇ ਦੀ ਬਣਦੀ ਹੈ, ਜਿਸ ਵਿਚ ਅਨੇਕ ਵਿਵਿਧ ਵਿਸ਼ੇ ਤੇ ਭਾਰਤੀ ਤੇ ਪੰਜਾਬੀ ਸੰਸਕ੍ਰਿਤੀ ਦੇ ਵਿਸ਼ੇਸ਼ ਪਖਾਂ ਦੇ ਸਮੂਰਤ ਕਾਵਿ ਚਿਤਰ ਪ੍ਰਸਤੁਤ ਕੀਤੇ ਗਏ ਹਨ। ਇਹ ਇਕ ਤਰ੍ਹਾਂ ਦੀ ਭਾਰਤੀ ਤੇ ਪੰਜਾਬ ਦੀ ਰਾਸ਼ਟਰੀ-ਨਿਧੀ ਨੂੰ ਹੀ ਸਮਰਪਿਤ ਕਾਵਿ ਰਚਨਾ ਹੈ, ਜੋ ਪ੍ਰੋ. ਪੂਰਨ ਸਿੰਘ ਦੇ ਅਦੁਤੀ ਕਾਵਿ ਅਨੁਭਵ, ਧਿਆਨੀ ਕਲਪਨਾ ਤੇ ਮੌਲਿਕ ਕਾਵਿ ਕੌਸ਼ਲ ਦੀ ਸਾਖੀ ਭਰਦੀ ਹੈ। ਇਥੇ ਉਲੇਖ ਯੋਗ ਗੱਲ ਇਹ ਹੈ ਕਿ ਇਸ ਕਾਵਿ ਰਚਨਾ ਵਿਚ ਕਵੀ ਨੇ ਅਨੇਕ ਪ੍ਰਕਾਰ ਦੇ ਕਾਵਿ ਰੂਪਾਂ ਤੇ ਕਾਵਿ ਜੁਗਤਾਂ ਦਾ ਪ੍ਰਯੋਗ ਕੀਤਾ ਹੈ। ਪਰ ਸਭ ਤੋਂ ਵੱਡੀ ਸ਼ੋਕ ਦੀ ਗੱਲ ਇਹ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਇਸ ਸਾਰੀ ਮਹਾਨ ਕਾਵਿ ਨਿਧੀ ਦਾ ਨਾ ਤਾਂ ਉਚਿਤ ਮੁਲਾਂਕਣ ਹੀ ਹੋ ਸਕਿਆ ਹੈ ਤੇ ਨਾ ਹੀ ਇਸ ਨੂੰ ਭਾਰਤ ਦੇ ਰਾਸ਼ਟਰੀ ਸਾਹਿਤਕ ਵਿਰਸੇ ਵਜੋਂ ਪ੍ਰਵਾਨ ਹੀ ਕੀਤਾ ਗਿਆ ਹੈ। ਇਹ ਗੱਲ ਸਮੁੱਚੇ ਰਾਸ਼ਟਰੀ ਅਕਾਦਮਿਕ ਜਗਤ ਲਈ ਅਤਿ ਦੀ ਦੁਰਭਾਗ ਪੂਰਨ ਅਤੇ ਆਪਣੇ ਅਮੋਲ ਰਾਸ਼ਟਰੀ ਵਿਰਸੇ ਦੇ ਗੌਰਵ ਵਲੋਂ ਅੱਖਾਂ ਮੁੰਦ ਲੈਣ ਦੇ ਤੁਲ ਹੈ।

### 4. ਗੁਰਮਤਿ ਸਾਹਿਤ ਨੂੰ ਦੇਣ

ਇਸ ਵਿਚ ਕੋਈ ਸੰਦੇਹ ਨਹੀਂ ਕਿ ਪੰਜਾਬ ਦਾ ਗੁਰਮਤਿ ਕਾਵਿ ਤੇ ਸਿਖ ਦਰਸ਼ਨ ਆਪਣੇ ਆਪ ਵਿਚ ਨਾ ਕੇਵਲ ਭਾਰਤ ਵਰਸ਼ ਦਾ ਸਗੋਂ ਸਮੁਚੇ ਵਿਸ਼ਵ ਦਾ ਸ੍ਰੇਸ਼ਟ ਅਧਿਆਤਮਕ ਭੰਡਾਰ ਹੈ। ਪ੍ਰੋ. ਪੂਰਨ ਸਿੰਘ ਨੇ ਇਕ ਮੌਲਿਕ ਚਿੰਤਕ, ਸੰਵੇਦਨਸ਼ੀਲ, ਰਹੱਸਵਾਦੀ ਕਵੀ ਅਤੇ ਜਗਤ ਵਿਆਪੀ ਅਧਿਆਤਮਕ ਦਰਸ਼ਨਵੇਤਾ ਵਜੋਂ ਜੋ ਗੁਰਮਤਿ ਦੀ ਅਧਿਆਤਮਕ ਨਿਧੀ ਦੀ ਕਾਵਿਮਈਤੇ ਮੌਲਿਕ ਵਿਆਖਿਆ ਕੀਤੀ ਹੈ, ਉਸ ਦੀ ਪਛਾਣ ਵੀ ਹਾਲੀ ਤਕ ਨਹੀਂ ਕੀਤੀ ਜਾ ਸਕੀ। ਇਥੋਂ ਤਕ ਕਿ ਆਪ ਦੀਆਂ 'Spirit of the Sikh' (ਸਿਖੀ ਦੀ ਆਤਮਾ-ਤਿੰਨ ਭਾਗ) ਵਰਗੀਆਂ ਪ੍ਰਮੁਖ ਰਚਨਾਵਾਂ ਵੀ ਉਨ੍ਹਾਂ ਦੇ ਅਕਾਲ ਚਲਾਣੇ ਦੇ ਅੱਧੀ ਸਦੀ ਤੋਂ ਵੀ ਵਧੇਰੇ ਸਮੇਂ ਤਕ ਅਣਗੌਲੀਆਂ ਹੀ ਰਹੀਆਂ ਹਨ। ਕੇਵਲ ਦੋ ਪੁਸਤਕਾਂ 'The Spirit Born People', 'The Book of Ten Masters' ਅਤੇ ਜਪੁਜੀ ਦੇ ਅੰਗ੍ਰੇਜ਼ੀ ਅਨੁਵਾਦ ਹੀ ਪ੍ਰਕਾਸ਼ਿਤ ਹੋਏ ਸਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਆਪ ਦਾ ਦ੍ਰਿਸ਼ਟੀਕੋਣ ਅ-ਸੰਪਰਦਾਈ ਅਤੇ ਵਿਸ਼ਵ-ਵਿਆਪੀ ਆਧੁਨਿਕ ਤੇ ਪ੍ਰਗਤੀਸ਼ੀਲ ਹੈ। ਇਥੋਂ ਤਕ ਕਿ ਗੁਰਬਾਣੀ ਦੇ ਅੰਤਰ ਬੋਧ ਅਤੇ ਵਿਆਖਿਆ ਸਬੰਧੀ ਵੀ ਉਨ੍ਹਾਂ ਦੀ ਵਿਧੀ ਵਿਲਖਣ, ਮਾਰਮਿਕ ਤੇ ਅਦੁਤੀ ਹੈ। ਇਸ ਸਬੰਧ ਵਿਚ ਵੀ ਗੁਰਮਤਿ ਚਿੰਤਨ ਮੰਡਲ ਹਾਲੀ ਤਕ ਪੂਰੀ ਤਰ੍ਹਾਂ ਅਗਿਆਤ ਹੈ। ਹਾਲਾਂਕਿ ਇਨ੍ਹਾਂ ਰਚਨਾਵਾਂ ਵਿਚ ਗੁਰੂ ਸਾਹਿਬਾਨ ਦੁਆਰਾ ਨਿਰਮਿਤ ਸਿਖ ਸੰਸਕ੍ਰਿਤੀ, ਸਿਖ ਇਤਿਹਾਸ ਅਤੇ ਸਿਖ ਸਭਿਆਚਾਰ ਦੇ ਭਵਿਖਾਰਥੀ ਸਰੂਪ ਬਾਰੇ ਵਿਸ਼ੇਸ਼ ਤੌਰ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਨ੍ਹਾਂ ਰਚਨਾਵਾਂ ਦੇ ਘੋਖਵੇਂ ਅਧਿਐਨ ਤੋਂ ਬਿਨਾਂ ਸਿਖ ਅਧਿਆਤਮਕ ਸਾਹਿਤ ਤੇ ਗੁਰਬਾਣੀ ਬਾਰੇ ਪੂਰੀ ਤਰ੍ਹਾਂ ਉਚਿਤ ਬੋਧ ਪ੍ਰਾਪਤ ਕਰ ਸਕਣਾ ਜੇ ਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ।

ਮੈਨੂੰ ਇਹ ਗੱਲ ਵਧੇਰੇ ਹੈਰਾਨ ਕਰ ਦੇਣ ਵਾਲੀ ਪ੍ਰਤੀਤ ਹੁੰਦੀ ਹੈ ਕਿ ਡਾ. ਭਾਈ ਵੀਰ ਸਿੰਘ ਜੀ ਅਤੇ ਡਾ. ਬਲਬੀਰ ਸਿੰਘ ਵਰਗੇ ਪ੍ਰਮੁਖ ਗੁਰਮਤਿ ਆਚਾਰੀਆ ਦੇ ਹੁੰਦਿਆਂ ਹੋਇਆਂ ਵੀ ਇਹ ਰਚਨਾਵਾਂ ਪ੍ਰਕਾਸ਼ਨਾਂ ਦਾ ਜਾਮਾ ਕਿਉਂ ਨਾ ਪ੍ਰਾਪਤ ਕਰ ਸਕੀਆਂ ? ਹਾਲਾਂਕਿ ਇਹ ਮੰਨਣਾ ਅਸੰਭਵ ਹੈ ਕਿ ਇਨ੍ਹਾਂ ਨਾਮਵਰ ਹਸਤੀਆਂ ਨੂੰ ਇਨ੍ਹਾਂ ਰਚਨਾਵਾਂ ਦੀ ਹੋਂਦ ਦਾ ਪਤਾ ਨਹੀਂ ਸੀ। ਫਿਰ ਵੀ ਸਾਨੂੰ ਸਵਰਗਵਾਸੀ ਡਾ. ਐਮ.ਐਸ.ਰੰਧਾਵਾ ਤੇ ਸਵਰਗਵਾਸੀ ਸ੍ਰੀ ਕਿਰਪਾਲ ਸਿੰਘ ਨਾਰੰਗ (ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦਾ ਰਿਣੀ ਹੋਣਾ ਪ੍ਵੇਗਾ ਜਿਨ੍ਹਾਂ ਨੇ ਪ੍ਰੋ. ਪੂਰਨ ਸਿੰਘ ਦੀਆਂ ਇਨ੍ਹਾਂ ਅਣਗੌਲੀਆਂ ਰਚਨਾਵਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਪਾਠਕਾਂ ਦੇ ਸਾਹਮਣੇ ਲਿਆਂਦਾ।

**5. ਪੰਜਾਬ ਤੇ ਭਾਰਤ ਦੇ ਅਕਾਦਮਿਕ ਤੇ ਸਭਿਆਚਾਰਕ ਖੇਤਰਾਂ ਦੇ ਧਿਆਨ ਦੇਣ ਯੋਗ**

ਇਸ ਗੱਲ ਦੀ ਬੜੀ ਤੀਬਰ ਆਵਸ਼ਕਤਾ ਹੈ ਕਿ ਸਾਡੀਆਂ ਰਾਸ਼ਟਰੀ ਤੇ ਪ੍ਰਾਦੇਸ਼ਕ ਅਕਾਦਮਿਕ ਸੰਸਥਾਵਾਂ ਤੇ ਵਿਸ਼ਵ ਵਿਦਿਆਲੇ ਪ੍ਰੋ. ਪੂਰਨ ਸਿੰਘ ਦੀ ਅਦੁਤੀ ਪ੍ਰਤਿਭਾ ਅਤੇ ਦਿਤੇ ਗਏ ਸਾਹਿਤਕ ਵਿਰਸੇ ਦੀ ਯੋਗ ਭਾਂਤ ਪਛਾਣ ਕਰਨ ਅਤੇ ਇਸ ਦੇ ਪੁਨਰ ਮੁਲਾਂਕਣ ਵਲ ਵਿਸ਼ੇਸ਼ ਧਿਆਨ ਦੇਣ। ਇਸ ਨਾਲ ਨਿਸਚੇ ਹੀ ਪੰਜਾਬ ਤੇ ਸਾਹਿਤਕ ਤੇ ਸਭਿਆਚਾਰਕ ਖੇਤਰ ਵਿਚ ਨਵੀਂ ਸੂਝ-ਬੂਝ ਉਤਪੰਨ ਹੋਵੇਗੀ ਅਤੇ ਪੰਜਾਬ ਤੇ ਪੰਜਾਬੀਅਤ ਬਾਰੇ ਨਵੇਂ ਦਿਸਹੱਦੇ ਪ੍ਰਕਾਸ਼ਮਾਨ ਹੋਣਗੇ।

ਲੋੜ ਹੈ ਕਿ ਸਾਡੇ ਵਿਸ਼ਵ ਵਿਦਿਆਲਿਆਂ ਵਿਚ ਪ੍ਰੋ. ਪੂਰਨ ਸਿੰਘ ਦੇ ਨਾਂ ਉਤੇ ਕੋਈ ਚਿਅਰ ਤੇ ਖੋਜ ਕੇਂਦਰ ਸਥਾਪਤ ਹੋਵੇ ਅਤੇ ਪ੍ਰੋ. ਪੂਰਨ ਸਿੰਘ ਫਾਊਂਡੇਸ਼ਨ ਆਦਿ ਬਣਾ ਕੇ ਉਨ੍ਹਾਂ ਦੀਆਂ ਰਚਨਾਵਾਂ ਦਾ ਸੁੰਦਰ ਪ੍ਰਕਾਸ਼ਨ ਕਰਕੇ ਉਨ੍ਹਾਂ ਦੇ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਵਾਏ ਜਾਣ। ਉਨ੍ਹਾਂ ਦੇ ਸਾਹਿਤ ਨੂੰ ਇਸ ਤਰ੍ਹਾਂ ਪ੍ਰਸਾਰਿਆ ਤੇ ਪ੍ਰਚਾਰਿਆ ਜਾਵੇ, ਜਿਵੇਂ ਬੰਗਾਲ ਵਿਚ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੇ ਸਾਹਿਤ ਨੂੰ ਸਾਂਭਿਆ ਤੇ ਪਿਆਰ ਕੀਤਾ ਜਾਂਦਾ ਹੈ। ਇਸ ਸਬੰਧ ਵਿਚ ਜੇ ਪੰਜਾਬ ਦੇ ਬੌਧਿਕ ਤੇ ਸਾਹਿਤਕ ਮੰਡਲ ਇਸ ਬੰਨ੍ਹੇ ਹਾਲੀ ਵੀ ਅਵੇਸਲੇ ਰਹੇ ਤਾਂ ਇਹ ਬਹੁਤ ਵੱਡਾ ਅਪਰਾਧ ਹੋਵੇਗਾ ਤੇ ਸ਼ਾਇਦ ਅਗਾਮੀ ਪੀੜ੍ਹੀਆਂ ਵਰਤਮਾਨ ਪੀੜ੍ਹੀ ਦੇ ਸਮਾਲੋਚਕਾਂ ਤੇ ਅਕਾਦਮਿਕ ਖੇਤਰਾਂ ਦੇ ਕਰਤਿਆਂ-ਧਰਤਿਆਂ ਤੇ ਅਧਿਕਾਰੀਆਂ ਨੂੰ ਕਦੇ ਵੀ ਮੁਆਫ਼ ਨਾ ਕਰ ਸਕਣ।

ਫਿਰ ਵੀ ਪ੍ਰੋ. ਪੂਰਨ ਸਿੰਘ ਦੀ ਸਾਹਿਤਕ ਨਿਧੀ ਦਾ ਸੂਰਜੀ ਪ੍ਰਕਾਸ਼ ਕਿਸੇ ਤਰ੍ਹਾਂ ਵੀ ਬਹੁਤ ਸਮੇਂ ਲਈ ਧੁੰਦ ਦੇ ਬੱਦਲਾਂ ਉਹਲੇ ਲੁਕਿਆ ਨਹੀਂ ਰਹਿ ਸਕਦਾ। ਸਾਨੂੰ ਇਸ ਵਿਚੋਂ ਆਪਣੀ ਸੰਸਕ੍ਰਿਤੀ ਅਤੇ ਮਾਨਵਤਾ ਦੇ ਉਜਲ ਭਵਿਖ ਦੀ ਝਲਕ ਨੂੰ ਜ਼ਰੂਰ ਕਦੀ ਨਾ ਕਦੀ ਅਗੋਂ ਜਾਂ ਪਿਛੋਂ ਦੇਖਣਾ ਹੀ ਪਵੇਗਾ।

0



Sri Satguru Jagjit Singh Ji eLibrary NamdhariElibrary@gmail.com

# ਅਦੁਤੀ ਕਾਵਿ ਯਾਤ੍ਰਾ

ਡਾ. ਭਾਈ ਵੀਰ ਸਿੰਘ ਜੀ ਨੇ ਪੰਜਾਬੀ ਸਾਹਿਤ ਨੂੰ ਨਵੀਂ ਰੌਸ਼ਨੀ ਤੇ ਜੀਵਨ ਦੀ ਮੱਘਦੀ ਚੰਗਿਆੜੀ ਨਾਲ ਨੂਰੋ ਨੂਰ ਕੀਤਾ। ਆਪ ਇਕ ਪਾਰਸ-ਰੂਪ ਸੰਤ-ਆਤਮਾ ਸਨ। ਅਜਿਹੇ ਮਹਾਨ ਕਵੀ ਕਵਿਤਾ ਰਚਦੇ ਨਹੀਂ, ਸਗੋਂ ਕਵਿਤਾ ਜੀਉਂਦੇ ਹਨ। ਉਨ੍ਹਾਂ ਦੀ ਜੀਵਨ ਯਾਤ੍ਰਾ ਹੀ ਮਹਾਨ ਕਵਿਤਾ ਦਾ ਰੂਪ ਧਾਰਨ ਕਰ ਲੈਂਦੀ ਹੈ। ਇਉਂ ਇਹ ਇਕ ਪ੍ਰਕਾਰ ਦੀ ਕਾਵਿ-ਯਾਤ੍ਰਾ ਵੀ ਹੋ ਨਿਬੜਦੀ ਹੈ। ਇਸ ਯਾਤ੍ਰਾ ਦਾ ਆਦਿ ਤੇ ਅੰਤ ਦੈਵੀ ਨੁਕਤਾ ਹੁੰਦਾ ਹੈ ਤੇ ਯਾਤ੍ਰਾ-ਭੂਮੀ ਆਦਰਸ਼-ਗਾਮੀ ਭਾਲ ਜਾਂ ਜਗਿਆਸਾ। ਭਾਈ ਵੀਰ ਸਿੰਘ ਜੀ ਆਤਮਕ ਜਗਿਆਸੂ ਸਨ। ਉਨ੍ਹਾਂ ਦੀ ਸਾਰੀ ਭਾਲ ਤੇ ਦੌੜ ਬ੍ਰਹਮ ਜਾਂ ਸੱਤ ਪ੍ਰਥਾਇ ਹੈ ਜਿਸ ਨਾਲ ਸਦੈਵ ਜੁੜੇ ਰਹਿਣਾ ਅਜਿਹੇ ਵਿਅਕਤੀਆਂ ਦਾ ਸਭ ਤੋਂ ਵੱਡਾ ਜੀਵਨ ਆਦਰਸ਼ ਬਣ ਜਾਂਦਾ ਹੈ। ਬ੍ਰਹਮ ਵਿਚ ਅਭੇਦਤਾ, ਤਦਰੂਪਤਾ ਤੇ ਇਸ ਅਨੂਠੀ ਰਹੱਸਵਾਦੀ ਅਨੁਭਵ-ਅਵਸਥਾ ਦਾ ਸਹਿਜ ਅਨੰਦ ਇਸ ਮਹਾਨ ਸੱਤ ਸਰੂਪ ਸੱਤਾ ਦਾ ਗਿਆਨ ਤੇ ਅਜਿਹੀ ਪ੍ਰਕਾਸ਼ਮਈ ਜੀਵਨ-ਜੋਤ ਦਾ ਨਿਰੰਤਰ ਵਿਤਰਣ ਵਰਤਾਰਾ ਮਹਾਂ ਕਵੀ ਦੇ ਨਿਤ ਦੇ ਕਰਤਾਰੀ ਕਰਮ ਰਾਹੀਂ ਪ੍ਰਦੀਪਤ ਹੁੰਦਾ ਹੈ।

ਕਾਵਿ ਰਚਨਾ ਤਾਂ ਦੈਵੀ ਆਵੇਸ਼ ਹੈ, ਆਤਮਾ ਪ੍ਰਕਾਸ਼ ਦਾ ਸਹਿਜ ਮਈ ਪਸਾਰਾ ਹੈ, ਵਿਸਥਾਰ ਹੈ ਜੋ ਲਿਖਤ ਤੇ ਅਲਿਖਤ ਮਧੁਰ ਬੋਲਾਂ ਰਾਹੀਂ ਵਿਅਕਤ ਹੁੰਦਾ ਹੈ। ਕਾਵਿ ਰਚਨਾ ਕਰਤਾਰ ਅਮਲ ਹੈ ਜਿਵੇਂ ਕਿ ਬਿਜਲੀ ਦੀ ਰੌ ਸ੍ਰੋਤ ਨਾਲ ਜੁੜਨ ਸਮੇਂ ਗਤੀਸ਼ੀਲ ਹੋ ਜਾਂਦੀ ਹੈ ਤਿਵੇਂ ਕਵੀ ਹਿਰਦਾ ਜਦੋਂ ਆਪਣੇ ਪ੍ਰੇਰਨਾ ਸ੍ਰੋਤ ਨਾਲ ਜੁੜਦਾ ਹੈ ਤਾਂ ਉਨ੍ਹਾਂ ਜਿੰਦ-ਧੜਕਣਾਂ ਵਿਚੋਂ ਅੰਤਰ ਆਤਮੇ ਲਟ ਲਟ ਪ੍ਰਕਾਸ਼ ਹੁੰਦਾ ਹੈ ਜਿਸ ਦੇ ਸੂਖਮ ਇਹਸਾਸ ਨੂੰ ਅੱਗੇ ਕਵੀ ਕਵਿਤਾ ਵਿਚ ਇਸ ਤਰ੍ਹਾਂ ਸੰਕਲਿਤ ਕਰਦਾ ਹੈ ਕਿ ਉਹ ਵਿਸਮਾਦੀ ਛਿਨ ਸਦੀਵਤਾ ਦਾ ਰੂਪ ਧਾਰਨ ਕਰ ਲਵੇ ਤੇ ਇਹ ਸ੍ਵੈ-ਪ੍ਰਗਟਾਉ ਅਨੁਭਵ ਦੇ ਕਰਮ ਰਾਹੀਂ ਸਥਾਈ ਪ੍ਰੇਰਨਾ ਦਾ ਰੂਪ ਧਾਰ, ਜਨ-ਸਮੂਹ ਦਾ ਅਨੁਭਵ ਬਣ ਸਕੇ। ਇਉਂ ਪ੍ਰਤਿਭਾ ਦਾ ਇਕ ਸਿਰਾ ਆਪਣੇ ਸ੍ਰੋਤ ਨਾਲ ਜੁੜਿਆ ਹੁੰਦਾ ਹੈ, ਦੂਜਾ ਜੀਵਨ-ਸੱਤਾ ਤੇ ਇਸ ਦੀ ਵਿਵਧਤਾ ਨਾਲ। ਅਜਿਹੀ ਮਹਾਨ ਕਾਵਿ-ਯਾਤ੍ਰਾ ਦਾ ਇਕ ਸਿਰਾ ਜੇ ਅਨਾਦੀ ਪਰਮ ਸੱਤਾ ਨਾਲ ਜੁੜਿਆ ਹੋਇਆ ਹੈ ਤਾਂ ਦੂਜਾ ਬੰਨਾ ਮਨੁੱਖਤਾ ਤੇ ਸਮਾਜ ਨਾਲ ਜੁੜਿਆ ਹੋਇਆ ਹੈ।

ਅਧਿਆਤਮਵਾਦੀ ਕਵੀ ਨੇ ਮਨੁੱਖਤਾ ਨੂੰ ਬ੍ਰਹਮ ਦਾ ਸੰਦੇਸ਼ ਦੇਣਾ ਹੁੰਦਾ ਹੈ, ਇਸ ਲਈ ਅਜਿਹੇ ਕਵੀ-ਆਪੇ ਦਾ ਸਦੈਵ ਉਸ ਬ੍ਰਹਮ-ਆਪੇ ਦੇ ਆਪਣੇ ਅੰਦਰ ਵਿਲੀਨਤਾ ਲਈ ਆਪਣੇ ਆਪ ਨੂੰ ਲਿਵਲੀਨ ਅਵਸਥਾ ਵਿਚ ਤਤਪਰ ਰਖਣਾ ਹੁੰਦਾ ਹੈ। ਅਜਿਹਾ ਕਵੀ ਲਿਵ ਵਿਚ ਜੀਉਂਦਾ ਤੇ ਵਿਚਰਦਾ ਹੈ, ਲਿਵ ਚੇਤੰਨਤਾ ਉਸ ਦਾ ਪ੍ਰਮੁਖ ਮਨੁੱਖੀ ਕਰਮ ਹੈ ਅਤੇ ਇਸੇ ਦਾ ਤੀਬਰ ਇਹਸਾਸ ਕਵਿਤਾ ਦੀ ਲਰਜ਼ਦੀ ਤਲ-ਭੂਮੀ ਹੈ ਜਿਸ ਉਤੇ ਕਾਵਿ-ਕੰਵਲ ਦਾ



Sri Satguru Jagjit Singh Ji eLibrary NamdhariElibrary@gmail.com

ਝਿਲਮਿਲਾਂਦਾ ਪ੍ਰਕਾਸ਼ ਲਹਿਰਦਾ ਹੈ। ਭਾਈ ਵੀਰ ਸਿੰਘ ਕਾਵਿ ਦੇ ਬੋਧ ਲਈ ਇਹ ਪਹਿਲਾ ਰਮਜ਼ਿਆ ਨੁਕਤਾ ਹੈ। ਜਦੋਂ ਕਵੀ ਇਸ ਨੁਕਤੇ ਤੇ ਜੁੜਦਾ ਹੈ ਉਦੋਂ ਉਸ ਅੰਦਰ ਕਾਵਿ ਦਾ ਸਾਗਰ ਛਲਕਦਾ ਹੈ ਅਤੇ ਜਦੋਂ ਉਸ ਥੀਂ ਉਹ ਵਿਛੜ ਜਾਂਦਾ ਹੈ ਉਦੋਂ ਉਸ ਦੀ ਸੂਖਮ ਜਿੰਦ ਮਛਲੀ ਵਾਂਗ ਤੜਪਦੀ ਹੈ, ਲੁਛਦੀ ਹੈ। ਅਜਿਹੀਆਂ ਮੇਲ ਤੇ ਵਿਛੋੜੇ ਦੀਆਂ ਅਵਸਥਾਵਾਂ ਉਨ੍ਹਾਂ ਦੇ ਕਾਵਿ-ਸੰਸਾਰ ਵਿਚ ਥਾਂ ਥਾਂ ਤੇ ਪਸਰੀਆਂ ਪਈਆਂ ਹਨ।

ਭਾਈ ਵੀਰ ਸਿੰਘ ਨੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਨਵੇਂ ਅਨੁਭਵ, ਨਵੀ ਚੇਤਨਤਾ ਨਵੇਂ ਅਮਲ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਨੂੰ ਹੋਂਦ ਵਿਚ ਲਿਆਂਦਾ। ਉਨ੍ਹਾਂ ਦੇ ਇਸ ਸਾਰੇ ਕਰਤਾਰੀ ਤੇ ਬੌਧਿਕ ਅਮਲ ਨੂੰ ਨਵ-ਅਧਿਆਤਮਵਾਦ ਦੀ ਸੰਗਿਆ ਦਿਤੀ ਜਾ ਸਕਦੀ ਹੈ। ਇਸ ਵਿਚ ਮੂਲ ਭੂਤ ਆਧਾਰ ਤਾਂ ਅਧਿਆਮਤਮਕ ਦਰਸ਼ਨ ਤੇ ਆਤਮਕ ਜਗਿਆਸਾ ਵਾਲੇ ਹੀ ਹਨ ਪਰ ਆਪਣੇ ਸਰੂਪ ਤੇ ਵਿਆਖਿਆ ਵਿਚ ਇਹ ਅਮਲ ਪੁਰਾਤਨ ਤੇ ਪ੍ਰਚਲਿਤ ਦੇ ਟਾਕਰੇ ਤੇ ਨਵੀਨ ਅਰਥ ਧਾਰਨ ਕਰ ਗਿਆ ਹੈ। ਇਹ ਨਵੀਨਤਾ ਤਤਕਾਲਿਕ, ਬੌਧਿਕ ਵਿਕਾਸ, ਪੂਰਬ ਤੇ ਪੱਛਮ ਦੀਆਂ ਦਾਰਸ਼ਨਿਕ ਤੇ ਬੌਧਿਕ ਧਾਰਨਾਵਾਂ ਦੇ ਏਕੀਕਰਣ, ਮਨੁੱਖੀ ਵਿਅਕਤਿਤਵ ਦੇ ਆਧੁਨਿਕ ਵਿਕਾਸ, ਉਸ ਦੇ ਸੂਖਮ ਇਹਸਾਸ ਤੇ ਸਵੈ-ਪ੍ਰਕਾਸ਼ ਦੇ ਕਰਤਾਰੀ ਅਮਲ ਦੀ ਵਿਲੱਖਣਤਾ ਕਾਰਨ ਪ੍ਰਗਟ ਹੋਈ ਹੈ। ਜਦੋਂ ਪੁਰਾਤਨ ਜਾਂ ਪਰੰਪਰਾਗਤ ਅਨੁਭਵ ਨਵੀਨ ਪ੍ਰਸਥਿਤੀਆਂ ਵਿਚ ਜਾਗਦਾ ਹੈ ਤਾਂ ਅਨੁਭਵ ਵਰਤਾਰੇ ਤੇ ਵਿਆਖਿਆਤਮਕ ਵਿਧੀ ਵਿਚ ਅੰਤਰ ਆ ਜਾਣਾ ਬੜਾ ਸੁਭਾਵਿਕ ਹੈ। ਇਹ ਅੰਤਰ ਮਨੁੱਖੀ ਵਿਅਕਤੀਤਵ ਦੇ ਸਮੁੱਚੇ ਵਿਕਸਿਤ ਸਰੂਪ ਦੇ ਅਸਤਿਤਵ ਕਾਰਣ ਹੈ। ਅਜਿਹਾ ਵਰਤਾਰਾ ਨਿਰੋਲ ਭਾਈ ਵੀਰ ਸਿੰਘ ਜੀ ਦੀ ਅਧਿਆਤਮਕ ਯਾਤ੍ਰਾ ਵਿਚ ਹੀ ਨਹੀਂ ਵਾਪਰਿਆ, ਸਗੋਂ ਉਨ੍ਹਾਂ ਦੇ ਹੋਰ ਸਮਕਾਲੀਆਂ ਦੇ ਸਬੰਧ ਵਿਚ ਵੀ ਵਾਪਰਿਆ ਹੈ।

ਉਦਯੋਗਿਕ ਕ੍ਰਾਂਤੀ ਨੇ ਜਦੋਂ ਪੂਰਬ ਤੇ ਪੱਛਮ ਦੇ ਅੰਤਰ ਨੂੰ ਘਟਾਉਣਾ ਸ਼ੁਰੂ ਕੀਤਾ ਤਾਂ ਇਸ ਮੇਲ ਤੇ ਸਹਿਚਾਰ ਵਿਚੋਂ ਨਵਾਂ ਅਮਲ ਵਜੂਦ ਵਿਚ ਆਇਆ। ਮਨੁੱਖ ਦੀ ਦੇਸ਼ ਤੇ ਕਾਲ ਦੀ ਪਕੜ ਵਿਸਥਾਰ ਗ੍ਰਹਿਣ ਕਰ ਗਈ। ਉਹ ਸਰਬ ਵਿਆਪੀ ਰੂਪ ਧਾਰਨ ਕਰ ਗਈ। ਉਸ ਦਾ ਘੇਰਾ, ਖੇਤ੍ਰ ਤੇ ਫੈਲਾਓ ਮਨੁੱਖਤਾ ਜਿੱਡਾ ਜਗਤ ਵਿਆਪੀ ਬਣ ਗਿਆ। ਭਾਵੇਂ ਸਾਡੇ ਧਾਰਮਿਕ ਚਿੰਤਕਾਂ ਤੇ ਕਵੀਆਂ ਨੇ ਪੂਰਬ ਕਾਲੀਨ ਅਧਿਆਤਮਕ ਦਰਸ਼ਨ ਦੀ ਹੀ ਵਿਆਖਿਆ ਕੀਤੀ ਹੈ ਪਰ ਉਨ੍ਹਾਂ ਦਾ ਅਨੁਭਵ ਨਿਰੋਲ ਰੂਪ ਵਿਚ ਵਿਭਿੰਨ ਤੇ ਤੱਕਣੀ ਜਾਂ ਪਹੁੰਚ ਵਿਸ਼ਾਲ ਤੇ ਆਧੁਨਿਕ ਹੋ ਗਈ ਹੈ। ਉਨ੍ਹਾਂ ਦੀ ਰਚਨਾ ਦਾ ਸੁਰ ਤੇ ਪ੍ਰਕਾਰ ਹੀ ਬਦਲ ਗਿਆ ਹੈ।

ਇਹ ਵਰਤਾਰਾ ਗੱਦ ਤੇ ਪੱਦ ਦੋਹਾਂ ਖੇਤ੍ਰਾਂ ਵਿਚ ਹੀ ਦ੍ਰਿਸ਼ਟੀਗੋਚਰ ਹੋਇਆ ਹੈ ਅਤੇ ਇਸ ਕਾਲ ਦੇ ਬਹੁਤੇ ਅਧਿਆਤਮਕ ਚਿੰਤਕਾਂ ਤੇ ਰਹੱਸਵਾਦੀ ਕਵੀਆਂ ਉਤੇ ਘਟਿਆ ਹੈ। ਸੁਆਮੀ ਪਰਮ ਹੰਸ ਰਾਮ ਕ੍ਰਿਸ਼ਨ, ਸੁਆਮੀ ਵਿਵੇਕਾਨੰਦ, ਸੁਆਮੀ ਰਾਮ ਤੀਰਥ, ਗੁਰੂਦੇਵ ਟੈਗੋਰ, ਸ੍ਰੀ ਅਰਬਿੰਦੂ ਘੋਸ਼ ਅਤੇ ਇਥੋਂ ਤਕ ਕਿ ਮਹਾਤਮਾ ਗਾਂਧੀ ਜੀ ਵਰਗੇ ਸਮਾਜਕ ਚਿੰਤਕਾਂ ਉਤੇ ਇਸ



Sri Satguru Jagjit Singh Ji eLibrary NamdhariElibrary@gmail.com

ਦਾ ਪ੍ਰਭਾਵ ਪਿਆ ਹੈ। ਇਹ ਅਧਿਆਤਮਕ ਅਮਲ ਸਰਬ ਭਾਰਤੀ ਧਾਰਮਿਕ ਪੁਨਰ-ਜਾਗ੍ਰਿਤੀ ਦਾ ਰੂਪ ਧਾਰਨ ਕਰ ਗਿਆ ਹੈ। ਇਹ ਇਕ ਸਰਬ ਭਾਰਤੀ ਅੰਦੋਲਨ ਹੀ ਹੈ। ਇਸ ਦਾ ਮੂਲ ਆਧਾਰ ਭਾਰਤੀ ਅਧਿਆਤਮਕ ਦਰਸ਼ਨ-ਵਿਚਾਰ, ਅਨੁਭੂਤੀ ਜਾਂ ਕਾਵਿ ਮਈ ਸੰਵੇਦਨ ਸ਼ੀਲਤਾ ਹੈ। ਇਸ ਦੇ ਸਰੂਪ ਵਿਚ ਪੂਰਬ ਤੇ ਪੱਛਮ ਦਾ ਬੌਧਿਕ ਅਮਲ ਗਤੀਮਾਨ ਹੈ ਅਤੇ ਅਨੁਭਵ ਵਿਚ ਵਿਅਕਤੀਵਾਦੀ ਭਾਵਕਤਾ ਦੀ ਤੀਖਣਤਾ ਤੇ ਵਖਰਾ-ਪਣ ਮੌਜੂਦ ਹੈ। ਇਸ ਤੋਂ ਬਿਨਾਂ ਦ੍ਰਿਸ਼ਟੀਕੋਣ ਵਜੋਂ ਇਹ ਵਿਸ਼ਵ ਵਿਆਪੀ ਹੈ। ਇਸੇ ਅਮਲ ਨੂੰ ਭਾਈ ਵੀਰ ਸਿੰਘ ਨੇ ਆਪਣੀ ਵਿਸ਼ੇਸ਼ ਸਾਹਿਤਕ ਘਾਲਣਾ ਵਿਚ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ। ਭਾਈ ਵੀਰ ਸਿੰਘ ਨੂੰ ਪੰਜਾਬ ਦੇ ਸੰਪਰਦਾਈ ਮਾਹੌਲ ਵਿਚ ਰਖ ਕੇ ਵਾਚਣਾ ਸੰਕੀਰਣਤਾ ਦੇ ਤੁਲ ਹੈ ਉਨ੍ਹਾਂ ਦੀ ਵਡਿਆਈ ਭਾਰਤੀ ਸੰਸਕ੍ਰਿਤੀ ਦੇ ਤੱਤਕਾਲੀ ਪ੍ਰਕਰਣ ਵਿਚ ਹੀ ਯੋਗ ਭਾਂਤ ਉਜਾਗਰ ਹੁੰਦੀ ਹੈ।

ਪ੍ਰੋ. ਪੂਰਨ ਸਿੰਘ ਨੇ ਸੁਆਮੀ ਰਾਮ ਤੀਰਥ ਜੀ ਦੇ ਸਬੰਧ ਵਿਚ ਉਨ੍ਹਾਂ ਦੇ ਜੀਵਨ ਤੇ ਕਵਿਤਾ ਨੂੰ ਏਸ਼ਿਆਈ ਰਹੱਸਵਾਦ ਦੇ ਨਾਂ ਨਾਲ ਯਾਦ ਕੀਤਾ ਹੈ। ਇਹ ਇਕ ਪ੍ਰਕਾਰ ਦਾ ਬੇਪਰਵਾਹੀ ਵਾਲਾ ਅਨੁਭਵ ਹੈ ਜਿਸ ਵਿਚ ਅਧਿਆਤਮਕ ਜਗਿਆਸਾ ਦੀ ਤੀਖਣਤਾ ਤਾਂ ਮੌਜੂਦ ਹੈ ਪਰ ਸੰਸਾਰ ਪ੍ਰਥਾਇ ਉਨਮੁਖਤਾ ਵੀ ਪ੍ਰਗਟ ਹੁੰਦੀ ਹੈ। ਭਾਵੇਂ ਇਸ ਬ੍ਰਿਤੀ ਨੂੰ ਪਲਾਇਨਵਾਦੀ ਵੀ ਨਹੀਂ ਕਿਹਾ ਜਾ ਸਕਦਾ। ਭਾਈ ਵੀਰ ਸਿੰਘ ਵਿਚ ਇਸ ਏਸ਼ਿਆਈ ਰਹੱਸਵਾਦ ਦੀ ਝਲਕ ਮਾਤ੍ਰ ਤਾਂ ਮੌਜੂਦ ਹੈ ਪਰ ਉਨ੍ਹਾਂ ਦੇ ਵਿਅਕਤਿਤਵ ਤੇ ਰਚਨਾ ਦਾ ਵਧੇਰੇ ਵਿਕਸਿਤ ਸਰੂਪ ਆਧੁਨਿਕਤਾ ਵਾਲਾ ਹੀ ਹੈ। ਕਿਉਂ ਜੋ ਉਹ ਰਹੱਸਵਾਦੀ ਅਮਲ ਦੇ ਨਾਲ ਨਾਲ ਬੌਧਿਕ ਲਕਸ਼ਾਂ ਬਾਰੇ ਵੀ ਸਦਾ ਚੇਤੰਨ ਰਹਿੰਦੇ ਸਨ। ਉਨ੍ਹਾਂ ਦੀ ਰਚਨਾ ਵਿਚ ਥਾਂ ਪੁਰ ਥਾਂ ਇਕ ਬੌਧਿਕ ਵਰਤਾਰਾ ਸਨਮੁਖ ਰਹਿੰਦਾ ਹੈ ਜੋ ਉਨ੍ਹਾਂ ਦੀ ਸਮੁੱਚੀ ਰਚਨਾ ਨੂੰ ਅਪ੍ਰੱਤਖ ਰੂਪ ਵਿਚ ਕਿਸੇ ਦ੍ਰਿਸ਼ਟੀਕੋਣ ਜਾਂ ਦਾਰਸ਼ਨਿਕ ਸੂਤ੍ਰ ਵਿਚ ਪਰੋਈ ਜਾਂਦਾ ਹੈ।

ਇਸ ਲਈ ਉਨ੍ਹਾਂ ਦੀ ਰਚਨਾ ਤੇ ਵਿਅਕਤਿਤਵ ਵਿਚ ਭਾਵੁਕਤਾ ਤੇ ਬੌਧਿਕਤਾ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਭਾਵੇਂ ਪ੍ਰੱਤਖ ਰੂਪ ਵਿਚ ਭਾਵਕਤਾ ਕਈ ਵਾਗੀ ਉਪਭਾਵਕ ਤੇ ਇਕ ਪਾਸੜ ਵੀ ਦਿਖਾਈ ਦਿੰਦੀ ਹੈ ਪਰ ਅੰਤਿਮ ਰੂਪ ਵਿਚ ਬੌਧਿਕ ਲਕਸ਼ ਸਦਾ ਪ੍ਰਧਾਨ ਹੈ। ਇਸ ਪਿੱਛੇ ਉਹ ਅਧਿਆਤਮਕ ਦਰਸ਼ਨ ਦਾ ਸਮੁੱਚਾ ਦ੍ਰਿਸ਼ਟੀਕੋਣ ਪਸਰਿਆ ਹੋਇਆ ਹੈ ਜੋ ਮਹਾਂ ਕਵੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਹੈ। ਇਸ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਰਹੱਸਵਾਦੀ ਤੇ ਅਧਿਆਤਮਕ ਸਰੂਪ ਦੇ ਵਧੇਰੇ ਵਿਸ਼ਲੇਸ਼ਣ ਦੀ ਲੋੜ ਹੈ। ਅਸੀਂ ਇਸ ਦੇ ਸਰੂਪ ਤੇ ਲਹਿਜੇ ਨੂੰ ਪਹਿਲਾਂ ਹੀ ਨਵੀਨ ਕਹਿ ਚੁਕੇ ਹਾਂ।

ਪ੍ਰਸ਼ਨ ਉਠਦਾ ਹੈ ਕਿ ਭਾਈ ਵੀਰ ਸਿੰਘ ਦਾ ਅਧਿਆਤਮਕ ਦ੍ਰਿਸ਼ਟੀਕੋਣ ਗੁਰਮਤ ਦੀ ਹੀ ਆਧੁਨਿਕ ਵਿਆਖਿਆ ਹੈ ਜਾਂ ਇਸ ਤੋਂ ਬਾਹਰਾ ਵੀ ਕੁਝ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਈ ਵੀਰ ਸਿੰਘ ਦਾ ਮੂਲ ਰੂਪ ਵਿਚ ਭਾਵਕ ਤੇ ਬੌਧਿਕ ਆਧਾਰ ਗੁਰਮਤ ਦਰਸ਼ਨ ਹੀ ਹੈ



Sri Satguru Jagjit Singh Ji eLibrary NamdhariElibrary@gmail.com

ਪਰ ਉਨ੍ਹਾਂ ਦੀ ਅਨੁਭਵ ਪ੍ਰਕ੍ਰਿਆ ਤੇ ਵਿਆਖਿਆ ਵਿਧੀ ਨਿਸਚੇ ਹੀ ਵਿਲੱਖਣ ਤੇ ਵਿਅਕਤੀਵਾਦੀ ਹੈ। ਉਨ੍ਹਾਂ ਦੀ ਬਿੰਬ ਮਾਲਾ ਵਿਅਕਤੀਗਤ ਤੇ ਵਿਸ਼ੇਸ਼ ਹੈ। ਉਨ੍ਹਾਂ ਵਿਚ ਗੁਰਮਤ ਤੋਂ ਬਿਨਾਂ ਸੂਫ਼ੀ ਦਰਸ਼ਨ ਵੇਦਾਂਤ ਦਰਸ਼ਨ ਤੇ ਪੱਛਮੀ ਰੋਮਾਂਸਵਾਦੀ ਸ਼ੈਲੀ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ। ਸਭ ਤੋਂ ਵਧੇਰੇ ਆਕਰਸ਼ਕ ਗੱਲ ਉਨ੍ਹਾਂ ਦੀ ਵਿਅਕਤੀਗਤ ਸ਼ਖ਼ਸੀਅਤ ਦੀ ਤਲ-ਭੂਮੀ ਦੇ ਉਹ ਫਲ, ਫੁਲ ਤੇ ਸੁਗੰਧ ਭਰਪੂਰ ਬ੍ਰਿਛ ਹਨ ਜਿਨ੍ਹਾਂ ਦੇ ਆਂਗਣ ਵਿਚ ਕਵੀ ਗਗਨ ਪੀਂਘ ਪਾ ਧਰਤ ਤੋਂ ਆਕਾਸ਼ ਵਲ ਝੂਲਾ ਝੂਲਦਾ ਤੇ ਆਕਾਸ਼ੀ ਸਤਰੰਗੀ ਪੀਂਘ ਦੀ ਕਮਾਨ ਬਣਾ, ਨੈਣਾਂ ਦੇ ਕਟਾਖਾਂ ਰਾਹੀਂ ਕਵਿਤਾ ਦੇ ਤੀਰਾਂ ਦੀ ਝੀਣੀ ਬਾਣ-ਵਰਖਾ ਕਰਦਾ ਹੈ। ਅਜਿਹੀ ਸੁਭਾਇਮਾਨ ਮੂਰਤ ਹੀ ਉਨ੍ਹਾਂ ਦੇ ਮਹਾਨ ਵਿਅਕਤਿਤਵ ਦੀ ਜੋ ਕਾਵਿ ਸਿਰਜਣਾ ਵਿਚ ਸਦੈਵ ਲੱਗਾ ਹੋਇਆ ਹੈ, ਦ੍ਰਿਸ਼ਟੀਗੋਚਰ ਹੁੰਦੀ ਹੈ। ਇਕ ਰਹੱਸਵਾਦੀ ਸੰਤ ਦੀ ਦਿਵਯ ਮੂਰਤੀ ਹੈ ਜਿਸ ਦੇ ਜੀਵਨ ਅਨੁਭਵ ਤੇ ਕਾਵਿ ਦ੍ਰਿਸ਼ਟੀ ਦੋਹਾਂ ਦੇ ਦਰਸ਼ਨ ਵਿਚ ਜਿੰਦ-ਕਣੀਆਂ ਦੀ ਲੁੱਟ ਲੁਟਾਈ ਜਾ ਰਹੀ ਹੈ। ਕਵੀ ਆਤਮਾ ਮਹਾਂ ਨੂਰ ਉਤੇ ਕੇਂਦ੍ਰਿਤ ਲਰਜ਼ੇ ਦਾ ਵਜੂਦ ਗ੍ਰਹਿਣ ਕਰ ਗਈ ਹੈ। ਆਤਮਾ ਵਿਚ ਸੁਰਤੀ ਜਗਮਗਾ ਉਠੀ ਹੈ ਅਤੇ ਰਮਣੀਕ ਨਿਰਤਕਾਰੀ ਦਾ ਸੰਗੀਤਕ ਪ੍ਰਵਾਹ ਚਲ ਰਿਹਾ ਹੈ। ਇਸ ਦਾ ਇਕ ਝਲਕਾਰਾ ਨਿਮਨ ਲਿਖਤ ਕਵਿਤਾ ਵਿਚ ਸਾਖਿਆਤ ਰੂਪ ਵਿਚ ਪ੍ਰਗਟ ਹੋਇਆ ਹੈ:

ਚੜ੍ਹ ਚੱਕ ਤੇ ਚੱਕ ਘੁਮਾਨੀਆਂ
ਮਹੀਂਵਾਲ ਤੋਂ ਸਦਕੇ (ਪਈ) ਜਾਨੀ ਆਂ
ਮੈਂ ਤਾ ਬਦਲਾਂ ਨੂੰ ਫ਼ਰਸ਼ ਬਣਾਨੀਆਂ
ਉਚੇ ਨਾਚ ਰੰਗੀਲੜੇ ਪਾਨੀਆਂ
ਬਾਜੀ ਬਿਜਲੀ ਦੇ ਨਾਲ ਲਗਾਨੀਆਂ
ਖਿੜ ਖਿੜ ਹੱਸਨੀਆਂ ਓਨੂੰ ਸ਼ਰਮਾਨੀਆਂ
ਤਾਰੇ ਕੇਸਾਂ ਦੇ ਵਿਚ ਗੁੰਦਾਨੀਆਂ
ਚੰਦ ਮੱਥੇ ਤੇ ਚਾ ਲਟਕਾਨੀਆਂ
ਨੀਲੇ ਅਰਸ਼ਾਂ ਤੇ ਠੁਮਕਦੀ ਜਾਨੀਆਂ (ਚੜ੍ਹ ਚੱਕ ਤੇ ਚੱਕ ਘੁਮਾਨੀਆਂ)

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਾ
ਪੁਸਤਕ ਨੰ. ...........
ਅਲਮਾਰੀ ...........
ਸ੍ਰੀ ਭੈਣੀ ਸਾਹਿਬ

ਇਸ ਕਵਿਤਾ ਦਾ ਜਮਾਲੀ ਬਿੰਬ ਤੇ ਵੈਰਾਟ ਤਸੱਵਰ ਹੀ ਕਵੀ ਆਤਮਾ ਦੀ ਅਦੁੱਤੀ ਨਿੱਜੀ ਤਸਵੀਰ ਨੂੰ ਸਾਹਮਣੇ ਲਿਆ ਖੜਾ ਕਰਦਾ ਹੈ। ਇਸ ਨੂਰੀ ਕਵੀ ਲਈ ਕਵਿਤਾ ਨੂਰੀ ਕ੍ਰਿਸ਼ਮਾ ਹੈ ਜਿਸ ਵਿਚ ਅਦਭੁਤ ਜਲੌ ਦਾ ਵਿਸਮਾਦੀ ਵਰਤਾਰਾ, ਸ਼ਾਂਤ ਚਿਤ ਬ੍ਰਿਤੀ ਦਾ ਅਖੰਡ ਪਰਵਾਹ ਉਚੇਰੀ ਅਧਿਆਤਮਕ ਜੀਵਨ ਦੀ ਜਿੰਦ ਧੜਕਣ ਤੇ ਉਚੇਰੀ ਆਤਮਕ ਯਾਤਰਾ ਦੇ ਲਕਸ਼ ਦਾ ਸੁਹਜਮਈ ਚਿਤ੍ਰ ਤੇ ਸੁਹਿਰਦ ਰਹੱਸਮਈ ਚਰਿਤ੍ਰ ਪ੍ਰਤੀਬਿੰਬਤ ਹੋ ਰਿਹਾ ਹੈ। ਇਹ ਜਿੰਨ੍ਹਾ ਹੀ ਵਿਸ਼ਾਲ ਤੇ ਅਨੰਤ ਹੈ ਉਨਾ ਹੀ ਡੂੰਘਾ ਤੇ ਗਹਿਰ-ਗੰਭੀਰ ਹੈ। ਇਸ ਵਿਚ ਸ੍ਵੈ-ਅਨੁਸ਼ਾਸਨ ਦਾ ਸੰਤੁਲਿਤ ਵਿਕਾਸ ਮੂਰਤੀਮਾਨ ਹੈ ਅਤੇ ਸਾਧਨਾ-ਕਰਮ ਤੇ ਪ੍ਰਸਾਦ-ਕਰਮ



Sri Satguru Jagjit Singh Ji eLibrary NamdhariElibrary@gmail.com

ਦੋਵੇਂ ਸੰਯੁਕਤ ਹਨ। ਇਹੀ ਲਕਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੀ ਅੰਤਮ ਪਉੜੀ ਵਿਚ 'ਸ਼ਬਦ ਦੀ ਸੱਚੀ ਟਕਸਾਲ' ਦਾ ਕਲਪਿਤ ਕੀਤਾ ਹੈ। ਕਿਸੇ ਕਵੀ ਦੀ ਸਵੈ-ਸਾਧਨਾ ਕਿੰਨੀ ਹੈ ਤੇ ਉਸ ਉਤੇ ਰੱਬੀ ਬਖ਼ਸ਼ਿਸ਼ ਕਿੰਨੀ ਵੱਡੀ ਮਾਤ੍ਰਾ ਵਿਚ ਹੋਈ ਹੈ ਇਸ ਦੇ ਆਧਾਰ 'ਤੇ ਹੀ ਭਾਈ ਵੀਰ ਸਿੰਘ ਵਰਗੇ ਮਹਾਂ ਕਵੀ ਦੀ ਵਿਅਕਤੀਗਤ ਵਿਸ਼ੇਸ਼ਤਾ ਨਿਰਭਰ ਕਹੀ ਜਾ ਸਕਦੀ ਹੈ।

ਅਜਿਹੇ ਕਵੀ ਲਈ ਕਵਿਤਾ ਚੇਤੰਨ ਅਮਲ ਨਹੀਂ ਸਗੋਂ ਸਹਿਜ ਵਰਤਾਰਾ ਹੁੰਦਾ ਹੈ ਪਰ ਇਹ ਸਹਿਜ ਅਮਲ ਕਾਵਿ ਰਚਨਾ ਦੇ ਚੇਤੰਨ ਵਰਤਾਰੇ ਤੋਂ ਨਿਰਲੇਪ ਰਹਿ ਕੇ ਹੋਂਦ ਵਿਚ ਨਹੀਂ ਆ ਸਕਦਾ। ਅਜਿਹਾ ਸਭ ਕੁਝ ਕਵੀ ਦੀ ਸਖ਼ਸੀਅਤ ਅੰਦਰ ਕੁਦਰਤੀ ਰੂਪ ਵਿਚ ਹੀ ਘਟਦਾ ਰਹਿੰਦਾ ਹੈ ਅਤੇ ਉਸ ਨੂੰ ਕਿਸੇ ਉਚੇਚ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਜਿਥੇ ਉਚੇਚ ਹੈ ਉਥੇ ਸਹਿਜ ਨਹੀਂ। ਸਹਿਜ ਵਿਚ ਬੰਧਨ ਨਹੀਂ ਪਰ ਇਹ ਨਿਰਬੰਧਨ ਵੀ ਨਹੀਂ। ਇਸ ਦਾ ਇਕ ਆਪਣਾ ਬੰਧਾਨ ਹੈ ਜਿਵੇਂ ਇਕ ਬ੍ਰਿਛ ਵਿਚੋਂ ਫਲ ਦੀ ਮਿਠਾਸ ਤੇ ਫੁੱਲਾਂ ਦੀ ਸੁਗੰਧੀ, ਜੜ੍ਹਾਂ ਦਾ ਰਸ ਕੁਦਰਤੀ ਰੂਪ ਵਿਚ ਆਪਣੀ ਪ੍ਰਕਿਰਤੀ ਨੂੰ ਸਿਰਜ ਲੈਂਦਾ ਹੈ ਤਿਵੇਂ ਕਵੀ ਦਾ ਵਿਅਕਤਿਤਵ ਸੁਭਾਵਿਕ ਰੂਪ ਵਿਚ ਆਪਣੇ ਅੰਦਰਲੀ ਸੁਗੰਧੀ ਮਿਠਾਸ ਤੇ ਗਿਆਨ ਪ੍ਰਕਾਸ਼ ਨੂੰ ਆਪਣੇ ਸੁਭਾਵਿਕ ਕਰਮ ਵਿਚ ਹੀ ਵੰਡਦਾ ਰਹਿੰਦਾ ਹੈ। ਉਹ ਪਰੰਪਰਾ ਪੂਜ ਨਹੀਂ ਸਗੋਂ ਪਰੰਪਰਾ ਉਸ ਅੰਦਰ ਰਚੀ ਹੁੰਦੀ ਹੈ। ਉਸ ਦਾ ਪ੍ਰੌੜ ਵਿਅਕਤਿਤਵ ਪ੍ਰੌੜ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਇਹ ਪ੍ਰਗਟਾਓ ਹੀ ਕਵਿਤਾ ਦਾ ਸੁੰਦਰ ਰੂਪ ਧਾਰਣ ਕਰਦਾ ਹੈ।

ਪਰ ਇਸ ਪ੍ਰਗਟਾਓ ਵਿਚ ਜੀਵਨ ਦੀ ਗਤੀ ਧੜਕਦੀ ਹੈ। ਇਹ ਇਕ ਅਖੰਡ ਪ੍ਰਵਾਹ ਸਮਾਨ ਨਿੱਤ ਵਹਿੰਦਾ ਹੈ ਆਪਣੀ ਮੰਜ਼ਿਲ ਵਲ ਨੂੰ ਦੌੜਦਾ ਹੈ, ਲਕਸ਼ ਨੂੰ ਇਕ ਛਿਨ ਲਈ ਵੀ ਅੱਖੋਂ ਪ੍ਰੋਖੇ ਨਹੀਂ ਕਰਦਾ। ਧਿਆਨੀ ਯੋਗੀ ਵਾਂਗ ਸੁਰਤੀ ਦਾ ਖੂਹ ਗਿੜਦਾ ਹੈ, ਨੀਝ ਮੰਜ਼ਿਲ ਤੇ ਟਿਕੀ ਹੋਈ ਹੁੰਦੀ ਹੈ, ਪੁਜਣ ਦੀ ਤੀਬਰਤਾ ਜੀਵਨ ਗਤੀ ਨੂੰ ਥਰਕਾ ਦਿੰਦੀ ਹੈ, ਪ੍ਰੇਮ ਕਾਂਬੇ ਵਿਚ ਬੰਨ੍ਹ ਦਿੰਦੀ ਹੈ, ਇਸਦੀ ਚਾਲ ਨਿਰੰਤਰ ਬਣੀ ਰਹਿੰਦੀ ਹੈ ਅਨਹੱਦ ਸ਼ਬਦ ਦੀ ਧੁਨੀ ਸਮਾਨ। ਇਸ ਗੱਲ ਦਾ ਨਿਰਣਾ ਕਰਨਾ ਕਠਿਨ ਹੋ ਜਾਂਦਾ ਹੈ ਕਿ ਇਸ ਯਾਤਰਾ ਦਾ ਅਰੰਭ ਕਿਥੋਂ ਹੋਇਆ, ਅੰਤ ਕਿਥੇ ਹੋਵੇਗਾ। ਇਹ ਤਾਂ ਇਕ ਤਰ੍ਹਾਂ ਦਾ ਨਿੱਤ ਦਾ ਜਗਿਆਸੂ ਅਮਲ ਬਣ ਜਾਂਦਾ ਹੈ। ਨਿੰਦ੍ਰਾਲੇ ਨੈਣਾਂ ਵਿਚ ਨੀਂਦ ਕਿੱਥੇ? ਬਸ ਚਾਲੇ ਪਏ ਰਹਿਣਾ ਤੇ ਮੰਜ਼ਿਲ ਵਲ ਤੁਰੀ ਜਾਣਾ। ਮਹਾਂ ਕਵੀ ਜੀ ਦੇ ਆਪਣੇ ਸ਼ਬਦਾਂ ਵਿਚ ਇਸ ਸੀਨੇ ਦੀ ਖਿਚ ਦਾ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ:-

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।



Sri Satguru Jagjit Singh Ji eLibrary NamdhariElibrary@gmail.com

ਇਕੋ ਲਗਨ ਲੱਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿੱਤ ਰਹਿੰਦੇ। (ਇੱਛਾ ਬਲ ਤੇ ਡੂੰਘੀਆਂ ਸ਼ਾਮਾਂ)

ਪਰ ਇਹ ਤਾਂ ਕਵੀ ਜੀ ਦੇ ਸੂਖਮ ਭਾਵਕ ਆਪੇ ਦਾ ਇਕ ਵਾਸਤਵਿਕ ਬਿੰਬ ਹੈ। ਚੇਤੰਨ ਆਪੇ ਵਿਚ ਵੀ ਕਾਵਿ ਪ੍ਰਤਿਭਾ ਆਪਣੀ ਸਿਰਜੀ ਕਾਵਿ ਸੁੰਦਰਤਾ ਦੇ ਵਿਲੱਖਣ ਸਰੂਪ ਤੇ ਆਦਰਸ਼ਕ ਕਰਤੱਵ ਤੋਂ ਸਪੱਸ਼ਟ ਭਾਂਤ ਪ੍ਰੀਚਿਤ ਹੈ। ਕਵੀ ਆਤਮਾ ਦੇ ਨੈਣਾਂ ਵਿਚ ਕਾਵਿ ਦੀ ਪਰੰਪਰਾ ਤੇ ਉਸ ਦੇ ਆਪਣੇ ਮਾਰਗ ਦਾ ਨਕਸ਼ਾ ਲਟਕ ਰਿਹਾ ਹੈ। ਇਸ ਵਾਸਤਵਿਕਤਾ ਨੂੰ ਉਨ੍ਹਾਂ ਨੇ ਇਕ ਬੰਨੇ ਆਪਣੀ ਕਵਿਤਾ 'ਕਾਵਿ-ਰੰਗ-ਸੁੰਦਰਤਾ' ਵਿਚ ਜਿਥੇ ਉਹ ਕਵਿਤਾ ਦੀ ਦੈਵੀ ਤੇ ਸੂਖਮ ਸੁੰਦਰਤਾ ਦਾ ਜ਼ਿਕਰ ਕਰਦੇ ਹਨ, ਕੀਤਾ ਹੈ। ਇਸ ਕਵਿਤਾ ਵਿਚਲੇ ਸਾਰੇ ਪ੍ਰਤੀਕ ਤੇ ਬਿੰਬ ਕਵੀ ਜੀ ਦੇ ਕਵਿਤਾ ਸਬੰਧੀ ਉਦਾਤਭਾਵੀ ਦ੍ਰਿਸ਼ਟੀਕੋਣ ਨੂੰ ਪ੍ਰਗਟ ਕਰਦੇ ਹਨ। ਇਸੇ ਰਸ ਰੂਪ ਸੁਗੰਧ ਨੂੰ ਉਨ੍ਹਾਂ ਨੇ ਆਪਣੇ ਕਾਵਿ ਸੰਗ੍ਰਹਿ "ਲਹਿਰਾਂ ਦੇ ਹਾਰ" ਦੀ ਇਕ ਰਚਨਾ 'ਅਮਰ ਰਸ' ਵਿਚ ਇਸ ਤਰ੍ਹਾਂ ਸਚਿਤ੍ਰਤ ਕੀਤਾ ਹੈ:-

ਸੁਹਣੇ ਹੱਥ ਸੁਰਾਹੀ ਪਯਾਲਾ
ਦੇਖ ਦੁਖੀ ਖ਼ੁਸ਼ ਹੋਈ,
ਖ਼ੁਸ਼ ਹੋਈ ਮੁਖ ਦੇਖ ਸਜਨ ਦਾ
ਦੇਖ ਸੁਰਾਹੀ ਰੋਈ।
ਰੋਂਦੀ ਵੇਖ ਸਜਨ ਹਸ ਆਖੇ,
'ਕਉੜੀ ਸ਼ਰਾਬ ਨ ਲਯਾਯਾ;
'ਅੰਮ੍ਰਿਤ ਏਸ ਸੁਰਾਹੀ ਭਰਿਆ,
ਪੀਏ ਤੇ ਜੀਵੇ ਮੋਈ।'

ਇਥੇ ਸੂਫ਼ੀ ਰਹੱਸਵਾਦ ਦੀ ਚਿੰਨ੍ਹ ਮਾਲਾ ਦਾ ਪ੍ਰਯੋਗ ਕੀਤਾ ਗਿਆ ਹੈ। ਸੁਰਾਹੀ ਤੇ ਪਿਆਲਾ ਕਵਿਤਾ ਦੇ ਪਰਵਾਣਿਤ ਰੂਪ ਦੇ ਚਿੰਨ੍ਹ ਹਨ। ਸ਼ਰਾਬ ਉਸ ਵਿਚਲੇ ਵਸਤੂ ਜਿਸ ਨੂੰ ਸੂਫ਼ੀ ਕਵੀਆਂ ਨੇ ਅਧਿਆਤਮਕ ਮਸਤੀ ਤੇ ਖੇੜੇ ਦੇ ਚਿੰਨ੍ਹ ਵਜੋਂ ਵਰਤਿਆ ਹੈ ਪਰ ਪਿਛੋਂ ਸੰਸਾਰਕ ਰੁਚੀਆਂ ਅਧੀਨ ਜਦੋਂ ਪ੍ਰੀਤ ਦਾ ਬਿਆਨ ਨਿਰੋਲ ਕਾਮਨਾਗਤ ਪੱਧਰ ਤੇ ਫ਼ਾਰਸੀ, ਉਰਦੂ ਤੇ ਪੰਜਾਬੀ ਕਵਿਤਾ ਵਿਚ ਵੀ ਕੀਤਾ ਜਾਣ ਲਗਾ ਤਾਂ ਇਹ ਚਿੰਨ੍ਹ ਕੁਝ ਸਸਤੇ ਜਿਹੇ ਤੇ ਬਾਜ਼ਾਰੀ ਪ੍ਰਤੀਤ ਹੋਣ ਲਗੇ। ਕਵਿਤਾ, ਸੰਸਕ੍ਰਿਤੀ ਦੇ ਗੁਲਦਸਤੇ ਦਾ ਸ਼ਰੋਮਣੀ ਪੁਸ਼ਪ ਹੈ। ਇਹ ਸਮੁੱਚੀ ਮਨੁੱਖਤਾ ਦੇ ਹੀ ਮਨੋਹਰ ਅੰਮ੍ਰਿਤ ਬਚਨ ਹੁੰਦੇ ਹਨ ਜਿਨ੍ਹਾਂ ਨੂੰ ਮਨੋਹਰ ਸ਼ਖ਼ਸੀਅਤਾਂ ਆਤਮ ਪਛਾਣ ਤੇ ਜਗਤ ਕਲਿਆਣ ਹਿਤ ਰਚਦੀਆਂ ਹਨ। ਇਸ ਪ੍ਰਕਾਰ ਕਵਿਤਾ ਜਿਥੇ ਸਮੂਹ ਮਨੁੱਖਤਾ ਦੇ ਉਦਗਾਰਾਂ ਦੀ ਉਚੇਰੇ ਰੂਪ ਵਿਚ ਪ੍ਰਤੀਨਿਧਤਾ ਕਰਨ ਵਾਲੀ ਰਚਨਾ ਹੈ



Sri Satguru Jagjit Singh Ji eLibrary NamdhariElibrary@gmail.com

ਉਥੇ ਇਸ ਵਿਚ ਮਨੁੱਖਤਾ ਦੇ ਕਾਫ਼ਲੇ ਦੇ ਮਾਰਗ-ਦਰਸ਼ਨ ਦੇ ਨਕਸ਼ ਵੀ ਉਕਰੇ ਪਏ ਹੁੰਦੇ ਹਨ। ਇਸੇ ਲਈ ਦੁਖੀ (ਜਨਤਾ) ਸੋਹਣੇ ਸਜਨ (ਕਵੀ) ਦੇ ਸੁੰਦਰ ਮੁਖੜੇ ਨੂੰ ਵੇਖ ਕੇ ਤਾਂ ਖ਼ੁਸ਼ ਹੋਈ ਹੈ ਅਰਥਾਤ ਉਸ ਨੂੰ ਸ਼ਾਂਤੀ ਮਿਲੀ ਹੈ ਪਰ ਸੁਰਾਹੀ (ਕਵਿਤਾ ਦੇ ਪਰੰਪਰਾਗਤ ਰੂਪ) ਨੂੰ ਵੇਖ ਕੇ ਉਹ ਰੋ ਪਈ ਹੈ। ਕੌੜੀ ਸ਼ਰਾਬ, ਸੰਸਾਰਕ ਕਵਿਤਾ ਦਾ ਪ੍ਰਤੀਕ ਹੈ ਜਿਸ ਨੂੰ ਜਨ ਪਰੰਪਰਾ ਪਰਵਾਨ ਨਹੀਂ ਕਰ ਸਕਦੀ ਪਰ ਕਵੀ ਦੇ ਅਮਰ ਬੋਲਾਂ ਵਿਚ ਮੋਈ ਜ਼ਿੰਦਗੀ ਨੂੰ ਜੀਅ-ਦਾਨ ਦੇਣ ਵਾਲੀ ਅੰਮ੍ਰਿਤ-ਮਈ ਸ਼ਕਤੀ ਮੌਜੂਦ ਹੈ ਜਿਸ ਨਾਲ ਉਸ ਨੂੰ ਆਤਮ-ਗੌਰਵ ਦੀ ਪਛਾਣ ਵੀ ਹੋ ਸਕਦੀ ਹੈ ਅਤੇ ਉਹ ਨਵ-ਮਾਨਵ-ਮੰਡਲ ਦੀ ਉਸਾਰੀ ਵਿਚ ਤਤਪਰ ਵੀ ਹੋ ਸਕਦੀ ਹੈ- ਕਿਉਂ ਜੋ ਅਜਿਹੀ ਮਹਾਨ ਕਵਿਤਾ ਅਮਿੱਟ ਲਗਨ ਤੇ ਅਖੁੱਟ ਪ੍ਰੇਰਨਾ ਵਿਚੋਂ ਉਤਪੰਨ ਹੁੰਦੀ ਹੈ ਤੇ ਇਸ ਵਿਚ ਕਵੀ ਦੀ ਪਾਰਸ-ਸ਼ਖ਼ਸੀਅਤ ਨੇ ਪੱਕਾ ਮਜੀਠੀ ਰੰਗ ਚਾੜ੍ਹ ਦਿਤਾ ਹੁੰਦਾ ਹੈ। ਇਸ ਲਈ ਇਸ ਸੁੰਦਰ ਬ੍ਰਿਛ ਦੇ ਪੁਸ਼ਪ ਅੱਗੋਂ ਆਪਣੇ ਸੂਹੇ ਰੰਗ ਵਿਚੋਂ ਭਿੰਨੀ ਗੁਲਾਬ ਸੁਗੰਧੀ ਵੰਡਦੇ ਹਨ। ਪ੍ਰੋ. ਪੂਰਨ ਸਿੰਘ ਨੇ ਇਕ ਥਾਂ ਲਿਖਿਆ ਹੈ ਕਿ ਕਈ ਵਾਰ ਜਦੋਂ ਮੈਂ ਗੁਰੂ ਨਾਨਕ ਦੇਵ ਜੀ ਸਬੰਧੀ ਕੁਝ ਲਿਖਦਾ ਹਾਂ ਤਾਂ ਮੈਨੂੰ ਇੰਜ ਜਾਪਦਾ ਹੈ ਜਿਵੇਂ ਮੇਰੇ ਸਾਹਮਣੇ ਪਏ ਕਾਗਜ਼ਾਂ ਉਤੇ ਗੁਲਾਬਾਂ ਦੀਆਂ ਪੱਤੀਆਂ ਦੀ ਵਰਖਾ ਹੋ ਰਹੀ ਹੁੰਦੀ ਹੈ। ਮੇਰਾ ਆਲਾ-ਦੁਆਲਾ ਗੁਲਾਬਾਂ ਦੀ ਸੁਗੰਧੀ ਨਾਲ ਭਰ ਜਾਂਦਾ ਹੈ। ਭਾਵੇਂ ਅਜਿਹੇ ਸਮੇਂ ਮੇਰੇ ਆਲੇ ਦੁਆਲੇ ਕੋਈ ਵੀ ਗੁਲਾਬ ਦਾ ਫੁਲ ਨਹੀਂ ਹੁੰਦਾ। ਇਸੇ ਤਰ੍ਹਾਂ ਦਾ ਅਨੂਠਾ ਜਿਹਾ ਵਜਦ ਵਿਚ ਲਿਆਉਣ ਵਾਲਾ ਤੇ ਆਤਮ ਪਛਾਣ ਕਰਾਉਣ ਵਾਲਾ ਅਥਵਾ ਆਤਮ ਦ੍ਰਵਣ ਵਾਲਾ ਝਲਕਾਰਾ ਭਾਈ ਵੀਰ ਸਿੰਘ ਦੀ ਕਵਿਤਾ ਦੀ ਵਿਆਪਕ ਪ੍ਰਵਿਰਤੀ ਹੈ। ਕਈ ਹੋਰ ਥਾਵਾਂ ਤੇ ਉਨ੍ਹਾਂ ਨੇ ਸਪਸ਼ਟ ਲਿਖਿਆ ਹੈ ਕਿ ਕਾਵਿ ਰਚਨਾ ਕਰਨਾ ਕਵੀ ਦੇ ਆਪਣੇ ਵੱਸ ਦੀ ਗੱਲ ਨਹੀਂ ਇਹ ਤਾਂ ਇਕ ਦੈਵੀ ਬਖ਼ਸ਼ਿਸ਼ ਹੈ ਕਵੀ ਤਾਂ ਉਸ ਅਨੂਠੀ ਦੈਵੀ ਸੁੰਦਰਤਾ ਦੀ ਪ੍ਰਤੀਤੀ ਤੇ ਪ੍ਰਗਟਾਓ ਦਾ ਇਕ ਵਾਹਣ ਮਾਤਰ ਵਸੀਲਾ ਹੈ (ਰਸ ਰਸੀਆ ਰਸਾਲ), ਪਰ ਸਪਸ਼ਟ ਰੂਪ ਵਿਚ ਵੀ ਉਹ ਕਵਿਤਾ ਨੂੰ ਅਫਲਾਤੂਨ ਦੇ ਕਾਵਿ-ਸਿਧਾਂਤ ਸਮਾਨ ਉਦਾਤ ਵਸਤੂ ਮੰਨਦੇ ਹੋਏ ਇਸ ਦੇ ਸਾਰਥਕ ਸਮਾਜਕ ਉਦੇਸ਼ ਨੂੰ ਪ੍ਰਵਾਨ ਕਰਦੇ ਹਨ ਜਿਵੇਂ:-

ਸੁਣ ਤੂੰ ਲਿਖਣ ਹਾਰਿਆ, ਐਸਾ ਕੁਝ ਨਾ ਲਿੱਖ,
ਜਿਸ ਨੂੰ ਪੜ੍ਹਨੇ ਤੇ ਜਗਤ-ਵਧੇ ਪਾਪ ਅਰ ਦੁੱਖ...
ਨੀਵੀਆਂ ਰੁਚੀਆਂ ਜਗਤ ਵਿਚ ਨੀਵੇਂ ਕਰਮ ਸੁਭਾਉ
ਅਗੇ ਫਲੇ ਹਨ ਬੜੇ ਤਿਉਂ ਵਧਾਵੇਂ ਲਿੱਖ (ਲਿਖਾਰੀ ਨੂੰ)

ਸਿੱਧ ਹੈ ਕਿ ਕਈ ਵਾਰ ਅਜਿਹੇ ਮਹਾਂ ਕਵੀ ਨੂੰ ਉਪਦੇਸ਼ਵਾਦੀ ਵੀ ਹੋਣਾ ਪੈਂਦਾ ਹੈ। ਕਿਉਂ ਜੋ ਇਹ ਲੰਮੀ ਯਾਤਰਾ ਹੈ। ਇਸ ਦੇ ਕਈ ਪੜਾਉ ਹਨ। ਉਨ੍ਹਾਂ ਦੀ ਸਥਿਤੀ ਅਨੁਸਾਰ ਹੀ ਕਵੀ ਆਪਾ ਕਿਤੇ ਵਧੇਰੇ ਸਪੱਸ਼ਟ ਹੋ ਜਾਂਦਾ ਹੈ ਕਿਤੇ ਲੁਕਵਾਂ ਤੇ ਸੰਕੇਤਕ ਰੰਗ ਫੜ ਲੈਂਦਾ ਹੈ। ਵਡਾ ਕਮਾਲ ਤਾਂ ਉਸੇ ਸਖ਼ਸੀਅਤ ਦੇ ਚਰਿਤ੍ਰ ਦੇ ਕਰਮ ਪਸਾਰੇ ਦਾ ਹੈ। ਜਿਸ ਦੀ ਛਾਪ ਰਚਨਾ ਦੇ



Sri Satguru Jagjit Singh Ji eLibrary NamdhariElibrary@gmail.com

ਅੱਖਰ ਅੱਖਰ ਉਤੇ ਲਗੀ ਹੋਈ ਹੁੰਦੀ ਹੈ। ਭਾਈ ਵੀਰ ਸਿੰਘ ਜੀ ਦੇ ਮਹਾਨ ਵਿਅਕਤਿਤਵ ਨੂੰ ਉਨ੍ਹਾਂ ਦੀ ਰਚਨਾ ਵਿਚ ਕਈ ਚਿੰਨ੍ਹ ਤੇ ਪ੍ਰਤੀਕ ਉਜਾਗਰ ਕਰਦੇ ਹਨ। 'ਕਿੱਕਰ' 'ਬਨਫ਼ਸ਼ੇ ਦਾ ਫੁੱਲ' 'ਗੁਲਾਬ ਦਾ ਫੁੱਲ' ਕੁਝ ਇਕ ਅਜਿਹੇ ਪ੍ਰਤੀਕ ਹਨ ਜਿਨ੍ਹਾਂ ਵਿਚ ਕਵੀ ਦੀ ਸ਼ਖ਼ਸੀਅਤ ਨੇ ਬਾਹਰੀ ਪਸਾਰੇ (horizontal expansion) ਦੀ ਥਾਂ ਉਚੇਰੇ ਵਿਕਾਸ (vertical growth) ਦੇ ਦਾਈਏ ਨੂੰ ਅਪਣਾਇਆ ਹੈ। ਇਹ 'ਸਿੱਧੇ ਜਾਣਾ ਚੜ੍ਹਦੇ' ਵਾਲਾ ਮਾਰਗ ਹੈ, 'ਚੌੜੇ ਦਾਉ ਵਧਣ' ਵਾਲਾ ਨਹੀਂ ਪਰ ਇਸ ਦੀ ਭਿੰਨੀ ਖ਼ੁਸ਼ਬੋ ਲੁਕਾਇਆਂ ਵੀ ਨਹੀਂ ਲੁਕ ਸਕਦੀ। ਇਹ ਗ਼ੁਲਾਬ ਦੇ ਮਹਿਕ ਉਠਣ ਵਾਂਗ ਅਣਹੋਂਦੇ ਤੇ ਆਪ-ਮੁਹਾਰੇ ਆਪ ਹੀ ਵੰਡੀ ਜਾ ਰਹੀ ਹੈ। ਇਹੀ ਰਹੱਸ ਹੈ ਇਸ ਦੇ 'ਨਦੀ ਕਿਨਾਰੇ' ਨੂੰ ਛੱਡ ਕੇ 'ਰੌਲਿਆਂ ਤੇ ਝਮੇਲਿਆਂ' ਵਿਚ ਆ ਖਲੋਣ ਦਾ। ਉਚੇਰੀਆਂ ਟੀਸੀਆਂ ਤੋਂ ਇਹ ਉਤਰਾਈ ਗੁਰੂ ਗੋਬਿੰਦ ਸਿੰਘ ਜੀ ਦੀ 'ਹੇਮ ਕੁੰਟ ਤੋਂ ਮਾਤ ਲੋਕ ਦੀ ਯਾਤ੍ਰਾ' ਦਾ ਇਕ ਲਘੂ ਰੂਪਾਂਤਰ ਹੈ ਜਿਸ ਦਾ ਜ਼ਿਕਰ ਪ੍ਰੋ. ਪੂਰਨ ਸਿੰਘ ਨੇ ਆਪਣੀ ਕਾਵਿ ਪੁਸਤਕ 'ਤ੍ਰਿਝਣ ਦੀਆਂ ਸਖੀਆਂ' ਦੀ ਇਕ ਕਵਿਤਾ 'ਰਾਜ ਹੰਸ' ਵਿਚ ਕੀਤਾ ਹੈ। ਸੁਹਿਰਦ ਤੇ ਸੂਖਮ ਭਾਵੀ ਮਨੁੱਖ ਦਾ ਮਨੁੱਖਤਾ ਦੇ ਦਰਦ ਵਿਚ ਭਿੱਜ ਜਾਣਾ ਤੇ ਦੁਖੀ ਹੋਣਾ ਬੜਾ ਸੁਭਾਵਿਕ ਹੈ। ਭਾਵੇਂ ਉਸ ਦੇ ਉਪਰਾਲੇ ਮਨੁੱਖਤਾ ਦਾ ਦਰਦ ਆਪਾ ਵਾਰਿਆਂ ਵੀ ਨਹੀਂ ਘਟਾ ਸਕਦੇ! ਪਰ ਮਨੁੱਖ ਆਪਣਾ ਮੂਲ ਮਨੁੱਖੀ ਸੁਭਾ ਕਿਵੇਂ ਛੱਡੇ? ਇਸ ਦਾ ਤਿਆਗ ਕੀਤਿਆਂ ਤਾਂ ਉਹ ਮਨੁੱਖ ਅਖਵਾਉਣ ਦਾ ਹੱਕਦਾਰ ਹੀ ਨਹੀਂ ਰਹਿੰਦਾ।

ਕਵੀ ਜੀ ਦੇ ਸੰਸਾਰ ਪ੍ਰਤੀ ਦਾਰਸ਼ਨਿਕ ਦ੍ਰਿਸ਼ਟੀਕੋਣ ਜੋ ਵਧੇਰੇ ਕਰਕੇ ਅਧਿਆਤਮਕ ਹੈ, ਦੀ ਕਈ ਵਾਰ ਗ਼ਲਤ ਵਿਆਖਿਆ ਕੀਤੀ ਜਾਂਦੀ ਹੈ। ਦਾਰਸ਼ਨਿਕ ਤੌਰ ਤੇ ਭਾਈ ਵੀਰ ਸਿੰਘ ਉਨਮੁਖੀ ਨਹੀਂ। ਉਨ੍ਹਾਂ ਨੂੰ ਸੰਸਾਰ ਦੀ ਸੁੰਦਰਤਾ ਦੇ ਪੁਸ਼ਪ ਹੁਲਾਰੇ ਮਿੱਠੇ ਲਗਦੇ ਹਨ ਪਰ ਉਹ ਉਨ੍ਹਾਂ ਦੀ ਮਮਤਾ ਖਿੱਚ ਵਿਚ ਖਚਿਤ ਹੋ ਕੇ ਆਪਣੇ ਆਤਮਕ ਲਕਸ਼ ਵੱਲੋਂ ਪਿੱਠ ਨਹੀਂ ਮੋੜ ਸਕਦੇ। ਇਸ ਵੱਲ ਉਨ੍ਹਾਂ ਦਾ ਆਪਣਾ ਸੁਵਿਕਸਿਤ ਆਪਾ ਚੁੰਬਕੀ ਸ਼ਕਤੀ ਸਮਾਨ ਗਤੀਸ਼ੀਲ ਰਹਿੰਦਾ ਹੈ। ਇਸੇ ਲਈ ਉਨ੍ਹਾਂ ਦੀ ਜਾਨ ਕੁੱਸਦੀ ਹੈ। ਕਿਉਂ ਜੋ ਉਸ ਨੂੰ ਉਸ ਸੂਖਮ ਮੰਡਲ ਦੇ ਮਾਰਮਿਕ ਤੇ ਅਸਲੀ ਲਕਸ਼ ਦਾ ਗਿਆਨ ਹੈ। ਇਹ ਧੁਰ ਦੀ ਖਿੱਚ, ਅਸਲੇ ਦੀ ਤਾਂਘ ਰਸ ਵਿਲੀਨਤਾ ਉਨ੍ਹਾਂ ਦੀ ਕਵਿਤਾ ਦੀ ਮੁਖ ਪ੍ਰਕਿਰਤੀ ਤੇ ਰਮਜ਼ੀਆ ਵੱਥ ਹੈ ਹੰਸਾਂ ਦੇ ਮੋਤੀ ਅਹਾਰ ਕਰਨ ਸਮਾਨ। ਫ਼ਰੀਦ ਜੀ ਦੇ ਕਥਨ ਅਨੁਸਾਰ ਹੰਸ ਤਾਂ ਕੋਧਰਾ ਖਾਂਦਾ ਹੀ ਨਹੀਂ ਹੈ ਪਰ ਫਿਰ ਵੀ ਉਹ ਇਹ ਸੰਸਾਰ ਵਿਚ ਵਿਚਰਦਾ ਹੈ, ਅਸੰਗ ਰਹਿੰਦਾ ਹੋਇਆ ਵੀ ਇਸ ਦਾ ਸੰਗ ਮਾਣਦਾ ਹੈ। ਸਗਲ ਸੰਗੀ ਸਾਥੀਆਂ ਨੂੰ ਨਾਲ ਤਰਾਉਣੰਦਾ ਹੈ ਇਸ ਲਈ ਉਹ ਪਲਾਇਨਵਾਦੀ ਨਹੀਂ, ਸਹਿਜਵਾਦੀ ਹੈ। ਇਹ ਸਹਿਜ ਰੰਗ ਉਸ ਨੂੰ ਵਿਸ਼ਵ ਸੱਤ ਦੇ ਰਹੱਸਵਾਦੀ(ਬ੍ਰਹਮ ਗਿਆਨੀ) ਮੰਡਲ ਵਿਚ ਲੈ ਜਾਂਦਾ ਹੈ ਜਿਥੇ ਉਸਨੂੰ ਪ੍ਰਗਟ ਯਥਾਰਥ (apparent reality) ਦੀ ਨਾਨਾ ਰੂਪਤਾ ਪਿੱਛੇ ਅਦ੍ਵੈਤ ਦੀ ਝਲਕ ਤੇ ਪਰਮ ਯਥਾਰਥ (ultimate reality) ਜਾਂ ਅਸਲੇ ਦਾ ਗਿਆਨ ਹੋ ਜਾਂਦਾ ਹੈ। ਕਵੀ ਦੀ 'ਵਿਛੋੜਾ ਵਸਲ' ਨਾਂ ਦੀ ਰੁਬਾਈ ਇਸੇ ਦਾਰਸ਼ਨਿਕ ਸੱਚ ਦੀ



Sri Satguru Jagjit Singh Ji eLibrary NamdhariElibrary@gmail.com

ਭਾਵ-ਪੂਰਤ ਵਿਆਖਿਆ ਕਰਦੀ ਹੈ:

ਸਾਬਣ ਲਾ ਲਾ ਧੋਤਾ ਕੋਲਾ,
ਦੁੱਧ ਦਹੀਂ ਵਿਚ ਪਾਇਆ।
ਖੂਬ ਚਾੜ੍ਹ ਰੰਗਣ ਭੀ ਧਰਿਆ
ਰੰਗ ਨ ਏਸ ਵਟਾਇਆ
ਵਿੱਛੜ ਕੇ ਕਾਲਖ ਸੀ ਆਈ
ਬਿਨ ਮਿਲਿਆ ਨਹੀਂ ਲਹਿੰਦੀ
ਅੰਗ ਅੱਗ ਦੇ ਲਾ ਕੇ ਦੇਖੋ
ਚੜ੍ਹਦਾ ਰੂਪ ਸਵਾਇਆ।

ਇਸੇ ਅਲੇ ਵਲ ਖਿੱਚ ਦੀ ਇਕ ਹੋਰ ਪ੍ਰਤੀਕਮਈ ਝਲਕ ਜੋ ਕਵੀ ਦੀ ਆਤਮਕ ਯਾਤ੍ਰਾ ਲਈ ਤਿਆਰੀ ਦੇ ਭਾਵਕ ਵੇਗ ਦੇ ਸਰੂਪ ਤੇ ਸਾਧਨਾਂ ਉਤੇ ਪ੍ਰਕਾਸ਼ ਪਾਉਂਦੀ ਹੈ 'ਤਯਾਰੀਆਂ' ਨਾਂ ਦੀ ਰੁਬਾਈ ਵਿਚ ਵੇਖੀ ਜਾ ਸਕਦੀ ਹੈ ਜਿਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਪਰੰਪਰਾ ਵਿਚੋਂ ਪ੍ਰਾਪਤ ਸੁਪ੍ਰਸਿੱਧ ਪ੍ਰੀਤ ਲੋਕ ਗਾਥਾ ਨੂੰ ਕਵੀ ਕਿਵੇਂ ਨਵੇਂ ਅਰਥ ਦੇ ਕੇ 'ਤੁਪਕਾ ਤੁਪਕਾ ਡੁੱਲ੍ਹਣ ਦੀ ਥਾਂ ਸ਼ਹੁ ਦਰਿਆ ਵਾਂਗ' ਵੇਗਵਾਨ ਸਾਹਿਤਕ ਪਰੰਪਰਾ ਦੇ ਰੂਪ ਵਿਚ ਆਪਣੇ ਕਾਵਿ ਮਈ ਆਪੇ ਨੂੰ ਪ੍ਰਵਾਹਤ ਕਰ ਦੇਣਾ ਚਾਹੁੰਦਾ ਹੈ:-

ਰਾਂਝਾ ਬੈਠਾ ਤਖ਼ਤ ਹਜ਼ਾਰੇ
ਨਾਲ ਭਾਬੀਆਂ ਅੜਦਾ, -
ਕਾਸਾ ਅਜੇ ਚੱਕ ਹੈ ਚੜ੍ਹਿਆ -
ਹੱਥ ਘੁਮਿਆਰ ਉਸ ਘੜਦਾ-
ਹੀਰ ਸੁਰਾਹੀ ਧੌਣ ਨਿਵਾਈ,
ਖਲੀ ਝਨਾਂ ਦੀ ਕੰਧੀ,
ਸ਼ਹੁ ਦਰਿਆ ਵਗੇ ਨਹੀਂ ਅਟਕੇ
ਤੁਪਕਾ ਤੁਪਕਾ ਖੜਦਾ।

ਕਵੀ ਜੀ ਦਾ ਇਸ਼ਟ 'ਅਚੱਲ ਰਾਂਝਾ' ਹੈ ਜੋ ਤਖ਼ਤ ਹਜ਼ਾਰੇ ਬੈਠ ਪਿਆਰ ਦੀ ਕੁੰਡੀ ਪਾਈ 'ਹੀਰ ਆਤਮਾ' ਨੂੰ ਖਿਚਾਂ ਪਾ ਰਿਹਾ ਹੈ। ਇਹ ਖਿੱਚ ਸਦੀਵੀ ਤੇ ਨਿੱਤ ਦੀ ਹੈ। ਲਗਾਤਾਰਤਾ ਦਾ ਜੀਵਨ ਅਭਿਆਸ ਹੈ। ਪਲ ਪਲ ਦਾ ਆਤਮ ਸਮਰਪਣ ਹੈ... ਅਤੇ ਫਿਰ ਜੀਵਨ ਦੀ ਗਤੀ ਵਿਚ ਮੇਲ ਤੇ ਵਿਛੋੜੇ ਦੀਆਂ ਘੜੀਆਂ ਹਨ। ਦੋਹਾਂ ਦਾ ਰਸ ਅਕਹਿ ਹੈ। ਅਜਿਹੀ ਅਵਸਥਾ ਕਵੀ ਨੂੰ ਦੈਵੀ ਦ੍ਰਿਸ਼ਟੀ ਤੇ ਸਾਤਵਿਕ ਦੈਵੀ ਅਨੁਭੂਤੀ ਪ੍ਰਦਾਨ ਕਰ ਦੇਂਦੀ ਹੈ। ਭਾਵਨਾਵਾਂ ਦਾ ਸੂਖਮੀਕਰਣ ਹੋ ਜਾਂਦਾ ਹੈ। ਸਹਿਜ ਟਿਕਾਓ ਵਿਚ ਸਭ ਕੁਝ ਉਦਾਤ ਭਾਵੀ ਤੇ ਸੁਹਾਗ-ਅਨੰਦ (ਸਤਿ, ਚਿਤ, ਅਨੰਦ) ਦਾ ਰੂਪ ਧਾਰਨ ਕਰ ਲੈਂਦਾ ਹੈ। ਜਿਸ ਦੀ ਰਾਂਗਲੀ ਮਹਿੰਦੀ ਦਾ



Sri Satguru Jagjit Singh Ji eLibrary NamdhariElibrary@gmail.com

ਨਿਖਰਿਆ ਸੁਹਾਪਣ ਕਵੀ ਦੀ ਰਚਨਾ ਵਿਚ ਉਸ ਜਿਹੀ ਹੀ ਜਵਾਨ, ਸਦ-ਵਿਗਾਸੀ, ਖੇੜੇ ਭਰਪੂਰ ਤੇ ਅਨੰਦ-ਵਰਧਕ, ਅਕਥੱਨੀ ਮਸਤੀ ਭਰ ਦੇਂਦਾ ਹੈ। ਇਹ ਲੱਜਾ, ਸਰਮ (ਸੁੰਦਰਤਾ) ਦੀ ਧਿਆਨੀ ਅਵਸਥਾ ਹੈ ਜਿਸ ਵਿਚ ਅਨੂਪ ਰੂਪ ਦੀ ਕਾਵਿ ਘਾੜਤ ਘੜੀ ਜਾ ਰਹੀ ਹੈ। ਇਸੇ ਕਰਕੇ ਇਸ ਪ੍ਰੀਤ ਦਾ ਵਰਣਨ ਭਾਵਵਾਚਕ (abstract) ਨਹੀਂ ਸਗੋਂ ਚਿੰਨ-ਮਈ (metaphorical) ਹੈ। ਕਵੀ ਆਖਦਾ ਹੈ:-

ਮਹਿੰਦੀਏ ਨੀ ਰੰਗ ਰੱਤੀਏ ਨੀ!
ਕਾਹਨੂੰ ਰਖਿਆ ਈ ਰੰਗ ਲੁਕਾ ਸਹੀਏ,
ਹੱਥ ਰੰਗ ਸਾਡੇ ਸ਼ਰਮਾਕਲੇ ਨੀ
ਵੰਨੀ ਅੱਜ ਸੁਹਾਗ ਦੀ ਲਾ ਲਈਏ
ਗਿੱਧੇ ਮਾਰਦੇ ਸਾਂ ਜਿਨ੍ਹਾਂ ਨਾਲ ਹੱਥਾਂ
ਰੰਗ ਰੱਤੜੇ ਦੇ ਗਲੇ ਪਾ ਦੇਈਏ,
ਗਲ ਪਾ ਗਲਵੱਕੜੀ ਖੁਹਲੀਏ ਨਾ,
ਰੰਗ ਲਾ ਰੰਗ ਰੱਤੜੇ ਸਦਾ ਰਹੀਏ। (ਮਹਿੰਦੀ ਦੇ ਬੂਟੇ ਕੋਲ)

ਕਵੀ ਦੀ ਸ਼ਖ਼ਸੀਅਤ ਵਿਚਲੀ ਸੰਤ ਪ੍ਰਵਿਰਤੀ ਦੇ ਰਹੱਸਵਾਦੀ ਤੇ ਚਿੰਤਨਾਤਮਕ ਦੋ ਪੱਖ ਜ਼ਰੂਰ ਹਨ ਤੇ ਰਚਨਾ ਵਿਚ ਇਨ੍ਹਾਂ ਦੋਹਾਂ ਦਾ ਥਾਂ ਪਰ ਥਾਂ ਢੁਕਵਾਂ ਸਰੂਪ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਇਸ ਸੰਤ ਵਿਅਕਤਿਤਵ ਦੇ ਆਧਾਰ ਭਾਵੇਂ ਸੰਪਰਦਾਈ ਸਾਧਨਾ ਤੇ ਸਿਖੀ ਜੀਵਨ-ਜੁਗਤ ਵਿਚ ਹਨ ਜੋ ਭਾਈ ਵੀਰ ਸਿੰਘ ਦੇ ਜੀਵਨ ਦਾ ਅਨਿੱਖੜ ਅੰਗ ਹੈ... ਪਰ ਇਸ ਦਾ ਕਾਵਿ-ਮਈ ਤੇ ਸਾਹਿਤਕ ਪ੍ਰਗਟਾਓ ਆਧੁਨਿਕਤੀ ਵਾਚਕ ਮਾਧਿਅਮ ਰੂਪ ਵਿਚ ਹੀ ਵਿਅਕਤ ਹੋਇਆ ਹੈ। ਇਸ ਅਧਿਆਤਮਕ ਤੇ ਰਹੱਸਵਾਦੀ ਅਨੁਭਵ ਨੂੰ ਨਿੱਜਤਵ ਦੀ ਏਨੀ ਪਾਣ ਚਾੜ੍ਹ ਦਿੱਤੀ ਗਈ ਹੈ ਕਿ ਇਸ ਦੀ ਵਾਸਤਵਿਕਤਾ ਨਿਸਚੇਦਾਇਕ, ਇਸ ਦੇ ਚਿੰਨ੍ਹ ਤੇ ਪ੍ਰਤੀਕ ਵਿਲੱਖਣ ਤੇ ਨਿੱਜੀ, ਇਸ ਦੇ ਸਰੋਦੀ ਅੰਸ਼ ਅਤਿ ਸੂਖਮ ਭਾਵਕੁਤਾ ਤੋਂ ਉਤਪੰਨ ਹੋਏ ਰਸਮਈ ਪ੍ਰਭਾਵ ਸਵੈ-ਪ੍ਰਗਟਾਓ ਵਾਲਾ ਆਧੁਨਿਕ ਤੇ ਚਿੰਤਨ ਰੂਪ ਵਿਚ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਇਆ ਹੈ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਪ੍ਰਧਾਨ ਰੂਪ ਵਿਚ ਅਧਿਆਤਮਕ ਵਿਚਾਰਧਾਰਾ ਤੋਂ ਉਤਪੰਨ ਹੁੰਦਾ ਹੈ ਪਰ ਅਧਿਆਤਮਕ ਵਿਚਾਰਧਾਰਾ ਜੇ ਉਹ ਕਿਸੇ ਦੇ ਵਿਅਕਤਿਤਵ ਦਾ ਸੁਭਾਵਿਕ ਤੇ ਕੁਦਰਤੀ ਅੰਗ ਹੈ ਤਾਂ ਉਹ ਨਿਸਚੇ ਹੀ ਰਹੱਸਵਾਦੀ ਅਨੁਭਵ ਤੇ ਆਤਮਕ ਜਗਿਆਸਾ ਨੂੰ ਜਨਮ ਦੇਵੇਗੀ। ਅਜਿਹੀ ਹਾਲਤ ਵਿਚ ਅਤੇ ਵਿਸ਼ੇਸ਼ ਕਰਕੇ ਕਵਿਤਾ ਵਿਚ ਇਸ ਦਾ ਸਰੂਪ ਅਵੱਸ਼ ਹੀ ਰਹੱਸਵਾਦੀ ਹੋ ਜਾਂਦਾ ਹੈ। ਭਾਈ ਵੀਰ ਸਿੰਘ ਜੀ ਦਾ ਰਹੱਸਵਾਦੀ ਅਨੁਭਵ ਜੋ ਅਤਿ ਉਤਮ ਤੇ ਵਿਸ਼ੇਸ਼ ਵਿਅਕਤੀਗਤ ਸਾਧਨਾ ਉਤੇ ਆਧਾਰਤ ਹੈ ਆਪਣੀ ਵਿਅਕਤੀਗਤ ਵਿਲੱਖਣਤਾ ਨੂੰ ਪ੍ਰਦਰਸ਼ਤ ਕਰਦਾ ਹੈ। ਇਸ ਦੇ ਚਿੰਨ੍ਹ ਨਿਜੀ ਮਾਰਮਿਕਤਾ ਤੇ ਰਹੱਸ ਦੇ ਧਾਰਨੀ ਹਨ। ਅਨੁਭਵ ਦੇ ਅਜਿਹੇ ਸੂਖਮ ਭਾਵੀ ਛਿਨਾਂ ਵਿਚ



Sri Satguru Jagjit Singh Ji eLibrary · NamdhariElibrary@gmail.com

ਵੇਖਣ ਯੋਗ ਗੱਲ ਇਹ ਹੁੰਦੀ ਹੈ ਕਿ ਕਵੀ ਉਸ ਅਧਿਆਤਮਕ ਅਨੁਭਵ ਪ੍ਰਤੀ ਕਿੰਨਾ ਸੁਹਿਰਦ ਹੈ। ਸੁਹਿਰਦਤਾ ਸਰੋਦੀ ਗੁਣਾਂ ਵਿਚ ਆਪ ਮੁਹਾਰੇ ਹੀ ਝਰਨੇ ਵਾਂਗੂ ਵਹਿ ਉਠਦੀ ਹੈ ਅਤੇ ਇਹ ਅਨੂਠਾ ਅਨੁਭਵ ਮੌਲਿਕ ਰੂਪ ਦੇ ਕਾਵਿ-ਚਿਤ੍ਰਾਂ ਵਿਚ ਸੰਕਲਿਤ ਹੁੰਦਾ ਹੈ।

ਇਸ ਰਹੱਸਵਾਦੀ ਅਨੁਭਵ ਦੇ ਆਧੁਨਿਕ ਹੋਣ ਸਬੰਧੀ ਵਿਚਾਰ ਕਰਨ ਸਮੇਂ ਕਵੀ ਦੇ ਸੁਹਜਵਾਦੀ ਦ੍ਰਿਸ਼ਟੀਕੋਣ ਸਬੰਧੀ ਚਰਚਾ ਕਰਨੀ ਅਵਸ਼ਕ ਹੈ। ਭਾਈ ਵੀਰ ਸਿੰਘ ਜਿਥੇ ਅਨੁਭਵ ਦੇ ਪੱਖੋਂ ਸਹਿਜਵਾਦੀ ਹਨ ਉਥੇ ਕਲਪਨਾ ਪੱਖੋਂ ਸੁਹਜਵਾਦੀ। ਜੇ ਬਿੰਬ ਜਾਂ ਪ੍ਰਤੀਕ ਕਵੀ ਦੇ ਵਿਅਕਤਿਤਵ ਦੇ ਅੰਦਰਲੇ ਆਪੇ ਦਾ ਪ੍ਰਤੀਕਮਈ ਉਘਾੜ ਹੈ ਤਾਂ ਭਾਈ ਸਾਹਿਬ ਦੀ ਕਵਿਤਾ ਦਾ ਬਿੰਬ-ਵਿਧਾਨ ਸਾਡੇ ਸਾਹਮਣੇ ਅਨੂਠਾ ਵਾਯੂਮੰਡਲ ਰਚ ਦਿੰਦਾ ਹੈ। ਇਸ ਕਵੀ ਦਾ ਬਿੰਬ-ਸੰਸਾਰ ਬੜਾ ਵਿਸ਼ਾਲ ਹੈ। ਮੈਕਸਮੂਲਰ ਨੇ ਰਿਗਵੇਦ ਉਪਰ ਵਿਚਾਰ ਕਰਦੇ ਹੋਏ ਕਿਹਾ ਹੈ ਕਿ ਜੇ ਵੈਦਿਕ ਦੇਵਤਿਆਂ ਦੇ ਵਰਣ ਰੂਪ ਦਾ ਵਿਸ਼ਲੇਸ਼ਣ ਕਰੀਏ ਤਾਂ ਨਿਸਚੇ ਹੀ ਸਾਰੇ ਦੇਵਤੇ ਚਾਨਣ ਤੇ ਪ੍ਰਕਾਸ਼ ਦੇ ਰੰਗ ਵਾਲੇ ਹਨ। ਅਗਨੀ, ਉਸ਼ਾ, ਜਲ, ਵਰਣ, ਇੰਦਰ ਆਦਿ ਸਭ ਮਹਾਂ ਪ੍ਰਕਾਸ਼ ਦੀ ਅਨਾਦੀ ਸੱਤਾ ਦੇ ਵਾਸਤਵਿਕ ਬਿੰਬ ਹਨ। ਉਪਨਿਸ਼ਦਾਂ ਵਿਚ ਵੈਦਿਕ 'ਦੇਵ ਦੇਵਾ' ਨੇ 'ਸਰਬ-ਦੇਵਾ' ਦਾ ਰੂਪ ਧਾਰਨ ਕਰ ਲਿਆ ਹੈ। ਜਿਸ ਦਾ ਇਕ ਵਾਸਤਵਿਕ ਸਰੂਪ ਮਨੁੱਖ ਵਿਚਲੀ ਆਤਮਾ ਹੈ। ਤਾਂ ਤੇ ਸਿੱਧ ਹੋਇਆ ਕਿ ਮਨੁੱਖ ਅੰਦਰ ਆਤਮਾ ਵੀ, ਪ੍ਰਕਾਸ਼ ਦਾ ਭਾਵ 'ਸਰਬ ਦੇਵਾ' ਜਾਂ ਪਰਮਾਤਮਾ ਦੀ ਵਾਸਤਵਿਕਤਾ ਜਾਂ ਹੋਂਦ ਦਾ ਸਾਖਿਆਤ ਸਰੂਪ ਰਖਦੀ ਹੈ। ਇਥੋਂ ਹੀ ਮਹਾਂ ਪ੍ਰਕਾਸ਼ ਅੱਗੇ ਕਾਵਿ ਖੇਤ੍ਰ ਵਿਚ ਪਸਰਦਾ ਹੈ। ਵਿਸ਼ੇ-ਗਤ ਆਪਾ ਜਾਂ ਕਵੀ ਦਾ ਆਤਮਗਤ ਦ੍ਰਿਸ਼ਟੀਕੋਣ (subjective view point) ਇਸ ਆਤਮ-ਬਿੰਦੂ ਉਤੇ ਕੇਂਦ੍ਰਿਤ ਹੁੰਦਾ ਹੈ। ਇਹ ਆਤਮ-ਬਿੰਦੂ ਮਨੁੱਖ ਦੀ ਵਾਸਤਵਿਕ ਹੋਂਦ ਦਾ ਸਭ ਤੋਂ ਉਚੇਰਾ ਸਥਾਨ ਅਤੇ ਇਸ ਦੀ ਪ੍ਰਤੀਤੀ ਜਾਂ ਆਭਾਸ ਮਨੁੱਖੀ ਅਨੁਭਵ ਦਾ ਸਿਖਰਲਾ ਨੁਕਤਾ ਹੈ। ਇਸੇ ਉਤੇ ਹੀ ਪਰਮ ਸੱਤਾ ਦਾ ਝਲਕਾਰਾ ਪੈਂਦਾ ਹੈ। ਇਹੀ ਅੱਗੇ ਉਸ ਝਲਕਾਰੇ ਨੂੰ ਜੋ ਸੂਖਮ ਸਰੂਪ ਦਾ ਹੈ, ਸੰਸਾਰਕ ਵਾਸਤਵਿਕਤਾ ਵਿਚ ਪਸਾਰਦੀ ਹੈ।

ਪ੍ਰਕਾਸ਼ ਦਾ ਬਿੰਬ ਵੀ ਪ੍ਰਕਾਸ਼ਮਈ ਹੋਵੇਗਾ ਅਤੇ ਪ੍ਰਕਾਸ਼ ਕੀ ਹੈ ? ਇਸ ਵਿਚ ਕਿਰਨਾਂ ਦਾ ਲਹਿਰਾ ਭਾਵ ਸੰਗੀਤ ਹੈ। ਇਥੇ ਪ੍ਰਕਾਸ਼ ਤੇ ਸੰਗੀਤ ਇਕ ਦੂਜੇ ਦੇ ਪੂਰਕ ਸਹਿਯੋਗੀ ਤੇ ਇਕਸੁਰ ਵਾਸਤਵਿਕਤਾ ਵਿਚ ਕੱਠੇ ਹੋਏ ਪਏ ਹਨ। ਪ੍ਰਕਾਸ਼, ਸੰਗੀਤ ਹੈ ਤੇ ਸੰਗੀਤ ਪ੍ਰਕਾਸ਼ ਤੇ ਦੋਵੇਂ ਨਿਰੰਤਰ ਚਾਲ ਵਿਚ ਬੱਝੇ ਪਏ ਹਨ। ਇਨ੍ਹਾਂ ਦਾ ਤਾਲ ਅਨਾਦੀ ਤੇ ਸਦੀਵ ਹੈ। ਕਵੀ ਨੇ ਕੁਦਰਤ ਦੇ ਇਸ ਪਰਮ ਰਹੱਸ ਨੂੰ ਪਕੜਨਾ ਹੈ, ਇਸ ਨੂੰ ਉਜਾਗਰ ਕਰਨਾ ਹੈ, ਕਿਉਂ ਜੋ ਇਹ ਇਕ ਆਤਮਕ ਭੂਮੀ ਦੀ ਖੇਡ, ਲੀਲਾ, ਪਸਾਰਾ ਤੇ ਕੌਤਕ ਹੈ। ਇਸ ਲਈ ਭਾਈ ਵੀਰ ਸਿੰਘ ਵਰਗੇ ਮਹਾਂ ਕਵੀ ਹੀ ਇਸ ਪਰਮ ਰਹੱਸ ਦੀ ਥਾਹ ਪਾ ਸਕਦੇ ਹਨ। ਇਹੀ ਪ੍ਰਤਿਭਾ ਹੈ, ਇਹੀ ਪ੍ਰੇਰਣਾ ਹੈ। ਇਹੀ ਦੈਵੀ ਪ੍ਰਸਾਦ ਕਰਮ ਹੈ ਅਤੇ ਇਸੇ ਨੂੰ ਹੀ ਸਹਿਜ ਪ੍ਰਗਟਾਓ ਕਿਹਾ ਜਾ ਸਕਦਾ ਹੈ ਜੋ ਵਾਸਤਵ ਵਿਚ ਆਤਮ ਰਸ ਨਾਲ ਭਰਪੂਰ ਤੇ ਇਸ ਦੇ ਸਹਿਜ ਤੇ ਸੁਹਜਮਈ


Sri Satguru Jagjit Singh Ji eLibrary NamdhariElibrary@gmail.com

ਰੰਗ ਵਿਚ ਰੰਗਿਆ ਹੋਇਆ ਹੈ।

ਪਦਮ ਬ੍ਰਿਛ, ਚਿਨਾਰ, ਬਿਨਫ਼ਸ਼ਾ, ਝਿਲਮਿਲਾਂਦੇ ਜਲ-ਤਰੰਗਾਂ ਦਾ ਸੰਗੀਤ, ਤਾਰਿਆਂ ਦੀ ਜਗਮਗਾਂਦੀ ਸੁੰਦਰਤਾ, ਗੁਲਾਬ ਦਾ ਖੇੜਾ, ਤ੍ਰੇਲ ਮੋਤੀ ਦੀ ਡਲ੍ਹਕ, ਵੱਛੇ ਤੇ ਗਊ ਦੀ ਵਾਤਸੱਲਤਾ, ਕੇਲੋਂ ਦੇ ਸੂਈ-ਪੱਤਿਆਂ ਉਤੇ ਚਾਨਣੀ ਦੀ ਨਿਤ੍ਰਕਾਰੀ ਆਦਿ ਸਭ ਇਸ ਸੂਖਮ ਮੰਡਲ ਦੀਆਂ ਪ੍ਰਕਾਸ਼ ਸਰੂਪ ਤੇ ਸੰਗੀਤ ਲਰਜ਼ਦੀਆਂ ਪ੍ਰਤੀਕ ਵਸਤਾਂ ਹਨ ਜੋ ਮਹਾਂ ਕਵੀ ਦੇ ਵਿਅਕਤਿਤਵ ਦੇ ਅੰਦਰਲੇ ਆਤਮਕ ਪ੍ਰਕਾਸ਼ ਦੇ ਖੇੜੇ ਦੇ ਜਲੌ ਨੇ ਕਾਵਿ-ਮੰਚ ਦੀ ਸੂਖਮ ਖੇਡ ਲਈ ਪਾਤਰ....ਹਸਤੀਆਂ ਬਣਾ ਦਿਤੀਆਂ ਹਨ। ਇਸ ਲਈ ਭਾਈ ਸਾਹਿਬ ਦੇ ਅਧਿਆਤਮਵਾਦ ਦਾ ਆਧੁਨਿਕ ਸਰੂਪ ਉਨ੍ਹਾਂ ਦੀ ਅਨੁਭਵ ਪ੍ਰਕ੍ਰਿਆ ਤੇ ਪ੍ਰਗਟਾਓ ਵਿਧੀ ਅਥਵਾ ਕਾਵਿ ਸਰੂਪ ਮਾਧਿਅਮ ਵਿਚ ਹੀ ਵੇਖਿਆ ਜਾ ਸਕਦਾ ਹੈ। ਇਸ ਨੂੰ ਪੁਰਾਣੀ ਸ਼ਰਾਬ ਨੂੰ ਨਵੀਆਂ ਬੋਤਲਾਂ ਵਿਚ ਬੰਦ ਕਰਨ ਦਾ ਵਰਤਾਰਾ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਆਧਿਆਤਮਕ ਸੱਤ ਦਾ ਅਨੁਭਵ ਕਰਤਾ ਇਕ ਉਹ ਆਧੁਨਿਕ ਮਨੁੱਖ ਹੈ ਜਿਸ ਦੀ ਵਿਦਵਤਾ, ਪ੍ਰਬੁੱਧਤਾ, ਸ਼ਾਸਤ੍ਰੀ ਗਿਆਨ ਬੌਧਿਕਤਾ ਤੇ ਵਿਗਿਆਨ ਪ੍ਰਤੀ ਵਿਸ਼ਲੇਸ਼ਣਕਾਰੀ ਸੂਝ ਸੰਦੇਹ-ਰਹਿਤ ਹੈ।

ਕਵਿਤਾ ਵਿਚ ਵੀ ਰਹੱਸਵਾਦੀ ਪੜਾਵਾਂ ਤੋਂ ਬਿਨਾਂ ਜਿਥੇ ਉਹ ਬੌਧਿਕ ਤੇ ਕਾਲਪਨਿਕ ਜਾਂ ਧਿਆਨ-ਯੁਕਤ (contemplative) ਹੋਏ ਹਨ ਉਥੇ ਉਹ ਸੁਘੜ ਸਿਆਣਪ (profound wisdom) ਦਾ ਪ੍ਰਤੀਕ ਬਣ ਗਏ ਹਨ। ਹੇਠ ਲਿਖੇ ਦੋਹੇ ਵਿਚ ਜੋ ਮੁਕਤਕ ਕਾਵਿ ਦੀ ਸੁੰਦਰ ਉਦਾਹਰਣ ਹੈ, ਨਿਗਰ ਬੌਧਿਕਤਾ ਝਲਕਦੀ ਦਿਖਾਈ ਦਿੰਦੀ ਹੈ:-

ਦਰ ਢੱਠਿਆਂ ਦੇ ਗੁਣਾਂ ਦੀ ਕਦਰ ਨਾ ਪੈਂਦੀ ਯਾਰ।
ਗਲ ਪਏ ਫੁਲ ਹਾਰ ਦੀ ਭਾਸੇ ਨਾ ਮਹਿਕਾਰ।

ਇਸ ਕਾਵਿ-ਯਾਤ੍ਰਾ ਦੇ ਦੋ ਰੁਖ਼ ਹਨ। ਇਕ ਨੂੰ ਤਾਂ ਅਸੀਂ ਕਵੀ ਦਾ ਅਨੁਭਵ ਸਮੂਹ ਕਹਿ ਸਕਦੇ ਹਾਂ ਜੋ ਕਵੀ ਜੀ ਦੀ ਸ਼ਖ਼ਸੀਅਤ ਦੇ ਸਥਾਈਤਵ ਦਾ ਪ੍ਰਤੀਕ ਰੂਪ ਹੈ ਦੂਜਾ ਇਸ ਕਾਵਿ-ਮਈ ਅਨੁਭਵ ਸਮੂਹ ਦਾ ਕਾਵਿਕ ਪੱਖ ਹੈ ਜਿਸ ਰਾਹੀਂ ਇਹ ਅਨੁਭਵ ਸੁੰਦਰ ਕਾਵਿ ਜਾਂ ਸਾਹਿਤਕ ਸਿਰਜਣਾ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਆਮ ਤੌਰ ਤੇ ਪ੍ਰਤਿਭਾ ਨੂੰ ਕੁਦਰਤੀ ਦੇਣ ਆਖਿਆ ਗਿਆ ਹੈ ਪਰ ਇਹ ਉਤਕ੍ਰਿਸ਼ਟਤਾ ਜਾਂ ਕਾਵਿ-ਕੌਸ਼ਲਤਾ ਜਾਂ ਸਾਧਨਾ ਤੇ ਗਿਆਨ ਦੀ ਵੀ ਮੰਗ ਕਰਦੀ ਹੈ। ਹਰ ਕਲਾ ਵਸਤੂ ਦੀ ਸਿਰਜਣਾ ਵਿਚ ਸਾਧਨਾ ਦਾ ਵਿਸ਼ੇਸ਼ ਹੱਥ ਹੈ। ਇਹ ਸਾਧਨਾ ਨਿਸਚਿਤ ਸੇਧ ਵਿਚ ਕੀਤੀ ਜਾਂਦੀ ਹੈ। ਇਸ ਸੇਧ ਨੂੰ ਨਿਸਚਿਤ ਕਰਨ ਵਾਲੀਆਂ ਦੋ ਸ਼ਕਤੀਆਂ ਹਨ ਇਕ ਸਥਾਪਿਤ ਪਰੰਪਰਾ ਤੇ ਦੂਜੀ ਵਿਅਕਤੀਗਤ ਵਿਸ਼ੇ ਵਸਤੂ ਦਾ ਸਰੂਪ, ਜਿਸ ਦੀਆਂ ਕੁਝ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ। ਕੁਝ ਬੰਧਨ ਕਵੀ ਦੀ ਸ਼ਖ਼ਸੀਅਤ ਦੇ ਆਪਣੀਆਂ ਰੁਚੀਆਂ ਅਨੁਸਾਰ ਆਪ ਬਣਾਏ ਹੁੰਦੇ ਹਨ, ਕੁਝ ਸਮੇਂ ਦੀ ਚੇਤੰਨਤਾ ਵਿਚੋਂ ਉਤਪੰਨ ਹੁੰਦੇ ਹਨ। ਇਉਂ ਹਰ ਮਹਾਂ ਕਵੀ ਪਰੰਪਰਾ ਦਾਂ ਵਿਸਥਾਰ ਕਰਦਾ ਹੈ। ਭਾਈ ਵੀਰ ਸਿੰਘ ਜੀ ਆਧੁਨਿਕ ਕਵਿਤਾ ਦੇ ਪਿਤਾਮਾ ਹਨ। ਉਨ੍ਹਾਂ ਨੇ ਪੰਜਾਬੀ ਕਵਿਤਾ ਦੀ



Sri Satguru Jagjit Singh Ji eLibrary NamdhariElibrary@gmail.com

ਆਧੁਨਿਕ ਪਰੰਪਰਾ ਨੂੰ ਜਿਥੇ ਨਿਸਚਿਤ ਕੀਤਾ ਉਥੇ ਇਸ ਨੂੰ ਵਿਕਸਿਤ ਰੂਪ ਵੀ ਦਿਤਾ। ਇਹ ਪਰੰਪਰਾ ਉਨ੍ਹਾਂ ਦੇ ਸੁਯੋਗ ਸਾਧੇ ਹੱਥਾਂ ਵਿਚ ਨਾ ਕੇਵਲ ਵਿਕਸਿਤ ਹੋਈ ਸਗੋਂ ਆਪਣੇ ਸਿਖਰ ਤੇ ਵੀ ਪੁੱਜੀ। ਇਸੇ ਨੂੰ ਸਾਧਾਰਣ ਸ਼ਬਦਾਂ ਵਿਚ ਪ੍ਰਤਿਭਾ ਦਾ ਚਮਤਕਾਰ ਕਿਹਾ ਜਾ ਸਕਦਾ ਹੈ। ਜਿਥੋਂ ਤਕ ਕਿਸੇ ਕਵੀ ਦੀ ਰਚਨਾ ਵਿਚਲੇ ਅਨੁਭਵ ਸਮੂਹ ਦਾ ਸਬੰਧ ਹੈ ਇਸ ਉਤੇ ਸ਼ਾਇਦ ਕਵੀ ਦਾ ਨਿਯੰਤਰਣ ਨਹੀਂ ਹੋ ਸਕਦਾ, ਕਿਉਂ ਜੋ ਬਹੁਤ ਵਾਰੀ ਇਹ ਇਕ ਆਪ ਮੁਹਾਰਾ ਵਰਤਾਰਾ ਹੁੰਦਾ ਹੈ ਪਰ ਪ੍ਰੌੜ ਸਾਹਿਤਕ ਚੇਤੰਨਤਾ ਕਲਾ ਸਰੂਪ ਦੀ ਸਿਰਜਣਾ ਸਮੇਂ ਬਹੁਤ ਵਾਰ ਸਾਧਨਾ ਤੇ ਗਿਆਨ ਦਾ ਆਸਰਾ ਲੈਂਦੀ ਹੈ। ਟੀ.ਐਸ.ਇਲੀਅਟ ਇਸ ਨੂੰ 'ਪਰੰਪਰਾ ਦੀ ਪਛਾਣ' ਕਹਿੰਦਾ ਹੈ ਜਿਸ ਦੀ ਥਾਹ ਦੀਰਘ ਪ੍ਰੀਸ਼ਰਮ ਉਪਰੰਤ ਹੀ ਪਾਈ ਜਾ ਸਕਦੀ ਹੈ ਇਸ ਦੀਰਘ ਪ੍ਰੀਸ਼ਰਮ ਵਿਚ ਅਤੀਤ, ਵਰਤਮਾਨ ਤੇ ਭਵਿੱਖ, ਪਰੰਪਰਾ ਦੇ ਤਿੰਨੇ ਵਿਕਾਸ ਪੜਾ ਆ ਜਾਂਦੇ ਹਨ। ਇਨ੍ਹਾਂ ਤਿੰਨਾਂ ਸਬੰਧੀ ਭਾਈ ਵੀਰ ਸਿੰਘ ਜੀ ਦੀ ਕਾਵਿ ਯਾਤ੍ਰਾ ਨੇ ਮਹਾਨ ਭੂਮਿਕਾ ਦੇ ਦਾਇਤਵ ਨੂੰ ਚੇਤੰਨ ਤੇ ਸਿੱਧ ਹੱਥ ਕਲਾਕਾਰ ਵਾਂਗ ਨਿਭਾਇਆ ਹੈ।

ਭਾਈ ਵੀਰ ਸਿੰਘ ਜੀ ਦੇ ਕਾਵਿ-ਮਹੱਲ ਦੇ ਕਈ ਕੁੰਜ ਤੇ ਮੰਡਪ ਹਨ। ਇਸ ਦਾ ਰੂਪ-ਵਿਧਾਨ (structural design) ਵਸਤੂਗਤ (objective) ਪ੍ਰਾਪਤੀਆਂ ਤੇ ਸੁੰਦਰਤਾਵਾਂ ਨਾਲ ਭਰਪੂਰ ਹੈ। ਭਾਈ ਵੀਰ ਸਿੰਘ ਦੀ ਰਚਨਾ ਦੇ ਵਿਸ਼ੇਗਤ (subjective) ਪੱਖ ਉਤੇ ਤਾਂ ਕਈ ਆਧੁਨਿਕ ਆਲੋਚਕ ਇਤਰਾਜ਼ ਕਰ ਸਕਦੇ ਹਨ ਪਰ ਉਨ੍ਹਾਂ ਦੀ ਵਸਤੂਗਤ ਪ੍ਰਾਪਤੀ ਅਤੇ ਦੇਣ ਉਤੇ ਕਿਸੇ ਨੂੰ ਸੰਦੇਹ ਨਹੀਂ ਹੈ। ਰਚਨਾ ਦਾ ਰੂਪ-ਵਿਸਥਾਰ, ਛੰਦ-ਵੰਨਗੀ, ਬਿੰਬ-ਵਿਧਾਨ, ਸ਼ਬਦ-ਉਕਤੀ ਆਧੁਨਿਕ ਵਿਅਕਤੀਵਾਦੀ ਲਹਿਜਾ, ਰਸ-ਮਈ ਸਰੂਪ, ਗੰਭੀਰ ਦਾਰਸ਼ਨਿਕ ਤੇ ਕਾਲਪਨਿਕ ਵਿਚਾਰਮਾਲਾ ਤੇ ਇਕਾਗਰ-ਗਤ ਸਿਰਜਣ ਸ਼ਕਤੀ ਰਾਹੀਂ ਹੋਂਦ ਵਿਚ ਆਈ ਅਨੂਪਮ ਕਾਵਿ ਰਚਨਾ ਵਸਤੂ-ਭਾਵੀ ਕਲਾਤਮਕ ਸੁੰਦਰਤਾ ਦਾ ਥਾਂ ਪਰ ਥਾਂ ਉਦਾਹਰਣ ਪੇਸ਼ ਕਰਦੀ ਹੈ। ਕਈ ਥਾਵਾਂ ਤੇ ਇਹ ਸੁੰਦਰਤਾ ਅਪੂਰਵ ਅਤੇ ਅੰਤਿਮ ਹੈ। ਕਿਉਂ ਜੋ ਅਜਿਹੇ ਮਹਾਨ ਵਿਅਕਤੀਤਵ ਦੀ ਪ੍ਰਾਪਤੀ ਤੋਂ ਬਿਨਾਂ ਅਜਿਹੀ ਸਿਰਜਣਾਤਮਕ ਕੌਸ਼ਲਤਾ ਨੂੰ ਪਾ ਲੈਣਾ ਅਸੰਭਵ ਹੀ ਹੈ।

ਭਾਈ ਵੀਰ ਸਿੰਘ ਜੀ ਦੇ ਕਾਲ ਵਿਚ ਪੱਛਮੀ ਕਾਵਿ ਧਾਰਾ ਵਸਤੂ ਤੇ ਰੂਪ ਦੋਹਾਂ ਪੱਖਾਂ ਤੋਂ ਹੀ ਸਾਡੇ ਬੁੱਧੀਸ਼ੀਲ ਸਾਹਿਤਕ ਪ੍ਰੇਮੀਆਂ ਨੂੰ ਪ੍ਰਭਾਵਿਤ ਕਰ ਰਹੀ ਸੀ। ਉਰਦੂ, ਬੰਗਲਾ ਅਤੇ ਹਿੰਦੀ ਆਦਿ ਉਨਤ ਭਾਰਤੀ ਭਾਸ਼ਾਵਾਂ ਵਿਚ ਇਹ ਵਰਤਾਰਾ ਪੰਜਾਬੀ ਬੋਲੀ ਨਾਲੋਂ ਅਗੇਤਰਾ ਉਤਪੰਨ ਹੋਇਆ ਪਰ ਏਨਾ ਅਗੇਤਰਾ ਵੀ ਨਹੀਂ ਕਿ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਸ ਨੂੰ ਪਿਛੇਤਰਾ ਆਖਿਆ ਜਾ ਸਕੇ। ਪੰਜਾਬੀ ਦੀ ਪੂਰਵ ਕਾਲੀਨ ਕਾਵਿ-ਪਰੰਪਰਾ ਚੋਖੀ ਵਿਕਸਿਤ ਤੇ ਮਾਣਨੀਯ ਸੀ। ਅਧਿਆਤਮਕ ਕਾਵਿ-ਪਰੰਪਰਾ ਨੂੰ ਤਾਂ ਅਦੁੱਤੀ ਤੇ ਵਿਲੱਖਣ ਮੰਨਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਤੋਂ ਪਹਿਲਾਂ ਪੰਜਾਬੀ ਕਵਿਤਾ ਗੁਰੂਆਂ ਭਗਤਾਂ ਸੂਫ਼ੀ ਦਰਵੇਸ਼ਾਂ ਦੀ ਪਾਵਨ-ਛੁਹ ਪਾ ਕੇ ਪਰਵਾਨ ਚੜ੍ਹ ਚੁਕੀ ਸੀ। ਭਾਈ ਵੀਰ ਸਿੰਘ ਦੀ



Sri Satguru Jagjit Singh Ji eLibrary NamdhariElibrary@gmail.com

ਕਵਿਤਾ ਦਾ ਅਸਲੀ ਸੋਮਾ ਇਹੀ ਅਖੁੱਟ ਤੇ ਅਟੁੱਟ ਕਾਵਿ ਧਾਰਾ ਸੀ, ਜਿਸ ਨੂੰ ਉਨ੍ਹਾਂ ਨੇ ਆਪਣੇ ਅੰਦਰ ਰਚਾ ਕੇ ਨਵੇਂ ਦਿਸਹੱਦੇ ਸਥਾਪਤ ਕੀਤੇ ਹਨ। ਪ੍ਰੇਮ-ਗਾਥਾ ਤੇ ਸੰਸਾਰਕ ਕਵਿਤਾ ਦਾ ਬਹੁਤਾ ਭਾਗ ਜਿਸ ਨੂੰ ਉਨ੍ਹਾਂ ਨੇ ਅਪਣਾਇਆ, ਅਧਿਆਤਮਕ ਆਦਰਸ਼ਵਾਦ ਦੇ ਆਂਚਲੇ ਵਿਚ ਹੀ ਲਪੇਟਿਆ ਹੋਇਆ ਸੀ। ਇਸ ਪਰੰਪਰਾ ਨੇ ਅਰਬੀ ਫ਼ਾਰਸੀ ਦੀ ਉਤਕ੍ਰਿਸ਼ਟਤਾ ਦੇ ਕੁਝ ਅੰਸ਼ਾਂ ਨੂੰ ਆਪਣੇ ਅੰਦਰ ਸਮੋ ਲਿਆ ਸੀ। ਇਹ ਉਨ੍ਹਾਂ ਦਾ ਸਾਹਿਤਕ ਤੇ ਬੌਧਿਕ ਵਿਰਸਾ ਸੀ ਜਿਸ ਦਾ ਗੌਰਵ ਕਦੇ ਵੀ ਨਾ ਮਿਟਣ ਵਾਲਾ ਸੀ ਪਰ ਇਸ ਦੇ ਦੁਆਲੇ ਧੁੰਦੂਕਾਰ, ਅਥਿਰਤਾ ਤੇ ਸਸਤੇ ਮਾਲ ਦਾ ਵਿਊ-ਚਕਰ ਪਸਰ ਚੁਕਾ ਸੀ ਜਿਸ ਵਿਚ ਸਵੱਛ ਪ੍ਰਤਿਭਾ ਵਾਲੇ ਕਵੀ ਦਾ ਦਮ ਘੁੱਟਦਾ ਸੀ ਤੇ ਅਜਿਹੀ ਸੁਜਿੰਦ ਕਾਵਿ ਆਤਮਾ ਦਾ ਨਿਸਚੇ ਹੀ ਅਜਿਹੀ ਸਥਿਤੀ ਤੋਂ ਨਿਰਾਸ਼ ਤੇ ਉਦਾਸ ਹੋ ਜਾਣਾ ਕੁਦਰਤੀ ਸੀ। ਭਾਈ ਵੀਰ ਸਿੰਘ ਨੇ ਇਸ ਵਿਊ ਚਕਰ ਨੂੰ ਤੋੜਿਆ ਹੈ, ਧੁੰਦਲਕੇ ਦੇ ਵਾਤਾਵਰਣ ਵਿਚ ਚਾਨਣ ਲਿਆਂਦਾ ਹੈ, ਅਥਿਰਤਾ ਨੂੰ ਸਥਿਰਤਾ ਵਿਚ ਬਦਲਿਆ ਹੈ ਅਤੇ ਪੰਜਾਬੀ ਕਾਵਿ ਧਾਰਾ ਨੂੰ ਨਵੀਂ ਮੰਜ਼ਿਲ ਤੇ ਸੇਧ ਦਿਤੀ ਹੈ। ਉਨ੍ਹਾਂ ਵਿਚ ਪਰੰਪਰਾ ਦਾ ਗੌਰਵਮਈ ਪੱਖ ਤੇ ਸਮੇਂ ਅਨੁਸਾਰ ਸੁੱਚਾ ਦਾਇਤਵ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਇਸ ਪ੍ਰਸੰਗ ਵਿਚ ਉਨ੍ਹਾਂ ਨੇ ਨਿਸਚੇ ਹੀ ਉਸ ਕਰਤੱਵ ਨੂੰ ਨਿਭਾਇਆ ਹੈ ਜੋ ਉਨ੍ਹਾਂ ਦੇ ਸਮੇਂ ਦੇ ਹੋਰ ਭਾਰਤੀ ਭਾਸ਼ਾਵਾਂ ਦੇ ਕਵੀਆਂ ਨੇ ਨਿਭਾਇਆ ਇਸੇ ਲਈ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਉਨ੍ਹਾਂ ਦਾ ਸਥਾਨ ਸਦਾ ਮਾਣ ਕਰਨ ਯੋਗ ਹੈ।

ਪਰੰਪਰਾ ਦਾ ਸੁਬੋਧ ਪ੍ਰਾਪਤ ਕਰਨ ਦੇ ਨਾਲ ਨਾਲ ਕਵੀ ਦੀ ਮੌਲਿਕਤਾ ਬਾਰੇ ਜਾਣਕਾਰੀ ਇਸ ਯਾਤ੍ਰਾ ਦਾ ਇਕ ਹੋਰ ਵਿਲੱਖਣ ਅੰਗ ਹੈ। ਇਸ ਵਿਚ ਸੁਰਾਂਗਲੀ ਵੰਨ ਸੁਵੰਨਤਾ ਹੈ। ਜੋ ਵਿਅਕਤੀ ਆਪਣੇ ਨਿੱਜ ਵਿਚ ਅੰਤਰ-ਝਾਤੀ ਮਾਰ ਸਕਣ ਦੀ ਸਮਰੱਥਾ ਰਖਦਾ ਹੈ ਉਹ ਬਾਹਰੀ ਜਗਤ ਦੇ ਨਿਰੀਖਣ ਤੇ ਵਿਵੇਚਨ ਵਿਚ ਵੀ ਅਸਾਧਰਣ ਸੂਝ ਬੂਝ ਦਾ ਪ੍ਰੀਚੈ ਦਿੰਦਾ ਹੈ। ਕਾਵਿ ਕਲਾ ਵਿਚ ਇਸ ਅੰਤਰ-ਦ੍ਰਿਸ਼ਟੀ ਤੇ ਬਾਰੀਕ ਨਿਰੀਖਣ-ਸ਼ਕਤੀ ਨੂੰ ਜੇ ਕਲਾਤਮਕ ਵੇਸ ਪਹਿਨਾ ਦਿਤਾ ਜਾਵੇ ਤਾਂ ਕਈ ਵਾਰ ਕਲਾ ਮਈ ਚਮਤਕਾਰ ਹੋਂਦ ਵਿਚ ਆ ਜਾਂਦਾ ਹੈ। ਭਾਈ ਵੀਰ ਸਿੰਘ ਦੇ ਸਬੰਧ ਵਿਚ ਚਮਤਕਾਰ ਸਚਮੁਚ ਹੀ ਵਰਤਿਆ ਹੈ। ਉਨ੍ਹਾਂ ਦੀ ਮੌਲਿਕਤਾ ਦਾ ਅਨੁਮਾਨ ਉਨ੍ਹਾਂ ਦੀ ਰਚਨਾ ਵਿਚਲੀ ਵੰਨ ਸੁਵੰਨਤਾ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਵੰਨ ਸੁਵੰਨਤਾ ਵਿਚ ਬਾਹਰ-ਮੁਖੀ ਕਲਾਤਮਕ ਵਾਸਤਵਿਕਤਾ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਜੋ ਆਪਣੇ ਆਪ ਵਿਚ ਇਕ ਅਦਭੁਤ ਤੇ ਸੁੰਦਰ ਪ੍ਰਾਪਤੀ ਹੈ ਅਤੇ ਅਧਿਐਨ ਲਈ ਇਕ ਯੋਗ ਵਿਸ਼ਾ ਵੀ ਹੈ।

ਕਵੀ ਦੀ ਮੌਲਿਕਤਾ ਉਸ ਦੀ ਵਿਸ਼ੇ ਚੋਣ ਅਤੇ ਕਥਾ ਨਿਰਮਾਣ ਦੇ ਪੱਖੋਂ ਨਿਸਚਿਤ ਕੀਤੀ ਜਾ ਸਕਦੀ ਹੈ। ਭਾਈ ਵੀਰ ਸਿੰਘ ਜੀ ਨੇ ਅਛੋਹ ਵਿਸ਼ੇ ਤੇ ਨਵੀਆਂ ਕਥਾਵਾਂ ਪੰਜਾਬੀ ਕਵਿਤਾ ਨੂੰ ਦਿਤੀਆਂ ਹਨ। ਇਨ੍ਹਾਂ ਦੇ ਨਿਭਾ ਅਤੇ ਇਨ੍ਹਾਂ ਦੇ ਪਾਤਰਾਂ ਦੇ ਮਨੋਭਾਵਕ ਉਤਰਾਵਾਂ ਚੜ੍ਹਾਵਾਂ ਨੂੰ ਸੁੰਦਰ ਕਾਵਿਕ ਸ਼ੈਲੀ ਵਿਚ ਬੀੜ ਸਕਣ ਵਿਚ ਕਵੀ ਪੂਰੀ ਤਰ੍ਹਾਂ ਸਫ਼ਲ



Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ। ਇਥੇ ਸਭ ਦਾ ਉਲੇਖ ਨਹੀਂ ਕੀਤਾ ਜਾ ਸਕਦਾ, ਵੰਨਗੀ ਮਾਤ੍ਰ ਹੀ ਕੁਝ ਕਿਹਾ ਜਾ ਸਕਦਾ ਹੈ। ਉਦਾਹਰਣ ਵਜੋਂ 'ਨਿਨਾਣ ਭਰਜਾਈ ਦੀ ਸਿਖਿਆ ਦਾਇਕ ਵਾਰਤਾਲਾਪ' ਉਨ੍ਹਾਂ ਦੀ ਪਹਿਲੀ ਕਾਵਿ ਰਚਨਾ ਹੈ ਜਿਸ ਉਤੇ ਪਰੰਪਰਾਗਤ ਪ੍ਰਭਾਵ ਬੜੇ ਵਿਆਪਕ ਹਨ ਜੋ ਇਸ ਰਚਨਾ ਦੀ ਵਿਸ਼ੇ-ਉਸਾਰੀ, ਕਥਾ-ਬਣਤਰ ਤੇ ਰੂਪ ਵਿਧਾਨ ਤੋਂ ਪ੍ਰਗਟ ਹੋ ਜਾਂਦੇ ਹਨ। ਭਾਵੇਂ ਕਈ ਥਾਵਾਂ ਤੇ ਤਾਂ ਇਹ ਵਾਰਿਸ ਸ਼ਾਹੀ ਕਾਵਿ-ਸ਼ੈਲੀ ਦੇ ਰੰਗ ਵਾਲੀ ਹੀ ਪ੍ਰਤੀਤ ਹੁੰਦੀ ਹੈ, ਉਹੀ ਸਿੱਕੇਬੰਦ ਬੈਂਤ ਤੇ ਉਹੀ ਮੁਹਾਵਰੇਦਾਰ ਉਕਤੀ। ਬਿਆਨ ਵਿਚ ਨਾਟਕੀ ਟੱਕਰ, ਤਨਾਓ ਤੇ ਸੰਘਰਸ਼ ਦਾ ਵਾਤਾਵਰਣ ਵੀ ਬਣਿਆ ਰਹਿੰਦਾ ਹੈ ਪਰ ਇਨ੍ਹਾਂ ਗੀਤੀ-ਗਤ ਅੰਸ਼ਾਂ ਦੇ ਹੁੰਦਿਆਂ ਹੋਇਆਂ ਵੀ ਮਹਾਂ ਕਵੀ ਦੀ ਸ਼ਖ਼ਸੀ ਛਾਪ ਥਾਂ ਪਰ ਥਾਂ ਉਕਰੀ ਹੋਈ ਹੈ। ਜੋ ਇਸ ਦੇ ਨਿਭਾ, ਅੰਤ ਤੇ ਪਾਤਰ ਉਸਾਰੀ ਵਿਚ ਆਦਰਸ਼ਵਾਦ ਦੀ ਜੁਗਤੀ ਦੀ ਪਾਲਣਾ ਤੋਂ ਪ੍ਰਗਟ ਹੁੰਦੀ ਹੈ। ਇਸ ਕਾਵਿ-ਗੀਤੀ ਦੇ ਪ੍ਰਤਿਭਾ ਵੱਲੋਂ ਕੀਤੇ ਗਏ ਪ੍ਰਯੋਗ ਦਾ ਸਿਧਾਂਤਕ ਰੂਪ ਵਿਚ ਇਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪ੍ਰਤਿਭਾ ਪ੍ਰਾਪਤ ਗੀਤੀ ਤੋਂ ਆਪਣੇ ਆਪ ਨੂੰ ਤੋੜ ਵਿਛੋੜ ਨਹੀਂ ਸਕਦੀ। ਇਸ ਦਾ ਚੇਤੰਨ ਬੋਧ ਉਸ ਦੀ ਅਵੱਸ਼ਕਤਾ ਹੈ ਤਾਂ ਜੋ ਇਸ ਵਰਤਮਾਨ ਪ੍ਰਸੰਗ ਵਿਚ ਹੀ ਗਤੀਸ਼ੀਲ ਰਹਿ ਸਕੇ, ਅਜਿਹਾ ਠੋਸ ਕਿਰਦਾਰ ਨਿਭਾ ਸਕੇ ਅਤੇ ਦੂਜੇ ਬੰਨੇ ਜੇ ਇਹ ਬੇਜਾਨ ਹੋ ਚੁੱਕੀ ਹੈ ਤਾਂ ਇਸ ਨੂੰ ਜਿਰਾਹੀ ਅਮਲ ਦੁਆਰਾ ਬਾਹਰ ਸੁੱਟਿਆ ਜਾ ਸਕੇ। 'ਰਾਜਾ ਲੱਖਦਾਤਾ ਸਿੰਘ' ਵਿਚ ਸਾਧਾਰਣ ਤੁਕਬੰਦ ਬੈਂਤ ਬਾਜ਼ਾਂ ਦਾ ਮੌਜੂ ਉਡਾਇਆ ਗਿਆ ਹੈ ਪਰ ਫਿਰ ਵੀ ਭਾਈ ਸਾਹਿਬ ਦੀ ਰਚਨਾ ਵਿਚ ਬੈਂਤ ਦਾ ਨਵੀਨ ਪ੍ਰਯੋਗ ਮਿਲਦਾ ਹੈ ਉਨ੍ਹਾਂ ਨੇ ਆਪਣੇ ਅਨੁਭਵੀ ਵਿਚਾਰਾਂ ਦਾ ਇਸ ਨੂੰ ਯੋਗ ਮਾਧਿਅਮ ਸਮਝ ਕੇ ਵਰਤਿਆ ਹੈ ਤਾਂ ਜੋ ਸਿੱਧ ਹੋ ਸਕੇ ਕਿ ਕੋਈ ਵੀ ਛੰਦ ਗੀਤੀਗਤ ਜਾਂ ਪੁਰਾਤਨ ਨਹੀਂ। ਪੁਰਾਤਨ, ਮਨੁੱਖ ਦੇ ਵਿਚਾਰ ਤੇ ਭਾਵ ਹੁੰਦੇ ਹਨ। ਭਾਈ ਸਾਹਿਬ ਨੇ ਇਸ ਵਾਰਿਸ ਸ਼ਾਹੀ ਗੀਤੀ ਨੂੰ ਨਵੇਂ ਕੋਣ ਦਿਤੇ ਹਨ। ਇਸ ਸਿਖਿਆਦਾਇਕ ਵਾਰਤਾਲਾਪ ਦੇ ਬੈਂਤਾਂ ਵਿਚ ਕਰਤਾ ਦਾ ਆਸ਼ਾ ਵੀ ਬੜਾ ਸਪੱਸ਼ਟ ਤੇ ਉਪਦੇਸ਼ਾਤਮਕ ਹੈ। ਜਿਸ ਕਾਰਣ ਇਹ ਦੂਜੀਆਂ ਆਧੁਨਿਕ ਸੁਭਾ ਵਾਲੀਆਂ ਰਚਨਾਵਾਂ ਦੇ ਪੱਧਰ ਤੇ ਨਹੀਂ ਪੁੱਜਦੀ ਅਤੇ ਇਸ ਵਿਚ ਕਵੀ ਦੀ ਯਾਤ੍ਰਾ ਦੇ ਸਾਧਨਾ ਪੱਖ ਉਤੇ ਰੌਸ਼ਨੀ ਪੈਂਦੀ ਹੈ ਕਿ ਅਰੰਭਕ ਪੜਾਵਾਂ ਵਿਚ ਉਹ ਕਿਹੜੀ ਕਿਹੜੀ ਪ੍ਰਵਿਰਤੀ ਤੋਂ ਪ੍ਰਭਾਵਿਤ ਹੋਇਆ। ਇਸੇ ਹੀ ਰੰਗ ਵਾਲੀਆਂ ਕੁਝ ਹੋਰ ਰਚਨਾਵਾਂ ਜਿਨ੍ਹਾਂ ਦਾ ਵਸਤੂ ਕਥਾ ਪ੍ਰਧਾਨ ਤੇ ਪਰੰਪਰਾਗਤ ਸਮਗ੍ਰੀ ਉਤੇ ਅਧਾਰਿਤ ਹੈ, 'ਗੁਰ-ਸਿੱਖ ਵਾੜੀ' ਦੀਆਂ ਕਵਿਤਾਵਾਂ ਹਨ ਪਰ ਇਨ੍ਹਾਂ ਦਾ ਨਿਭਾ ਤੇ ਵਾਤਾਵਰਣ ਨਿਸਚੇ ਹੀ ਵਧੇਰੇ ਸ਼ਰਧਾ ਗੁੱਧਾ, ਮਾਰਮਿਕ ਤੇ ਸੰਕੇਤਕ ਹੈ। ਕਈ ਥਾਵਾਂ ਤੇ ਤੀਖਣ ਭਾਵੁਕਤਾ ਤੇ ਮਹਾਂ ਕਰੁਣਾ ਦੀਆਂ ਸੁਰਾਂ ਅਛੋਪਲੇ ਹੀ ਸਰੋਦੀ ਹੂਕ ਪੈਦਾ ਕਰਦੀਆਂ ਹਨ। ਭਾਵੇਂ ਭਾਈ ਵੀਰ ਸਿੰਘ ਜੀ ਦੀ ਸਮੁੱਚੀ ਕਾਵਿ-ਰਚਨਾ ਵਿਚ ਇਨ੍ਹਾਂ ਦੋਹਾਂ ਰਚਨਾਵਾਂ ਨੂੰ ਸ੍ਰੇਸ਼ਟ ਸਥਾਨ ਪ੍ਰਾਪਤ ਨਹੀਂ ਪਰ ਇਹ ਦੋਵੇਂ ਉਨ੍ਹਾਂ ਦੇ ਸਾਹਿਤਕ ਵਿਅਕਤਿਤਵ ਦੇ ਉਸ ਗਦ ਮਈ ਮਾਰਗ ਵਲ ਸੰਕੇਤ ਕਰਦੀਆਂ ਹਨ ਜੋ ਪਹਿਲਾਂ ਇਨ੍ਹਾਂ ਕਾਵਿ-ਰਚਨਾਵਾਂ ਦੇ ਰੂਪ ਵਿਚ



Sri Satguru Jagjit Singh Ji eLibrary NamdhariElibrary@gmail.com

ਤੇ ਪਿਛੋਂ ਮਹਾਨ ਵਾਰਤਕ ਰਚਨਾ ਦੇ ਰੂਪ ਵਿਚ ਹੋਂਦ ਵਿਚ ਆਇਆ। ਕਵਿਤਾ ਦੇ ਸਾਧਾਰਣ ਗੀਤੀਗਤ ਮਾਣ-ਦੰਡਾਂ ਦੇ ਦ੍ਰਿਸ਼ਟੀਕੋਣ ਤੋਂ ਵਾਚਿਆਂ ਇਹ ਰਚਨਾਵਾਂ ਆਦਰਨੀਯ ਹਨ ਭਾਵੇਂ ਉਨ੍ਹਾਂ ਦੀਆਂ ਦੂਜੀਆਂ ਰਚਨਾਵਾਂ ਦੇ ਟਾਕਰੇ ਤੇ ਇਹ ਆਧੁਨਿਕਤਾ ਦੇ ਰੰਗ ਤੋਂ ਕੋਰੀਆਂ ਕਹੀਆਂ ਜਾ ਸਕਦੀਆਂ ਹਨ।

ਮਹਾਂ ਕਾਵਿ 'ਰਾਣਾ ਸੂਰਤ ਸਿੰਘ' ਮਹਾਂ ਕਵੀ ਦੀ ਮਹਾਨ ਪ੍ਰਾਪਤੀ ਹੈ। ਇਹ ਪੰਜਾਬੀ ਕਵਿਤਾ ਦੀ ਵੀ ਮਹਾਨ ਨਿਧੀ ਹੈ। ਇਸ ਦੀ ਕਥਾ ਵਿਚ ਇਤਿਹਾਸ, ਕਲਪਣਾ ਤੇ ਮਨੋਵਿਗਿਆਨਕ ਯਥਾਰਥ ਨੂੰ ਅਧਿਆਤਮਕ ਚਿੰਤਨ ਤੇ ਸਿੱਖ ਦਰਸ਼ਨ ਦੀ ਸੂਖਮ ਤੇ ਗਹਿਰ-ਗੰਭੀਰ ਪਕੜ ਵਿਚ ਵਿਆਖਿਆਇਆ ਗਿਆ ਹੈ। ਇਹ ਵਿਆਖਿਆ ਅਮਲੀ ਵੀ ਹੈ ਤੇ ਸਿਧਾਂਤਕ ਵੀ। ਵਿਸ਼ੇਸ਼ਕਰ ਮਹਾਂ ਕਵੀ ਦੀ ਅਨੁਭਵੀ ਪਹੁੰਚ ਤੇ ਵੈਰਾਟ ਸਿੱਧੀ ਜਾਂ ਸ਼ਕਤੀ ਦਾ ਪ੍ਰੀਚੈ ਦਿੰਦੀ ਹੈ। ਇਹ ਮਹਾਂ-ਕਾਵਿ ਇਕ ਅਸਾਧਾਰਣ ਪ੍ਰਾਪਤੀ ਹੈ। ਇਸ ਦੀ ਵਿਸ਼ਾਲਤਾ ਇਸ ਵਿਚਲੇ ਪ੍ਰਕਿਰਤੀ ਵਰਣਨ ਵਾਂਗ ਅਥਾਹ ਤੇ ਅਗਾਧ ਹੈ। ਅਨੰਤ ਵਿਚ ਤਾਰੀਆਂ ਲੁਆਉਂਦੀ ਹੈ। ਆਤਮਾ ਤੋਂ ਘੁੰਡ ਲਾਹੁੰਦੀ ਹੈ। ਇਸ ਦੇ ਸੂਖਮ ਤਲਾਂ ਦੇ ਦਰਸ਼ਨ ਕਰਵਾਉਂਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਇਕੋ ਵਿਅਕਤੀ ਦੇ ਇਕੋ ਜਨਮ ਦੀ ਘਾਲਣਾ ਨ ਹੋਵੇ ਸਗੋਂ ਜਿਸ ਵਿਚ ਯੁਗਾਂ ਦਾ ਮੰਥਨ ਕਰਕੇ ਇਕ ਨਵੀਨ ਅਧਿਆਤਮਕ ਚੇਤੰਨਤਾ ਉਭਰੀ ਹੋਵੇ। ਜਿਸ ਦੇ ਕੰਵਲ ਉਪਰ ਸੂਰਜੀ ਪ੍ਰਕਾਸ਼ ਜਗਮਗਾ ਰਿਹਾ ਹੋਵੇ। ਜਿਸ ਦੇ ਹੁਸਨ ਵਿਚ ਨਿਰਤ ਤੇ ਸੰਗੀਤ ਆਪ ਮੁਹਾਰੇ ਲਹਿਰਾ ਰਹੇ ਹੋਣ। ਇਹ ਕੇਵਲ ਕਵੀ ਆਤਮਾ ਹੈ ਜਿਸ ਦਾ ਸਹਿਜ ਖਿੜਾਓ ਇਸ ਸਾਰੇ ਮਹਾਂ ਕਾਵਿ ਵਿਚੋਂ ਨਿਹਾਰਿਆ ਜਾ ਸਕਦਾ ਹੈ ਅਤੇ ਸੂਰਜੀ ਪ੍ਰਕਾਸ਼ 'ਜਗਤ ਜਲੰਦੇ' ਨੂੰ ਰਖਣ ਵਾਲਾ ਉਹ ਮਹਾਂ ਦਰਸ਼ਨ ਹੈ ਜਿਸ ਦਾ ਸੂਖਮ ਤੇ ਸੰਪੂਰਨ ਬੋਧ ਨੀਝਵਾਨ ਕਵੀ ਇਥੇ ਕਰਵਾ ਰਿਹਾ ਹੈ। ਇਸ ਮਹਾਂ ਕਾਵਿ ਵਿਚ ਇਕ ਬੰਨੇ ਸੂਖਮ ਭਾਵੁਕਤਾ ਹੈ ਜੋ ਪ੍ਰੇਮ ਵਿਆਕੁਲਤਾ ਦੀ ਸਾਖਿਆਤ ਜਲ ਧਾਰਾ ਬਣ ਵਹਿ ਤੁਰੀ ਹੈ ਅਤੇ ਪੰਛੀ ਹਾਰ ਥਾਂ ਪਰ ਥਾਂ ਪ੍ਰੀਤਮ ਦੀ ਭਾਲ ਵਿਚ ਉਸ ਦੇ ਠਹੁਰ ਟਿਕਾਣਿਆਂ ਵਿਚ ਖੰਭ ਫੜਫੜਾ ਰਹੀ ਹੈ, ਮਿਲਾਪ ਲਈ ਉਤਸਕ ਬਿਰਹਾ ਕੁੰਠੀ, ਬਿਹਬਲ ਅਤੇ ਵਾਸਤਵਿਕਤਾ ਵਿਚ ਮਜਬੂਰ। ਭੌਤਿਕ ਬੰਧਨਾਂ ਨੂੰ ਕਿਵੇਂ ਤਿਆਗਿਆ ਜਾ ਸਕਦਾ ਹੈ ? ਪਰ ਜੇ ਦ੍ਰਿਸ਼ਟੀ ਉਚੇਰੀ ਹੋ ਜਾਵੇ, ਆਤਮਕ ਸੁਰਤੀ ਜਾਗ ਪਏ, ਸਤ ਸੰਗਤ ਪ੍ਰਾਪਤ ਹੋ ਜਾਵੇ, ਕਰਤਾਰੀ ਮਿਹਰ ਹੋਵੇ ਤਾਂ ਉਹੀ ਬਿਰਹਾ ਵਿਰਲਾਪ ਆਤਮਕ ਅਨੰਦ ਦੇ ਮਹਾਂ ਸਰੋਦ ਵਿਚ ਰੂਪਾਂਤ੍ਰਿਤ ਹੋ ਸਕਦਾ ਹੈ। ਅਜਿਹੀ ਸਹਿਜ ਅਵਸਥਾ ਦੀ ਪ੍ਰਾਪਤੀ ਸ਼ਾਇਦ ਅਧਿਆਤਮਕ ਚਿੰਤਨ ਵਿਚ ਵਿਸ਼ਵਾਸ ਰੱਖਣ ਵਾਲੇ ਸਭ ਸਾਧਕਾਂ ਦੀ ਭਾਲ ਹੈ। ਇਥੇ ਰਾਣੀ ਰਾਜ ਕੌਰ ਦੇ ਰੂਪ ਵਿਚ ਕਵੀ ਆਤਮਾ ਉਸ ਰਾਣਾ ਸੂਰਤ ਸਿੰਘ ਦੀ ਆਕ੍ਰਸ਼ਕ ਧਿਆਨੀ ਮੂਰਤੀ (Vision of beauty) ਉਤੇ ਕੇਂਦਰਤ ਹੈ ਜੋ ਆਪ ਉਸ ਮਹਾਨ ਸੂਰਜੀ ਪ੍ਰਕਾਸ਼ (ਪਰਮ ਸੁੰਦਰਤਾ) ਦਾ ਇਕ ਅਣੂ ਮਾਤ੍ਰ ਹੈ ਪਰ ਜਿਸ ਦਾ ਸੰਪੂਰਣ ਵਿਸਥਾਰ ਇਸ ਮਹਾਂ ਕਾਵਿ ਵਿਚ ਕੀਤਾ ਗਿਆ ਹੈ। ਇਸ ਵਿਚ ਕਵੀ, ਕਾਦਰ, ਕੁਦਰਤ, ਮਨੁੱਖ ਤੇ ਵਿਸ਼ਵ ਦੀ



Sri Satguru Jagjit Singh Ji eLibrary NamdhariElibrary@gmail.com

ਹਕੀਕਤ ਸਭ ਇਕ ਸੁਰ ਤੇ ਓਤ-ਪ੍ਰੋਤ ਹਨ। ਮਹਾਂ ਕਵੀ ਦੇ ਕਈ ਕਥਨ ਮਹਾਂ ਵਚਨਾਂ ਦਾ ਰੂਪ ਧਾਰਣ ਕਰ ਗਏ ਹਨ:-

ਸੱਜਣ ਆਏ ਜੋਗ ਦਰ ਨਾ ਮੀਟੀਏ,
ਬੂਹੇ ਖੋਲ ਚੁਪੱਟ ਅੰਦਰ ਸੱਦੀਏ;
'ਖੋਲ੍ਹਣ ਮੀਟਣ ਖੇਡ ਵੱਡੀ ਬਿਅੱਦਬੀ;
ਕਦੀ ਨਾ ਕਰੀਏ ਇਹ ਪ੍ਰੇਮ ਸੁਆਰਿਓ।'
ਮੁਲ ਨ ਵਿਕਦਾ 'ਪ੍ਰੇਮ' ਸਿਆਣੇ ਆਖਦੇ;
ਦੌਲਤ ਜਾਨ ਨ ਮਾਲ ਕੀਮਤ ਪ੍ਰੇਮ ਦੀ,
ਮੁਲ ਪ੍ਰੇਮ ਦਾ ਪ੍ਰੇਮ ਹੋਰ ਨ ਮੁਲ ਹੈ
ਹੀਰੇ ਨੂੰ ਇਕ ਵਿੰਨ੍ਹ ਹੀਰਾ ਹੀ ਸਕੇ,
ਤਿਵੇਂ ਪ੍ਰੇਮ ਨੂੰ ਪ੍ਰੇਮ ਆਪ ਵਿਹਾਝਦਾ।
ਜਿਉਂਦਯਾਂ ਮਰਕੇ ਨੀਰ ਜਦੋਂ ਦਿਖਾਲਿਆ
ਤਦ ਪ੍ਰੀਤਮ ਨੇ ਆਪ ਬਿਰਦ ਸੰਭਾਲਿਆ।

ਸਚੇ ਪ੍ਰੇਮ ਦੀ ਅਨੂਠੀ ਕਥਾ ਤਾਂ ਕੇਵਲ ਇਕ ਵਾਹਣ ਮਾਤ੍ਰ ਹੈ। ਅਸਲੀ ਕੇਂਦਰੀ ਨੁਕਤਾ ਤਾਂ ਉਹ ਧਿਆਨੀ ਦਰਸ਼ਨ ਹੈ ਜਿਸਦੇ ਰਹੱਸ ਇਸ ਮਹਾਂ ਕਾਵਿ ਵਿਚ ਖੋਲ੍ਹੇ ਗਏ ਹਨ। ਇਥੇ ਸਹਿਜ ਵਾਂਗ ਪ੍ਰੇਮ ਦਾ ਵੀ ਇਕ ਯੋਗ ਹੈ, ਸਾਧਨਾ ਹੈ... ਆਦਰਸ਼ਕ ਜੀਵ-ਜੁਗਤੀ ਹੈ। ਪਰ ਭਾਈ ਵੀਰ ਸਿੰਘ ਪ੍ਰੇਮ ਸਬੰਧੀ ਕਰੁਣ ਕਥਾ ਦਾ ਬ੍ਰਿਤਾਂਤਕਾਰ ਨਹੀਂ, ਪ੍ਰੀਤ ਵਿਚ ਉਸ ਦਾ ਦ੍ਰਿਸ਼ਟੀਕੋਣ ਆਸ਼ਾ ਭਰਪੂਰ ਸੁਹਜਵਾਦੀ ਸ੍ਰਿਸ਼ਟਾਚਾਰਕ ਅਤੇ ਸੂਖਮ, ਆਤਮਕ ਹੈ। 'ਪੁਸ਼ਪਾਵਤੀ-ਚੰਦ੍ਰਾਵਤ' 'ਫਰਾਮੁਰਜ਼ ਦੀ ਵਿਲਕਣੀ' ਅਤੇ 'ਪ੍ਰੀਤ ਵੀਣਾ' ਵਰਗੀਆਂ ਬ੍ਰਿਤਾਂਤੀ ਕਵਿਤਾਵਾਂ ਵਿਚ ਇਸ ਦੇ ਆਕਰਸ਼ਕ ਤੇ ਆਦਰਸ਼ਕ ਸਰੂਪ ਨੂੰ ਖੋਲ੍ਹਿਆ ਗਿਆ ਹੈ ਅਤੇ ਇਸ ਨੂੰ ਇਕ ਸਾਰਥਕ (Positive) ਮਨੁੱਖੀ ਗੁਣ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਿਰਾ ਏਨਾ ਹੀ ਨਹੀਂ ਸਗੋਂ ਇਹ ਇਕ ਸਿਖਰਲਾ ਆਤਮਕ ਅਨੁਭਵ ਹੈ ਜਿਸ ਵਿਚ ਪ੍ਰੇਮ ਪਾਤ੍ਰ ਇਕ ਦੂਜੇ ਤੋਂ ਆਪਣੇ ਆਪ ਨੂੰ ਇਸ ਤਰ੍ਹਾਂ ਵਾਰ ਦਿੰਦੇ ਹਨ ਕਿ ਆਪੇ ਦਾ ਇਹਸਾਸ ਖਤਮ ਹੋ ਕੇ ਏਕਤਾ ਦੇ ਅਨੁਭਵ ਵਿਚ ਜਾ ਪੁਜਦਾ ਹੈ। ਇਹ ਏਕਤਾ ਦਾ ਇਹਸਾਸ ਹੀ ਅਧਿਆਤਮਕ ਚੇਤੰਨਤਾ ਦੀ ਵੱਡੀ ਕੜੀ ਹੈ। ਪ੍ਰੇਮ ਦਾ ਸੁਭਾ ਵੀ ਏਕਤਾ ਦੇ ਇਹਸਾਸ ਵਿਚ ਬੰਨਣ ਵਾਲਾ ਹੈ। ਇਉਂ ਮਨੁੱਖੀ ਪਾਤ੍ਰਾਂ ਵਿਚ ਜਗਤ ਮੰਚ ਤੇ ਵਾਪਰਿਆ ਪ੍ਰੇਮ ਨਾਟਕ ਲਘੂ ਰੂਪ ਵਿਚ ਏਕਤਾ ਦੇ ਅਦ੍ਵੈਤ ਦੀ ਕਥਾ ਪੇਸ਼ ਕਰਦਾ ਹੈ। ਇਸੇ ਲਈ ਇਹ ਅਧਿਆਤਮਕ ਪ੍ਰੀਤੀ ਦਾ ਲਘੂ ਤੇ ਵਾਸਤਵਿਕ ਪ੍ਰਤੀਕ ਬਣ ਗਿਆ ਹੈ ਅਤੇ ਇਸ ਵਿਚ ਰੱਬੀ ਸੰਜੋਗ ਦੀ ਝਲਕ ਵੇਖੀ ਜਾ ਸਕਦੀ ਹੈ।

ਇਸ ਦੀ ਇਕ ਝਲਕ 'ਪੁਸ਼ਪਾਵਤੀ-ਚੰਦ੍ਰਾਵਤ' ਦੀ ਕਵਿਤਾ ਦੀ ਪ੍ਰੇਮ ਵਾਰਤਾਲਾਪ ਵਿਚ ਮਿਲਦੀ ਹੈ। 'ਰਾਣਾ ਸੂਰਤ ਸਿੰਘ' ਵਿਚਲਾ ਪ੍ਰੇਮ ਅਨੁਭਵ ਬੜਾ ਤੀਖਣ, ਵਿਆਕੁਲ ਕਰ



Sri Satguru Jagjit Singh Ji eLibrary NamdhariElibrary@gmail.com

ਦੇਣ ਵਾਲਾ ਤੇ ਵਿਛੋੜੇ ਦੇ ਭਾਰ ਥੱਲੇ ਦਬਿਆ ਹੋਇਆ ਪਰ ਅਬੁੱਝ ਤੇ ਅਟੱਲ ਹੈ, ਅਮੋੜ ਤੇ ਵੇਗਵਾਨ ਹੈ। ਇਸ ਨੂੰ ਪਿਛੋਂ ਸਹਿਜ ਅਨੰਦ ਦੇ ਮਨੋਭਾਵ ਆਪਣੇ ਵਿਚ ਲੁਕਾ ਲੈਂਦੇ ਹਨ ਪਰ 'ਪੁਸ਼ਪਾਵਤੀ-ਚੰਦ੍ਰਾਵਤ' ਕਵਿਤਾ ਵਿਚ ਇਹ ਭਾਵ ਮਨੋਭਾਵਾਂ ਦੀ ਤਲ ਭੂਮੀ ਉਤੇ ਇਕ ਦੂਜੇ ਨਾਲ ਟਕਰਾਉਂਦੇ ਹਨ, ਸੰਘਰਸ਼ ਦਾ ਵਾਤਾਵਰਣ ਉਤਪੰਨ ਕਰਦੇ ਹਨ ਅਤੇ ਇਕ ਪ੍ਰੇਮ ਨਾਟਕ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਪ੍ਰੇਮ ਨਾਟਕ ਦੀ ਪਿੱਠ-ਭੂਮੀ ਜਾਂ ਦ੍ਰਿਸ਼-ਪਿਛੋਕੜ ਪ੍ਰਕ੍ਰਿਤੀ ਦੀ ਰੰਗ ਭੂਮੀ, ਤੂਤ ਦੇ ਬ੍ਰਿਛ ਦੇ ਮੁੜਵੇਂ ਮੁਢ ਦੇ ਨੇੜੇ ਵਿਛਿਆ ਹਰੇ ਘਾਹ ਦਾ ਮਖਮਲੀ ਆਸਨ ਹੈ:-

ਛਾਉ ਸੰਘਣੀ, ਵਾਉ ਠੰਢੇਰੀ,
ਫਰਸ਼ ਮਖਮਲੀ ਘਾਹ ਹਰਾ।
ਮੁੜਵਾਂ ਮੁੱਢ ਤੂਤ ਦਾ ਝੁਕਿਆ
ਬਣਿਆ ਆਸਣ ਬਹੁਤ ਖਰਾ,
ਬੈਠ ਇਥਾਈਂ ਝਾਤੀ ਪਾਵਾਂ,
ਅੰਦਰ ਜ਼ਰਾ ਠਰ੍ਹਾਇ ਲਵਾਂ?
ਸਮਝਾਂ ਸਾਫ਼ ਆਪ ਨੂੰ ਆਪੇ,
ਜੇ ਕੁਝ ਹਿੰਮਤ ਪਾਇ ਲਵਾਂ।

ਇਥੇ ਬੈਠ ਕੇ ਦੋਵੇਂ ਪ੍ਰੇਮੀ ਪ੍ਰੇਮ ਦੇ ਸਰੂਪ ਬਾਰੇ ਨਾਟਕੀ ਸੰਬਾਦ ਅਰੰਭ ਕਰਦੇ ਹਨ। ਇਸ ਸੰਬਾਦ ਵਿਚ ਦਰਸ਼ਨ ਤੇ ਕਾਵਿ ਦੋਹਾਂ ਦੇ ਤੱਤ ਸੰਮਿਲਤ ਹਨ। ਪ੍ਰੇਮ ਦਾ ਕਾਰਨ ਕੀ ਹੈ? ਸੂਰਤ, ਸੀਰਤ, ਗੁਣ, ਵਿਦਿਆ ਜਾਂ ਕੋਈ ਹੋਰ ਡੂੰਘਾ! ਕੀ ਇਸ ਦਾ ਥਾਹ ਪਾਇਆ ਜਾ ਸਕਦਾ ਹੈ? ਕੀ ਇਸ ਦਾ ਵਰਣਨ ਵੀ ਕੀਤਾ ਜਾ ਸਕਦਾ ਹੈ? ਉਚੇਰਾ-ਪਿਆਰ ਅਨੁਭਵ ਸਦਾ ਅਵਾਕ ਤੇ ਮੂਕ ਹੈ। ਇਹ ਲਗਾਤਾਰ ਖਿੱਚ ਤੇ ਲਗਨ ਹੈ। ਮੇਲ ਤੇ ਇਸ ਦੀ ਸਿੱਕ ਬਣੇ ਰਹਿਣ ਵਿਚ ਜੀਵਨ ਹੈ। ਇਸ ਦੀ ਅਣਹੋਂਦ ਵਿਚ ਜ਼ਿੰਦਗੀ ਵਿਚ ਮੌਤ ਵਰਗੀ ਸੁੰਨਤਾ ਹੈ ਪਰ ਭਾਈ ਸਾਹਿਬ ਇਥੇ ਪ੍ਰੇਮ ਦੇ ਆਤਮਿਕ ਦਰਸ਼ਨ ਜਾਂ ਸਰੂਪ ਦੀ ਵਿਆਖਿਆ ਕਰਦੇ ਹਨ। ਉਨ੍ਹਾਂ ਦੇ ਨਿਸਚੇ ਅਨੁਸਾਰ ਜ਼ਰੂਰੀ ਨਹੀਂ ਕਿ ਪ੍ਰੇਮੀ ਸਰੀਰਕ ਮੇਲ ਦੇ ਨਿੱਘ ਨੂੰ ਮਾਨਣ। ਇਹ ਤਾਂ ਪ੍ਰੇਮੀ ਦੇ ਅਸਤਿਤਵ ਨੂੰ ਹਿਰਦੇ ਵਿਚ ਟਿਕਾ ਲੈਣਾ ਹੈ। ਉਸ ਨਾਲ ਧਿਆਨ ਵਿਚ ਸਦਾ ਜੁੜੇ ਰਹਿਣਾ ਹੈ। ਉਸ ਦਾ ਸਦਾ ਲਈ ਹੋ ਜਾਣਾ ਹੈ। ਸੰਜੋਗ ਵਿਜੋਗ ਕਰਤਾਰ ਦੇ ਹੱਥ ਹਨ। ਬਾਹਰੀ ਭੌਤਿਕ ਸ਼ਕਤੀਆਂ ਦੇ ਅਧੀਨ ਹਨ ਪਰ ਪ੍ਰੇਮ ਇਕ ਸਿੱਕ ਹੈ, ਇਕ ਚਿਣਗ ਹੈ, ਜਿਸ ਨੂੰ ਯਾਦ ਰਾਹੀਂ ਸਦਾ ਤੁਰਦਿਆਂ ਰੱਖਣਾ ਹੈ ਅਤੇ ਜਿਸ ਨੂੰ ਆਪਣੇ ਆਪੇ ਤੇ ਇਸ ਦੀ ਖ਼ੁਸ਼ੀ ਗ਼ਮੀ ਨੂੰ ਸਦਾ ਲਈ ਸੌਂਪ ਦੇਣਾ ਹੈ। ਇਹ ਇਕ ਵਰਤ ਹੈ, ਇਕ ਪ੍ਰਤਿੱਗਿਆ ਹੈ, ਇਕ ਤਿਆਗ ਹੈ, ਇਕ ਪ੍ਰਾਪਤੀ ਹੈ। ਇਸ ਦੇ ਅਟੱਲ ਨੇਮ ਬਾਰੇ 'ਪੁਸ਼ਪਾਵਤੀ' ਦੇ ਇਹ ਸ਼ਬਦ ਧਿਆਨ ਯੋਗ ਹਨ:-



Sri Satguru Jagjit Singh Ji eLibrary NamdhariElibrary@gmail.com

ਪੱਕਾ ਦਾਈਆ ਇਹ ਹਿਰਦੇ ਦਾ,
ਕਦੀ ਨ ਛੱਡਾਂ ਮੌਤ ਸਹਾਂ,
ਜੇ ਵਰਿਆ, ਚੰਦ੍ਰਾਵਤ ਵਰਸਾਂ,
ਨਹੀਂ ਤੇ ਕੁਆਰੀ ਨਿੱਤ ਰਹਾਂ।
ਤੂੰ ਡਿੱਠਾ ਤੂੰ ਦ੍ਰਿਸ਼ ਰਿਹਾ ਨਾ
ਨਜ਼ਰ ਆਪ ਤੂੰ ਹੋਇ ਗਿਆ,
ਤੇਰੇ ਵਿਚ ਸਮਾਈ ਹੋਈ,
ਦੂਆ ਨਜ਼ਰੋਂ ਲੋਪ ਰਿਹਾ।

ਇਥੇ ਪ੍ਰੀਤ ਦੀ ਨਿਰੋਲ ਆਪਣੇ ਭਾਰਤੀ ਆਦਰਸ਼ਵਾਦੀ ਸਰੂਪ ਵਿਚ ਸਮਾਜਕ ਪੱਧਰ ਤੇ ਵਿਆਖਿਆ ਕੀਤੀ ਗਈ ਹੈ। ਇਸੇ ਲਈ ਇਸ ਪ੍ਰੇਮ ਕਥਾ ਦਾ ਰੂਪ ਸੁਖਾਂਤਕ ਹੈ। 'ਰਾਣਾ ਸੂਰਤ ਸਿੰਘ' ਵਿਚ ਇਸ ਦੀ ਸਿਖਰਲੀ ਤੀਬਰਤਾ ਨੂੰ ਪੇਸ਼ ਕੀਤਾ ਗਿਆ ਹੈ ਜਿਸ ਦਾ ਚੋਲਾ ਸਹਿਜੇ ਸਹਿਜੇ ਸਿੱਖ ਦਰਸ਼ਨ ਦੇ ਸਹਿਜ ਰੰਗ ਵਿਚ ਰੰਗਿਆ ਜਾਂਦਾ ਹੈ ਪਰ ਕੁਝ ਪ੍ਰੇਮ-ਕਥਾਵਾਂ ਵਿਚ ਭਾਈ ਸਾਹਿਬ ਨੇ ਇਸਲਾਮੀ ਤੇ ਸੂਫ਼ੀ-ਪਰੰਪਰਾ ਦੇ ਸ਼ੋਖ ਵੰਨ ਨੂੰ ਵੀ ਪੇਸ਼ ਕੀਤਾ ਹੈ। ਅਜਿਹੀ ਇਕ ਕਵਿਤਾ 'ਮਟਕ ਹੁਲਾਰੇ' ਵਿਚ 'ਫਰਾਮੁਰਜ਼ ਦੀ ਵਿਲਕਣੀ' ਹੈ ਜਿਸ ਦਾ ਸ੍ਵਪਨ-ਰੋਮਾਂਸ ਕਾਵਿ-ਮਈ ਅਦਭੁਤਤਾ ਤੇ ਪ੍ਰੀਤ ਦੀ ਵਿਸਮੈਕਾਰੀ ਚਲੂਲਤਾ ਵਿਚ ਪ੍ਰਗਟ ਹੋਇਆ ਹੈ। ਇਸ ਦੇ ਪਿਛੋਕੜ ਵਿਚ ਸੂਫ਼ੀ ਆਦਰਸ਼ਵਾਦ ਦਾ ਸਿਧਾਂਤ ਕੰਮ ਕਰ ਰਿਹਾ ਹੈ ਜਿਸ ਦਾ ਇਕ ਰੂਪ ਤਸੱਵਫ਼ ਦੇ ਸਿਧਾਂਤਕ ਤੇ ਕਾਵਿ-ਮਈ ਜਲੌਅ ਵਿਚ ਪ੍ਰਗਟ ਹੋਇਆ ਹੈ ਅਤੇ ਦੂਜਾ ਜਿਸ ਨੂੰ ਭਾਈ ਸਾਹਿਬ ਨੇ ਆਪਣੇ ਨਿਜੀ ਦਰਸ਼ਨ ਦੇ ਰੰਗ ਵਿਚ ਰੰਗ ਲਿਆ ਹੈ:-

ਬਖ਼ਸ਼ੀ-ਲਾਲਾ-ਰੁਖ ਜੋ ਸਦਾ ਬਹਾਰ ਮੈਂ,
ਸ਼ਖਸੀ ਉਚਾ ਸੁੱਖ ਮਟੱਕੇ ਹੁਸਨ ਦਾ।
ਜਿਸ ਛੁਹ ਦੇ ਮੈਂ ਨਾਲ ਕਿ ਹਾਂ ਜੀ ਉਠਿਆ
ਜਿਸ ਛੁਹ ਦੇਰੰਗ ਨਾਲ ਮੈਂ ਹੈਵਾਂ ਖਿੜ ਪਿਆ
ਜਿਸ ਛੁਹ ਦੀ ਲੈ ਛੋਹ ਮੈਂ ਸੁੱਤਾ ਜਾਗਿਆ
ਉਸ ਦੀ ਛੁਹ ਹੁਣ ਖੋਹ ਨ ਕਰੋ ਅਛੋਹ ਜੀ।
ਉਸ ਛੁਹ ਦੇ ਪਿਛਵਾਰ ਕਿ ਲੁਕਕੇ ਸੁਹਣਿਆਂ
ਛੁਹ ਆਪਣੀ, ਦਾਤਾਰ, ਅਸਾਂ ਨੂੰ ਬਖ਼ਸ਼ਣੀ।

'ਪ੍ਰੀਤ ਵੀਣਾ' ਜੋ ਜ਼ਰਾ ਲਮੇਰਾ ਪ੍ਰੀਤ-ਬ੍ਰਿਤਾਂਤ ਹੈ ਆਪਣੇ ਰੋਮਾਂਟਕ ਤੇ ਸ੍ਵਪਨ-ਮਈ ਵਾਤਾਵਰਣ ਵਿਚ ਮਨੋਹਰ ਪ੍ਰੀਤ-ਕਥਾ ਲਈ ਬੈਠਾ ਹੈ। ਵਾਤਾਵਰਣ ਦੀ ਇਕਾਂਤ ਤੇ ਲਹਿਰਾਂ ਦੇ ਚੁੱਪ ਤੇ ਸ਼ਾਂਤ ਸੁਆ ਦੇਣ ਵਾਲੇ ਸੰਗੀਤ ਦੀ ਸਰਸਰਾਹਟ ਵਿਚ ਦੋ ਪ੍ਰੇਮ-ਜਿੰਦੜੀਆਂ ਆਪੋ ਆਪਣੇ ਬਜਰੇ (ਛੋਟੀ ਕਿਸ਼ਤੀ) ਵਿਚ ਸਵਾਰ ਹੋ ਕੇ ਝੀਲ ਦੇ ਡੂੰਘੇ ਪਾਣੀਆਂ ਵਿਚ ਇਕੱਠੀਆਂ



Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੀਆਂ ਹਨ ਤੇ ਉਸ ਜ਼ਾਲਮ ਕੋਲੋਂ ਛੁਟਕਾਰਾ ਪਾ ਲੈਂਦੀਆਂ ਹਨ ਜੋ ਉਨ੍ਹਾਂ ਦੀ ਪ੍ਰੀਤ ਤੇ ਪਹਿਰੇ ਬਿਠਾਉਂਦਾ ਸੀ। ਉਹ ਕਿਥੇ ਜਾਂਦੇ ਹਨ ? ਪਰੀਆਂ ਦੇ ਦੇਸ਼ ਵਿਚ ਜਾਂ ਕਿਸੇ ਸੁਪਨ-ਮਈ ਮੰਡਲ ਵਿਚ ! ਇਹ ਇਸ ਕਥਾ ਦਾ ਰਹੱਸਮਈ ਪੱਖ ਹੈ ਪਰ ਕਰਤਾ ਨੇ ਪ੍ਰੀਤ ਦੇ ਆਦਰਸ਼ਮਈ ਦੂਈ ਰਹਿਤ ਸਰੂਪ ਤੇ ਕਿਰਣ ਵਿਚ ਕਿਰਣ ਰਲਣ ਵਾਲੀ ਅਵਸਥਾ ਦੇ ਨਾਲ ਨਾਲ ਸੱਚੀ ਪ੍ਰੀਤ ਦੇ ਸਿਰ ਉਤੇ ਧੁਰ ਦੀ ਰੱਬੀ ਛਾਂ ਦਾ ਜ਼ਿਕਰ ਜ਼ਰੂਰ ਕੀਤਾ ਹੈ ਜੋ ਪ੍ਰੀਤ ਨੂੰ ਸੰਜੋਗ ਤੋਂ ਵੀ ਵਧੇਰੇ ਇਕ ਰਹਿਮਤ ਸਿੱਧ ਕਰਦਾ ਹੈ:-

ਇਕ ਕਿਸ਼ਤੀ ਵਿਚ ਦੁਇ ਇਕ ਹੋਏ,
ਬੇਖ਼ੁਦੀਆਂ ਦੀ ਗੋਦੀ ਸੋਏ,
ਲਿਵ ਦੀ ਸਾਂਝੀ ਤਾਰ ਪੁਰੋਏ,
ਰੰਗ ਰੱਤੇ ਰਸ ਰੰਗ ਸਮੋਏ,
ਮਸਤੀਆਂ ਕੁਛੜ ਚੱਕ-
ਅਰਸ਼ੀਂ ਲੈ ਗਈਆਂ
ਸ਼ਾਮਾਂ ਪੈ ਗਈਆਂ,
ਲਹਿਰਾਂ ਸੈਂ ਗਈਆਂ
ਪਾਣੀ ਸੀਨੇ ਲੱਗ
ਲਹਿਰਾਂ ਸੈਂ ਗਈਆਂ

ਪ੍ਰੇਮ ਵਿਚ ਰੰਗੇ ਤੇ ਸ਼ਿੰਗਾਰ ਰਸ ਵਿਚ ਭਿੱਜੇ ਭਾਈ ਵੀਰ ਸਿੰਘ ਦੇ ਪ੍ਰੇਮ ਕਾਵਿ ਦੇ ਦੋ ਹੋਰ ਸੂਖਮ ਕਾਵਿ-ਮਈ ਤਲ ਹਨ, ਇਕ ਵਿਚ ਇਸ ਨੂੰ 'ਧੁਰੋਂ' ਪ੍ਰਾਪਤ ਹੋਈ ਤਾਂਘ ਤੇ 'ਸੀਨੇ ਦੀ ਖਿੱਚ' ਆਖਿਆ ਗਿਆ ਹੈ। ਇਸ ਦਾ ਆਧਾਰ 'ਅੰਦਰ ਦੀ ਟੇਕ' ਹੈ। 'ਕੰਤ ਮਹੇਲੀ ਦਾ ਬਾਰਾਂ ਮਾਂਹ' ਇਕ ਹੋਰ ਸੁੰਦਰ ਪ੍ਰੇਮ ਛੰਤ ਹੈ ਜਿਸ ਵਿਚ ਰੁੱਤ ਵਰਣਨ ਰਾਹੀਂ ਪ੍ਰੀਤ ਕੁੱਠੀ ਜਿੰਦੜੀ ਦੇ ਅੰਦਰਲੇ ਮਨੋਵੇਗਾਂ ਤੇ ਦਿਲੀ ਵੇਦਨਾ ਨੂੰ ਸੁਲੰਕ੍ਰਿਤ ਰੂਪ ਵਿਚ ਮੂਰਤੀਮਾਨ ਕੀਤਾ ਗਿਆ ਹੈ। ਕੇਵਲ ਕੁਝ ਸੰਕੇਤਕ ਛੁਹਾਂ ਨਾਲ ਆਪ ਭਾਵ ਮੰਡਲ ਦਾ ਪਾਸਾਰ ਕਰ ਦਿੰਦੇ ਹਨ ਅਤੇ ਇਸ ਨੂੰ ਸਰੋਦੀ ਹੂਕ ਵਾਲਾ ਮਿੱਠਾ ਬਿਰਹਾ ਗੀਤ ਬਣਾ ਦਿੰਦੇ ਹਨ ਜੋ ਅੰਤਲੀ ਮਿਲਾਪ ਧੁਨੀ ਉਤੇ ਵੀ ਛਾਇਆ ਰਹਿੰਦਾ ਹੈ:-

ਆ ਕੇ ਵੇਖ ਖਾਂ ਬੂਟਾ
ਛਡ ਗੁਲਾਬ ਗਿਉਂ ਵੇ;
ਰਹਿ ਗਈ ਸੁੱਕੀ ਏ ਡਾਲੀ
ਸਾਰੀ ਝੰਬੀ ਮੈਂ ਪਈਆਂ।

ਭਾਈ ਵੀਰ ਸਿੰਘ ਦੇ ਕਾਵਿ ਦਾ ਇਕ ਹੋਰ ਨਿਵੇਕਲਾਪਨ ਇਸ ਵਿਚਲਾ ਕੁਦਰਤ ਵਰਣਨ ਹੈ। ਕੁਦਰਤ ਵਿਚ ਕਾਦਰ ਦੀ ਝਲਕ ਵੇਖ ਬਲਿਹਾਰ ਹੋ ਜਾਣਾ ਤੇ ਉਸ ਦੀ ਸੁੰਦਰਤਾ



Sri Satguru Jagjit Singh Ji eLibrary NamdhariElibrary@gmail.com

ਵਿਚ ਪਰਮ ਤੱਤ ਜਾਂ ਅਸਲੇ ਦੇ ਗੁਣਾਂ ਨੂੰ ਵਿਦਮਾਨ ਵੇਖਣਾ ਵੀਰ ਸਿੰਘ ਕਾਵਿ- ਦੇ ਦਾਰਸ਼ਨਿਕ ਪੱਖ ਹਨ। ਬਾਹਰੀ ਵਰਣਨ ਦੇ ਰੂਪ ਵਿਚ ਜਿਸ ਤਰ੍ਹਾਂ ਕੁਦਰਤੀ ਸੁੰਦਰਤਾ ਦੇ ਅਨੇਕ ਦ੍ਰਿਸ਼ਾਂ ਨੂੰ ਕਵੀ ਨੇ ਆਪਣੇ ਕਲੇਵਰ ਵਿਚ ਲਿਆ ਹੈ ਉਸ ਤੋਂ ਇਸ ਕਵੀ ਨੂੰ 'ਕੁਦਰਤ ਦਾ ਕਵੀ' ਕਹਿਣ ਦੀ ਪ੍ਰਥਾ ਜਿਹੀ ਹੀ ਚਲ ਪਈ ਹੈ। ਵਰਤਮਾਨ ਸਦੀ ਵਿਚ ਭਾਈ ਵੀਰ ਸਿੰਘ ਨੇ ਪੰਜਾਬੀ ਕਵਿਤਾ ਵਿਚ ਕੁਦਰਤ ਦੇ ਵਰਣਨ, ਪ੍ਰੇਮ ਤੇ ਰਹੱਸ ਨੂੰ ਪਹਿਲੀ ਵਾਰ ਜਿਊਂਦਾ ਵਿਸ਼ਾ ਬਣਾਇਆ ਹੈ। ਕੁਦਰਤ ਦਾ ਦੈਵੀਕਰਣ ਵੀ ਕੀਤਾ ਗਿਆ ਹੈ ਅਤੇ ਇਸ ਦਾ ਮਾਨਵੀਕਰਣ ਵੀ ਹੈ। ਇਸ ਨੂੰ ਆਪਣੇ ਸੂਖਮ ਆਪੇ ਦੇ ਇਹਸਾਸ ਵਿਚ ਜਿਊਂਦੀ ਵੀ ਦੱਸਿਆ ਹੈ। ਇਸ ਦੀ ਸੁੰਦਰਤਾ ਦਾ ਰਸ ਪੂਰਨ ਵਰਣਨ ਕੀਤਾ ਗਿਆ ਹੈ। ਇਸ ਦੇ ਮਨੁੱਖੀ ਮਨ ਤੇ ਆਤਮਾ ਉਤੇ ਪੈਣ ਵਾਲੇ ਬਲਵਾਨ ਪ੍ਰਭਾਵਾਂ ਦਾ ਚਿਤ੍ਰਣ ਕੀਤਾ ਗਿਆ ਹੈ। ਇਸ ਨੂੰ ਕਵੀ ਨੇ ਨਿਜ-ਦਰਸ਼ਨ ਦਾ ਅਟੱਲ ਵਾਹਣ ਵੀ ਬਣਾਇਆ ਹੈ ਅਤੇ ਉਪਦੇਸ਼ ਦਾ ਵਸੀਲਾ ਵੀ। ਇਹ ਕੁਦਰਤ ਅਚੱਲ ਨਹੀਂ ਸਚੱਲ ਹੈ ਪਰ ਇਸ ਦੇ ਸੁਹਜ ਦੀ ਪ੍ਰਤੀਤੀ ਕੇਵਲ ਸੂਖਮ ਭਾਵੀ ਵਿਅਕਤੀ ਵਿਚ ਹੀ ਅਜਿਹੇ ਭਾਵ ਉਤਪੰਨ ਕਰ ਸਕਦੀ ਹੈ ਜੋ ਅੱਗੋਂ ਉਸ ਕੁਦਰਤ ਨੂੰ ਉਸ ਦੇ ਨਿਰੋਲ ਵਾਸਤਵਿਕ ਰੂਪ ਵਿਚ ਜੋ ਆਪਣੇ ਆਪ ਵਿਚ ਬੜਾ ਸੁੰਦਰ ਰਮਣੀਕ ਤੇ ਮਾਨਣ ਯੋਗ ਹੈ ਨੂੰ ਇਕ ਨਵਾਂ ਕਲਾਤਮਕ ਤੇ ਸਕ੍ਰਮਕ ਰੂਪ ਪ੍ਰਦਾਨ ਕਰ ਦਿੰਦੀ ਹੈ ਅਤੇ ਬਾਹਰੀ ਸੁੰਦਰਤਾ ਨੂੰ ਭੀਤਰੀ ਸੁੰਦਰਤਾ ਵਿਚ ਬਦਲ ਦਿੰਦੀ ਹੈ। ਕੁਦਰਤ ਦੀ ਸੁੰਦਰਤਾ ਦਾ ਵਰਣਨ ਕਈ ਹੋਰ ਕਵੀਆਂ ਨੇ ਕੀਤਾ ਹੈ। ਪਰ ਭਾਈ ਵੀਰ ਸਿੰਘ ਵਿਚ ਇਹ ਇਕ ਨਵਾਂ ਸੁਹਜ ਇਹਸਾਸ ਪੈਦਾ ਕਰਦਾ ਹੈ ਜੋ ਅੰਤਰ ਆਤਮੇ ਠਰ੍ਹਗੀ ਸ਼ਾਂਤੀ ਤੇ ਵਿਸ਼ਵ ਵਿਆਪੀ ਵਿਸ਼ਾਲਤਾ ਦੇ ਭਾਵ ਨੂੰ ਇਸ ਤਰ੍ਹਾਂ ਜਗਾਉਂਦਾ ਹੈ ਕਿ ਉਹ ਅਨੁਭਵ ਅੱਗੋਂ ਅਨੰਤ ਦੇ ਅਨੁਭਵ ਵਿਚ ਵਟ ਜਾਂਦਾ ਹੈ ਜਿਸ ਤਰ੍ਹਾਂ ਭਾਈ ਸਾਹਿਬ ਨੇ ਪ੍ਰੇਮ ਨੂੰ ਅਨੰਤ ਦੇ ਅਨੁਭਵ ਦਾ ਵਾਹਣ ਜਾਂ ਪ੍ਰਤੀਕ ਬਣਾਇਆ ਹੈ ਤਿਵੇਂ ਹੀ ਭਾਈ ਸਾਹਿਬ ਨੇ ਕੁਦਰਤ ਨੂੰ ਉਸੇ ਅਨੰਤ ਦਾ ਪ੍ਰਤੀਕ ਤੇ ਵਾਹਣ ਬਣਾ ਲਿਆ ਹੈ। 'ਮਟਕ ਹੁਲਾਰੇ' ਵਿਚ ਜਿਥੇ 'ਕਸ਼ਮੀਰ ਨਜ਼ਾਰੇ' ਅੰਕਿਤ ਹਨ ਉਥੇ 'ਨਵੇਂ ਕਸ਼ਮੀਰ' ਦਾ ਸੰਕਲਪ ਵੀ ਇਸ ਰਹੱਸਮਈ ਪੱਖ ਨੂੰ ਮੂਰਤੀਮਾਨ ਕਰਦਾ ਹੈ:-

ਮੈਂ ਰੁੰਨੀ ਮੈਂ ਰੁੰਨੀ ਵੇ ਲੋਕਾ,
ਮੀਂਹ ਜਿਉਂ ਛਹਿਬਰ ਲਾਏ।
ਟੁਰੀ ਵਿਦਸਥਾ ਡਲ ਭਰ ਆਏ:
ਤੇ ਵੁੱਲਰ ਉਮਡ ਉਮਡਾਏ-
ਆਪਾ ਹੇਠ ਵਿਛਾ ਕੇ ਸਹੀਓ!
ਅਸਾਂ ਨਵਾਂ ਕਸ਼ਮੀਰ ਬਣਾਇਆ,
ਗਾਓ ਸੁਹਾਗ ਨੀ ਸਹੀਓ! ਸੁਹਣਾ
ਕਦੇ ਸੈਰ ਕਰਨ ਚਲ ਆਏ।


Sri Satguru Jagjit Singh Ji eLibrary NamdhariElibrary@gmail.com

ਇਸ ਕਵੀ ਦਾ ਰਹੱਸਵਾਦ ਸੁਹਾਗ-ਗਾਇਣ ਦਾ ਹੀ ਰੂਪ ਧਾਰਨ ਕਰ ਗਿਆ ਹੈ। ਸੁਹਾਗ ਜੋ ਮਿਲਾਪ ਦੇ ਚਾਅ ਵਿਚ ਗਾਇਆ ਜਾਂਦਾ ਹੈ ਅਤੇ ਉਸ ਨਿਛੱਤਰੀ ਘੜੀ ਦੇ ਨੇੜੇ ਆਉਣ ਦੀ ਸੂਚਨਾ ਦੇਂਦਾ ਹੈ। ਜਦੋਂ ਸੁਹਾਗ ਪ੍ਰਾਪਤ ਹੋ ਜਾਂਦਾ ਹੈ ਤਾਂ ਉਹ ਅਨੰਦ-ਵਰਧਕ ਵਰਤਾਰਾ ਹੋ ਨਿਬੜਦਾ ਹੈ ਜਿਸ ਦਾ ਕਥਨ ਭਾਈ ਸਾਹਿਬ ਦੀ ਕਵਿਤਾ ਵਿਚ ਆਦਿ ਤੋਂ ਅੰਤ ਤਕ ਕਈ ਥਾਵਾਂ ਤੇ ਕੀਤਾ ਗਿਆ ਹੈ। 'ਕੰਬਦੀ ਕਲਾਈ' ਦੇ ਗੀਤ ਸ਼ਰਧਾ ਗੁੱਧੇ ਜ਼ਰੂਰ ਹਨ ਪਰ ਕਈ ਥਾਵਾਂ ਤੇ 'ਗੁਦਾਵਰੀ ਦੇ ਗੀਤ' ਸਮਾਨ 'ਚਰਨ ਪਰਸਣ' ਦੀ ਅਦੁੱਤੀ ਬਉਰਾਨੀ ਥਰਥਰਾਹਟ ਨਾ ਕੇਵਲ ਦਰਿਆ ਸਮਾਨ ਪ੍ਰਤੀਕ-ਮਈ ਵਜੂਦ ਨੂੰ ਹੀ ਲਰਜ਼ਾ ਦੇਂਦੀ ਹੈ ਸਗੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਸਾਰੀ ਸ੍ਰਿਸ਼ਟੀ ਹੀ ਇਸ ਮਹਾਂ-ਵਿਗਾਸ ਦੇ ਅਨੁਭਵ ਵਿਚ ਪੁਨੀਤ ਹੋ ਉਠੀ ਹੈ। ਇਸ ਸਹਿਜ ਤੇ ਵਿਗਾਸ ਦਾ ਵਿਸਮਾਦੀ ਅਨੰਦ 'ਮੇਰੇ ਸਾਈਆਂ ਜੀਓ' ਦੀਆਂ ਕਵਿਤਾਵਾਂ ਵਿਚ ਆਪਣੇ ਸਿੱਖਰ ਤੇ ਵੇਖਿਆ ਜਾ ਸਕਦਾ ਹੈ। ਇਹ ਮਿਲਾਪ-ਤਾਂਘ ਬਾਲੀ ਉਮਰ ਵਿਚ ਹੀ ਲਗ ਗਈ ਸੀ। ਫਿਰ ਇਸ ਨੇ ਜਵਾਨੀ ਦਾ ਹੁਸਨ ਇਹਸਾਸੀ ਰੰਗ ਮਾਣਿਆ 'ਲੱਲੀ ਕਸ਼ਮੀਰਨ' ਦੇ ਰੂਪ ਵਿਚ। ਇਹ ਬਿਰਧ ਅਵਸਥਾ ਵਿਚ ਵੀ ਜਵਾਨ ਰਹੀ ਜਿਵੇਂ 'ਮਿਲ ਵੇਲਾ ਉ' ਵਿਚ। ਉਹ ਪ੍ਰਭੂ ਜੋ ਕਵੀ ਦਾ ਇਸ਼ਟ ਹੈ 'ਸਦਾ ਸਚਦਾਨੰਦ' ਦੇ ਸਰੂਪ ਵਾਲਾ ਹੈ ਇਸ ਲਈ ਵਿਗਾਸ ਉਸ ਦਾ ਵਿਸ਼ੇਸ਼ ਸੁਭਾ ਹੈ। ਕਵੀ ਨੂੰ ਜਦੋਂ ਪ੍ਰੇਮ ਜਾਂ ਕੁਦਰਤ ਦੇ ਰੂਪ ਵਿਚ ਉਸ ਪਰਮ ਸੱਤ ਨਾਲ ਜੁੜੇ ਹੋਣ ਦਾ ਅਨੁਭਵ ਹੁੰਦਾ ਹੈ ਤਾਂ ਉਹ ਵਿਗਾਸ ਦੇ ਅਨੁਭਵ ਵਿਚ ਖਿੜ ਉਠਦਾ ਹੈ। ਇਹ ਮਿਲਾਪ ਹੀ ਜ਼ਿੰਦਗੀ ਹੈ ਤੇ ਜ਼ਿੰਦਗੀ ਕੀ ਹੈ? ਬਸ ਖੇੜਾ ਤੇ ਸਦਾ ਵਿਗਾਸ ਦਾ ਅਨੁਭਵ। ਜੇ ਨੈਣਾਂ ਵਿਚ ਉਸ ਦੀ ਜੋਤ ਦਾ ਅਮਿਤ ਪ੍ਰਕਾਸ਼ ਪਸਰ ਜਾਵੇ ਤਾਂ ਹਿਰਦੇ ਵਿਚ ਖੇੜਾ ਤੇ ਮਹਾਂ ਅਨੰਦ ਉਤਪੰਨ ਹੋ ਜਾਂਦਾ ਹੈ ਜਿਸ ਨਾਲ ਵਿਸ਼ਵ ਵਿਆਪੀ ਏਕਤਾ ਦਾ ਇਹਸਾਸ ਬਲਵਾਨ ਹੁੰਦਾ ਹੈ।

ਭਾਈ ਸਾਹਿਬ ਇਸੇ ਨੂੰ ਹੀ ਜੀਵਨ ਦਾ ਸਰਵੁੱਚ ਲਕਸ਼ (sumam bonum) ਮੰਨਦੇ ਹਨ ਕਿਉਂ ਜੋ ਇਹ ਸਾਨੂੰ ਇਕ ਅਜਿਹੇ ਆਤਮਕ ਤਲ ਤੇ ਲੈ ਜਾਂਦਾ ਹੈ ਜਿਥੇ ਮਨ ਵਿਚ ਨਿਸ਼ਕਪਟਤਾ ਨਿਰਵੈਰਤਾ ਤੇ ਕਲਿਆਣਕਾਰੀ ਉਦੇਸ਼ਾਂ ਲਈ ਕਾਰਜਸ਼ੀਲ ਰਹਿਣ ਲਈ ਉਤਸੁਕਤਾ ਜਾਗ ਪੈਂਦੀ ਹੈ। ਫਿਰ ਅੰਦਰਲੀ ਖ਼ੁਸ਼ਬੂ ਲੁਕਾਇਆਂ ਵੀ ਨਹੀਂ ਲੁਕਦੀ। ਇਹ ਮੱਲੋ ਮੱਲੀ ਵੰਡੀ ਜਾਣ ਲਈ ਮਚਲ ਉਠਦੀ ਹੈ। ਭਾਈ ਵੀਰ ਸਿੰਘ ਮਨੁੱਖ ਨੂੰ ਅਜਿਹੇ ਉਚੇਰੇ ਅਨੁਭਵ ਨਾਲ ਜੋੜਨਾ ਚਾਹੁੰਦੇ ਹਨ ਜੋ ਜੀਵਨ ਬਾਰੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਸੂਖਮ ਬਣਾ ਦਿੰਦਾ ਹੈ। ਜੇ ਇਸ ਸੂਖਮ ਅਨੁਭਵ ਨੂੰ ਅੱਗੋਂ ਸਾਰਥਕ ਰੂਪ ਵਿਚ ਕਾਰਜਸ਼ੀਲ ਕਰ ਲਿਆ ਜਾਵੇ ਤਾਂ ਅਜਿਹਾ ਸੁਹਿਰਦ ਮਾਨਵ ਜੋ ਵੈਰਾਟ ਤੇ ਸੂਖਮ ਇਹਸਾਸਾਂ ਦਾ ਸੁਆਮੀ ਹੈ। ਚੌਗਿਰਦੇ ਦੀ ਹੋਣੀ ਨੂੰ ਬਦਲ ਸਕਦਾ ਹੈ। ਜ਼ਰੂਰੀ ਨਹੀਂ ਕਿ ਮਨੁੱਖ ਨਾਹਰੇ ਲਗਾਵੇ। ਜਥੇਬੰਦੀ ਤੇ ਸੰਗਠਨ ਕਾਇਮ ਕਰੇ। ਸਥਾਪਨ ਨਾਲ ਜੁੜੇ ਜਾਂ ਇਸ ਨੂੰ ਉਲਟਾ ਕੇ ਇਸ ਦੀ ਥਾਂ ਕੋਈ ਨਵਾਂ ਬੰਧਾਨ ਬੰਨ੍ਹੇ। ਅਜਿਹਾ ਭਾਵੇਂ ਜ਼ਾਹਰਾ ਰੂਪ ਵਿਚ ਨਹੀਂ ਪਰ ਗਾਉਣ ਰੂਪ ਵਿਚ ਤਾਂ ਉਹ ਨਿਤ



Sri Satguru Jagjit Singh Ji eLibrary NamdhariElibrary@gmail.com

ਕਰਦਾ ਰਹਿੰਦਾ ਹੈ। ਇਹੋ ਕਾਰਣ ਹੈ ਕਿ ਭਾਈ ਵੀਰ ਸਿੰਘ ਵਰਗੇ ਸੂਖਮ ਆਪੇ ਉਤੇ ਕੇਂਦ੍ਰਿਤ ਕਵੀ ਵੀ ਆਪਣੇ ਵਾਸਤਵਿਕ ਅਨੁਭਵ ਵਿਚ ਫੈਲਵੇਂ ਸਮਾਜਕ ਲਕਸ਼ ਲਈ ਬੈਠੇ ਹੁੰਦੇ ਹਨ। ਕਵਿਤਾ ਤੇ ਕਲਾ ਤਾਂ ਸੰਸਕ੍ਰਿਤੀ ਦੇ ਨਿਤ ਪਸਰਦੇ ਰੰਗਾਂ, ਸੁਗੰਧਾਂ ਦਾ ਮਾਨਵੀ ਸੁਰ-ਮੇਲ ਹਨ, ਬੇਸੁਰਾ ਤੇ ਬੇਮੇਚ ਸ਼ੋਰ ਨਹੀਂ। ਜਿਥੇ ਸੱਚੀ ਮੁੱਚੀ ਕਵਿਤਾ ਦਾ ਜਨਮ ਹੁੰਦਾ ਹੈ ਉਥੇ ਸਾਂਸਕ੍ਰਿਤਕ ਵਿਕਾਸ ਵੀ ਨਿਸਚੇ ਹੀ ਹੁੰਦਾ ਹੈ ਅਤੇ ਜਿਥੇ ਸਾਂਸਕ੍ਰਿਤਕ ਵਿਕਾਸ ਹੁੰਦਾ ਹੈ ਉਥੇ ਮਨੁੱਖੀ ਸਮਾਜ ਦੇ ਹਰ ਪ੍ਰਾਣੀ ਮਾਤ੍ਰ ਉਤੇ ਉਸ ਦਾ ਪ੍ਰਭਾਵ ਪੈਂਦਾ ਹੈ। ਸਮਾਜ ਦੇ ਚੇਤਨ ਵਰਗ ਉਸ ਵਿਕਾਸ ਦੇ ਸਕ੍ਰਮਕ ਪਾਤ੍ਰ ਬਣਦੇ ਹਨ ਉਸ ਤੋਂ ਲਾਭ ਉਠਾਉਂਦੇ ਹਨ ਤੇ ਮੱਧ-ਵਰਤੀ ਤੇ ਪਿਛਲੱਗ ਕਦੀ ਉਸ ਦੇ ਨਾਲ ਚਲਦੇ ਹਨ ਤੇ ਕਦੀ ਪਿੱਛੇ ਲੜਖੜਾਂਦੇ ਹਨ। ਕਿਉਂ ਜੋ ਬਹੁਤੀ ਵਾਰ ਉਹ ਉਸ ਚੇਤੰਨ ਵਿਕਾਸ ਵਰਤਾਰੇ ਤੋਂ ਅਚੇਤ ਹੁੰਦੇ ਹਨ।

ਵਰਤਮਾਨ ਸਦੀ ਵਿਚ ਭਾਰਤੀ ਉਪ ਮਹਾਂਦੀਪ ਵਿਚ ਮਹੱਤਵ-ਪੂਰਣ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਲਹਿਰਾਂ ਉਤਪੰਨ ਹੋਈਆਂ ਤੇ ਕਈ ਵਰਤਾਰੇ ਘਟੇ। ਇਨ੍ਹਾਂ ਸਮਾਚਾਰਾਂ ਦੇ ਉਥੱਲ ਪੁਥੱਲ ਵਿਚ ਮਹਾਂ ਕ੍ਰਾਂਤੀ ਕਰਵਟਾਂ ਲੈਂਦੀ ਰਹੀ। ਇਸ ਮਹਾਂ ਧਾਰਾ ਨੂੰ ਅਤੇ ਇਸ ਦੇ ਪ੍ਰਭਾਵਾਂ ਨੂੰ ਕਵੀ ਦੀ ਕਲਮ ਨੇ ਕਿਵੇਂ ਗ੍ਰਹਿਣ ਕੀਤਾ ਤੇ ਨਿਰਦੇਸ਼ ਦਿਤਾ ਹੈ; ਇਸ ਉਤੇ ਕਵੀ ਦਾ ਰਾਸ਼ਟਰੀ ਮਹੱਤਵ ਅਧਾਰਤ ਹੈ। ਆਦਰਸ਼ ਦੇ ਤੌਰ ਤੇ ਭਾਈ ਵੀਰ ਸਿੰਘ ਖੁੱਲ੍ਹ ਚਾਹੁੰਦੇ ਹਨ, ਪਰ ਉਚੇਰੀ ਤੇ ਆਤਮਕ। ਸੰਸਾਰ ਵਿਚ ਕਈ ਵਾਰ ਉਨ੍ਹਾਂ ਨੂੰ ਰੌਲਿਆਂ ਤੇ ਝਮੇਲਿਆਂ ਦਾ ਇਹਸਾਸ ਹੁੰਦਾ ਹੈ। ਸੁਤੰਤਰਤਾ ਦਾ ਇਹਸਾਸ ਉਨ੍ਹਾਂ ਦੀਆਂ ਕਈ ਕਵਿਤਾਵਾਂ ਵਿਚ ਮੌਜੂਦ ਹੈ। ਰਾਸ਼ਟਰੀ ਚੇਤੰਨਤਾ ਵੀ ਕਈ ਕਵਿਤਾਵਾਂ 'ਕੁਤਬ ਦੀ ਲਾਠ', 'ਅਟਕ' ਆਦਿ ਵਿਚ ਮੌਜੂਦ ਹੈ। ਇਸੇ ਤਰ੍ਹਾਂ 'ਕੰਬਦੇ ਪੱਥਰ' ਆਦਿ ਕਵਿਤਾਵਾਂ ਵਿਚ 'ਹਾਏ ਹਿੰਦ ਫਲ ਫਾੜੀਆਂ ਵਾਲੇ' ਕਹਿ ਕੇ ਰਾਸ਼ਟਰੀ ਜੀਵਨ ਵਿਚ ਵਿਖੇਪਤਾ ਦੇ ਟਾਕਰੇ ਤੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਦ੍ਰਿੜ ਕਰਵਾਇਆ ਹੈ। 'ਗੰਗਾ ਰਾਮ' ਵਰਗੀਆਂ ਕਵਿਤਾਵਾਂ ਵਿਚ 'ਸਾਨੂੰ ਰੱਖ ਸੁਤੰਤਰ ਦਾਤੇ' ਤੇ 'ਖੁਲ੍ਹ ਖੋਹਣ ਦੀ ਜਾਚ ਨ ਦੱਸੀ' ਵਰਗੀਆਂ ਉਕਤੀਆਂ ਤਤਕਾਲੀਨ ਰਾਸ਼ਟਰੀ ਮਨੋਭਾਵਾਂ ਨਾਲ ਇਕਸੁਰਤਾ ਦੀ ਸਾਖੀ ਭਰਦੀਆਂ ਹਨ ਪਰ ਭਾਈ ਸਾਹਿਬ ਨੇ ਜੋ ਕੁਝ ਵੀ ਰਚਿਆ ਹੈ ਉਹ ਸੁੱਚੀ ਭਾਰਤੀ ਨਿਧੀ ਹੈ। ਦਰਸ਼ਨ ਤੇ ਕਲਾ ਦੋਹਾਂ ਪੱਖਾਂ ਤੋਂ ਹੀ ਉਹ ਸਾਡੀ ਬਲਵਾਨ ਤੇ ਗੌਰਵਸ਼ੀਲ ਰਾਸ਼ਟਰੀ ਸੰਪਤੀ ਦੀ ਅਮੋਲਕ ਧਰੋਹਰ ਹੈ। ਇਸ ਮਹਾਨ ਕਵੀ ਦੀ ਅਦੁੱਤੀ ਪ੍ਰਤਿਭਾ ਤੇ ਆਤਮਕ ਉਚਾਈਆਂ ਤੇ ਉਡਾਰੀਆਂ ਨਾਲ ਭਰਪੂਰ ਕਾਵਿ-ਯਾਤ੍ਰਾ ਸਬੰਧੀ ਪ੍ਰੋ: ਪੂਰਨ ਸਿੰਘ ਆਪਣੀ ਪੁਸਤਕ 'ਪੂਰਬੀ ਕਾਵਿ ਦੀ ਆਤਮਾ' (ਅੰਗਰੇਜ਼ੀ ਤੋਂ ਅਨੁਵਾਦ ਪੁਸਤਕ 'ਰਾਜ ਹੰਸ' ਪੰਨਾ 242-44) ਵਿਚ ਇਸ ਤਰ੍ਹਾਂ ਲਿਖਦੇ ਹਨ:-

"ਭਾਈ ਵੀਰ ਸਿੰਘ ਆਪਣੇ ਆਪ ਵਿਚ ਇਕ ਯੁੱਗ ਹੈ। ਉਸ ਨਾਲ ਪੰਜਾਬੀ ਭਾਸ਼ਾ ਦਾ ਆਧੁਨਿਕਤਮ ਸਰੂਪ ਆਰੰਭ ਹੁੰਦਾ ਹੈ। ਉਹ ਇਸ ਨੂੰ ਨਵੀਂ ਸ਼ੈਲੀ ਨਵੇਂ ਤਾਲ ਤੇ ਨਵੀਂ ਰਵਾਨੀ ਪ੍ਰਦਾਨ ਕਰਦਾ ਹੈ।.... ਉਹ ਆਪਣੇ ਗੁਰੂ ਸਮਾਨ ਜੀਵਨ ਦੇ ਬ੍ਰਿਛ ਹੇਠ ਕੁਆਰੀ ਕੰਨਿਆਂ


Sri Satguru Jagjit Singh Ji eLibrary NamdhariElibrary@gmail.com

ਵਾਂਗ ਬੈਠਦਾ ਹੈ। ਉਸ ਦਾ ਗੀਤ ਜੀਵਨ ਦੇਣ ਵਾਲਾ ਹੁੰਦਾ ਹੈ ਅਤੇ ਉਹ ਆਪਣਾ ਬਹੁਤ ਸਾਰਾ ਖੇੜਾ ਆਪਣੀਆਂ ਰਚੀਆਂ ਕਵਿਤਾਵਾਂ ਵਿਚ ਭਰ ਦਿੰਦਾ ਹੈ। ਉਹ ਉਨ੍ਹਾਂ ਪੁਰਾਤਨ ਸਿੱਖ ਕਵੀਆਂ ਦੇ ਵਰਤਮਾਨ ਕਾਲ ਦਾ ਪ੍ਰਤੀਨਿਧ ਹੈ ਜੋ ਪਿਆਰੇ ਦੇ ਤਖ਼ਤ ਦੁਆਲੇ ਉਪਾਸਨਾ ਤੇ ਵਿਸਮਾਦ ਵਿਚ ਫੇਰੀਆਂ ਲੈਂਦੇ ਹਨ। ਉਹ ਸਚਾ ਪ੍ਰਤਿਭਾਸ਼ੀਲ ਕਵੀ ਹੈ ਜਿਹੜਾ ਹਾਲੀ ਵੀ ਏਸ਼ੀਆਈ ਕਲਾ, ਦਰਸ਼ਨ ਤੇ ਧਰਮ ਦੇ ਆਦਰਸ਼ਾਂ ਦਾ ਅਨੁਯਾਈ ਹੈ। ਉਹ ਲੋਕ-ਤੰਤਰ ਪਰਵਿਰਤੀ ਰਖਣ ਵਾਲਾ ਕੁਲੀਨ ਪੁਰਸ਼ ਹੈ ਜਿਹਾ ਕਿ ਹਰ ਪਰਸੰਨਚਿਤ ਵਿਅਕਤੀ ਨੂੰ ਹੋਣਾ ਉਚਿਤ ਹੈ।

ਕਵੀ ਦੇ ਤੌਰ ਤੇ ਭਾਈ ਵੀਰ ਸਿੰਘ ਉਹ ਸ਼ਾਹਸਵਾਰ ਹੈ ਜਿਸ ਦਾ ਉਡਣਾ ਘੋੜਾ ਭੂਤ ਤੇ ਭਵਿਖ ਨੂੰ ਉਤਾਹਾਂ ਹੇਠਾਂ ਲੱਦੀ ਲਿਜਾ ਰਿਹਾ ਹੈ। ਉਹ ਉਨ੍ਹਾਂ ਲੋਕਾਂ ਨਾਲ ਟਕਰਾਉਂਦਾ ਹੈ ਜਿਹੜੇ ਹੋ ਚੁਕੇ ਹਨ ਅਤੇ ਉਨ੍ਹਾਂ ਨਾਲ ਗਲਬਾਤ ਕਰਦਾ ਹੈ ਜਿਨ੍ਹਾਂ ਹਾਲੀ ਆਉਣਾ ਹੈ ਅਤੇ ਇਉਂ ਅਗਾਮੀ ਸਦੀਆਂ ਨਾਲ ਸਾਂਝ ਪਾ ਲੈਂਦਾ ਹੈ। ਉਹ ਆਪਣੇ ਗੁਰੂ ਨਾਨਕ-ਗੋਬਿੰਦ ਸਿੰਘ ਦੇ ਸ੍ਵੈਮਾਨ ਤੇ ਖ਼ੁਸ਼ੀ ਵਿਚ ਪ੍ਰਭੂ-ਆਤਮਾ ਦੀ ਸਵਰਨ-ਮਈ ਭੂਮੀ ਵਿਚ ਇਧਰ ਉਧਰ ਚੜ੍ਹਿਆ ਜਾ ਰਿਹਾ ਹੈ। ਕਦੀ ਕਦੀ ਉਸਦੇ ਘੋੜੇ ਦੇ ਸੁੰਮ ਸਾਡੇ ਦਿਲਾਂ ਦੀਆਂ ਪਥਰੀਲੀਆਂ ਚਟਾਨਾਂ ਤੇ ਆ ਵਜਦੇ ਹਨ ਤਾਂ ਉਥੋਂ ਜੀਵਨ ਦੀਆਂ ਚੰਗਿਆੜੀਆਂ ਨਿਕਲਦੀਆਂ ਹਨ। ਉਸ ਦਾ ਦਰਸ਼ਨ ਕਰਕੇ ਮੈਨੂੰ ਇਉਂ ਅਨੁਭਵ ਹੁੰਦਾ ਹੈ ਜਿਵੇਂ ਰਾਮ ਦੇ ਚਰਨਾਂ ਦੀ ਛੋਹ ਪਰਾਪਤ ਕਰਕੇ ਬੰਦੀਵਾਨ ਅਹਿਲਿਆ ਮੁਕਤ ਹੋ ਗਈ ਹੋਵੇ। ਸਾਡੇ ਲਈ ਤਾਂ ਇਸ ਛੋਹ ਦੀ ਤਾਸੀਰ ਹੀ ਸਭ ਕੁਝ ਹੈ। ਹਜ਼ਾਰਾਂ ਮੰਦਰਾਂ ਵਿਚ ਅਨੰਦ-ਮਗਨ ਗਾਉਂਦੇ ਦੇਵ-ਗਣਾਂ ਦੀਆਂ ਆਵਾਜ਼ਾਂ ਉਸ ਵਿਚ ਟਣਕਦੀਆਂ ਹਨ। ਹੈਰਾਨ ਹੋ ਜਾਈਦਾ ਹੈ ਕਿ ਕਿਵੇਂ ਸ਼ਿਵ ਤੇ ਚੇਤੰਨ ਵਾਂਗ ਉਹ ਮਹਾਂ ਨਿਰਤ ਵਿਚ ਨਚਣ ਤੋਂ ਰੁਕਿਆ ਰਹਿੰਦਾ ਹੈ ਕੌਣ ਉਸ ਨੂੰ ਰੋਕਦਾ ਹੈ ? ਉਹ ਆਪਣੀ ਸਾਰੀ ਖ਼ੁਸ਼ੀ ਨੂੰ ਆਪਣੇ ਅੰਦਰ ਸਮਾਈ ਰਖਦਾ ਹੈ। ਇਉਂ ਰਹਿਣ ਦਾ ਹੀ ਗੁਰੂ ਨਾਨਕ ਨੇ ਉਸਨੂੰ ਆਦੇਸ਼ ਦਿਤਾ ਹੋਇਆ ਹੈ। ਉਹ ਇਸ ਦੈਵੀ ਉਚਤਾ ਨੂੰ ਉਦੋਂ ਤਕ ਆਪਣੇ ਅੰਦਰ ਸਮੋਈ ਰਖਦਾ ਹੈ ਜਦੋਂ ਤਕ ਕਿ ਉਸਦਾ ਸਾਰਾ ਸਰੀਰ ਗੁਲਾਬ ਦੇ ਇੱਤਰ ਦੀ ਖ਼ੁਸ਼ਬੂ ਵਿਚ ਨਹੀਂ ਮਹਿਕ ਉਠਦਾ। ਕਤਕ ਦੀ ਪੂਰਨਮਾਸ਼ੀ ਨੂੰ ਜਦੋਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ ਇਹ ਮਹਾਨ ਗੁਰਸਿਖ ਉਸ ਅਵਤਾਰ ਦਾ ਝਲਕਾਰਾ ਬਣ ਜਾਂਦਾ ਹੈ ਜੋ ਸਾਰੇ ਸੰਸਾਰ ਨੂੰ ਜੀਵਨ ਦਾ ਸੋਮ ਰਸ ਪੀਣ ਲਈ ਸੱਦਾ ਦਿੰਦਾ ਹੈ। ਉਸ ਦੀ ਕਲਾ ਉਸਦੀ ਅੱਖੀਂ ਡਿੱਠਾ ਸਚ ਹੁੰਦਾ ਹੈ, ਉਹ ਉਹੀ ਲਿਖਦਾ ਹੈ ਜੋ ਉਹ ਵੇਖਦਾ ਹੈ, ਉਹ ਆਪਣੀ ਰੂਹ ਤੇ ਸੰਗੀਤ ਵਿਚ ਆਪਣੀਆਂ ਕਵਿਤਾਵਾਂ ਉਲੀਕਦਾ ਹੈ। ਜਦੋਂ ਦ੍ਰਿਸ਼ ਉਸ ਦੇ ਸਾਹਮਣੇ ਰੂਪਮਾਨ ਹੁੰਦਾ ਹੈ ਤਾਂ ਉਹ ਉਸਦੀ ਕੱਚੀ ਰੂਪ-ਰੇਖਾ ਤਿਆਰ ਕਰ ਲੈਂਦਾ ਹੈ ਅਤੇ ਉਸ ਵਿਚ ਰੰਗ ਭਰਨ ਤੋਂ ਪਹਿਲਾਂ ਮੌਲਿਕ ਦ੍ਰਿਸ਼ ਉਸਦੇ ਆਪਣੇ ਅੰਦਰ ਘੁਲ ਜਾਂਦਾ ਹੈ। ਉਸ ਦੀ ਕਲਾ ਸਰਵੁਚ ਹੈ ਆਪਣੀ ਸ਼ਾਬਦਿਕ ਮੂਰਤ-ਕਾਰੀ ਕਰਕੇ ਨਹੀਂ, ਨਾ ਹੀ ਆਪਣੀ ਉਸ ਬਿਰਤਾਂਤ ਸ਼ਕਤੀ ਕਰਕੇ ਜਿਹੜੀ ਬੀਤੀਆਂ



Sri Satguru Jagjit Singh Ji eLibrary NamdhariElibrary@gmail.com

ਘਟਨਾਵਾਂ ਨੂੰ ਚਿਤਰਮਾਲਾ ਦੀ ਤਰ੍ਹਾਂ ਲਿਆ ਖੜਾ ਕਰਦੀ ਹੈ, ਨਾ ਹੀ ਆਪਣੀ ਸਵੱਛਤਾ ਤੇ ਸੁੰਦਰਤਾ ਦੀ ਕੋਮਲਤਾ ਕਾਰਣ ਇਥੋਂ ਤਕ ਕਿ ਆਪਣੀ ਮਹਾਨ ਮਾਨਵਤਾ ਕਾਰਣ ਵੀ ਨਹੀਂ। ਇਸ ਦੇ ਪਿਛੇ ਡੂੰਘਾ ਅਨੁਭਵ ਲੁਕਿਆ ਹੋਇਆ ਹੈ ਜੋ ਆਪਣੀ ਸਮਰਾਟਾਂ ਵਾਲੀ ਅਧਿਕਾਰ-ਸੱਤਾ ਵਿਚ ਏਨਾ ਨਿਪੁੰਨ ਹੈ ਕਿ ਜਦੋਂ ਉਸ ਦੀ ਆਵਾਜ਼ ਪਥਰਾਂ ਨੂੰ ਬੁਲਾਉਂਦੀ ਹੈ ਤਾਂ ਉਹ ਵੀ ਅੰਦਰੋਂ ਹਿਲ ਜਾਂਦੇ ਹਨ ਅਤੇ ਆਪਣੇ ਸਿਰਜਣਹਾਰ ਨੂੰ ਸ਼ੁਕਰਾਨੇ ਵਿਚ ਸਿਜਦਾ ਕਰਦੇ ਹਨ। ਉਹ ਪਤਿਤਾਂ ਨੂੰ ਧੋ ਕੇ ਪਵਿੱਤਰ ਕਰਦਾ ਹੈ ਅਤੇ ਉਨ੍ਹਾਂ ਨੂੰ ਚੰਨ-ਚਾਨਣੀ ਵਿਚ ਪੁਸ਼ਾਕ ਪੁਆਉਂਦਾ ਹੈ। ਇਉਂ ਮੰਦ-ਕਰਮੀ ਵੀ ਆਪਣੇ ਆਪ ਨੂੰ ਦੇਵ-ਪੁਰਸ਼ ਅਨੁਭਵ ਕਰਨ ਲਗ ਪੈਂਦੇ ਹਨ। ਉਸ ਦੀਆਂ ਕਵਿਤਾਵਾਂ ਵਿਚ ਨਵੀਂ ਬਹਾਰ ਦਾ ਬਚਿਤਰ ਪ੍ਰਕਾਸ਼-ਮੰਡਲ ਹੁੰਦਾ ਹੈ। ਉਹ ਸਾਫ਼ ਆਤਮਾ ਵਿਚ ਨਵੇਂ ਬ੍ਰਹਮੰਡ ਦਾ ਵਾਧਾ ਕਰ ਦਿੰਦਾ ਹੈ, ਉਸ ਦੀ ਆਵਾਜ਼ ਪ੍ਰੀਤਮ ਦੀ ਆਵਾਜ਼ ਹੋ ਨਿਬੜਦੀ ਹੈ। ਗੁਰੂ ਗ੍ਰੰਥ ਦਾ ਉਚਾ ਸ਼ਾਨਦਾਰ ਅਨੰਦ ਤੇ ਸਦੀਵੀ ਸੰਗੀਤ ਉਸ ਦੇ ਲਹੂ ਵਿਚ ਛਣਕ ਰਿਹਾ ਹੈ ਅਤੇ ਉਸ ਦਾ ਆਪਾ ਪ੍ਰੀਤਮ ਦੇ ਗੀਤਾਂ ਵਿਚ ਥਰਥਰਾ ਰਿਹਾ ਹੈ।

ਉਸ ਦੀਆਂ ਰਚਨਾਵਾਂ ਆਪਣੇ ਪ੍ਰਭਾਵ ਕਾਰਣ ਅਧਿਆਤਮਕ ਹਨ। ਉਹ ਬੁਧੀ ਮੰਡਲ ਦੀ ਬਜਾਏ ਆਤਮਾ ਨੂੰ ਟੁੰਬਦੀਆਂ ਹਨ। ਉਹ ਕੁਆਰੀ-ਕੰਨਿਆਂ ਵਾਂਗ ਲਜਿਆਵਾਨ ਹੈ ਜਿਹੜਾ ਆਪਣੀਆਂ ਭਾਵਨਾਵਾਂ ਨੂੰ ਦਿਲ ਦੀਆਂ ਡੂੰਘੀਆਂ ਤੈਹਾਂ ਵਿਚ ਛੁਪਾਈ ਰਖਦਾ ਹੈ। ਉਸਦਾ ਜੀਵਨ ਪ੍ਰਭੂ-ਪਿਆਰ ਲਈ ਅਰਪਨ ਹੈ। ਉਹ ਗੰਵਾਰ ਅੱਖ ਲਈ ਆਦ੍ਰਿਸ਼ਟ ਹੈ; ਕਦੀ ਕਦੀ ਸਾਨੂੰ ਇਸ ਕਵੀ ਦੀ ਝਲਕ ਦਿਸਦੀ ਹੈ ਜਦੋਂ ਉਹ ਇਕ ਵਾਰਗੀ ਹੀ ਆਪਣੇ ਮਨੋਵੇਗਾਂ ਨੂੰ ਆਪਣੇ ਪ੍ਰੀਤਮ ਦੀ ਯਾਦ ਵਿਚ ਦਰਿਆ ਦੀ ਹਿਕ ਤੇ ਚਟਾਨ ਦੇ ਦਿਲ ਵਿਚ ਡੋਲ੍ਹ ਦਿੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਦਿਲ ਦੀ ਗੁਪਤ ਪੀੜਾ ਗਾਉਣ ਲਈ ਆਖਦਾ ਹੈ। ਕਵੀ ਦੇ ਮਨੋ-ਭਾਵਾਂ ਦੀ ਛੋਹ ਨਾਲ ਦਰਿਆ ਪੁਕਾਰ ਉਠਦੇ ਹਨ ਤੇ ਪਹਾੜ ਮਚ ਉਠਦੇ ਹਨ। ਉਹ ਆਪ ਅਧੀ ਰਾਤ ਦੇ ਘੁਪ ਹਨੇਰੇ ਦੀ ਇਕੱਲ ਵਿਚ ਇਨ੍ਹਾਂ ਦ੍ਰਿਸ਼ਾਂ ਪਿਛੇ ਬੰਸੀ ਬਜਾਉਂਦਾ ਅਦ੍ਰਿਸ਼ਟ ਹੁੰਦਾ ਹੈ। ਉਸ ਦੀ ਕੇਵਲ ਛੋਹ ਮਾਤਰ ਹੀ ਮਨੁੱਖ ਨੂੰ ਕਵੀ ਬਣਾ ਦਿੰਦੀ ਹੈ। ਮੈਂ ਕਈ ਨਿਰ-ਅੱਖਰ ਇਸਤਰੀ ਪੁਰਸ਼ਾਂ ਨੂੰ ਉਸ ਦੇ ਗਿਰਦੇ ਬੈਠੇ ਕਵਿਤਾ ਵਿਚ ਜਗਮਗਾਂਦੇ ਤੱਕਿਆ ਹੈ। ਮੈਂ ਉਸਦੇ ਕਮਰੇ ਦੇ ਇਰਦ-ਗਿਰਦ ਘੁੰਮਦਾ ਰਹਿੰਦਾ ਹਾਂ ਕਦੀ ਇਥੇ ਬੈਠਦਾ ਹਾਂ, ਕਦੀ ਉਥੇ ਜਾਂਦਾ ਹਾਂ। ਕੁਝ ਨਹੀਂ ਕਰਦਾ ਕੁਝ ਨਹੀਂ ਸੋਚਦਾ ਕੇਵਲ ਵਿਸਮਾਦ ਵਿਚ ਆ ਕੇ ਬਲਿਹਾਰ ਜਾਂਦਾ ਹਾਂ। ਉਸ ਨਾਲ ਚਾਹ ਪੀਂਦਾ ਹਾਂ, ਜਾਂ ਉਸ ਦੀ ਸੰਗਤ ਵਿਚ ਸਵੇਰ ਦਾ ਭੋਜਨ ਕਰਦਾ ਹਾਂ। ਜਦੋਂ ਉਹ ਇਸ਼ਨਾਨ ਕਰਦਾ ਹੈ ਤਾਂ ਇਕ ਟੱਕ ਧਿਆਨ ਲਾ ਵੇਖੀ ਜਾਂਦਾ ਹਾਂ। ਜਦੋਂ ਉਹ ਕੁਝ ਖਾ ਰਿਹਾ ਹੁੰਦਾ ਹੈ ਅਤੇ ਜਦੋਂ ਮੈਂ ਉਸ ਤੋਂ ਦੂਰ ਆ ਜਾਂਦਾ ਹਾਂ ਤਾਂ ਨਿਰਸੰਦੇਹ ਮੈਂ ਆਪਣੇ ਆਪ ਨੂੰ ਰੱਬੀ ਚਮਕ ਨਾਲ ਭਰਪੂਰ ਵੇਖਦਾ ਹਾਂ; ਮੇਰੀ ਚੇਤੰਨਤਾ ਵੰਨ-ਸੁਵੰਨੇ ਰੰਗਾਂ ਵਿਚ ਜਗਮਗਾ ਉਠਦੀ ਹੈ। ਇਹ ਪ੍ਰਭੂ-ਮੇਹਰ, ਪ੍ਰਭੂ-ਪ੍ਰੇਮ ਨਾਲ ਭਰਪੂਰ ਹੋ ਜਾਂਦੀ ਹੈ। ਉਸ ਦਾ



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕਰਕੇ ਮੈਂ ਆਪਣੇ ਆਪ ਨੂੰ ਇਕ ਸੁੰਦਰ ਵਸਤ ਵਾਂਗ ਅਨੁਭਵ ਕਰਦਾ ਹਾਂ ਜੋ ਮੇਰੀ ਆਪਣੀ ਉਪਾਸ਼ਨਾਂ, ਪਿਆਰ ਤੇ ਪਰਸੰਸਾ ਦਾ ਪਾਤਰ ਬਣ ਜਾਂਦੀ ਹੈ। ਮੇਰਾ ਆਪਣਾ ਆਪ ਪੂਜਣ ਯੋਗ ਭਾਸਦਾ ਹੈ। ਮੈਂ ਆਪਣੇ ਆਪ ਨੂੰ ਤੀਖਣ ਰੂਪ ਵਿਚ ਸਿਰਜਨਾਤਮਕ ਸ਼ਕਤੀ ਨਾਲ ਮਖ਼ਮੂਰ ਵੇਖਦਾ ਹਾਂ ਅਤੇ ਜਦੋਂ ਉਹ ਪਿਆਰ-ਕੁਠੀ ਭਾਵਨਾ ਵਿਚ ਮੇਰੇ ਬਾਰੇ ਸੋਚਦਾ ਹੁੰਦਾ ਹੈ ਤਾਂ ਮੈਨੂੰ ਜੀਵਨ ਭਰ ਲਈ ਨਵੀਂ ਪ੍ਰੇਰਨਾ ਮਿਲ ਜਾਂਦੀ ਹੈ। ਉਸ ਨੂੰ ਕੇਵਲ ਪ੍ਰੋਖ ਰੂਪ ਵਿਚ ਉਸ ਪ੍ਰੇਰਨਾ-ਯੁਕਤ ਚੇਤੰਨਤਾ ਰਾਹੀਂ ਹੀ ਵੇਖਿਆ ਜਾ ਸਕਦਾ ਹੈ ਜਿਹੜੀ ਉਸਦੇ ਨੇੜੇ ਆਉਣ ਵਾਲਿਆਂ ਵਿਚ ਉਸ ਦੇ ਸ਼ਿਵ-ਕਰਮ ਦੁਆਰਾ ਉਤਪੰਨ ਹੁੰਦੀ ਹੈ। ਉਹ ਪੂਰਬ ਦਾ ਸੱਚਾ ਕਵੀ ਹੈ ਜਿਹੜਾ ਪ੍ਰੀਤਮ ਨੂੰ ਵੇਖਣ ਲਈ ਸਾਡੇ ਨੈਣ ਖੋਲ੍ਹ ਦਿੰਦਾ ਹੈ।"

ਸੱਚ ਤਾਂ ਇਹ ਹੈ ਕਿ ਇਸ ਮਹਾਂ ਕਵੀ ਦੀ ਪ੍ਰਤਿਭਾ ਦੀ ਪ੍ਰਭੁਤਾ ਨੂੰ ਸਮੁੱਚੇ ਭਾਰਤੀ ਪ੍ਰਕਰਣ ਵਿਚ ਵਾਚ ਕੇ ਹੀ ਇਸ ਦਾ ਠੀਕ ਠੀਕ ਮੁਲ ਪਾਇਆ ਜਾ ਸਕਦਾ ਹੈ। ਇਹ ਮਹਾਨ ਰਚਨਾ ਪੂਰਬੀ ਤੇ ਪੱਛਮੀ ਦੋਹਾਂ ਮਿਆਰਾਂ ਉਤੇ ਹੀ ਪੂਰਾ ਉਤਰਨ ਵਾਲੀ ਹੈ। ਇਸ ਦਾ ਵਡੇਰਾ ਭਾਗ ਆਪਣੇ ਵਿਚ ਸਥਾਈ ਕਦਰਾਂ ਕੀਮਤਾਂ ਸਮਾਈ ਬੈਠਾ ਹੈ। ਇਸ ਮਹਾਨ ਰਚਨਾ ਦੀ ਆਭਾ ਅੱਧੀ ਸਦੀ ਗੁਜ਼ਰ ਜਾਣ ਉਤੇ ਵੀ ਉਸੇ ਤਰ੍ਹਾਂ ਕਾਇਮ ਹੈ ਅਤੇ ਸਦੀਆਂ ਗੁਜ਼ਰ ਜਾਣ ਉਪਰੰਤ ਵੀ ਉਸੇ ਤਰ੍ਹਾਂ ਪ੍ਰਜੱਵਲਤ ਤੇ ਕਾਇਮ ਰਹੇਗੀ। ਜਿਉਂ ਜਿਉਂ ਸਮਾਂ ਬੀਤਣ ਨਾਲ ਅਸੀਂ ਭਾਈ ਵੀਰ ਸਿੰਘ ਦੇ ਜੀਵਨ ਤੇ ਸਮੇਂ ਦੀ ਵਿੱਥ ਨੂੰ ਮਹਿਸੂਸ ਕਰਾਂਗੇ ਤਿਉਂ ਤਿਉਂ ਇਸ ਦੀ ਸੁੰਦਰ ਚਮਕ ਸਾਨੂੰ ਆਪਣੇ ਨੇੜੇ ਲਿਜਾਵੇਗੀ ਅਤੇ ਦਿਲਗੀਰੀਆਂ ਵਾਲੇ ਸਮੇਂ ਵਿਚ ਆਪਣੇ ਵਿਚਲੇ ਮਹਾਨ ਖੇੜੇ ਦਾ ਸੰਕੇਤ ਦੇ ਕੇ ਇਹ ਆਪਣੇ ਨੂਰ ਨਾਲ ਸਾਡੀ ਮੋਈ ਤੇ ਨਿਰਜਿੰਦ ਮਿੱਟੀ ਨੂੰ ਫਿਰ ਜੀਵਿਤ ਕਰ ਦੇਵੇਗੀ ਅਤੇ ਸਾਡੇ ਅੰਦਰੋਂ ਤੁੱਛਤਾ ਦੇ ਇਹਸਾਸ ਦੀ ਮਨੋ-ਗੁੰਝਲ ਨੂੰ ਦੂਰ ਕਰਕੇ ਸਾਨੂੰ ਆਪਣੇ ਬਹੁਮੁੱਲੇ ਵਿਰਸੇ ਦੀ ਯਾਦ ਕਰਵਾਏਗੀ ਜਿਸ ਤੋਂ ਨਿਸਚੇ ਹੀ ਸਾਡੀ ਆਗਾਮੀ ਕਲਾ ਨੂੰ ਨਵੀਂ ਪ੍ਰੇਰਨਾ ਮਿਲੇਗੀ।


Sri Satguru Jagjit Singh Ji eLibrary NamdhariElibrary@gmail.com

# ਨਵੀਨ ਸੋਚ ਨੂੰ ਜਗਾਉਣ ਵਾਲਾ ਵਸ਼ਿਸ਼ਟ ਸਾਹਿਤਕਾਰ ਪੂਰਨ ਸਿੰਘ ਯੂ.ਕੇ.

ਜ: 19 ਮਾਰਚ, 1927

ਪੰਜਾਬ ਦੇ ਸਭਿਆਚਾਰਕ ਤੇ ਸੰਸਕ੍ਰਿਤੀ ਦੇ ਲੰਮੇ ਇਤਿਹਾਸ ਵਿਚ ਕਈ 'ਪੂਰਨ' ਵਿਅਕਤੀ ਹੋਏ ਹਨ, ਜਿਨ੍ਹਾਂ ਦੀ ਆਭਾ ਯੁਗਾਂ ਤਕ ਚਮਕਦੀ ਰਹੇਗੀ। ਸ਼ਬਦ 'ਪੂਰਨ' ਦਾ ਅਰਥ ਹੀ ਸਭ ਪਾਸੇ ਤੋਂ ਪੂਰਾ-ਸੂਰਾ ਹੋਣ ਦਾ ਹੈ। ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿਚ ਵਰਤਮਾਨ ਸਮੇਂ ਤਕ ਅਜਿਹੇ ਕਈ ਪੂਰਨ ਵਿਅਕਤੀ ਹੋ ਚੁਕੇ ਹਨ। ਸਿਆਲਕੋਟ ਦੇ ਰਾਜਾ ਸਲਵਾਨ ਦਾ ਪੁੱਤਰ ਪੂਰਨ ਜਿਸਨੂੰ 'ਪੂਰਨ ਭਗਤ' ਕਰ ਕੇ ਜਾਣਿਆ ਜਾਂਦਾ ਹੈ ਪਹਿਲਾ ਅਜਿਹਾ ਇਤਿਹਾਸ ਪੁਰਸ਼ ਹੋਇਆ ਹੈ ਜਿਸ ਦੀ ਮਹਿਮਾ ਤੇ ਉਪਕਾਰਾਂ ਨੂੰ ਮੱਧਕਾਲ ਦੇ ਪ੍ਰਸਿੱਧ ਕਵੀ ਕਾਦਰਯਾਰ ਨੇ ਬੈਂਤਾਂ ਵਿਚ ਅਤੇ 20ਵੀਂ ਸਦੀ ਦੇ ਆਧੁਨਿਕ ਸਾਹਿਤਕਾਰ ਪ੍ਰੋ. ਪੂਰਨ ਸਿੰਘ ਨੇ ਪੂਰਨ ਨਾਥ ਜੋਗੀ ਕਰਕੇ ਆਪਣੀਆਂ ਰਚਨਾਵਾਂ ਵਿਚ ਵਰਨਣ ਕੀਤਾ ਹੈ। 20ਵੀਂ ਸ਼ਤਾਬਦੀ ਵਿਚ ਮਾਨਵੀ ਸੇਵਾ ਦੇ ਪੁੰਜ 'ਭਗਤ ਪੂਰਨ ਸਿੰਘ' ਹੋਏ ਹਨ ਜਿਹਨਾਂ ਦੀ ਮਹਿਮਾ ਯੁਗਾਂ ਤਕ ਰੌਸ਼ਨ ਰਹੇਗੀ। 21ਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੂਰਨ ਸਿੰਘ ਯੂ.ਕੇ. ਅਜਿਹੇ ਸਾਹਿਤਕਾਰ ਵਜੋਂ ਉਭਰਿਆ ਹੈ ਜਿਸਨੇ ਪੰਜਾਬ ਦੇ ਸਮਾਜਿਕ ਤੇ ਬੌਧਿਕ ਜੀਵਨ ਵਿਚ ਨਵੀਂ ਵਿਗਿਆਨਕ ਸੋਚ ਨੂੰ ਉਤਪੰਨ ਕਰਨ ਅਤੇ ਸਦੀਆਂ ਦੇ ਪੁਰਾਤਨ ਵਹਿਮਾਂ-ਭਰਮਾਂ ਦੇ ਜਾਲਿਆਂ ਨੂੰ ਉਤਾਰ ਕੇ ਮਨੁਖੀ ਸਮਾਜ ਨੂੰ ਨਵੇਂ ਸਿਰਿਓਂ ਜਾਗਰੂਕ ਕਰਨ ਦਾ ਬੀੜਾ ਚੁਕਿਆ ਹੈ।

20ਵੀਂ ਸਦੀ ਵਿਚ ਹੀ ਪੰਜਾਬ ਦੇ ਇਕ ਹੋਰ ਉਤਕ੍ਰਿਸ਼ਟ ਸਾਹਿਤਕਾਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬ ਦੇ ਜਨ-ਜੀਵਨ ਵਿਚ ਨਵੀਂ ਮਾਨਵਵਾਦੀ ਸੋਚ ਦਾ ਸੰਚਾਰ ਕੀਤਾ। ਹੁਣ 21ਵੀਂ ਸਦੀ ਵਿਚ ਯੂ.ਕੇ. ਨਿਵਾਸੀ ਪੂਰਨ ਸਿੰਘ ਸ. ਗੁਰਬਖ਼ਸ਼ ਸਿੰਘ ਵਲੋਂ ਛੋਹੇ ਕਾਰਜ ਦਾ ਅੱਗੇ ਵਿਸਥਾਰ ਕਰਨ ਤੇ ਨਵੀਂ ਚੇਤਨਤਾ ਨੂੰ ਜਗਾਉਣ ਦਾ ਲੱਕ ਬੰਨ੍ਹ ਕੇ ਯਤਨ ਕਰ ਰਿਹਾ ਹੈ। 20ਵੀਂ ਸਦੀ ਦਾ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ 21ਵੀਂ ਸਦੀ ਦਾ ਉਜਾਗਰ ਹੋ ਰਿਹਾ ਪੂਰਨ ਸਿੰਘ ਯੂ.ਕੇ. ਇਕ ਦੂਜੇ ਦੇ ਪੂਰਕ ਹਨ, ਫ਼ਰਕ ਕੇਵਲ ਇਤਨਾ ਹੈ ਕਿ ਸ. ਗੁਰਬਖ਼ਸ਼ ਸਿੰਘ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਆਦਰਸ਼ਵਾਦੀ ਸੀ ਤੇ ਪੂਰਨ ਸਿੰਘ ਯੂ.ਕੇ. ਵਿਗਿਆਨਕ ਯਥਾਰਥ ਨੂੰ ਪ੍ਰਣਾਇਆ ਹੋਇਆ ਹੈ। ਭਾਵੇਂ ਇਹ ਦੋਵੇਂ ਲੇਖਕ ਪੰਜਾਬੀ ਸਮਾਜ ਵਿਚ ਨਵੀਂ ਚੇਤਨਤਾ ਦਾ ਸੰਚਾਰ ਕਰ ਰਹੇ ਹਨ, ਪਰ ਇਹ ਮੂਲ ਰੂਪ ਵਿਚ ਕ੍ਰਾਂਤੀਕਾਰੀ ਨਹੀਂ ਸੁਧਾਰਵਾਦੀ ਲੇਖਕ ਹਨ। ਇਹ ਸਹਿਜੇ-ਸਹਿਜੇ ਆਪਣੇ ਨਵੀਨ ਵਿਚਾਰਾਂ ਰਾਹੀਂ ਪੰਜਾਬ ਦੀ ਜਨਤਾ ਨੂੰ ਜਾਗਰੂਕ ਕਰ ਕੇ ਵਰਤਮਾਨ ਸਮਾਜ ਵਿਚ ਸੁਖੜ ਖੜ ਸਕਣ ਦੀ ਸਮਰੱਥਾ ਵਿਚ ਵਾਧਾ ਕਰ ਰਹੇ ਹਨ। ਦੋਹਾਂ ਦੇ ਸਮਾਜਿਕ ਕਾਰਨਾਂ ਵਿਚ ਤੇ ਉਦੇਸ਼ਾਂ ਵਿਚ ਪੱਕੀ-ਪੀਢੀ ਸਾਂਝ ਮੌਜੂਦ ਹੈ। ਇਸ ਉਪਰੋਕਤ ਦ੍ਰਿਸ਼ਟੀ ਤੋਂ ਕਿਹਾ ਜਾ ਸਕਦਾ ਹੈ ਕਿ ਪੂਰਨ ਸਿੰਘ ਯੂ. ਕੇ.


Sri Satguru Jagjit Singh Ji eLibrary NamdhariElibrary@gmail.com

ਗੁਰਬਖ਼ਸ਼ ਸਿੰਘ ਦੀ ਸੋਚ ਦਾ ਅਗਲਾ ਪੜਾਅ ਹੈ। ਪਹਿਲਾ ਆਦਰਸ਼ਵਾਦੀ ਹੈ, ਦੂਜਾ ਯਥਾਰਥਵਾਦੀ, ਪਰ ਦੋਹਾਂ ਦੀ ਵਿਚਾਰਧਾਰਾ ਵਿਚ ਕੋਈ ਅੰਤਰ ਪ੍ਰਤੀਤ ਨਹੀਂ ਹੁੰਦਾ।

ਪੂਰਨ ਸਿੰਘ ਦੇ ਪਿਛੋਕੜ ਦੀਆਂ ਜੜ੍ਹਾਂ ਬੜੀਆਂ ਮਜ਼ਬੂਤ ਹਨ। ਇਨ੍ਹਾਂ ਦੇ ਵਡੇਰੇ ਸਾਹਿਤਕ ਸੂਝ ਬੂਝ ਵਿਚ ਨਿਪੁੰਨ ਸਨ। ਗੁਰਦਾਸਪੁਰ ਸ਼ਹਿਰ ਦੇ ਨਾਲ ਹੀ ਕੁਝ ਡੇਢ ਕੁ ਮੀਲ ਦੀ ਵਿੱਥ ਤੇ ਪਿੰਡ ਝਾਵਰ (ਝੌਰ) ਵਾਕਿਆ ਹੈ, ਜਿਥੋਂ ਦੇ ਸ. ਮਾਨ ਸਿੰਘ ਗੁਰਬਾਣੀ ਦੇ ਪ੍ਰਸਿਧ ਕਥਾਵਾਚਕ ਸਨ। ਉਨ੍ਹਾਂ ਕੋਲ ਉਚ-ਕੋਟੀ ਦੀ ਸੁਭਾਸ਼ਣੀ ਸ਼ਕਤੀ ਵੀ ਸੀ। ਗੁਰਬਾਣੀ ਦੇ ਕਥਾਵਾਚਕਾਂ ਵਿਚ ਮਾਨ ਸਿੰਘ ਨੇ ਸੰਤ ਸਿੰਘ ਮਸਕੀਨ ਵਰਗੇ ਉਚ ਕੋਟੀ ਦੇ ਕਥਾਕਾਰ ਨੂੰ ਆਪਣੇ ਸ਼ਿਸ਼ ਵਜੋਂ ਨਿਵਾਜਿਆ ਅਤੇ ਆਪਣੇ ਸਪੁੱਤਰ ਦੇ ਰੂਪ ਵਿਚ ਪੂਰਨ ਸਿੰਘ ਯੂ.ਕੇ. ਨੂੰ ਆਧੁਨਿਕ ਚਿੰਤਕ ਅਤੇ ਸ਼੍ਰੋਮਣੀ ਗੱਦਕਾਰ ਵਜੋਂ ਪੰਜਾਬੀ ਸਾਹਿਤ ਨੂੰ ਅਨਮੋਲ ਹੀਰਾ ਬਖ਼ਸ਼ਿਆ। ਪੂਰਨ ਸਿੰਘ ਦਾ ਜਨਮ 19 ਮਾਰਚ, 1927 ਨੂੰ ਪਿਤਾ ਸ. ਮਾਨ ਸਿੰਘ ਤੇ ਮਾਤਾ ਈਸ਼ਰ ਕੌਰ ਦੇ ਗ੍ਰਹਿ ਵਿਖੇ ਹੋਇਆ। ਉਸ ਨੇ ਆਪਣੇ ਸਕੂਲ ਦੀ ਦਸਵੀਂ ਤੱਕ ਦੀ ਪੜ੍ਹਾਈ ਖ਼ਾਲਸਾ ਸਕੂਲ, ਗੁਰਦਾਸਪੁਰ ਤੋਂ ਕੀਤੀ। ਇਸ ਪਿਛੋਂ ਉਸ ਨੇ ਨਿਜੀ ਯਤਨਾਂ ਰਾਹੀਂ ਐਮ.ਏ., ਬੀ.ਟੀ. ਤੱਕ ਆਪਣੀ ਪੜ੍ਹਾਈ ਨੂੰ ਮੁਕੰਮਲ ਕੀਤਾ। ਕੁਝ ਵਰ੍ਹੇ ਭਾਰਤੀ ਸੈਨਾ ਵਿਚ ਮੁਲਾਜ਼ਮ ਰਹੇ ਅਤੇ ਫਿਰ ਅਧਿਆਪਕ ਦੇ ਤੌਰ ਤੇ ਪ੍ਰਾਇਮਰੀ ਦੇ ਅਧਿਆਪਕ ਰਹੇ। ਫੇਰ ਸਰਕਾਰੀ ਕਰਮਚਾਰੀਆਂ ਨੂੰ ਪੰਜਾਬੀ ਪੜ੍ਹਾਉਣ ਦੀ ਸੇਵਾ ਨੂੰ ਨਿਭਾਇਆ ਤੇ 1965 ਵਿਚ ਪੂਰਨ ਸਿੰਘ ਯੂ. ਕੇ. ਦਾ ਪੱਕਾ ਨਿਵਾਸੀ ਬਣ ਗਿਆ ਜਿਥੋਂ ਉਸ ਦੇ ਜੀਵਨ ਦਾ ਨਵਾਂ ਪੜਾਅ ਆਰੰਭ ਹੁੰਦਾ ਹੈ।

ਪੰਜਾਬੀ ਸਾਹਿਤਕਾਰ ਵਜੋਂ ਉਸਦੀ ਦੇਣ ਵੀ ਕੁਝ ਘੱਟ ਮਹੱਤਤਾ ਵਾਲੀ ਨਹੀਂ। ਉਹ ਆਕਾਰ ਤੇ ਮਿਆਰ ਦੇ ਪੱਖ ਤੋਂ ਪਕੇਰੀ ਤੇ ਨਵੀਨ ਸੋਚ ਨੂੰ ਜਗਾਉਣ ਵਾਲੀ ਹੈ। ਉਸਨੇ ਪੰਜਾਬੀ ਸਾਹਿਤ ਨੂੰ ਅੱਧੀ ਦਰਜਨ ਤੋਂ ਵਧੀਕ ਪੁਸਤਕਾਂ ਦਿਤੀਆਂ ਹਨ ਜੋ ਆਪਣੇ ਵਿਸ਼ੇ-ਵਸਤੂ ਦੀ ਪਰਪੱਕਤਾ ਅਤੇ ਨਵੇਕਲੀ ਬੌਧਿਕ ਤੇ ਤਰਕਸ਼ੀਲ ਸਰੂਪ ਦੀ ਧਾਰਨੀ ਹੈ। ਉਸ ਦੀ ਨਵੀਨ ਪੁਸਤਕ 'ਪਰਲੋਕ ਦਾ ਭਰਮ' 250 ਪੰਨਿਆਂ ਤੱਕ ਫੈਲੀ ਹੋਈ ਹੈ। ਇਸ ਪੁਸਤਕ ਵਿਚ ਉਸ ਨੇ ਅਨੇਕ ਵਿਸ਼ਿਆਂ ਨੂੰ ਛੁਹਿਆ ਹੈ ਜਿਨ੍ਹਾਂ ਵਿਚ ਕੁਝ ਇਕ ਦੇ ਨਾਂ ਹਨ: ਅਗਿਆਨ, ਭੁਲੇਖਾ ਤੇ ਭਰਮ, ਪਰਮਾਤਮਾ ਦਾ ਜਨਮ ਤੇ ਵਿਕਾਸ, ਅੰਧ ਵਿਸ਼ਵਾਸ, ਆਸਤਕਤਾ-ਨਾਸਤਕਤਾ, ਆਤਮਾ ਦੀ ਸ਼ਾਂਤੀ, ਮਜ਼ਹਬਾਂ ਦੀ ਏਕਤਾ, ਗੁਰੂ ਦੀ ਲੋੜ ਆਦਿ। ਇਨ੍ਹਾਂ ਸਭ ਵਿਸ਼ਿਆਂ ਨੂੰ ਉਸ ਨੇ ਆਪਣੇ ਨਵੇਕਲੇ ਨਵ-ਵਿਗਿਆਨਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕੀਤਾ ਹੈ। ਆਪਣੇ ਨਿਬੰਧਾਂ ਦੇ ਵਖ-ਵਖ ਵਿਸ਼ਿਆਂ ਦੁਆਰਾ ਉਸਨੇ ਸਮਾਜ ਨੂੰ ਨਵੀਂ ਵਿਗਿਆਨਕ ਚੇਤਨਤਾ ਦੁਆਰਾ ਵਿਅਕਤੀ ਤੇ ਸਮਾਜ ਨੂੰ ਯੁਗ-ਅਨੁਕੂਲ ਬਦਲਣ ਦਾ ਸਾਰਥਕ ਯਤਨ ਕੀਤਾ ਹੈ। ਉਸ ਨੂੰ ਪੰਜਾਬੀ ਸਾਹਿਤ ਵਿਚ ਉਚਕੋਟੀ ਦੇ ਸਮਾਜਿਕ ਚਿੰਤਕ ਤੇ ਦਰਸ਼ਨਵੇਤਾ ਵਜੋਂ ਜਾਣਿਆ ਜਾਵੇਗਾ। ਉਸ ਨੇ ਆਪਣੇ ਸਾਹਿਤਕ ਨਿਬੰਧਾਂ ਦੁਆਰਾ ਪੰਜਾਬੀ ਸਮਾਜ ਵਿਚ ਨਵੀਂ ਚੇਤਨਤਾ ਦਾ ਸੰਚਾਰ ਕਰਨ ਦਾ ਸਫਲ ਯਤਨ ਕੀਤਾ



Sri Satguru Jagjit Singh Ji eLibrary NamdhariElibrary@gmail.com

ਹੈ। ਉਸ ਨੇ ਪੱਛਮੀ ਵਿਗਿਆਨਕ ਸੋਚ ਨੂੰ ਘੋਖਿਆ ਪਰਖਿਆ ਹੈ ਅਤੇ ਪੰਜਾਬ ਦੇ ਸਮਾਜਿਕ ਜੀਵਨ ਵਿਚ ਵੀ ਨਵੀਂ ਤਬਦੀਲੀ ਲਿਆਉਣ ਦਾ ਸਾਹਸਵਾਨ ਉਪਰਾਲਾ ਕੀਤਾ ਹੈ। ਸਾਧਾਰਨ ਪਾਠਕ ਲਈ ਪੂਰਨ ਸਿੰਘ ਥੋੜ੍ਹਾ ਬੋਝਲ ਤੇ ਕਠਿਨ ਹੈ ਪਰ ਸੁਚੇਤ ਪਾਠਕ ਨੂੰ ਉਹ ਸੋਚ ਜਗਾਉ ਤੇ ਗਤੀਸ਼ੀਲ ਹਲੂਣਾ ਦੇ ਜਾਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ 21ਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਉਸ ਦਾ ਵਿਸ਼ੇਸ਼ ਤੇ ਗੌਰਵਸ਼ੀਲ ਸਥਾਨ ਹੈ। ਇਕ ਸਾਹਿਤਕਾਰ ਦੇ ਤੌਰ ਤੇ ਉਸ ਨੂੰ ਪੰਜਾਬੀ ਦੇ ਨਵੀਨ ਸਾਹਿਤਕਾਰ ਅਰਥਾਤ ਗੱਦਕਾਰ ਤੇ ਨਿਬੰਧ ਲੇਖਕ ਵਜੋਂ ਸਥਾਈ ਰੂਪ ਵਿਚ ਜਾਣਿਆ ਜਾਵੇਗਾ। ਮੈਂ ਪੂਰਨ ਸਿੰਘ ਯੂ. ਕੇ. ਦੀਆਂ ਰਚਨਾਵਾਂ ਦਾ ਨਿੱਘਾ ਸਵਾਗਤ ਕਰਦਾ ਹਾਂ ਅਤੇ ਮੈਨੂੰ ਆਸ ਹੈ ਕਿ ਭਵਿੱਖ ਵਿਚ ਉਸ ਦਾ ਪੰਜਾਬੀ ਦੇ ਆਧੁਨਿਕਤਮ ਸਾਹਿਤਕਾਰ ਵਜੋਂ ਦਿਨੋ-ਦਿਨ ਸਤਿਕਾਰ ਵੱਧਦਾ ਹੀ ਜਾਵੇਗਾ।

ਕ.ਸ.ਕਸੇਲ

17.10.2015



Sri Satguru Jagjit Singh Ji eLibrary NamdhariElibrary@gmail.com

# ਗੁਰਮਤਿ-ਚਿੰਤਨਧਾਰਾ ਦੇ ਵਿਕਾਸ ਵਿਚ ਪ੍ਰੋ. ਪੂਰਨ ਸਿੰਘ ਦਾ ਯੋਗਦਾਨ

(ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਆਯੋਜਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸਵ ਮਿਤੀ 13.09.1996 ਦੇ ਸ਼ੁਭ ਅਵਸਰ ਲਈ ਲਿਖਿਆ ਗਿਆ ਵਿਚਾਰ-ਗੋਸ਼ਟੀ ਪੱਤਰ)

ਗਉੜੀ ਗੁਆਰੇਰੀ ਮਹਲਾ ੫
ਹਮ ਧਨਵੰਤ ਭਾਗਠ ਸਚਨਾਇ॥
ਹਰਿਗੁਣ ਗਾਵਹ ਸਹਿਜ ਸੁਭਾਇ॥ ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥
ਕਹੁ ਨਾਨਕ ਜਿਸੁ ਮਸਤਕਿ ਲੇਖ ਲਿਖਾਇ॥
ਸੁ ਏਤੁ ਖਜਾਨੈ ਲਇਆ ਰਚਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 185-86)

ਆਰੰਭਕ ਵਿਚਾਰ:- ਸੰਸਾਰ ਦੇ ਅਧਿਆਤਮਕ ਇਤਿਹਾਸ ਵਿਚ ਭਾਦੋ ਸੁਦੀ ਏਕਮ ਸੰਮਤ 1661 ਬਿ:, 1604 ਈ: ਦਾ ਦਿਨ ਅਤਿ ਦਾ ਸੁਭਾਗਾ ਸੀ, ਕਿਉਂ ਜੋ ਇਸ ਸ਼ੁਭ ਦਿਹਾੜੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਬੀੜ) ਦਾ ਪਾਵਨ ਪ੍ਰਕਾਸ਼ ਸਿਖ ਜਗਤ ਦੇ ਪਰਮ ਪਵਿੱਤਰ ਧਾਮ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਅਤੇ 'ਪੋਥੀ ਨੂੰ ਪਰਮੇਸ਼ਰ' ਦੇ ਸਥਾਨ 'ਤੇ ਸਥਾਪਿਤ ਕੀਤਾ। ਇਹ ਵੀ ਬੜੇ ਸੁਭਾਗ ਦੀ ਗੱਲ ਸੀ ਕਿ ਪੂਰਨ ਬ੍ਰਹਮ-ਗਿਆਨੀ ਸ੍ਰੀ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਪਦਵੀ ਬਖ਼ਸ਼ੀ ਗਈ। ਇਹ ਗੱਲ ਸਰਬ ਵਿੱਦਿਤ ਹੀ ਹੈ ਕਿ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਵਰਗੇ ਆਤਮ ਬਲੀਦਾਨੀ ਵੀ ਇਸ ਮਹਾਨ ਸੇਵਾ ਨੂੰ ਆਪਣੇ ਜੀਵਨ-ਕਾਲ ਵਿਚ ਨਿਭਾ ਕੇ ਉਚਾ ਕੀਰਤੀਮਾਨ ਛੱਡ ਗਏ ਹਨ।

ਪ੍ਰੋ. ਪੂਰਨ ਸਿੰਘ ਜੀ ਦੇ ਸ਼ਬਦਾਂ ਵਿਚ ਸਿਖਾਂ ਲਈ ਜੀਵਨ ਦਾ ਕੇਂਦਰ ਬਿੰਦੂ 'ਗੁਰੂ' ਹੈ। 'ਗੁਰੂ' ਹੀ ਸਿਖ ਜਗਤ ਲਈ ਪ੍ਰਕਾਸ਼ ਦਾ ਉਹ ਬਿੰਦੂ ਹੈ, ਜਿਸ ਦੁਆਲੇ ਸਾਰਾ ਸਿਖ ਜਗਤ ਪ੍ਰਕਰਮਾਂ ਕਰਦਾ ਹੈ। ਵਰਤਮਾਨ ਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਹ ਕੇਂਦਰੀ ਸਥਾਨ ਪ੍ਰਾਪਤ ਹੈ। ਗੁਰਮਤਿ ਦਾ ਸਾਰਾ ਸਾਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਤੇ ਪ੍ਰਕਾਸ਼ ਲੈਂਦਾ



Sri Satguru Jagjit Singh Ji eLibrary NamdhariElibrary@gmail.com

ਹੈ। ਗੁਰੂ ਗ੍ਰੰਥ ਦੀ ਬਾਣੀ ਨੂੰ 'ਧੁਰ ਕੀ ਬਾਣੀ' ਅਰਥਾਤ ਸ਼ਰੁਤੀ-ਸਰੂਪ ਦੀ ਰਚਨਾ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਵਿਚ ਸਾਰੇ ਹੀ 'ਬ੍ਰਹਮ-ਵਿਚਾਰ' ਪ੍ਰਧਾਨ ਵਿਸ਼ਾ ਹੈ। ਗੁਰੂ ਅਰਜਨ ਦੇਵ ਜੀ ਦੇ ਪਾਵਨ ਸ਼ਬਦਾਂ ਵਿਚ ਇਸ ਪਵਿੱਤਰ ਥਾਲ ਵਿਚ ਸਤਿ, ਸੰਤੋਖ, ਤੇ ਵਿਚਾਰ ਭਰਿਆ ਪਿਆ ਹੈ, ਪਰ ਸਭ ਤੋਂ ਸ੍ਰੇਸ਼ਟ ਵਸਤੂ ਪ੍ਰਭੂ-ਪ੍ਰੀਤਮ ਦਾ 'ਅੰਮ੍ਰਿਤ ਨਾਮ' ਹੈ ਜੋ ਗੁਰਮਤਿ ਅਨੁਸਾਰ ਸਮਸਤ ਦਾ ਆਧਾਰ ਹੈ। ਜੋ ਤੰਮ-ਅੰਧਕਾਰ ਨੂੰ ਮੇਟਦਾ ਅਤੇ ਮਨੁੱਖ ਮਾਤਰ ਨੂੰ ਮੁਕਤੀ ਦੇ ਮਾਰਗ ਦੀ ਸੋਝੀ ਕਰਵਾਉਂਦਾ ਹੈ, ਜਿਸ ਨੂੰ ਗੁਰਮਤਿ ਅਨੁਸਾਰ ਜੀਵਨ ਦਾ ਸਰਵਉੱਚ ਲਕਸ਼ (Sumum Bonum) ਸਮਝਿਆ ਜਾਂਦਾ ਹੈ। ਗੁਰਮਤਿ ਦੇ ਸਾਰੇ ਚਿੰਤਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਥਾਂ-ਪੁਰ-ਥਾਂ ਅਨੇਕ ਟਿੱਪਣੀਆਂ ਕੀਤੀਆਂ ਹਨ। ਜਦੋਂ ਸਿੱਖ ਜਨ-ਸਮੂਹ ਅਰਦਾਸ ਵਿਚ ਜੁੜਦਾ ਹੈ ਤਾਂ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ ਖੜ੍ਹ ਕੇ ਬੇਨਤੀ ਕੀਤੀ ਜਾਂਦੀ ਹੈ ਅਤੇ ਜੀਵਨ ਮਾਰਗ ਦੀ ਸੋਝੀ ਲਈ ਅਗਵਾਈ ਤੇ ਹੁਕਮ ਲਈ ਆਗਿਆ ਮੰਗੀ ਜਾਂਦੀ ਹੈ। ਪ੍ਰੋ. ਪੂਰਨ ਸਿੰਘ ਦੇ ਮਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਵੇਦ, ਉਪਨਿਸ਼ਦ ਅਤੇ ਗੀਤਾ ਵਰਗੇ ਪਵਿੱਤਰ ਧਰਮ-ਗ੍ਰੰਥਾਂ ਦਾ ਨਵਾਂ ਵੇਦ ਸੀ ਅਤੇ ਇਸ ਨੂੰ ਜਦੋਂ ਭਾਰਤ ਦਾ ਹਿੰਦੂ-ਸਮਾਜ ਪ੍ਰਵਾਨ ਕਰ ਲਏਗਾ ਤਾਂ ਨਵੀਂ ਅਧਿਆਤਮਿਕ ਜਾਗ੍ਰਤੀ ਦਾ ਆਗਮਨ ਹੋਵੇਗਾ। ਆਪ ਦਾ ਕਥਨ ਹੈ, "ਜੇ ਹਿੰਦੂ ਸਮਾਜ ਨੇ ਆਧੁਨਿਕ ਸੰਸਾਰ ਦੇ ਨਵ-ਨਿਰਮਾਣ ਵਿਚ ਕੁਝ ਯੋਗਦਾਨ ਕਰਨਾ ਹੈ ਤਾਂ ਉਸ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਨਵੇਂ ਵੇਦ, ਨਵੀਂ ਗੀਤਾ ਤੇ ਨਵੇਂ ਉਪਨਿਸ਼ਦਾਂ ਦੇ ਰੂਪ ਵਿਚ ਪ੍ਰਵਾਨ ਕਰਨਾਂ ਹੋਵੇਗਾ।"[1]

'ਪੂਰਬੀ ਕਵਿਤਾ ਦੀ ਆਤਮਾ' ਵਿਚ ਆਪ ਇਸੇ ਵਿਚਾਰ ਦਾ ਵਿਸਥਾਰ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ, "'ਗੁਰੂ ਗ੍ਰੰਥ' ਪੰਜ ਦਰਿਆਵਾਂ ਦੀ ਧਰਤੀ ਵਿਚਕਾਰ ਆਧੁਨਿਕ ਕਵਿਤਾ ਦਾ ਸਦ-ਪ੍ਰਵਾਹ ਅਖੁਟ ਚਸ਼ਮਾ ਹੈ। ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਉਪਨਿਸ਼ਦਾਂ ਦੇ ਸ਼ਬਦਾਂ ਦੇ ਗਾਇਣ ਵਿਚ ਹਜ਼ਾਰਾਂ ਸਾਲਾਂ ਦੀ ਵਿੱਥ ਪੈ ਗਈ ਸੀ, ਜਦੋਂ ਕਿ ਪੁਰਾਤਨ ਕਾਲ ਦੇ ਆਰੀਆ-ਜਨਾਂ ਨੇ ਇਹ ਗੀਤ ਇਥੇ ਪੰਜਾਬ ਦੀ ਧਰਤੀ ਵਿਚ ਗਾਏ ਅਤੇ ਰਚੇ ਸਨ। ਉਨ੍ਹਾਂ ਤੋਂ ਪਿੱਛੋਂ ਕੇਵਲ 400 ਸਾਲ ਪਹਿਲਾਂ ਇਸੇ ਧਰਤੀ ਵਿਚ ਸਿਖ ਗੀਤ ਰਚੇ ਗਏ ਜਿਨ੍ਹਾਂ ਦੀ ਵਿਸ਼ੇਸ਼ ਧੁਨੀ ਤੇ ਮਰਿਆਦਾ ਨੂੰ ਆਦਿ ਗੁਰੂ ਨਾਨਕ ਦੇਵ ਜੀ ਨੇ ਆਪ ਨਿਰਧਾਰਿਤ ਕੀਤਾ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਇਸ ਬਾਣੀ ਦੀ ਪ੍ਰਮੁਖ ਵਿਸ਼ੇਸ਼ਤਾ ਪ੍ਰਭੂ-ਪ੍ਰੀਤਮ ਦੇ ਦਰਸ਼ਨ ਲਈ ਤੀਬਰ ਵਿਲਕਣੀ ਹੈ। ਖਾਲੀ ਤੇ ਸੁੰਨੇ ਮੰਦਰਾਂ ਵਿਚ ਇਸ ਦਾ ਸੰਗੀਤ ਚਾਨਣ ਦੀ ਜੋਤ ਜਗਾ ਦਿੰਦਾ ਹੈ। ਇਸ ਦੇ ਸੰਗੀਤ ਦੀ ਮਧੁਰ ਲੈ ਮੰਦਰ ਦੀਆਂ ਉਨ੍ਹਾਂ ਟੱਲੀਆਂ ਵਰਗੀ ਹੈ, ਜੋ ਤੜਕਸਾਰ ਭਗਤ-ਜਨਾਂ ਨੂੰ ਜਗਾ ਦਿੰਦੀਆਂ ਹਨ। ਇਸ ਦੀ ਸਮਾਧੀ (ਧਿਆਨ) ਨਿਜੀ ਰੂਪ ਦੀ ਹੁੰਦੀ ਹੈ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਪੰਜਾਬ ਦੇ ਭਗਤਾਂ ਤੇ ਰਹੱਸਵਾਦੀਆਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਧੁਨੀਆਂ ਤੇ ਗੀਤਾਂ ਵਿਚ ਹੀਂ ਪੰਜਾਬੀ ਗੀਤ ਗਾਏ ਹਨ।" 2



Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬਾਨ ਵਲੋਂ ਜਗਾਈ ਇਸ ਅਧਿਆਤਮਿਕ ਜੋਤ ਦੇ ਪ੍ਰਕਾਸ਼ ਵਿਚ ਪ੍ਰੋ. ਪੂਰਨ ਸਿੰਘ ਨੇ ਆਪਣੀਆਂ ਅਨੇਕ ਪੰਜਾਬੀ ਤੇ ਅੰਗ੍ਰੇਜ਼ੀ ਰਚਨਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕਈ ਵਡਮੁੱਲੀਆਂ ਟਿੱਪਣੀਆਂ ਕੀਤੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਗੌਰਵਮਈ ਸਥਾਨ, ਇਸ ਦੀ ਪਾਵਨ ਬਾਣੀ ਦੇ ਆਤਮਕ ਸੰਗੀਤ, ਇਸ ਦੀ ਵਿਆਖਿਆ ਸੰਬੰਧੀ ਅਦੁੱਤੀ ਗਿਆਨਮਈ ਤੇ ਅਨੁਭਵੀ-ਬੋਧ ਦੀਆਂ ਨਿਵੇਕਲੀਆਂ ਜੁਗਤਾ ਦੇ ਪ੍ਰਤੀਮਾਨ ਸਥਾਪਿਤ ਕਰ ਦਿਤੇ ਹਨ। ਕੋਈ ਵੀ ਸਿਖ-ਚਿੰਤਕ ਇਸ ਸਚਾਈ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਗੁਰਮਤਿ ਜਾਂ ਸਿਖ-ਚਿੰਤਨ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਦੇ ਕੇਂਦਰ ਬਿੰਦੂ ਨੂੰ ਅੱਖੋਂ ਪਰੋਖੇ ਕਰ ਕੇ ਕੀਤੀ ਜਾ ਸਕਦੀ ਹੈ। ਇਸ ਸੰਬੰਧ ਵਿਚ ਪ੍ਰੋ. ਪੂਰਨ ਸਿੰਘ ਜੀ ਨੇ ਸਿਖ-ਚਿੰਤਨ ਵਿਚ ਵਿਸ਼ਿਸ਼ਟ ਪੱਧਤੀ ਨੂੰ ਨਿਰਧਾਰਿਤ ਕੀਤਾ ਹੈ ਅਤੇ ਇਸ ਵਿਚ ਪ੍ਰਮੁਖ ਆਧਾਰ ਉਨ੍ਹਾਂ ਦਾ ਆਪਣਾ ਗਿਆਨ-ਬੋਧ ਤੇ ਅਨੁਭਵ ਮੁਖ ਸਰੋਤ ਹਨ।

ਗੁਰਮਤਿ ਦੀ ਚਿੰਤਨਧਾਰਾ ਦਾ ਆਰੰਭ ਤੇ ਪਰੰਪਰਾ:- ਗੁਰਮਤਿ ਦੀ ਚਿੰਤਨਧਾਰਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਹੋ ਚੁਕਾ ਸੀ।

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਆਪ ਇਕ ਰੱਬੀ-ਗੀਤ ਵਾਂਗ ਅਰਸ਼ਾਂ ਤੋਂ ਉਤਰੇ ਅਤੇ ਇਸ ਧਰਤੀ ਦੀ ਪਾਵਨ ਛੂਹ ਨੂੰ ਅਨੁਭਵ ਕਰ ਦਿਆਂ ਤੇ ਨੀਲੇ ਗਗਨਾਂ ਦੀ ਵਿਸ਼ਾਲਤਾ ਨੂੰ ਤੱਕਦਿਆਂ ਹੀ ਆਪਣਾ ਮਹਾਨ ਸੰਗੀਤ ਅਲਾਪਣਾ ਆਰੰਭ ਕਰ ਦਿਤਾ।" ਇਸ ਤੋਂ ਬਾਣੀ ਦਾ ਅਖੁਟ ਪ੍ਰਵਾਹ ਚਲ ਪਿਆ ਤੇ ਸੋਲ੍ਹਵੀਂ ਸਦੀ ਅਰਥਾਤ ਭਾਈ ਗੁਰਦਾਸ ਦੇ ਸਮੇਂ ਤਕ ਬਾਬੇ ਦੀ ਬਾਣੀ ਨੂੰ ਘਰ ਘਰ ਅੰਦਰ ਗਾਇਆ ਜਾਣ ਲਗਾ। 'ਘਰ ਘਰ ਬਾਬਾ ਗਾਵੀਏ, ਵਜਨ ਤਾਲ ਮਰਦੰਗ ਰਬਾਬਾਂ।' ਗੁਰਬਾਣੀ ਦੇ ਇਸੇ ਸੌਦਰੀ ਸੰਗੀਤ ਨੂੰ ਪ੍ਰੋ. ਪੂਰਨ ਸਿੰਘ ਵਲੋਂ ਆਤਮਾ ਦੇ ਸੰਗੀਤ ਦੀ ਸੰਗਿਆ ਦਿਤੀ ਗਈ ਹੈ। ਇਹ ਸੰਗੀਤ ਗੁਰਬਾਣੀ ਦਾ ਅਨਿੱਖੜ ਅੰਗ ਹੈ ਅਤੇ ਕਈ ਵਾਰ ਤਾਂ ਇਹ ਸੁਰ ਤੇ ਤਾਲ ਦੇ ਮਾਧਿਅਮ ਦੁਆਰਾ ਬਾਣੀ ਦੇ ਸ਼ਬਦ ਦੇ ਭਾਵ ਵਿਸਥਾਰ ਨੂੰ ਨਿਰ ਅੱਖਰ ਸਰੋਤਿਆਂ ਦੇ ਸਨਮੁਖ ਇਸ ਤਰ੍ਹਾਂ ਸਾਖਿਆਤ ਕਰ ਦਿੰਦਾ ਹੈ ਕਿ ਉਹ ਇਸ ਦੇ ਅੰਤਰੀਵ ਤਾਲਾਂ ਵਿਚ ਸੁਰਬਧ ਹੋ ਕੇ ਆਤਮਕ ਆਨੰਦ ਦੇ ਹੁਲਾਰੇ ਮਾਣਦੇ ਹਨ। ਦੂਜੇ ਬੰਨੇ ਇਸ ਦਾ ਗਿਆਨ-ਬੋਧ ਪ੍ਰਭੂ-ਦਰਸ਼ਨ ਦੀ ਸਿੱਕ ਨੂੰ ਉਪਜਾਂਦਾ ਹੋਇਆ ਜਗਿਆਸੂਆਂ ਦੇ ਮਨਾਂ ਵਿਚ ਉਚ ਬ੍ਰਹਮ-ਗਿਆਨ ਦੇ ਅਧਿਆਤਮਕ ਪ੍ਰਕਾਸ਼ ਦੀ ਸੋਝੀ ਕਰਵਾਉਂਦਾ ਹੈ। ਗੁਰਬਾਣੀ ਵਿਚ ਭਾਵ ਤੇ ਬੁਧੀ ਇਕ ਸੁਰ ਹੋ ਕੇ ਦਿਬ-ਦ੍ਰਿਸ਼ਟੀ ਨੂੰ ਜਗਾਉਂਦੇ ਤੇ ਅਗਮ-ਅਗੋਚਰ ਦੀ ਅਕੱਥ ਕਥਾ ਦੇ ਰਹੱਸ ਨੂੰ ਖੋਲ੍ਹਦੇ ਹਨ। ਗੁਰਮਤਿ ਦੀ ਵਿਚਾਰਧਾਰਾ ਇਕ ਸੰਗਠਨਾਤਮਕ ਤੇ ਏਕਾਤਮਕ ਵਿਚਾਰ ਪਧਤੀ ਹੈ ਅਤੇ ਇਸ ਸੰਬੰਧ ਵਿਚ ਸਾਰੇ ਗੁਰੂ ਸਾਹਿਬਾਨ ਸਚੇਤ ਸਨ। ਇਸੇ ਕਾਰਨ ਗੁਰਮਤਿ ਦੀ ਚਿੰਤਨਧਾਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨਾਲ ਹੀ ਹੋ ਜਾਂਦਾ ਹੈ। 'ਆਸਾ ਦੀ ਵਾਰ' ਵਿਚ ਕੁਝ ਮਤਾਂ-ਮਤਾਂਤਰਾਂ ਦੀਆਂ ਧਾਰਨਾਵਾਂ ਤੇ ਕਰਮ ਸੰਸਕਾਰਾਂ ਆਦਿ ਦਾ ਖੰਡਨ ਅਤੇ ਕੁਝ ਪੁਰਾਤਨ ਪਰੰਪਰਾਵਾਂ ਦੀ ਨਵ-ਵਿਆਖਿਆ ਆਦਿ



Sri Satguru Jagjit Singh Ji eLibrary NamdhariElibrary@gmail.com

ਇਸ ਦੇ ਪ੍ਰਜਵਲਿਤ ਉਦਾਹਰਨ ਹਨ। ਸਭ ਤੋਂ ਵਧੇਰੇ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਬਾਣੀ 'ਸਿਧ-ਗੋਸ਼ਟਿ' ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਅਰੂੜ ਸ੍ਵੈ-ਚਿੰਤਨ ਵਿਚ ਹੀ ਗੁਰਮਤਿ ਦੀ ਚਿੰਤਨਧਾਰਾ ਦਾ ਆਰੰਭ ਹੋ ਚੁਕਾ ਸੀ। ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ ਬਾਣੀਆਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ। ਭਾਈ ਗੁਰਦਾਸ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਵੀ ਗੁਰਮਤਿ ਚਿੰਤਨ ਦਾ ਦੂਜੀਆਂ ਚਿੰਤਨ ਪਧਤੀਆਂ ਨਾਲ ਸੰਬਾਦ ਰਚਾਇਆ ਗਿਆ ਹੈ ਅਤੇ ਗੁਰਮਤਿ ਦੇ ਸਿਧਾਤਾਂ ਦੀ ਪੁਸ਼ਟੀ ਦੇ ਸਥਾਈ ਪ੍ਰਮਾਣ ਸਥਾਪਿਤ ਕੀਤੇ ਗਏ ਹਨ।

ਗੁਰੂ ਸਾਹਿਬਾਨ ਤੋਂ ਬਿਨਾਂ ਮੱਧ ਕਾਲ ਵਿਚ ਗੁਰਮਤਿ ਦੀ ਵਿਆਖਿਆ ਲਈ ਗੁਰਬਾਣੀ ਨੂੰ ਮੁਖ-ਸਰੋਤ ਬਣਾ ਕੇ ਗੁਰਬਾਣੀ ਦੀਆਂ ਕਈ ਵਿਆਖਿਆ ਪਧਤੀਆਂ ਜਾਂ ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਉਦਾਸੀ ਸੰਪ੍ਰਦਾਇ, ਨਿਰਮਲਾ ਸੰਪ੍ਰਦਾਇ, ਸੇਵਾ ਪੰਥੀ ਸੰਪ੍ਰਦਾਇ ਅਤੇ ਗਿਆਨੀ ਸੰਪ੍ਰਦਾਇ ਆਦਿ ਸੰਸਥਾਵਾਂ ਦੇ ਰੂਪ ਵਿਚ ਗੁਰਮਤਿ ਦੀ ਵਿਆਖਿਆ ਭਿੰਨ-ਭਿੰਨ ਦ੍ਰਿਸ਼ਟੀਕੋਣਾਂ ਤੋਂ.ਕਰਦੀਆਂ ਰਹੀਆਂ ਹਨ।

ਆਧੁਨਿਕ ਕਾਲ ਦੇ ਆਗਮਨ ਨਾਲ ਪੱਛਮੀ ਵਿਦਵਾਨਾਂ ਦੇ ਇਸ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਵਿਗਿਆਨਕ ਤੇ ਤਰਕਸ਼ੀਲ ਆਧਾਰਾ ਉਤੇ ਗੁਰਬਾਣੀ ਦੀ ਅੰਤਰਮੁਖੀ (Subjective) ਜਾਂ ਸੰਪਰਦਾਈ ਵਿਆਖਿਆ ਦੀ ਤੁਲਨਾ ਵਿਚ ਵਧੇਰੇ ਬਾਹਰਮੁਖੀ ਤੇ ਵਸਤੂਗਤ ਪਖਾਂ ਉਤੇ ਵਧੇਰੇ ਜ਼ੋਰ ਦਿਤਾ ਗਿਆ। ਵੀਹਵੀਂ ਸਦੀ ਦੇ ਪ੍ਰਮੁਖ ਗੁਰਮਤਿ ਅਚਾਰੀਆਂ ਤੇ ਪਧਤੀਆਂ ਬਾਰੇ ਚਰਚਾ ਕਰਨ ਦੀ ਬਹੁਤੀ ਲੋੜ ਇਸ ਕਰਕੇ ਪ੍ਰਤੀਤ ਨਹੀਂ ਹੁੰਦੀ ਕਿਉਂਜੋ ਵਰਤਮਾਨ ਕਾਲ ਦਾ ਅਕਾਦਮਿਕ ਜਗਤ ਇਨ੍ਹਾਂ ਤੋਂ ਭਲੀ ਪ੍ਰਕਾਰ ਜਾਣੂ ਹੈ। ਫਿਰ ਵੀ ਇਥੇ ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਭਾਈ ਰਣਧੀਰ ਸਿੰਘ, ਭਾਈ ਜੋਧ ਸਿੰਘ, ਡਾ. ਸ਼ੇਰ ਸਿੰਘ ਤੇ ਪੱਛਮੀ ਵਿਦਵਾਨਾਂ ਵਿਚੋਂ ਐਮ.ਆਰ. ਮੈਕਾਲਿਫ਼ ਤੇ ਟਰੰਪ ਆਦਿ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਹੀ ਗੁਰਬਾਣੀ ਦਾ ਨਿਵੇਕਲਾ ਵਿਆਖਿਆਕਾਰ ਤੇ ਪਰਵਕਤਾ ਪ੍ਰੋ. ਪੂਰਨ ਸਿੰਘ (1881-1931) ਆਉਂਦਾ ਹੈ, ਜਿਸ ਨੇ ਆਪਣੀ ਵਿਰਾਟ ਪ੍ਰਤਿਭਾ ਦੁਆਰਾ ਗੁਰਮਤਿ ਦੀ ਵਿਆਖਿਆ ਵਿਚ ਆਪਣੀ ਇਕ ਨਿਵੇਕਲੀ ਚਿੰਤਨਧਾਰਾ ਜਾਂ ਪਧਤੀ ਨੂੰ ਸਥਾਪਿਤ ਕੀਤਾ ਹੈ। ਪ੍ਰੋ. ਪੂਰਨਸਿੰਘ ਦੀ ਇਹ ਸਿਖ-ਚਿੰਤਨ ਪਧਤੀ ਗੁਰਮਤਿ ਦੀ ਤੱਥਗਤ ਵਿਆਖਿਆ ਦੀ ਤੁਲਨਾ ਵਿਚ ਵਧੇਰੇ ਤਾਤ੍ਵਕ ਪੱਖਾਂ ਨੂੰ ਅਪਣਾਉਂਦੀ ਅਤੇ ਇਸ ਦੇ ਗੁਹਜਮਈ ਰਹੱਸਾਂ ਨੂੰ ਖੋਲ੍ਹਦੀ ਹੈ। ਗੁਰਮਤਿ ਤੇ ਸਿਖ-ਚਿੰਤਨ ਦੀ ਵਿਆਖਿਆ ਆਤਮ ਤਲ ਦੇ ਸੂਖਮ ਬਿੰਦੂ ਉਤੇ ਅਨੁਭਵੀ ਦ੍ਰਿਸ਼ਟੀ ਤੋਂ ਕਰਕੇ ਪ੍ਰੋ. ਪੂਰਨ ਸਿੰਘ ਨੇ ਗੁਰਮਤਿ ਦੀ ਵਿਆਖਿਆ ਨੂੰ ਨਵੀਆਂ ਹਿਮ-ਸਿਖਰਾਂ ਅਤੇ ਦਿਸਹੱਦੇ ਪ੍ਰਦਾਨ ਕੀਤੇ ਹਨ। ਇਸ ਲਈ ਇਥੇ ਇਸ ਨਿਆਰੀ ਗੁਰਮਤਿ ਦੀ ਚਿੰਤਨਧਾਰਾ ਦੀ ਪਧਤੀ ਬਾਰੇ ਸਾਰਥਿਕ ਵਿਚਾਰ ਕਰਨਾ ਬੜਾ ਉਚਿਤ ਪ੍ਰਤੀਤ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਪ੍ਰੋ. ਪੂਰਨ ਸਿੰਘ ਦੀ ਵਿਰਾਟ ਪ੍ਰਤਿਭਾ:- ਵੀਹਵੀਂ ਸਦੀ ਦੇ ਅਧਿਆਤਮਕ ਚਿੰਤਕਾਂ ਵਿਚ ਪ੍ਰੋ. ਪੂਰਨ ਸਿੰਘ ਦਾ ਸਥਾਨ ਉਨ੍ਹਾਂ ਮਹਾਨ ਵਿਭੂਤੀਆਂ, ਚਿੰਤਕਾਂ, ਕਵੀਆਂ ਤੇ ਸਾਹਿਤਕਾਰਾਂ ਵਿਚ ਹੈ, ਜਿਨ੍ਹਾਂ ਨੇ ਭਾਰਤ ਦੇ ਰਾਸ਼ਟਰੀ ਪੁਨਰ-ਜਾਗ੍ਰਿਤੀ ਅੰਦੋਲਨ ਦੇ ਅੰਤਰਗਤ ਭਾਰਤੀ ਸੰਸਕ੍ਰਿਤੀ ਤੇ ਚਿੰਤਨ ਦੇ ਗੌਰਵ ਨੂੰ ਅੰਤਰ-ਰਾਸ਼ਟਰੀ ਆਯਾਮ ਪ੍ਰਦਾਨ ਕੀਤੇ ਹਨ। 1893 ਦਾ ਅਮਰੀਕਾ ਵਿਚ ਹੋਇਆ ਸ਼ਿਕਾਗੋ ਦਾ ਵਿਸ਼ਵ ਧਰਮ ਸੰਮੇਲਨ ਅਤੇ ਇਸ ਵਿਚ ਸੁਆਮੀ ਵਿਵੇਕਾਨੰਦ ਜੀ ਦਾ ਭਾਰਤ ਦੇ ਅਧਿਆਤਮਕਵੇਤਾ ਵਜੋਂ ਸੰਮਿਲਤ ਹੋਣਾ ਭਾਰਤ ਵਿਚ ਅਧਿਆਤਮਕ-ਚਿੰਤਨ ਤੇ ਧਾਰਮਿਕ-ਜਾਗ੍ਰਿਤੀ ਦਾ ਨਵਾਂ ਸ੍ਰੀ ਗਣੇਸ਼ ਸੀ। ਇਹ ਉਹ ਸਮਾਂ ਹੈ, ਜਦੋਂ ਅਤੀਤ, ਵਰਤਮਾਨ ਤੇ ਭਵਿੱਖ ਇਕ-ਦੂਜੇ ਦੇ ਸਮੀਪ ਆ ਰਹੇ ਸਨ। ਪੱਛਮ ਅਤੇ ਪੂਰਬ ਦੀ ਵਿੱਥ ਮਿਟ ਰਹੀ ਸੀ ਅਤੇ ਪਦਾਰਥਵਾਦੀ ਪੱਛਮੀ ਸਭਿਅਤਾ ਦੇ ਉਦਯੋਗਿਕ ਤੇ ਸਾਂਸਕ੍ਰਿਤਕ ਆਕ੍ਰਮਣ ਦਾ ਟਾਕਰਾ ਕਰਨ ਲਈ ਭਾਰਤੀ ਇਤਿਹਾਸ ਤੇ ਸੰਸਕ੍ਰਿਤੀ ਦਾ ਪੁਨਰ-ਅਵਲੋਕਨ ਕਰਕੇ ਇਸ ਦੇ ਗੌਰਵਮਈ ਪੂਰਬੀ ਪੱਖਾਂ ਨੂੰ ਪੱਛਮ ਦੀ ਵਿਵੇਕਸ਼ੀਲ ਉਕਤੀ ਦੁਆਰਾ ਵਿਸ਼ਵਵਿਆਪੀ ਰੂਪ ਦਿਤਾ ਜਾ ਰਿਹਾ ਸੀ। ਸੁਆਮੀ ਵਿਵੇਕਾਨੰਦ, ਸੁਆਮੀ ਰਾਮ ਤੀਰਥ, ਗੁਰੂਦੇਵ ਰਵਿੰਦਰ ਨਾਥ ਟੈਗੋਰ, ਸ੍ਰੀ ਅਰਬਿੰਦੂ ਘੋਸ਼, ਡਾ. ਮੁਹੰਮਦ ਇਕਬਾਲ ਅਤੇ ਪ੍ਰੋ. ਪੂਰਨ ਸਿੰਘ ਇਸੇ ਅਧਿਆਤਮਕ ਮਹਾਂ-ਮੰਡਲ ਤੇ ਭਾਰਤੀ ਸਾਹਿਤਿਕ ਤਾਰਾ-ਮੰਡਲ ਦੇ ਚਮਕਦੇ ਸਿਤਾਰੇ ਹਨ। ਇਨ੍ਹਾਂ ਵਿਚੋਂ ਹੀ ਮਹਾਤਮਾ ਗਾਂਧੀ, ਡਾ. ਰਾਧਾ ਕ੍ਰਿਸ਼ਨਨ, ਮਹਾਂ-ਰਿਸ਼ੀ ਰਮਨ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਵਰਗੇ ਚਿੰਤਕ, ਲੇਖਕ ਤੇ ਰਾਜਸੀ ਨੇਤਾ ਆ ਜਾਂਦੇ ਹਨ। ਜਿਨ੍ਹਾਂ ਨੇ ਭਾਰਤੀ ਚਿੰਤਨਧਾਰਾ ਨੂੰ ਨਵੇਂ ਕੋਣ ਪ੍ਰਦਾਨ ਕਰਕੇ ਇਸ ਦੇ ਯਥਾਰਥ ਸਰੂਪ ਨੂੰ ਸਥਾਈ ਵਿਸਵ-ਵਿਆਪੀ ਆਕਾਰ ਪ੍ਰਦਾਨ ਕੀਤਾ ਹੈ।

ਪ੍ਰੋ. ਪੂਰਨ ਸਿੰਘ ਦਾ ਸਥਾਨ ਨਿਸ਼ਚੇ ਹੀ ਭਾਰਤੀ ਚਿੰਤਕਾਂ ਦੇ ਇਸ ਮਹਾਂ-ਮੰਡਲ ਵਿਚ ਹੈ।

ਆਪਣੇ ਆਰੰਭਕ ਜੀਵਨ ਵਿਚ ਪ੍ਰੋ. ਪੂਰਨ ਸਿੰਘ ਸੁਆਮੀ ਰਾਮ ਤੀਰਥ ਜੀ ਤੋਂ ਪ੍ਰਭਾਵਿਤ ਹੋਏ। ਉਨ੍ਹਾਂ ਦੇ ਵੇਦਾਂਤ-ਦਰਸ਼ਨ ਦੇ ਪ੍ਰਮੁਖ ਸ਼ਿਸ਼ ਐਲਾਨੇ ਗਏ। ਸੁਆਮੀ ਰਾਮ ਤੀਰਥ, ਸੁਆਮੀ ਵਿਵੇਕਾਨੰਦ ਦੀ ਲਾਹੌਰ ਫੇਰੀ ਸਮੇਂ ਉਨ੍ਹਾਂ ਤੋਂ ਇਤਨੇ ਪ੍ਰਭਾਵਿਤ ਹੋਏ ਸਨ ਕਿ ਆਪ ਨੇ ਸੰਨਿਆਸੀ ਜੀਵਨ ਨੂੰ ਅਪਣਾ ਲਿਆ ਅਤੇ ਤਪੋਬਨ ਦੇ ਪ੍ਰਭੂ ਅਨੁਭਵ ਦੁਆਰਾ ਵੇਦਾਂਤ-ਦਰਸ਼ਨ ਦੀਆਂ ਨਵੀਆਂ ਵਿਵਹਾਰਿਕ ਜੁਗਤਾਂ ਦੀ ਸੋਝੀ ਕਰਵਾਈ।

ਪ੍ਰੋ. ਪੂਰਨ ਸਿੰਘ ਦੀ ਵਿਰਾਟ ਪ੍ਰਤਿਭਾ ਤੋਂ ਜਾਣੂ ਹੋਣ ਲਈ ਉਨ੍ਹਾਂ ਦੇ ਅਦੁਤੀ ਵਿਅਕਤਿਤਵ ਵਿਚ ਜੋ ਅਸਧਾਰਨ ਰੂਪ ਦੀ ਸੰਵੇਦਨਸ਼ੀਲਤਾ, ਗ੍ਰਹਿਣਸ਼ੀਲਤਾ ਤੇ ਨਵੇਂ ਸਮੀਕਰਨ ਦੀ ਕੁਦਰਤੀ ਪ੍ਰਵਿਰਤੀ ਮੌਜੂਦ ਸੀ, ਉਸ ਨੇ ਆਪ ਦੀ ਪ੍ਰਤਿਭਾ ਨੂੰ ਨਵਾਂ ਨਿਖਾਰ ਪ੍ਰਦਾਨ ਕੀਤਾ। ਉਨ੍ਹਾਂ ਦੀ ਪ੍ਰਤਿਭਾ ਤੋਂ ਜਾਣੂ ਹੋਣ ਲਈ ਤਦੋਕੇ ਭਾਰਤ ਦੇ ਸਰਹੱਦੀ ਪ੍ਰਾਂਤ (N.W.F.PA) ਦੇ ਪ੍ਰਾਕ੍ਰਿਤਿਕ ਤੇ ਸਾਂਸਕ੍ਰਿਤਿਕ ਵਾਤਾਵਰਨ, ਰਾਵਲਪਿੰਡੀ ਅਤੇ ਲਾਹੌਰ ਨਿਵਾਸ ਸਮੇਂ, ਮੱਧਸ਼੍ਰੇਣੀ



Sri Satguru Jagjit Singh Ji eLibrary NamdhariElibrary@gmail.com

ਦੇ ਸ਼ਹਿਰੀ ਜੀਵਨ ਦੀ ਘੁਟਣ, ਜਾਪਾਨ ਦੇ ਪ੍ਰਵਾਸ ਸਮੇਂ ਉਨ੍ਹਾਂ ਦੇ ਗਿਆਨ ਅਤੇ ਅਨੁਭਵ ਵਿਚ ਹੋਏ ਅਨੂਠੇ ਪਾਸਾਰ ਤੇ ਉਥੋਂ ਦੇ ਰਹਿਣਵਾਸ ਸਮੇਂ ਨਵੇਂ ਉਦਯੋਗਿਕ ਸਮਾਜ ਦੀਆਂ ਜਟਿਲਤਾਵਾਂ ਤੇ ਜਾਗ ਰਹੇ ਏਸ਼ੀਆ ਦੀਆਂ ਸੁਤੰਤਰਤਾ ਲਹਿਰਾਂ ਦੇ ਅਹਿਸਾਸ, ਭਾਰਤੀ ਰਾਸ਼ਟਰੀ ਸੁਤੰਤਰਤਾ ਦੇ ਆਦਰਸ਼ਾਂ ਦੀ ਪੀਡੀ ਪਕੜ ਅਤੇ ਨਿੱਜੀ ਜੀਵਨ ਵਿਚ ਵਿਭਿੰਨ ਧਰਮਾਂ ਨਾਲ ਹੋਏ ਸੰਪਰਕ ਦੇ ਆਭਾਸ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਠੋਸ ਆਧਾਰ ਪ੍ਰਦਾਨ ਕਰ ਦਿੱਤੇ ਸਨ। ਸਿਖ ਤੋਂ ਬੋਧੀ, ਬੋਧੀ ਤੋਂ ਵੇਦਾਂਤੀ ਤੇ ਫਿਰ 1913 ਵਿਚ ਭਾਈ ਵੀਰ ਸਿੰਘ ਦੀ ਸੰਗਤ ਤੇ ਕਿਰਪਾ-ਕਟਾਖ਼ ਦੁਆਰਾ ਸਿਖੀ-ਮੰਡਲ ਵਿਚ ਪੁਨਰ-ਪ੍ਰਵੇਸ਼ ਉਨ੍ਹਾਂ ਦੇ ਜੀਵਨ ਦੀਆਂ ਕੁਝ ਅਜਿਹੀਆਂ ਨਾਟਕੀ ਘਟਨਾਵਾਂ ਹਨ ਜਿਨ੍ਹਾਂ ਤੋਂ ਜਾਣੂ ਹੋਣ ਤੋਂ ਬਿਨਾਂ ਉਨ੍ਹਾਂ ਦੀ ਵਿਰਾਟ ਪ੍ਰਤਿਭਾ ਤਕ ਪਹੁੰਚਿਆ ਨਹੀਂ ਜਾ ਸਕਦਾ। ਪੱਛਮੀ ਜਗਤ ਦੇ ਮਹਾਨ ਚਿੰਤਕਾਂ ਤੇ ਲੇਖਕਾਂ ਐਮਰਸਨ, ਕਾਰਲਾਇਲ, ਵਾਲਟ ਵਿਟਮੈਨ, ਲਿਓ ਟਾਲਸਟਾਏ, ਗੋਇਟੇ, ਦਾਂਤੇ ਆਦਿ ਦੇ ਸਾਹਿਤਿਕ ਪ੍ਰਭਾਵਾਂ ਨੇ ਵੀ ਉਨ੍ਹਾਂ ਦੇ ਅਨੁਭਵ ਅਤੇ ਚਿੰਤਨ ਨੂੰ ਵਿਸ਼ਵ-ਵਿਆਪੀ ਬਣਾ ਦਿਤਾ ਸੀ। ਇੰਜ ਆਪ ਇਕ ਅਜਿਹੇ ਵਿਰਾਟ ਵਿਅਕਤੀਤਵ ਦੇ ਸੁਆਮੀ ਤੇ ਅਦੁਤੀ ਪ੍ਰਤਿਭਾ ਵਾਲੇ ਵਿਅਕਤੀ ਸਨ, ਜਿਨ੍ਹਾਂ ਵਿਚ ਪੂਰਬ ਤੇ ਪੱਛਮ, ਅਤੀਤ ਤੇ ਵਰਤਮਾਨ ਸਭ ਇਕ-ਸੁਰ ਹੋ ਚੁਕੇ ਸਨ ਤੇ ਸਿਰਜਨਾਤਮਕ ਤੌਰ ਤੇ ਆਧੁਨਿਕ ਵਿਗਿਆਨੀ, ਕਵੀ, ਲੇਖਕ, ਚਿੰਤਕ ਤੇ ਰਹੱਸਵਾਦੀ ਸਾਧਕ ਰਾਸ਼ਟਰਵਾਦੀ ਦੇਸ਼ ਭਗਤ ਅਤੇ ਮਾਨਵਵਾਦੀ ਨੈਤਿਕਤਾ ਦੇ ਸਭ ਵਿਸ਼ੇਸ਼ ਗੁਣ ਆ ਸੰਮਿਲਿਤ ਹੋਏ ਸਨ। ਆਪ ਨੇ ਗੁਰਮਤਿ-ਚਿੰਤਨ ਨੂੰ ਜੀਵਨ-ਦਰਸ਼ਨ ਵਜੋਂ ਅਪਣਾਕੇ ਸੱਚਮੁਚ ਹੀ ਆਪਣੇ ਨਾਮ ਪੂਰਨ ਸਿੰਘ ਨੂੰ ਅੱਖਰ-ਅੱਖਰ ਰੂਪ ਵਿਚ ਯਥਾਰਥ ਸਿਧ ਕਰ ਦਿਤਾ ਹੈ। ਆਧੁਨਿਕ ਯੁਗ ਦੇ ਆਪ ਸੱਚਮੁਚ ਹੀ ਪੂਰਨ ਸਿੰਘ ਅਰਥਾਤ ਗੁਰਮੁਖ ਦੇ ਜੀਵਨ ਦੇ ਜਗਮਗਾਉਂਦੇ ਸਰੂਪ ਹਨ। ਪਰ ਆਪ ਨੇ ਇੰਨੇ ਵਿਭਿੰਨ ਪ੍ਰਭਾਵਾਂ ਪ੍ਰਤਿ ਅਤਿ ਦੇ ਸੰਵੇਦਨਸ਼ੀਲ ਹੁੰਦੇ ਹੋਇਆ ਵੀ ਆਪਣੀ ਮੌਲਿਕਤਾ, ਉਦਾਰਤਾ ਤੇ ਸੁਤੰਤਰ ਸੋਚਣੀ, ਖੁਲ੍ਹੇ ਮਨ ਅਤੇ ਨਿਰਭੈ ਹੋ ਕੇ ਕਹਿ ਦੇਣ ਦੀ ਦਲੇਰੀ ਦਾ ਤਿਆਗ ਨਹੀਂ ਸੀ ਕੀਤਾ। ਇਸੇ ਲਈ ਆਪ ਦੇ ਪ੍ਰਬਚਨਾਂ ਵਿਚ ਬੜੀ ਸ਼ਕਤੀ ਤੇ ਓਜ ਹੈ ਅਤੇ ਆਪ ਦੀ ਪ੍ਰਤਿਭਾ ਵਿਚ ਸ਼ੈਲੀਗਤ ਰੂਪ ਵਿਚ ਅਜਿਹੀ ਅਨੁਭਵੀ ਪ੍ਰੌਢਤਾ ਮੌਜੂਦ ਹੈ ਕਿ ਆਪ ਭਾਵੇਂ ਕਿਸੇ ਭਾਸ਼ਾ ਵਿਚ ਲਿਖਣ, ਕਿਸੇ ਸਾਹਿਤਿਕ ਰੂਪ ਨੂੰ ਅਪਣਾਉਣ; ਸਭ ਉਤੇ ਆਪ ਦਾ ਸਮਰਾਟਾਂ ਵਾਲਾ ਨਿਰੰਕੁਸ਼ ਅਧਿਕਾਰ ਸੀ। ਫਿਰ ਵੀ ਵਿਗਿਆਨੀ, ਚਿੰਤਕ, ਰਹੱਸਵਾਦੀ ਤੇ ਕਵੀ ਦੇ ਪੱਖਾਂ ਤੋਂ ਵਿਸ਼ਲੇਸ਼ਨ ਕਰਨਾ ਹੋਵੇ ਤਾਂ ਆਪ ਦੇ ਵਿਅਕਤਿਤਵ ਵਿਚ ਕਵੀ ਵਾਲੀ ਸਹਿਜ ਪ੍ਰਕ੍ਰਿਤੀ ਵਧੇਰੇ ਪ੍ਰਬਲ ਸੀ। ਆਪ ਦੀ ਰਚਨਾ ਵਿਚ ਜਿਹੜੇ ਕਵੀ ਦੇ ਵਿਅਕਤਿਤਵ ਅਤੇ ਆਤਮਾ ਬਾਰੇ ਜੋ ਲਕਸ਼ ਨਿਰਧਾਰਿਤ ਕੀਤੇ ਗਏ ਹਨ; ਆਪ ਵਿਅਕਤੀਗਤ ਰੂਪ ਵਿਚ ਉਨ੍ਹਾਂ ਉਤੇ ਪੂਰਾ ਉਤਰਨ ਵਾਲੇ ਮਹਾਨ ਕਵੀ ਸਨ। ਇਹੋ ਕਾਰਨ ਹੈ ਕਿ ਆਪ ਨੇ ਪੰਜਾਬ ਦੇ ਸਾਹਿਤਿਕ ਵਾਤਾਵਰਨ ਵਿਚ ਇਕ ਨਵਾਂ ਉਤਸ਼ਾਹ, ਪ੍ਰੇਰਨਾ, ਹੁਲਾਰਾ ਤੇ ਹੁਲਾਸ ਲੈ ਆਂਦਾ ਸੀ ਕਿ ਸੱਚਮੁਚ ਪੰਜਾਬ



Sri Satguru Jagjit Singh Ji eLibrary NamdhariElibrary@gmail.com

ਦੇ ਸਾਹਿਤਿਕ ਵਾਤਾਵਰਨ ਦੀ ਕਾਇਆਂ-ਕਲਪ ਹੋ ਗਈ। ਸੱਚੇ ਅਰਥਾਂ ਵਿਚ ਆਪ ਪੰਜਾਬ ਦੇ ਰਾਸ਼ਟਰੀ-ਸਾਹਿਤ ਦੇ ਪ੍ਰਥਮ ਆਧੁਨਿਕ ਨਿਰਮਾਤਾ ਹਨ। ਜਿਥੋਂ ਤਕ ਆਪ ਦੇ ਗੁਰਮਤਿ ਅਚਾਰੀਆ ਹੋਣ ਦਾ ਸੰਬੰਧ ਹੈ, ਆਪ ਵਿਚ ਉਹ ਉਦਾਰਤਾ, ਮੌਲਿਕਤਾ, ਵਿਸ਼ਾਲਤਾ ਤੇ ਵਿਸ਼ਵ-ਵਿਆਪੀ ਦ੍ਰਿਸ਼ਟੀ ਵਿਦਮਾਨ ਹੈ ਕਿ ਸਹਿਜੇ ਹੀ ਆਪ ਜੀ ਨੂੰ ਭਾਰਤ ਦੀ ਰਾਸ਼ਟਰੀ-ਚਿੰਤਨਧਾਰਾ ਦੀ, ਅਧਿਆਤਮਕ ਸੰਸਕ੍ਰਿਤੀ ਦੇ ਆਤਮ-ਵੇਤਾਵਾਂ ਤੇ ਅਨੁਭਵੀ ਸਾਧਕਾਂ ਵਿਚ ਗੌਰਵਮਈ ਸਥਾਨ ਦਿਤਾ ਜਾ ਸਕਦਾ ਹੈ। ਭਾਵੇਂ ਇਹ ਬੜੀ ਸ਼ੋਕ ਦੀ ਗੱਲ ਹੈ ਕਿ ਅਜ ਤਕ ਪ੍ਰੋ. ਪੂਰਨ ਸਿੰਘ ਜੀ ਨੂੰ ਭਾਰਤ ਅਤੇ ਪੰਜਾਬ ਦੇ ਬੌਧਿਕ ਤੇ ਅਕਾਦਮਿਕ ਜਗਤ ਨੇ ਉਹ ਸਥਾਨ ਨਹੀਂ ਦਿੱਤਾ, ਜਿਸ ਦੇ ਕਿ ਉਹ ਸੱਚੇ ਅਰਥਾਂ ਵਿਚ ਅਧਿਕਾਰੀ ਹਨ। ਜਿੰਨਾ ਚਿਰ ਤਕ ਉਨ੍ਹਾਂ ਦੇ ਰਚੇ ਗਏ ਸਾਹਿਤ ਦਾ ਪੁਨਰ-ਮੁਲਾਂਕਣ ਕਰਕੇ ਸਾਂਝੇ ਸਾਹਿਤਿਕ ਤੇ ਅਕਾਦਮਿਕ ਮੰਡਲ ਇਸ ਭੁਲ ਨੂੰ ਨਹੀਂ ਸੋਧਦੇ, ਉਨਾ ਚਿਰ ਤਕ ਪੰਜਾਬ ਦੇ ਸਾਹਿਤਿਕ ਜਗਤ ਵਿਚ ਉਨ੍ਹਾਂ ਸਦੀਵੀ ਤੇ ਭਵਿੱਖਾਰਥੀ ਜੀਵਨ ਦੀਆਂ ਮਹਾਨ ਕਦਰਾਂ-ਕੀਮਤਾਂ ਦੀ ਪਛਾਣ ਨਹੀਂ ਹੋ ਸਕਦੀ ਜਿਸ ਦਾ ਬੋਧ ਪ੍ਰੋ. ਪੂਰਨ ਸਿੰਘ ਦੀਆਂ ਸਾਹਿਤਿਕ ਤੇ ਦਾਰਸ਼ਨਿਕ ਰਚਨਾਵਾਂ ਵਿਚੋਂ ਹੁੰਦਾ ਹੈ।

ਪ੍ਰੋ. ਪੂਰਨ ਸਿੰਘ ਨੇ 'ਪੂਰਬੀ ਕਵਿਤਾ ਦੀ ਆਤਮਾ' ਵਿਚ 'ਗੀਤ ਗੋਬਿੰਦ' ਦੇ ਆਪਣੇ ਅੰਗਰੇਜ਼ੀ ਰੁਪਾਂਤਰਣ ਦੀ ਪ੍ਰਸਤਾਵਨਾ ਵਜੋਂ ਭਾਰਤ ਦੀਆਂ ਦੋ ਮਹਾਨ ਨਾਇਕਾਵਾਂ ਸੀਤਾ ਅਤੇ ਰਾਧਾ ਬਾਰੇ ਵਿਸ਼ਸ਼ ਟਿੱਪਣੀ ਕੀਤੀ ਹੈ। ਆਪ ਕਹਿੰਦੇ ਹਨ ਕਿ ਸੀਤਾ ਭੂਤਕਾਲ ਦੀ ਇਸਤ੍ਰੀ ਹੈ ਅਤੇ ਰਾਧਾ ਭਵਿੱਖ ਦੀ। ਭਾਈ ਵੀਰ ਸਿੰਘ ਦੇ ਇਤਨੇ ਨਿਕਟਵਰਤੀ ਤੇ ਸ਼ਰਧਾਲੂ ਸਾਹਿਤਿਕ ਸ਼ਿਸ਼ ਹੁੰਦੇ ਹੋਇਆਂ ਵੀ, ਜੇ ਦੋਵਾਂ ਦੀ ਗੁਰਮਤਿ ਆਚਾਰੀਆਂ ਵਜੋਂ ਤੁਲਨਾ ਕਰਨੀ ਹੋਵੇ ਤਾਂ ਭਾਈ ਵੀਰ ਸਿੰਘ ਜੀ ਅਤੀਤਮੁਖੀ, ਸਨਾਤਕ ਤੇ ਅੰਸ਼ਕ ਰੂਪ ਵਿਚ ਸੰਪ੍ਰਦਾਈ ਹਨ। ਭਾਈ ਕਾਨ੍ਹ ਸਿੰਘ ਨਾਭਾ ਸਨਾਤਨੀ ਤੇ ਸ਼ਾਸ਼ਤ੍ਰੀ ਪ੍ਰਵਿਰਤੀ ਦੇ ਸੁਆਮੀ ਹਨ। ਪਰ ਪ੍ਰੋ. ਪੂਰਨ ਸਿੰਘ ਇਨ੍ਹਾਂ ਦੋਹਾਂ ਤੋਂ ਨਿਵੇਕਲੇ, ਆਧੁਨਿਕ, ਤੁਲਨਾਤਮਕ, ਧਰਮ-ਸ਼ਾਸਤ੍ਰੀ ਦ੍ਰਿਸ਼ਟੀਕੋਣ ਤੋਂ ਜਾਣੂੰ, ਉਦਾਰ, ਮੌਲਿਕ, ਅਨੁਭਵੀ ਤੇ ਭਵਿੱਖਾਰਥੀ ਨਕਸ਼ਾਂ ਨੂੰ ਆਪਣੀ ਚਿੰਤਨਧਾਰਾ ਵਿਚ ਸਮੋਈ ਬੈਠੇ ਹਨ।

ਗੁਰਮਤਿ ਦੀ ਚਿੰਤਨਧਾਰਾ ਸੰਬੰਧੀ ਰਚਨਾ:- 1913 ਤੋਂ ਲੈ ਕੇ 1931 ਤਕ ਪ੍ਰੋ. ਪੂਰਨ ਸਿੰਘ ਜੀ ਦਾ ਸੰਪਰਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਬੜਾ ਘਨਿਸ਼ਟ ਤੇ ਨੇੜੇ ਦਾ ਰਿਹਾ ਹੈ। ਉਨ੍ਹਾਂ ਦੇ ਪ੍ਰਭਾਵ ਥੱਲੇ ਹੀ ਆਪ ਨੇ ਗੁਰਮਤਿ ਦੇ ਸਾਹਿਤ ਦੀ ਖੋਜ-ਪੜਤਾਲ ਆਰੰਭ ਕੀਤੀ ਸੀ। ਭਾਵੇਂ ਆਪ ਜੀ ਦੀਆਂ ਲਿਖਤਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਅੱਖਰਾਂ ਦਾ ਬੋਧ ਉਨ੍ਹਾਂ ਨੂੰ ਹਵੇਲੀਆਂ ਦੇ ਗੁਰੂ ਦੁਆਰਾ ਸਾਹਿਬ ਵਿਚ ਭਾਈ ਬੇਲਾ ਸਿੰਘ ਦੁਆਰਾ ਹੀ ਹੋ ਗਿਆ ਸੀ। ਆਪ ਦਾ ਕਥਨ ਹੈ ਕਿ ਬਾਣੀ ਦਾ ਸੰਗੀਤ ਸਾਡੀਆਂ ਖ਼ੂਨ ਦੀਆਂ ਨਾੜੀਆਂ ਵਿਚ ਛੱਣਕ ਰਿਹਾ ਹੈ। ਜਦੋਂ ਆਪ ਭਾਈ ਵੀਰ ਸਿੰਘ ਜੀ ਦੇ ਸਿਧੇ ਸੰਪਰਕ ਵਿਚ ਆਏ, ਤਾਂ ਉਨ੍ਹਾਂ ਤੋਂ ਪਹਿਲਾਂ ਆਪ ਦੇ ਅਧਿਆਤਮਕ



Sri Satguru Jagjit Singh Ji eLibrary NamdhariElibrary@gmail.com

ਦ੍ਰਿਸ਼ਟੀਕੋਣ ਦੀਆਂ ਨੀਹਾਂ ਕਾਫ਼ੀ ਮਜ਼ਬੂਤ ਬਣ ਚੁਕੀਆਂ ਸਨ। ਗੁਰਮਤਿ ਸੰਬੰਧੀ ਵੀ ਉਨ੍ਹਾਂ ਦਾ ਗਿਆਨ-ਬੋਧ ਅਲਪ ਨਹੀਂ ਸੀ। ਇਸ ਦੇ ਪ੍ਰਮਾਣ ਉਨ੍ਹਾਂ ਦੇ ਉਨ੍ਹਾਂ ਭਾਸ਼ਨਾਂ ਵਿਚੋਂ ਮਿਲਦੇ ਹਨ, ਜੋ ਆਪ ਸੁਦੇਸ਼ ਅਤੇ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਸਿਖ-ਸੰਗਤ ਦੇ ਸਨਮੁਖ ਦਿੰਦੇ ਰਹੇ ਹਨ। ਅਜਿਹਾ ਹੀ ਇਕ ਹਵਾਲਾ ਪੁਸਤਕ 'ਜੀਵਨ ਦੇ ਰਾਹਾਂ ਉਤੇ' (On Paths of Life) ਵਿਚ ਹਾਂਗ ਕਾਂਗ ਦੇ ਗੁਰੂਦੁਆਰਾ ਸਾਹਿਬ ਵਿਚ ਦਿਤੇ ਗਏ ਵਿਖਿਆਨ ਤੋਂ ਮਿਲਦਾ ਹੈ ਜਿਸ ਵਿਚ ਆਪ ਨੇ ਆਪਣੇ ਉਸ ਸਮੇਂ ਦੀ ਦਿਲੀ ਤੇ ਮਾਨਸਿਕ ਅਵਸਥਾ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ ਕੋਈ ਅੰਦਰਲੀ ਪ੍ਰੇਰਨਾ ਆਪ ਨੂੰ ਸਹਿਜ ਰੂਪ ਵਿਚ ਹੀ ਕੁਝ ਕਹਿਣ ਲਈ ਤੱਤਪਰ ਕਰ ਦਿੰਦੀ ਸੀ। ਜਾਪਾਨ ਦੇ ਪਰਵਾਸ ਸਮੇਂ ਬੁਧ-ਧਰਮ ਦੇ ਸ਼ਾਸਤ੍ਰਾਂ ਦਾ ਅਧਿਐਨ ਤੇ ਅਨੁਭਵ ਜਿਸ ਬਾਰੇ ਆਪ ਲਿਖਦੇ ਹਨ ਕਿ 'ਮੇਰੀ ਇਸ ਭਰਪੂਰ ਜਵਾਨੀ ਦੀ ਮਸਤੀ ਦੇ ਪਰਮਾਨੰਦ ਵਿਚ ਮੈਨੂੰ ਇੰਜ ਪ੍ਰਤੀਤ ਹੁੰਦਾ ਸੀ, ਜਿਵੇ, "ਬੁਧ ਜੀ ਮੇਰੇ ਸਾਹਮਣੇ ਹਨ, ਮੇਰੇ ਪਿਛੇ ਹਨ, ਮੇਰੇ ਉਪਰ ਹਨ ਅਤੇ ਮੇਰੇ ਅੰਦਰਵਾਰ ਸੁਭਾਇਮਾਨ ਹਨ।"

ਇਸੇ ਤਰ੍ਹਾਂ ਵੇਦਾਂਤ-ਦਰਸ਼ਨ ਦਾ ਅਨੁਭਵੀ-ਗਿਆਨ ਆਪ ਨੇ ਸੁਆਮੀ ਰਾਮ ਤੀਰਥ ਜੀ ਦੀ ਨਿਜ-ਸੰਗਤ ਤੇ ਪ੍ਰੇਰਨਾ ਅਧੀਨ ਪ੍ਰਾਪਤ ਕੀਤਾ ਜਿਸ ਦੇ ਸੰਕੇਤ ਉਨ੍ਹਾਂ ਦੀਆਂ ਪ੍ਰਮੁਖ ਰਚਨਾਵਾਂ 'On Paths of Life ਅਤੇ Story of Swami Rama' (ਸੁਆਮੀ ਰਾਮ ਦੀ ਜੀਵਨ ਕਥਾ) ਵਿਚ ਮਿਲਦੇ ਹਨ। ਜਪਾਨ ਦੇ ਪਰਵਾਸ ਸਮੇਂ ਜਦੋਂ ਸੁਆਮੀ ਰਾਮ ਤੀਰਥ ਜੀ 1903 ਵਿਚ ਪੂਰਨ ਸਿੰਘ ਜੀ ਨੂੰ ਮਿਲੇ ਤਾਂ ਇੰਡੋ-ਜੈਪਨੀਜ਼ ਕਲਬ ਵਿਚ ਤਿੰਨ ਵਾਕਾਂ ਦੀ ਇਹ ਮਿਲਣੀ ਪੂਰਨ ਸਿੰਘ ਦੇ ਅਧਿਆਤਮਕ ਰੂਪਾਂਤਰਣ ਦਾ ਕਾਰਨ ਬਣ ਗਈ। "ਤੇਰਾ ਦੇਸ਼ ਕਿਹੜਾ ਹੈ?" ਸੁਆਮੀ ਰਾਮ ਤੀਰਥ ਜੀ ਨੇ ਪੁਛਿਆ। "ਸਾਰਾ ਸੰਸਾਰ ਹੀ ਮੇਰਾ ਦੇਸ਼ ਹੈ।" ਪੂਰਨ ਸਿੰਘ ਦਾ ਉੱਤਰ ਸੀ। "ਤੇ ਸ਼ਿਵ ਕਰਮ ਕਰਨਾ ਮੇਰਾ ਧਰਮ ਹੈ।" ਸੁਆਮੀ ਜੀ ਨੇ ਇਹ ਵਾਕ ਬੋਲ ਕੇ ਇਸ ਆਤਮਿਕ ਪਰਿਵਰਤਨ ਨੂੰ ਮੁਹਰਬੰਦ ਕਰ ਦਿਤਾ। ਫਿਰ 1906 ਵਿਚ ਆਪਣੀ ਸੰਸਾਰਕ ਯਾਤਰਾ ਦੀ ਸਮਾਪਤੀ ਤੋਂ ਕੁਝ ਚਿਰ ਪਹਿਲਾਂ ਸੁਆਮੀ ਰਾਮ ਤੀਰਥ ਜੀ ਨੇ ਆਪਣੇ ਸ਼ਿਸ਼ ਪੂਰਨ ਸਿੰਘ ਨੂੰ ਇਹ ਮਨੋਹਰ ਬਚਨ ਦੀਖਿਆਂਤ ਵਜੋਂ ਕਹੇ ਸਨ, 'ਪੂਰਨ ਜੀ, ਇਸ ਸਵਰਨ ਭੂਮੀ ਨੂੰ ਨਾ ਭੁਲਣਾ। ਜਿਥੇ ਜਾਓ ਇਸ ਨੂੰ ਨਾਲ ਲੈ ਕੇ ਜਾਣਾ।"

ਪ੍ਰੋ. ਪੂਰਨ ਸਿੰਘ ਦੀ 1913 ਤੋਂ 1931 ਤੱਕ ਦੀ ਲਗਭਗ ਸਾਰੀ ਰਚਨਾ ਵਿਚ ਗੁਰਮਤਿ ਦੇ ਚਲੂਲੇ ਰਹੱਸਵਾਦੀ ਅਨੁਭਵ ਤੇ ਸੂਖਮ ਆਤਮਕ-ਚਿੰਤਨ ਦੀ ਗੂੜ੍ਹੀ ਛਾਪ ਸਿੱਧੇ ਜਾਂ ਅਸਿੱਧੇ ਰੂਪ ਵਿਚ ਮੌਜੂਦ ਹੈ। ਪਰ ਆਪ ਨੇ ਇਕ ਵਿਅਕਤੀ ਵਾਂਗ ਨਹੀਂ ਸਗੋਂ ਇਕ ਸੰਸਥਾ ਵਾਂਗ ਬਹੁ-ਪੱਖੀ ਸਾਹਿਤਿਕ ਸਿਰਜਨਾ ਕੀਤੀ ਹੈ। ਆਪ ਚਿੰਤਕ ਨਾਲੋਂ ਵਧੇਰੇ ਰਹੱਸਵਾਦੀ ਅਤੇ ਦਾਰਸ਼ਨਿਕ ਨਾਲੋਂ ਵਧੇਰੇ ਸਾਹਿਤਕਾਰ ਅਤੇ ਉਹ ਵੀ ਇਕ ਉਚ-ਕੋਟੀ ਦੇ ਮਹਾਂ-ਕਵੀ ਦੇ ਰੂਪ ਵਿਚ ਸਾਹਿਤਿਕ ਸਿਰਜਨਾ ਕਰਦੇ ਰਹੇ ਹਨ। ਆਪ ਅੰਗਰੇਜ਼ੀ ਵਿਚ ਲਿਖਣ, ਪੰਜਾਬੀ ਜਾਂ ਹਿੰਦੀ ਵਿਚ, ਇਸ ਤੀਖਣ ਕਾਵਿਮਈ ਅਨੁਭਵ ਦਾ ਆਭਾਸ ਇਕ ਰਹੱਸਵਾਦੀ ਦੇ ਦਿੱਬ-


Sri Satguru Jagjit Singh Ji eLibrary NamdhariElibrary@gmail.com

ਅਨੁਭਵ ਦੇ ਕਾਵਿਮਈ ਝਲਕਾਰਿਆਂ ਦੇ ਰੂਪ ਵਿਚ ਆਪ ਦੀ ਰਚਨਾ ਵਿਚ ਥਾਂ-ਪਰ-ਥਾਂ ਮਿਲਦੇ ਹਨ। ਇਹ ਰਚਨਾ ਅੰਗਰੇਜ਼ੀ ਵਿਚ ਹੋਵੇ ਜਾਂ ਪੰਜਾਬੀ ਵਿਚ ਜਾਂ ਹਿੰਦੀ ਭਾਸ਼ਾ ਵਿਚ, ਗੱਦ ਵਿਚ ਹੋਵੇ ਜਾਂ ਕਵਿਤਾ ਵਿਚ ਇਹ ਕਾਵਿਮਈ ਅਭਿਵਿਅਕਤੀ ਉਨ੍ਹਾਂ ਦੀ ਰਚਨਾ ਦਾ ਨਿਜੀ ਪਛਾਣ-ਚਿੰਨ੍ਹ ਹੈ। ਉਹ ਮੌਲਿਕ ਰਚਨਾ ਕਰ ਰਹੇ ਹੋਣ ਜਾਂ ਅਨੁਵਾਦ, ਉਨ੍ਹਾਂ ਦੇ ਸਨਮੁਖ ਇਕ ਵਿਸ਼ੇਸ਼ ਉਦੇਸ਼ ਸੀ ਅਤੇ ਉਹ ਸੀ - ਆਪਣੇ ਸ੍ਵੈ-ਅਨੁਭਵ ਦਾ ਸਹਿਜਮਈ ਪ੍ਰਗੀਤਆਤਮਕ ਅਭਿਵਿਅਕਤੀ, ਜੋ ਆਪ ਦੀ ਰਚਨਾ ਦਾ ਪ੍ਰਮੁੱਖ ਸੁਰ ਹੈ। ਇਸ ਲਈ ਆਪ ਦੀ ਰਚਨਾ ਦੇ ਅਧਿਐਨ ਸਮੇਂ ਸਾਨੂੰ ਇਕ ਬੁਧੀਵੇਤਾ ਵਾਂਗ ਨਹੀਂ ਸਗੋਂ ਇਕ ਨਿਰਮਾਨ ਜਗਿਆਸੂ ਵਾਂਗ ਇਸ ਰਚਨਾ ਦੀ ਆਤਮਾ ਨਾਲ ਇਕਸੁਰ ਹੋਣਾ ਪੈਂਦਾ ਹੈ, ਤਾਂ ਹੀ ਇਸ ਦਾ ਵਾਸਤਵਿਕ ਬੋਧ ਪ੍ਰਾਪਤ ਹੋ ਸਕਦਾ ਹੈ ਅਤੇ ਆਪ ਦੀ ਵਿਅਕਤੀਗਤ ਮੌਲਿਕਤਾ ਦਾ ਥਾਹ ਪਾਇਆ ਜਾ ਸਕਦਾ ਹੈ।

ਗੁਰਮਤਿ ਸੰਬੰਧੀ ਆਪ ਦੀਆਂ ਰਚਨਾਵਾਂ ਦਾ ਵਰਗੀਕਰਨ ਸਹਿਜੇ ਹੀ ਕੀਤਾ ਜਾ ਸਕਦਾ ਹੈ। ਖ਼ਾਲਸਾ-ਸਮਾਚਾਰ ਅਤੇ 'ਨਿਰਗੁਣਆਰਾ' ਦੇ ਅੰਕਾਂ ਵਿਚ ਛੱਪੀਆਂ ਉਨ੍ਹਾਂ ਦੀਆਂ ਰਚਨਾਵਾਂ ਦੀ ਸ਼ੈਲੀ ਤੇ ਸੁਰ ਭਾਈ ਵੀਰ ਸਿੰਘ ਜੀ ਦੇ ਪ੍ਰਭਾਵ ਤੋਂ ਜਾਣੂ ਕਰਵਾਉਂਦੀਆਂ ਹਨ। ਪਰ ਇਨ੍ਹਾਂ ਰਚਨਾਵਾਂ ਦੀ ਚੋਣ ਤੇ ਵਿਸ਼ੇ ਉਨ੍ਹਾਂ ਦੇ ਮੌਲਿਕ ਅਨੁਭਵ ਦੀ ਸਾਖੀ ਭਰਦੇ ਹਨ। ਪ੍ਰੀਤ, ਚੁੱਪ-ਪ੍ਰੀਤ, ਕਮਲੀ-ਕਮਾਲੀ ਤੇ ਨੰਦ ਲਾਲੀ, ਸੋਹਣੀ ਮੌਲਾ ਸ਼ਾਹ, ਮੇਰਾ ਸਾਈਂ ਆਦਿ ਰਚਨਾਵਾਂ ਵਿਚ ਆਪ ਉਤੇ ਭਾਈ ਵੀਰ ਸਿੰਘ ਦੇ ਵਿਅਕਤੀਤਵ ਤੇ ਸ਼ੈਲੀ ਦਾ ਪ੍ਰਤੱਖ ਪ੍ਰਭਾਵ ਹੈ। ਅਸੀਂ ਇਨ੍ਹਾਂ ਨੂੰ ਅਭਿਆਸ ਅਵਸਥਾ ਦੀਆਂ ਰਚਨਾਵਾਂ ਕਹਿ ਸਕਦੇ ਹਾਂ। ਤਾਂ ਵੀ ਆਪ ਦੇ ਅਨੁਭਵ ਦੀ ਮੌਲਿਕਤਾ ਤੇ ਵਿਅਕਤੀਗਤ ਵਿਸ਼ੇਸ਼ਤਾ ਗੁੱਝੀ ਨਹੀਂ ਰਹਿੰਦੀ।

ਇਸੇ ਤਰ੍ਹਾਂ 'ਅਬਚਲੀ ਜੋਤ' ਤੇ 'ਕਲਾ ਤੇ ਕਲਾਧਾਰੀ ਪੂਜਾ' ਦੇ ਅਨੁਵਾਦ ਉਨ੍ਹਾਂ ਦੀ ਉਸ ਵਿਅਕਤੀਗਤ ਚੋਣ ਨੂੰ ਦਰਸਾਉਂਦੇ ਹਨ ਜਿਨ੍ਹਾਂ ਦੇ ਸਾਹਮਣੇ ਲਕਸ਼ ਆਪਣੇ ਅਧਿਆਤਮਕ ਅਨੁਭਵ ਦੇ ਪ੍ਰਕਾਸ਼ ਲਈ ਇਨ੍ਹਾਂ ਰਚਨਾਵਾਂ ਨੂੰ ਆਧਾਰ ਬਣਾ ਕੇ ਪ੍ਰਸਤੁਤ ਕਰਨਾ ਸੀ ਤਾਂ ਜੋ ਅਧਿਆਤਮਕ ਦਰਸ਼ਨ ਦੇ ਉਤਕ੍ਰਿਸ਼ਟ ਰੂਪ ਨਾਲ ਆਪਣੇ ਅਧਿਆਤਮਕ ਦ੍ਰਿਸ਼ਟੀਕੋਣ ਦਾ ਤੁਲਨਾਤਮਕ-ਬੋਧ ਪ੍ਰਾਪਤ ਹੋ ਸਕੇ। ਇਨ੍ਹਾਂ ਸਭ ਉਪਰੋਕਤ ਰਚਨਾਵਾਂ ਦੇ ਵਰਗ ਨੂੰ ਉਨ੍ਹਾਂ ਦੇ ਗੁਰਮਤਿ ਚਿੰਤਨ ਦਾ ਪ੍ਰਥਮ ਪੜਾਅ ਮੰਨਿਆ ਜਾ ਸਕਦਾ ਹੈ।

ਆਪ ਦੀ ਪੰਜਾਬੀ ਕਵਿਤਾ ਤੇ ਵਾਰਤਕ ਵਿਸ਼ੇਸ਼ ਕਰਕੇ 'ਖੁਲ੍ਹੇ ਲੇਖ' ਬਾਰੇ ਕੁਝ ਕਹਿਣ ਦੀ ਇਥੇ ਇਸ ਲਈ ਅਵੱਸ਼ਕਤਾ ਪ੍ਰਤੀਤ ਨਹੀਂ ਹੁੰਦੀ, ਕਿਉਂ ਜੋ ਇਸ ਤੋਂ ਪੰਜਾਬੀ ਸਾਹਿਤਿਕ-ਜਗਤ ਭਲੀ ਪ੍ਰਕਾਰ ਜਾਣੂ ਹੈ। ਪਰ ਇਨ੍ਹਾਂ ਰਚਨਾਵਾਂ ਵਿਚ ਜਿਸ ਆਤਮਿਕ ਸੰਸਕ੍ਰਿਤੀ ਦੀ ਚਿੱਤਰਕਾਰੀ ਤੇ ਸਿਰਜਨਾ ਪ੍ਰਕ੍ਰਿਤੀ ਵਲ ਹੀ ਧਿਆਨ ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਇਹ ਮਾਨ ਸਰੋਵਰ ਨੂੰ ਉਡਾਰੀਆਂ ਮਾਰ ਰਹੇ ਹੰਸ ਦੇ ਦੈਵੀ-ਆਵੇਸ਼ ਤੇ ਹੁਲਦੀਆਂ ਘੜੀਆਂ ਵਿਚ ਰਚੇ ਗਏ ਪ੍ਰਗੀਤ ਹਨ। ਇਹ ਕੋਮਲ-ਕਮਾਲ ਤੇ ਆਤਮ ਜਮਾਲ



Sri Satguru Jagjit Singh Ji eLibrary NamdhariElibrary@gmail.com

ਦੀ ਅਵਸਥਾ ਦਾ ਅਨੁਭਵ ਹੈ, ਜੋ ਹੱਥ ਲਾਇਆਂ ਪਿਘਲ ਜਾਂਦਾ ਹੈ। 'ਖੁਲ੍ਹੇ ਘੁੰਡ' ਦੀਆਂ ਅਧਿਆਤਮਵਾਦੀ ਕਵਿਤਾਵਾਂ, ਉਨ੍ਹਾਂ ਦੇ ਅ+ਮੈਂ ਦੇ ਪ੍ਰਗੀਤਕ ਅਨੁਭਵ ਦਾ ਸਹਿਜ ਪ੍ਰਗਟਾ ਹਨ। 'ਖੁਲ੍ਹੇ ਘੰਡ' ਦੀ ਕਵਿਤਾ ਅੱਧ ਮੀਟੀ ਅੱਖ', ਭਾਈ ਨੰਦ ਲਾਲ ਦੀ ਉਨ੍ਹਾਂ ਦੇ ਰਹੱਸਵਾਦੀ ਅਨੁਭਵ ਅਤੇ ਗੁਰਮਤਿ ਸੰਬੰਧੀ ਦ੍ਰਿਸ਼ਟੀਕੋਣ ਦੀਆਂ ਉਚ ਸਿਖਰਾਂ ਨੂੰ ਜਾਂ ਛੂਹਦੀ ਹੈ। ਅਜਿਹੇ ਅਨੁਭਵ ਦੀ ਵਿਆਖਿਆ ਹੀ ਆਪ ਨੇ ਆਪਣੀਆਂ ਦਾਰਸ਼ਨਿਕ ਅੰਗਰੇਜ਼ੀ ਰਚਨਾਵਾਂ ਤੇ ਅੰਗਰੇਜ਼ੀ ਦੀ ਕਵਿਤਾ ਵਿਚ ਕੀਤੀ ਹੈ।

ਗੁਰਮਤਿ ਦੇ ਚਿੰਤਨਧਾਰਾ ਦੀ ਵਿਕਾਸ-ਰੇਖਾ ਨੂੰ ਜਾਣਨ ਲਈ ਉਨ੍ਹਾਂ ਦੀਆਂ ਅੰਗਰੇਜ਼ੀ ਰਚਨਾਵਾਂ, ਕਵਿਤਾ ਅਤੇ ਗੱਦ ਪੁਸਤਕਾਂ ਦਾ ਅਧਿਐਨ ਬੜਾ ਜ਼ਰੂਰੀ ਹੈ। ਇਥੇ ਆਪ ਜੀ ਦੇ ਰਹੱਸਵਾਦੀ ਅਨੁਭਵ ਅਤੇ ਅਧਿਆਤਮਕ ਚਿੰਤਨ ਦੇ ਸਿਖਰ ਨੂੰ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਕਾਵਿ-ਪੁਸਤਕਾਂ : ਤ੍ਰਿੰਜਣ ਸਖੀਆਂ (The sisters of the spinning wheel) ਮਾਲਾ ਮਣਕੇ (Unstrung Beads), ਚਰਨ-ਛੁਹ (At His Feet) ਲੌਢੇ ਪਹਿਰ ਦਾ ਆਤਮ ਚਿੰਤਨ (An Afternoon with Self) ਗੱਦ-ਕਾਵਿ ਦੀਆਂ ਸੱਤ ਖਾਰੀਆਂ (Seven Baskits of Prose Poems) ਅਰਸ਼ੀ ਲਾੜੀ (The Bride of the Sky) ਅਤੇ ਜਗਦੀਆਂ ਜੋਤਾਂ (Temple TuLips and Burning Candels) ਜੋ ਪੰਜਾਬੀ ਯੂਨੀਵਰਸਿਟੀ ਵਲੋਂ ਉਨ੍ਹਾਂ ਦੇ ਮਰਨ ਉਪਰੰਤ ਪੰਜਾਹ ਸਾਲ ਪਿਛੋਂ ਪ੍ਰਕਾਸ਼ਿਤ ਹੋਇਆਂ, ਵਿਚ ਉਨ੍ਹਾਂ ਦੇ ਸਿਖ ਰਹੱਸਵਾਦੀ-ਕਾਵਿ ਤੇ ਸਿਖ ਚਿੰਤਨ ਦੀਆਂ ਜਗਮਗਾਉਂਦੀਆਂ ਧਾਰੀਆਂ ਨੂੰ ਵੇਖਿਆ ਜਾ ਸਕਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਲ 1995 ਵਿਚ ਪ੍ਰਕਾਸ਼ਿਤ ਕੀਤਾ ਗਿਆ ਚੋਣਵਾਂ ਕਾਵਿ ਸੰਗ੍ਰਹਿ 'ਪੰਜਾਬ ਜੀਉਂਦਾ ਗੁਰੂ ਦੇ ਨਾਂ 'ਤੇ' ਉਨ੍ਹਾਂ ਦੀ ਅੰਗਰੇਜ਼ੀ ਦੀ ਸਿਖ-ਰਹੱਸਵਾਦੀ ਕਵਿਤਾ ਦੇ ਗੋਝ ਅਨੁਭਵ ਤੇ ਵਿਸ਼ਵ-ਵਿਆਪੀ ਦ੍ਰਿਸ਼ਟੀ ਦਾ ਅਤਿ ਸੁੰਦਰ ਪ੍ਰਗੀਤਕ ਤੇ ਚਿੰਤਨਸ਼ੀਲ ਅਦੁਤੀ ਕਾਵਿਮਈ ਅਭਿਵਿਅਕਤੀ ਦਾ ਪ੍ਰਤੀਕ ਹੈ ਜਿਸ ਵਿਚ ਆਪ ਜੀ ਦੀਆਂ 116 ਦੇ ਕਰੀਬ ਛੋਟੀਆਂ ਤੇ ਲੰਮੀਆਂ ਕਵਿਤਾਵਾਂ ਸੰਕਲਿਤ ਹਨ। ਮੈਂ ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਕਵਿਤਾ ਨੂੰ ਉਨ੍ਹਾਂ ਦੀ ਪੰਜਾਬੀ ਅਰਥਾਤ ਪੂਰਬੀ ਕਵਿਤਾ ਦੇ ਸਮਾਨ ਸੁਭਾਅ ਵਾਲੀ ਜੌੜੀ ਭੈਣ ਹੀ ਮੰਨਦਾ ਹਾਂ। ਜਿਸ ਵਿਚ ਪੂਰਬੀ ਅਨੁਭਵ ਤੇ ਆਤਮਾ ਨੂੰ ਕੇਵਲ ਪੱਛਮੀ-ਕਾਵਿ ਦਾ ਜਾਮਾ ਹੀ ਪਹਿਨਾਇਆ ਗਿਆ ਹੈ।

ਪਰ ਇਹ ਮਹਾਂ-ਕਵੀ ਪੂਰਨ ਸਿੰਘ ਦੀ ਕਾਵਿ ਪ੍ਰਤਿਭਾ ਦੀ ਅਭਿਵਿਅਕਤੀ ਦੀ ਅਤਿ-ਉਤਮ ਉਤਕ੍ਰਿਸ਼ਟ ਪਰਮਾਣ ਹਨ, ਜਿਨ੍ਹਾਂ ਵੱਲ ਸਾਡੇ ਚਿੰਤਕਾਂ ਤੇ ਆਲੋਚਕਾਂ ਦਾ ਧਿਆਨ ਬਹੁਤ ਘੱਟ ਗਿਆ ਹੈ। ਇਥੇ ਮੈਂ 'ਪੂਰਬੀ ਕਵਿਤਾ ਦੀ ਆਤਮਾ' ਵਿਚ ਸੰਕਲਿਤ 'ਗੀਤ ਗ਼ੋਬਿੰਦ' ਤੇ ਗੱਦ ਕਾਵਿ ਦੀਆਂ ਸੱਤ ਖਾਰੀਆਂ ਦੀ ਇਕ ਖਾਰੀ ਬਿਲਵਾ-ਮੰਗਲ ਵੱਲ ਧਿਆਨ ਜ਼ਰੂਰ ਦਵਾਉਣਾ ਚਾਹੁੰਦਾ ਹਾਂ ਜੋ ਭਾਰਤੀ ਕਵਿਤਾ ਦੀ ਸਰਗੁਣਵਾਦੀ ਕਾਵਿਧਾਰਾ ਦੀ



Sri Satguru Jagjit Singh Ji eLibrary NamdhariElibrary@gmail.com

ਪ੍ਰਤਿਨਿਧਤਾ ਕਰਨ ਵਾਲੀਆਂ ਸੁੰਦਰ, ਲੰਮੇਰੀਆਂ, ਬਿਰਤਾਂਤਿਕ ਕਵਿਤਾਵਾਂ ਹਨ।

ਸਿਖ ਚਿੰਤਨ ਸੰਬੰਧੀ ਉਨ੍ਹਾਂ ਦੀਆਂ ਪੰਜ ਅੰਗਰੇਜ਼ੀ ਪੁਸਤਕਾਂ ਵਰਣਨਯੋਗ ਹਨ : ਦਸ ਗੁਰੂ ਦਰਸ਼ਨ (The Book of Ten Masters), ਜਿਨ ਕੇ ਚੋਲੇ ਰੱਤੜੇ (The Spirit Born People) ਦੇ ਅਨੁਵਾਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੇ ਹਨ। ਮਰਨ ਉਪਰੰਤ ਉਨ੍ਹਾਂ ਦੀ ਅਦੁੱਤੀ ਤ੍ਰੈ-ਲੜੀ (Spirt of the Sikh) ਵੀ ਪੰਜਾਬੀ ਯੂਨੀਵਰਸਿਟੀ ਵਲੋਂ ਉਨ੍ਹਾਂ ਦੀ ਪ੍ਰਥਮ ਜਨਮ ਸ਼ਤਾਬਦੀ ਸਮੇਂ ਪ੍ਰਕਾਸ਼ਿਤ ਹੋਈਆਂ ਹਨ। ਆਪ ਦੀ ਗੁਰਮਤਿ ਚਿੰਤਨਧਾਰਾ ਦੀ ਪ੍ਰਮਾਨਿਕਤਾ ਸੰਬੰਧੀ ਇਹ ਉਚਤਮ ਕੋਟੀ ਦੀਆਂ ਪੁਸਤਕਾਂ ਹਨ, ਜੋ ਆਪ ਦੇ ਜੀਵਨ-ਕਾਲ ਵਿਚ ਪ੍ਰਕਾਸ਼ਿਤ ਨਾ ਹੋ ਸਕੀਆਂ। ਇਹ ਕਿੱਡੇ ਵੱਡੇ ਸ਼ੋਕ ਦੀ ਗੱਲ ਸੀ! ਇਨ੍ਹਾਂ ਤਿੰਨਾਂ ਦੇ ਹੁਣ ਪੰਜਾਬੀ ਅਨੁਵਾਦ ਵੀ 'ਸਿਖੀ ਦੀ ਆਤਮਾ' ਦੇ ਨਾਮ ਥੱਲੇ ਉਪਲਬਧ ਹਨ। ਇਹਨਾਂ ਬਾਰੇ ਮੇਰੀ ਇਹ ਨਿਗਮਾਣ ਜਿਹੀ ਰਾਏ ਹੈ ਕਿ ਸ਼ਾਇਦ ਹੀ ਇਨ੍ਹਾਂ ਤੋਂ ਵਧੇਰੇ ਪ੍ਰਮਾਣੀਕ ਸਿੱਖ-ਚਿੰਤਨਧਾਰਾ ਬਾਰੇ ਕੋਈ ਪੁਸਤਕਾਂ ਇਨ੍ਹਾਂ ਦੇ ਟਾਕਰੇ ਦੀਆਂ ਰਚੀਆਂ ਗਈਆਂ ਹੋਣ। ਪਰ ਇਨ੍ਹਾਂ ਦਾ ਵਾਸਤਵਿਕ-ਬੋਧ ਤੇ ਥਾਹ ਪਾਉਣ ਲਈ ਪ੍ਰੋ. ਪੂਰਨ ਸਿੰਘ ਦੇ ਗੁਰਮਤਿ ਚਿੰਤਨ ਸੰਬੰਧੀ ਰਚੀਆਂ ਗਈਆਂ ਪੁਸਤਕਾਂ ਦੇ ਪੁਨਰ ਨਿਰੀਖਣ ਤੇ ਪੁਨਰ-ਮੁਲਾਂਕਣ ਦੀ ਲੋੜ ਹੈ। ਇਨ੍ਹਾਂ ਪੁਸਤਕਾਂ ਵਿਚ ਸਿਖ ਅਧਿਆਤਮਕ-ਕਾਵਿ ਤੇ ਗੁਰਮਤਿ ਦੀ ਚਿੰਤਨਧਾਰਾ ਦੇ ਅਨੇਕ ਵਿਸ਼ੇਸ਼ ਪੱਖਾਂ ਉਤੇ ਮੌਲਿਕ ਢੰਗ ਨਾਲ ਪ੍ਰਕਾਸ਼ ਪਾਇਆ ਗਿਆ ਹੈ। ਇਹ ਪ੍ਰੋ. ਪੂਰਨ ਸਿੰਘ ਦੇ ਆਧੁਨਿਕ, ਤੁਲਨਾਤਮਿਕ, ਚਿੰਤਨਸ਼ੀਲ, ਅਨੁਭਵੀ ਤੇ ਵਿਸ਼ਵ-ਵਿਆਪੀ ਅਧਿਆਤਮਕ ਜੀਵਨ-ਦਰਸ਼ਨ ਦਾ ਅਤਿ ਉਤਮ ਤੇ ਬਹੁ-ਮੁੱਲਾ ਭੰਡਾਰ ਹਨ। ਕਾਸ਼! ਅਸੀਂ ਉਸੇ ਲਗਨ ਅਤੇ ਦਾਇਤਵ ਦੀ ਭਾਵਨਾ ਨਾਲ ਇਸ ਸਿੱਖ ਅਧਿਆਤਮਕ ਨਿਧੀ ਦੀ ਭਾਲ ਕਰ ਸਕੀਏ।' ਜਿਸ ਲਗਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਉ-ਦਾਦੇ ਦੇ ਖ਼ਜ਼ਾਨੇ ਨੂੰ ਖੋਲ੍ਹ ਕੇ ਡਿੱਠਾ ਤੇ ਉਸ ਦੇ ਅਮੋਲਕ ਤੇ ਬਹੁ-ਮੁੱਲੇ ਰਤਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ-ਬੀੜ ਵਿਚ ਸੰਕਲਿਤ ਕਰ ਕੇ ਮਾਨਵ ਜਗਤ ਉਤੇ ਬਹੁਤ ਵੱਡਾ ਉਪਕਾਰ ਕੀਤਾ ਸੀ। ਗੁਰੂ ਅਰਜਨ ਦੇਵ ਜੀ ਦੇ ਇਸ ਅਖੁਟ ਭੰਡਾਰ ਦੀ ਮਾਰਮਿਕ ਵਿਆਖਿਆ ਹੀ ਪ੍ਰੋ. ਪੂਰਨ ਸਿੰਘ ਜੀ ਨੇ ਆਪਣੀਆਂ ਇਨ੍ਹਾਂ ਉਪਰੋਕਤ ਰਚਨਾਵਾਂ ਵਿਚ ਕੀਤੀ ਹੈ।

ਪ੍ਰੋ. ਪੂਰਨ ਸਿੰਘ ਜੀ ਨੇ ਗੁਰਮਤਿ ਕਾਵਿਧਾਰਾ, ਅਧਿਆਤਮਕ ਜੀਵਨ-ਦਰਸ਼ਨ ਅਤੇ ਇਸ ਵਿਸ਼ੇਸ਼ ਚਿੰਤਨਧਾਰਾ ਦੇ ਵਿਕਾਸ ਵਿਚ ਜੋ ਯੋਗਦਾਨ ਪਾਇਆ ਹੈ, ਉਹ ਇਕ ਵਿਸ਼ੇਸ਼ ਪਧਤੀ ਜਾਂ ਸਕੂਲ ਨੂੰ ਸਥਾਪਿਤ ਕਰਦਾ ਹੈ। ਗੁਰਮਤਿ ਸਾਹਿਤ ਤੇ ਦਰਸ਼ਨ ਦੇ ਅਧਿਐਨ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਸਥਾਪਿਤ ਕੀਤਾ ਗਿਆ ਇਹ ਸਕੂਲ ਇਕ ਵਿਸ਼ੇਸ਼ ਇਤਿਹਾਸਕ ਤੇ ਅਦੁਤੀ ਗੌਰਵ ਦਾ ਧਾਰਨੀ ਹੈ। ਇਹ ਇਕ ਅਜਿਹੇ ਪ੍ਰਤੀਮਾਨਾਂ ਦਾ ਮਾਨਦੰਡ ਕੋਸ਼ ਹੈ, ਜੋ ਸਿਖ ਧਾਰਮਿਕ ਅਧਿਐਨ ਦੇ ਖੇਤਰ ਵਿਚ ਨਵੀਂ ਗਤੀਸ਼ੀਲ, ਕ੍ਰਾਂਤੀਕਾਰੀ ਤੇ ਯੁਗ ਅਨੁਕੂਲ ਪਧਤੀ ਦੇ ਲਕਸ਼ਾਂ ਨੂੰ ਰੇਖਾ-ਅੰਕਿਤ ਕਰਕੇ ਕੁਝ ਵਿਸ਼ੇਸ਼ ਆਦਰਸ਼ ਨਿਰਧਾਰਿਤ ਕਰਦਾ ਹੈ। ਇਸ



Sri Satguru Jagjit Singh Ji eLibrary NamdhariElibrary@gmail.com

ਮਹਾਨ ਅਧਿਆਤਮਕ ਨਿਧੀ ਤਕ ਪਹੁੰਚਣ ਤੋਂ ਬਿਨਾਂ ਸਿਖ-ਅਧਿਆਤਮਕ ਚਿੰਤਨ ਵਿਚ ਵਿਸ਼ਵ-ਵਿਆਪੀ ਤੇ ਭਵਿੱਖਾਰਥੀ ਲਕਸ਼ਾਂ ਨੂੰ ਮੂਰਤੀਮਾਨ ਕਰ ਸਕਣਾ ਜੇ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ।

ਗੁਰਮਤਿ ਦੀ ਚਿੰਤਨਧਾਰਾ ਦੇ ਅੰਤਰਗਤ ਪ੍ਰੋ. ਪੂਰਨ ਸਿੰਘ ਜੀ ਨੇ ਇਕ ਹੋਰ ਵੱਡਾ ਯੋਗਦਾਨ ਕੀਤਾ ਹੈ ਗੁਰਬਾਣੀ ਦੇ ਅਧਿਐਨ ਤੇ ਉਸ ਪ੍ਰਤੀ ਪਹੁੰਚ ਵਿਧੀ ਦੇ ਸੰਬੰਧ ਵਿਚ ਉਨ੍ਹਾਂ ਦਾ ਸ੍ਵੈ-ਨਿਰਧਾਰਿਤ ਕੀਤਾ ਹੋਇਆ ਨਿਵੇਕਲਾ ਮਾਰਗ ਹੈ। ਆਪ ਕੋਸ਼ਗਤ ਅਰਥ-ਵਿਆਖਿਆ ਦੀ ਤੁਲਨਾ ਵਿਚ ਸ਼ਬਦ ਦੇ ਸਮੁੱਚੇ ਭਾਵ-ਪ੍ਰਕਾਸ਼ਨ ਨੂੰ ਵਿਸ਼ੇਸ਼ ਮੰਨਦੇ ਹਨ ਅਤੇ ਕਿਸੇ ਸ਼ਬਦ ਵਿਚਲੇ ਭਾਵ-ਸੰਚਾਰ ਦੁਆਰਾ ਜੋ ਵਿਸ਼ੇਸ਼ ਅਨੁਭਵ ਪ੍ਰਾਪਤ ਹੁੰਦਾ ਹੈ ਉਸ ਦੇ ਆਧਾਰ ਉਤੇ ਹੀ ਆਪ ਨੇ ਗੁਰਬਾਣੀ ਦੇ ਅਨੇਕ ਸ਼ਬਦਾਂ ਤੇ ਵਿਸ਼ੇਸ਼ ਬਾਣੀਆਂ ਦਾ ਅੰਗਰੇਜ਼ੀ-ਰੂਪਾਂਤਰਣ ਕੀਤਾ ਹੈ। ਉਨ੍ਹਾਂ ਦਾ ਇਹ ਕਾਵਿ-ਅਨੁਵਾਦ ਨਿਵੇਕਲੀਆਂ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ। ਇਹ ਅੰਗਰੇਜ਼ੀ ਰੂਪਾਂਤਰਣ ਪ੍ਰੋ. ਪੂਰਨ ਸਿੰਘ ਦੇ ਗੁਰਮਤਿ ਸੰਬੰਧੀ ਮੌਲਿਕ ਦ੍ਰਿਸ਼ਟੀਕੋਣ ਤੇ ਗੁਰਬਾਣੀ ਦੇ ਸ਼ਬਦਾਂ ਦੇ ਅੰਤਰੀਵ ਭਾਵਾਂ ਦਾ ਸੁੰਦਰ ਸੁਹਜਮਈ ਪ੍ਰਮਾਰਥ ਹੈ ਜਿਸ ਵਿਚ ਮਹਾਂ ਕਵੀ ਪੂਰਨ ਸਿੰਘ ਨੇ ਆਪਣੀ ਵਿਅਕਤੀਗਤ ਭਾਵਨਾ ਦੀ ਤੀਖਣਤਾ ਤੇ ਉਚ ਕਲਪਨਾ ਦੁਆਰਾ ਉਸ ਸ਼ਬਦ ਦੇ ਸਮੁੱਚੇ ਵਾਤਾਵਰਨ ਤੇ ਸਾਂਸਕ੍ਰਿਤਕ ਪਿਛੋਕੜ ਨੂੰ ਆਪਣੇ ਅਨੁਭਵ ਦੇ ਮੌਲਿਕ ਰੰਗ ਵਿਚ ਰੰਗ ਦਿੱਤਾ ਹੈ। ਜਪੁਜੀ, ਆਸਾ ਦੀ ਵਾਰ ਅਤੇ ਸਿਧ ਗੋਸਟਿ ਬਾਣੀਆਂ ਦੇ ਸੰਪੂਰਨ ਪਰਮਾਰਥ ਤੇ ਅੰਗਰੇਜ਼ੀ ਕਾਵਿ-ਰੂਪਾਂਤਰਣ ਤੇ ਉਨ੍ਹਾਂ ਸ਼ਬਦਾਂ ਦੀ ਵਿਆਖਿਆ ਜਿਨ੍ਹਾਂ ਨੇ ਉਨ੍ਹਾਂ ਨੂੰ ਸਭ ਤੋਂ ਵਧ ਪ੍ਰਭਾਵਿਤ ਕੀਤਾ; ਬੜੀ ਪ੍ਰਭਾਵਸ਼ਾਲੀ ਤੇ ਮਹੱਤਵਪੂਰਨ ਦੇਣ ਹੈ। ਅਜਿਹੀ ਰਚਨਾ ਦਾ ਆਕਾਰ ਵੀ ਲਗਭਗ ਦੋ, ਢਾਈ ਸੌ ਪੰਨਿਆਂ ਤਕ ਫੈਲਿਆ ਹੋਇਆ ਹੈ। ਗੁਰਬਾਣੀ ਦੇ ਅੰਗਰੇਜ਼ੀ ਭਾਸ਼ਾ ਵਿਚ ਕੀਤੇ ਗਏ ਇਹ ਰੂਪਾਂਤਰਣ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਨੇ ਮੈਕਾਲਿਫ਼ ਅਤੇ ਟਰੰਪ, ਸਮਕਾਲੀ ਲੇਖਕਾ ਦੇ ਨਿਰਸ ਅਨੁਵਾਦਾਂ ਦੇ ਪ੍ਰਤੀਕਰਮ ਵਜੋਂ ਗੁਰਬਾਣੀ ਦੀ ਆਦਰਸ਼ ਵਿਆਖਿਆ-ਵਿਧੀ ਤੇ ਇਕ ਨਿਵੇਕਲੇ ਪਰਮਾਨ ਸਥਾਪਿਤ ਕਰਨ ਵਜੋਂ ਕੀਤੇ ਹਨ। ਇਸ ਰਚਨਾ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪ੍ਰੋ. ਪੂਰਨ ਸਿੰਘ ਦੇ ਗੁਰਮਤਿ ਸੰਬੰਧੀ ਚਿੰਤਨਧਾਰਾ ਦੀ ਪੂਰਨ ਰੂਪ ਵਿਚ ਪ੍ਰਤਿਨਿਧਤਾ ਕਰਦੇ ਹਨ। ਇਨ੍ਹਾਂ ਵਿਚ ਕਵੀ ਪੂਰਨ ਸਿੰਘ ਦੀ ਪ੍ਰਤਿਭਾ ਦਾ ਪ੍ਰਕਾਸ਼ ਸ਼ਬਦ ਦੇ ਭਾਵ ਦੇ ਨਵ-ਸੰਗਠਨ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ ਅਤੇ ਉਸ ਵਿਸਥਾਰ ਵਿਚ ਜਿਸ ਵਿਚ ਇਸ ਮਹਾਂ-ਕਵੀ ਦੀ ਕਲਪਨਾ ਗੁਰਬਾਣੀ ਦੇ ਸੂਖਮ ਰਹੱਸ ਨੂੰ ਸੁਅਲੰਕਰਿਤ ਤੇ ਭਾਵਨਾ ਯੁਕਤ ਪ੍ਰਗੀਤਕ ਸ਼ੈਲੀ ਵਿਚ ਅਭਿਵਿਅਕਤ ਕਰਦੀ ਹੈ। ਇਸ ਲਈ ਪ੍ਰੋ. ਪੂਰਨ ਸਿੰਘ ਦੁਆਰਾ ਕੀਤਾ ਗਿਆ ਗੁਰਬਾਣੀ ਦਾ ਅੰਗਰੇਜ਼ੀ ਕਾਵਿਮਈ ਰੂਪਾਂਤਰਣ ਆਪਣੇ ਆਪ ਵਿਚ ਇਕ ਅਮੋਲਕ ਕਲਾਮਈ ਢੋਆ ਹੈ, ਜੋ ਪ੍ਰੋ. ਪੂਰਨ ਸਿੰਘ ਨੇ ਵਿਸ਼ਵ ਭਰ ਦੇ ਗੁਰਬਾਣੀ ਦੇ ਪ੍ਰੇਮੀਆਂ ਤੇ ਜਗਿਆਸੂ-ਖੋਜੀਆਂ ਦੇ ਰਸ-ਸਵਾਦਨ ਲਈ ਸਿਰਜਿਆ ਹੈ।



Sri Satguru Jagjit Singh Ji eLibrary NamdhariElibrary@gmail.com

ਮੈਂ ਇਸ ਖੋਜ ਨਿਬੰਧ ਨੂੰ ਆਪਣੀ ਹੀ ਚਾਰ ਪੰਗਤੀਆਂ ਦੀ ਕਵਿਤਾ ਨਾਲ ਸਮਾਪਤ ਕਰਨ ਦੀ ਆਗਿਆ ਮੰਗਦਾ ਹਾਂ:

ਚੌੜਾ ਮਸਤਕ ਖੁਲ੍ਹਾ ਦਾੜ੍ਹਾ,
ਦਿਲ ਵਿਚ ਸਾਗਰ ਛਲਕੇ।
ਨੈਣਾਂ ਦੀ ਅਸਗਾਹਤਾ ਉਸ ਦੀ,
ਰੋਮ ਰੋਮ 'ਚੋਂ ਝਲਕੇ।

o

ਹਵਾਲੇ:


1. ਸਿਖੀ ਦੀ ਆਤਮਾ, ਭਾਗ II, ਪੰਨਾ 43
2. ਪੂਰਬੀ ਕਵਿਤਾ ਦੀ ਆਤਮਾ, ਪੰਨਾ 81
3. ਦਸ ਗੁਰੂ ਦਰਸ਼ਨ, ਪੰਨਾ 10
4. Sisters of the Spinning wheel - Introduction, p. 29.




Sri Satguru Jagjit Singh Ji eLibrary NamdhariElibrary@gmail.com

# ਪੰਜਾਬ, ਪੰਜਾਬੀ, ਪੰਜਾਬੀਅਤ ਦਾ ਸ਼੍ਰੋਮਣੀ ਤੇ ਸਚਿਆਰਾ ਅਲਮਬਰਦਾਰ: ਪ੍ਰੋ. ਪ੍ਰੀਤਮ ਸਿੰਘ

## ਪੰਜਾਬ ਰਿਸ਼ੀ ਦਾ ਪੰਜਾਬੀ ਆਸ਼ਰਮ

ਪਟਿਆਲੇ ਦੇ ਫੁਆਰਾ ਚੌਂਕ ਤੋਂ ਨੇਤਾ ਜੀ ਸੁਭਾਸ਼ ਰਾਸ਼ਟਰੀ ਖੇਡ ਸੰਸਥਾਨ ਨੂੰ ਜਾਂਦੀ ਸੜਕ ਲੋਅਰ ਮਾਲ ਉੱਤੇ ਬੁੱਢਾ ਦਲ ਦੇ ਨਿਹੰਗ ਆਸ਼ਰਮ ਦੇ ਗੁਰਦੁਆਰੇ ਤੋਂ ਥੋੜ੍ਹਾ ਅੱਗੇ ਜਾ ਕੇ ਪ੍ਰੀਤਨਗਰ ਦੀ ਗਲੀ ਦੇ ਸੱਜੇ ਹੱਥ ਵਾਲੀ ਦੂਜੀ ਕੋਠੀ ਵਿਚ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਸ਼੍ਰੋਮਣੀ ਤੇ ਸਚਿਆਰੇ ਅਲਮਬਰਦਾਰ ਦਾ ਨਿਵਾਸ ਸਥਾਨ ਹੈ, ਜਿਥੇ ਆਪ ਲਗਪਗ ਅੱਧੀ ਸਦੀ ਤੋਂ ਵਧੇਰੇ ਸਮੇਂ ਤੋਂ ਆਪਣਾ ਸਥਾਈ ਨਿਵਾਸ ਰਖ ਰਹੇ ਹਨ। ਪੰਜਾਬੀ ਭਾਸ਼ਾ, ਸਾਹਿਤ ਅਤੇ ਪੰਜਾਬੀ ਸਭਿਆਚਾਰ ਦੇ ਸਮਰੱਥ ਸੁਰੱਖਿਅਕ ਇਸ ਪੰਜਾਬੀ ਰਿਸ਼ੀਵਰ ਨੇ ਜਿਸ ਤਰ੍ਹਾਂ ਪੰਜਾਬੀ ਦੇ ਸਭਿਆਚਾਰ ਅਤੇ ਸੰਸਕ੍ਰਿਤੀ ਦੀ ਨਿਸ਼ਕਾਮ ਸੇਵਾ ਕੀਤੀ ਹੈ ਅਤੇ ਇਸ ਖ਼ਾਤਰ ਆਪਣਾ ਸਾਰਾ ਜੀਵਨ ਸਮਰਪਿਤ ਕਰੀ ਰਖਿਆ ਹੈ, ਉਸ ਤੋਂ ਪੰਜਾਬ ਦੇ ਇਸ ਸਚੇ ਸੁੱਚੇ ਤੇ ਵਿਦਵਾਨ ਸਪੂਤ ਨੂੰ ਪੰਜਾਬੀ ਰਿਸ਼ੀਵਰ ਦੇ ਨਾਮ ਨਾਲ ਯਾਦ ਕਰਨਾ ਉੱਚਿਤ ਤੇ ਨਿਆਇ-ਸੰਗਤ ਹੀ ਪ੍ਰਤੀਤ ਹੁੰਦਾ ਹੈ।

ਵੀਹਵੀਂ ਸਦੀ ਦੇ ਉਤਰਾਧ ਵਿਚ ਪੰਜਾਬ ਦੇ ਬੌਧਿਕ ਤੇ ਸਾਂਸਕ੍ਰਿਤਕ ਖੇਤਰ ਵਿਚ ਦੋ ਵਿਦਵਾਨਾਂ ਦੇ ਨਾਮ ਸੁਪ੍ਰਸਿੱਧ ਰਹੇ ਹਨ। ਇਨ੍ਹਾਂ ਦੋਹਾਂ ਪੰਜਾਬੀ ਦੇ ਮਹਾਂ ਅਧਿਆਪਕਾਂ ਅਤੇ ਉੱਚ ਕੋਟੀ ਦੇ ਲੇਖਕਾਂ ਨੇ ਲਗਭਗ ਛੇ ਦਹਾਕਿਆਂ ਤਕ ਪੰਜਾਬੀ ਸਾਹਿਤ ਮੰਡਲ ਦੀ ਜਿਥੇ ਅਗਵਾਈ ਕੀਤੀ ਹੈ, ਉਥੇ ਆਧੁਨਿਕ ਪੰਜਾਬੀ ਸਾਹਿੱਤ ਦਾ ਠੀਕ ਦਿਸ਼ਾ-ਨਿਰਦੇਸ਼ ਵੀ ਕੀਤਾ ਹੈ। ਇਹ ਦੋਵੇਂ ਪੰਜਾਬ ਦੇ ਸ਼੍ਰੋਮਣੀ ਸਾਹਿੱਤਕਾਰ ਪ੍ਰੋ. ਪ੍ਰੀਤਮ ਸਿੰਘ (ਪਟਿਆਲਾ) ਅਤੇ ਪ੍ਰਿੰ. ਸੰਤ ਸਿੰਘ ਸੇਖੋਂ ਹਨ। 1949 ਈਸਵੀ ਵਿਚ ਜਦੋਂ ਪੰਜਾਬ ਯੂਨੀਵਰਸਿਟੀ ਵੱਲੋਂ ਪੰਜਾਬੀ ਦੀਆਂ ਐਮ.ਏ. ਸ਼੍ਰੇਣੀਆਂ ਦੀ ਪੜ੍ਹਾਈ ਸ਼ੁਰੂ ਕਰਵਾਈ ਗਈ ਤਾਂ ਇਸ ਦੇ ਦੋ ਕੇਂਦਰ ਸਥਾਪਿਤ ਹੋਏ, ਇਹ ਸਨ - ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ। ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੰਜਾਬੀ ਦੇ ਪੋਸਟ ਗ੍ਰੈਜੂਏਟ ਸ਼੍ਰੇਣੀਆਂ ਦੇ ਮੁੱਖ ਅਧਿਆਪਕ ਸਨ- ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਤੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਦੀਆਂ ਸ਼੍ਰੇਣੀਆਂ ਦੇ ਮੁਖੀ ਸਨ ਪ੍ਰੋ. ਪ੍ਰੀਤਮ ਸਿੰਘ। ਉਸ ਸਮੇਂ ਪ੍ਰਿੰ. ਤੇਜਾ ਸਿੰਘ ਜੋ ਆਧੁਨਿਕ ਪੰਜਾਬੀ ਸਾਹਿੱਤ ਦੀ ਦੂਜੀ ਪੀੜ੍ਹੀ ਦੇ ਬਹੁਤ ਸਾਰੇ ਲੇਖਕਾਂ ਨੂੰ ਸੇਧ ਦੇਣ ਵਾਲੇ ਆਗੂ ਸਨ, ਵੀ ਮਹਿੰਦਰਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਸਨ। ਆਪ ਇਕ ਤਰ੍ਹਾਂ ਨਾਲ ਪ੍ਰੋ. ਪ੍ਰੀਤਮ ਸਿੰਘ ਜੀ ਦੇ ਸਾਹਿਤਕ ਮੁਰਸ਼ਦ ਵੀ ਸਨ। ਇਨ੍ਹਾਂ ਦੋਹਾਂ ਬੁੱਧੀਮਾਨਾਂ, ਪ੍ਰੋ. ਪ੍ਰੀਤਮ ਸਿੰਘ ਅਤੇ ਪ੍ਰਿੰ. ਸੰਤ ਸਿੰਘ ਸੇਖੋਂ ਨੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਨੂੰ ਸੁਚੱਜੀ ਅਗਵਾਈ ਦੇ ਕੇ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਇਸ ਸੰਬੰਧ ਵਿਚ ਪੰਜਾਬੀ ਭਾਸ਼ਾ ਤੇ ਸਾਹਿੱਤ ਦੇ



Sri Satguru Jagjit Singh Ji eLibrary NamdhariElibrary@gmail.com

ਸਰਬਪੱਖੀ ਵਿਕਾਸ ਤੇ ਯੁਗਾਨੁਕੂਲ ਉੱਨਤੀ ਲਈ ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਪ੍ਰੀਤਮ ਸਿੰਘ ਦੇ ਨਾਂ ਅਤੇ ਉਨ੍ਹਾਂ ਦੀਆਂ ਇਸ ਉਦੇਸ਼ ਲਈ ਸਮਰਪਿਤ ਸੇਵਾਵਾਂ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹਨ।

ਪੰਜਾਬੀ ਦੇ ਇਸ ਰਿਸ਼ੀਵਰ ਦੇ ਨਿਕਟ ਹੀ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਦਾ ਨਿਵਾਸ ਸਥਾਨ ਸੀ। ਜੇ ਪ੍ਰੋ. ਪ੍ਰੀਤਮ ਸਿੰਘ ਪੰਜਾਬੀ ਰਿਸ਼ੀ ਹਨ, ਤਾਂ ਡਾ. ਗੰਡਾ ਸਿੰਘ ਨੂੰ ਇਤਿਹਾਸਕ ਰਿਸ਼ੀ ਹੀ ਕਹਿਣਾ ਬਣਦਾ ਹੈ। ਇਉਂ ਲੋਅਰ ਮਾਲ, ਪਟਿਆਲਾ ਦੇ ਪ੍ਰੀਤ ਨਗਰ ਦੇ ਇਹ ਦੋਵੇਂ ਸਥਾਨ ਪੰਜਾਬੀ ਰਿਸ਼ੀ ਅਤੇ ਇਤਿਹਾਸ ਰਿਸ਼ੀ, ਪੰਜਾਬ ਦੇ ਸਾਂਸਕ੍ਰਿਤਕ ਇਤਿਹਾਸ ਵਿਚ ਯਾਦਗਾਰੀ ਸਥਾਨ ਬਣ ਗਏ ਹਨ। ਡਾ. ਗੰਡਾ ਸਿੰਘ ਕੁਝ ਸਾਲ ਪਹਿਲਾਂ ਆਪਣੀ ਸੰਸਾਰਕ ਯਾਤਰਾ ਸੰਪੂਰਨ ਕਰ ਗਏ ਹਨ। ਉਨ੍ਹਾਂ ਦਾ ਨਿਵਾਸ ਸਥਾਨ ਭਾਵੇਂ ਉਸੇ ਤਰ੍ਹਾਂ ਸੁਰੱਖਿਅਤ ਖੜ੍ਹਾ ਹੈ, ਪਰ ਉਨ੍ਹਾਂ ਦੀ ਉਮਰ ਭਰ ਦਾ ਇਤਿਹਾਸਕ ਖੋਜ ਦਾ ਖ਼ਜ਼ਾਨਾ ਪੰਜਾਬੀ ਯੂਨੀਵਰਸਿਟੀ ਨੂੰ ਸਮਰਪਿਤ ਕਰ ਦਿਤਾ ਗਿਆ ਸੀ, ਜਿਥੇ ਆਪ ਕਈ ਸਾਲ, ਪੰਜਾਬ ਪਾਸਟ ਐਂਡ ਪਰੈਜ਼ੈਂਟ ਦੇ ਇਤਿਹਾਸਕ ਪੱਤਰ ਨੂੰ ਸੰਪਾਦਿਤ ਕਰਦੇ ਰਹੇ ਸਨ।

ਪੰਜਾਬੀ ਐਮ.ਏ. ਪਹਿਲੇ ਸਥਾਪਿਤ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਮੁੱਖ ਅਧਿਆਪਕ ਪ੍ਰਿੰ. ਸੰਤ ਸਿੰਘ ਸੇਖੋਂ ਵੀ ਕੁਝ ਸਾਲ ਪਹਿਲਾਂ ਸਦੀਵੀ ਵਿਛੋੜੇ ਦੇ ਗਏ ਹਨ। ਉਨ੍ਹਾਂ ਨੂੰ ਪੰਜਾਬ ਦੇ ਬੌਧਿਕ ਮੰਡਲਾਂ ਵਿਚ 'ਬਾਬਾ ਬੋਹੜ' ਕਰਕੇ ਜਾਣਿਆ ਜਾਂਦਾ ਸੀ, ਜੋ ਉਨ੍ਹਾਂ ਦੇ ਇਕ ਕਾਵਿ-ਨਾਟਕ ਦਾ ਨਾਂ ਵੀ ਸੀ। ਜੇ ਪ੍ਰਿੰ. ਸੰਤ ਸਿੰਘ ਸੇਖੋਂ ਆਧੁਨਿਕ ਪੰਜਾਬੀ ਸਾਹਿਤ ਦੇ 'ਬਾਬਾ ਬੋਹੜ' ਸਨ ਤਾਂ ਉਨ੍ਹਾਂ ਦੇ ਸਮ-ਪਦਵੀ ਧਾਰਕ ਪ੍ਰੋ. ਪ੍ਰੀਤਮ ਸਿੰਘ ਜੀ ਦੇ ਸਹਾਇਕ ਬ੍ਰਿਛ ਦੀ ਛਾਂ ਵੀ ਅਨੇਕ ਸਾਹਿਤਕਾਰਾਂ ਨੇ ਮਾਣੀ ਹੈ। ਭਾਰਤ ਦੇ ਲੋਕ ਪਿੱਪਲ ਦੇ ਬ੍ਰਿਛ ਨੂੰ ਬ੍ਰਹਮਵੇਤਾ ਵਜੋਂ ਜਾਣਦੇ ਤੇ ਪੂਜਦੇ ਹਨ। ਸੱਚਮੁੱਚ ਜੇ ਪ੍ਰੋ. ਪ੍ਰੀਤਮ ਸਿੰਘ ਜੀ ਦੀ ਪਿਛਲੇ ਸੱਠਾਂ ਸੱਤਰਾਂ ਸਾਲਾਂ ਦੀ ਸਾਹਿਤਕ ਅਤੇ ਸੰਜਮੀ ਜ਼ਿੰਦਗੀ ਉੱਤੇ ਝਾਤ ਮਾਰੀਏ ਤਾਂ ਇਸ ਪੰਜਾਬੀ ਰਿਸ਼ੀ ਦੀ ਛਾਂ ਤੇ ਕੀਰਤੀ ਪਿੱਪਲ ਦੇ ਬ੍ਰਿਛ ਵਰਗੀ ਹੀ ਪੂਜਨੀਕ ਹੈ। ਆਪ ਜੀ ਦਾ ਸੱਚਾ ਸੁੱਚਾ ਤੇ ਸਾਦਗੀ ਵਾਲਾ ਜੀਵਨ, ਉੱਦਮ, ਉਤਸ਼ਾਹ ਅਤੇ ਕਰਮਜੋਗੀ ਵਾਲਾ ਕਿਰਦਾਰ ਸੱਚਮੁੱਚ ਹੀ ਆਧੁਨਿਕ ਯੁਗ ਦੇ ਪੰਜਾਬੀਆਂ ਲਈ ਵੇਦ ਵਿਆਸ ਵਾਲਾ ਹੀ ਹੈ। 11 ਜਨਵਰੀ, 1918 ਤੋਂ ਲੈ ਕੇ ਵਰਤਮਾਨ ਛਿਣਾਂ ਤਕ ਆਪ ਜੀ ਨੇ ਪੰਜਾਬੀ ਭਾਸ਼ਾ ਦੀ ਵਿਆਕਰਣਕ ਸ਼ੁੱਧਤਾ ਅਤੇ ਇਸ ਨੂੰ ਟਕਸਾਲੀ ਰੂਪ ਦੇਣ ਵਿਚ ਜੋ ਅਸਾਧਾਰਨ ਕਾਰਜ ਕੀਤਾ ਹੈ, ਉਹ ਪੁਰਾਤਨ ਕਾਲ ਦੇ ਅਸ਼ਟਾਧਿਆਈ ਵਿਆਕਰਣ ਦੇ ਕਰਤਾ ਪਾਨਿਨੀ ਤੋਂ ਘੱਟ ਨਹੀਂ ਹੈ।

ਪ੍ਰੋ. ਪ੍ਰੀਤਮ ਸਿੰਘ 1940 ਈਸਵੀ ਦੇ ਨੇੜੇ ਤੇੜੇ ਅੰਗਰੇਜ਼ੀ ਅਤੇ ਫ਼ਾਰਸੀ ਦੀਆਂ ਪੰਜਾਬ ਯੂਨੀਵਰਸਿਟੀ ਲਾਹੌਰ ਦੀਆਂ ਐਮ.ਏ. ਦੀਆਂ ਪ੍ਰੀਖਿਆਵਾਂ ਪਾਸ ਕਰਨ ਉਪਰੰਤ 1941-42 ਤੋਂ ਲੈ ਕੇ ਕਾਫ਼ੀ ਚਿਰ ਤਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਅਧਿਆਪਨ ਦੀ ਸੇਵਾ ਨੂੰ ਨਿਭਾਉਂਦੇ ਰਹੇ ਹਨ। ਪਰ ਉਨ੍ਹਾਂ ਦੀ ਵੱਡੀ ਦੇਣ, ਪੰਜਾਬੀ ਦੇ ਸਾਹਿਤਕ ਕੰਪਾਸ ਨੂੰ ਠੀਕ



Sri Satguru Jagjit Singh Ji eLibrary NamdhariElibrary@gmail.com

ਦਿਸ਼ਾ ਵਿਚ ਮੋੜਨ ਤੇ ਨਿਰਧਾਰਣ ਕਾਰਨ ਬੜੀ ਅਹਿਮ ਹੈ। ਉਨ੍ਹਾਂ ਦੀ ਇਸ ਖੇਤਰ ਵਿਚ ਕੀਤੀ ਗਈ ਨਿਰੰਤਰ, ਨਿਸ਼ਕਾਮ, ਸਮਰਪਿਤ ਤੇ ਸੁਹਿਰਦ ਸੇਵਾ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਵਫ਼ਾਦਾਰ ਸਪੂਤ ਕਿਹਾ ਜਾ ਸਕਦਾ ਹੈ।

**ਪੰਜਾਬ, ਪੰਜਾਬੀ, ਪੰਜਾਬੀਅਤ ਦੇ ਪਰਿਭਾਸ਼ਿਤ ਸੰਕਲਪ**

ਆਪਣੇ ਇਸ ਸੰਬੰਧ ਵਿਚ ਮੈਂ ਉਪਰੋਕਤ ਤਿੰਨਾਂ ਮੁੱਖ-ਪਦਾਂ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਪਰਿਭਾਸ਼ਿਤ ਸੰਕਲਪਾਂ ਅਤੇ ਵਿਸ਼ੇਸ਼ ਕਰਕੇ ਇਨ੍ਹਾਂ ਬਾਰੇ ਪ੍ਰੋ. ਪ੍ਰੀਤਮ ਸਿੰਘ ਦੇ ਦ੍ਰਿਸ਼ਟੀਕੋਣ ਉੱਤੇ ਵਿਚਾਰ ਕਰਕੇ ਹੀ ਅਗਲੇ ਪ੍ਰਕਰਣਾਂ ਵਿਚ ਉਨ੍ਹਾਂ ਦੇ ਯੋਗਦਾਨ ਸੰਬੰਧੀ ਕੁਝ ਕਹਿਣ ਦਾ ਜਤਨ ਕਰਾਂਗਾ। ਕਹਿਣ ਨੂੰ ਤਾਂ ਇਹ ਤਿੰਨੇ ਸ਼ਬਦ ਆਮ ਜਨਤਾ, ਇਤਿਹਾਸਕਾਰਾਂ ਅਤੇ ਵਿਦਵਾਨਾਂ ਵਿਚ ਬਹੁਤ ਪ੍ਰਚਲਿਤ ਰਹੇ ਹਨ ਅਤੇ ਇਨ੍ਹਾਂ ਦੀ ਨਿਸ਼ਾਨਦੇਹੀ ਇਤਿਹਾਸਕਾਰਾਂ ਅਤੇ ਆਧੁਨਿਕ ਕਾਲ ਦੇ ਵਿਚਾਰਵਾਨਾਂ ਨੇ ਵੀ ਕਈ ਥਾਵਾਂ 'ਤੇ ਕੀਤੀ ਹੈ। ਇਨ੍ਹਾ ਬਾਰੇ ਇਨ੍ਹਾਂ ਦੇ ਵਾਸਤਵਿਕ ਸਰੂਪ ਅਤੇ ਸੰਕਲਪਗਤ ਤੱਥਾਂ ਬਾਰੇ ਸਮੇਂ ਸਮੇਂ ਸਿਰ ਭਾਵੇਂ ਜ਼ਰੂਰ ਚਰਚਾ ਹੁੰਦੀ ਰਹੀ ਹੈ ਅਤੇ ਇਨ੍ਹਾਂ ਦੀ ਵਾਸਤਵਿਕਤਾ ਤੋਂ ਬਹੁਤ ਸਾਰੇ ਪੰਜਾਬ ਦੇ ਵਿਦਿਅਕ ਤੇ ਬੌਧਿਕ ਮੰਡਲ ਅਨਜਾਣ ਨਹੀਂ ਹਨ, ਫਿਰ ਵੀ ਪੰਜਾਬ ਦੇ ਸਮੁੱਚੇ ਇਤਿਹਾਸ ਅਤੇ ਵਰਤਮਾਨ ਹਾਲਤਾਂ ਨੂੰ ਮੁੱਖ ਰੱਖ ਕੇ ਇਨ੍ਹਾਂ ਦੀ ਸੁਨਿਸਚਿਤ ਤੇ ਪਰਿਭਾਸ਼ਿਤ ਪੁਨਰ ਵਿਆਖਿਆ ਬੜੀ ਜ਼ਰੂਰੀ ਹੈ। ਇਸ ਲਈ ਵੀ ਕਿ ਪੰਜਾਬ ਦਾ ਭੂਮੀਗਤ ਖੇਤਰ ਵੀ ਸੁਨਿਸਚਿਤ ਅਬਦਲ ਅਤੇ ਸਦੀਆਂ ਤੋਂ ਕਾਇਮ ਹੈ ਅਤੇ ਸਦੀਆਂ ਤੱਕ ਇਹ ਸੁਨਿਸਚਿਤ ਹੀ ਰਹੇਗਾ। ਕਿਉਂਜੁ ਕਿਸੇ ਵੀ ਦੇਸ਼ ਦੇ ਭੂਗੋਲਿਕ ਯਥਾਰਥ ਅਤੇ ਕੁਦਰਤੀ ਹੱਦਾਂ ਅਤੇ ਇਥੋਂ ਦੇ ਵਸਨੀਕਾਂ ਦੀਆਂ ਰੁਚੀਆਂ ਅਤੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਰਸਮਾਂ, ਗੀਤਾਂ, ਸਭਿਆਚਾਰਕ ਰਵਾਇਤਾਂ ਅਤੇ ਇਤਿਹਾਸਕ ਗਾਥਾਵਾਂ ਨੂੰ ਛੇਤੀ ਛੇਤੀ ਝੁਠਲਾਇਆ ਨਹੀਂ ਜਾ ਸਕਦਾ। ਪ੍ਰਾਚੀਨ ਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਇਨ੍ਹਾਂ ਦੇ ਮੂਲ ਯਥਾਰਥ ਦੀ ਵਿਆਖਿਆ ਹੁੰਦੀ ਰਹੀ ਹੈ।

ਇਸ ਸੰਬੰਧ ਵਿਚ ਦੋ ਪ੍ਰਮੁੱਖ ਤੱਥਾਂ ਨੂੰ ਸਨਮੁਖ ਰਖਣਾ ਪਵੇਗਾ। ਇਨ੍ਹਾਂ ਵਿਚੋਂ ਇਕ ਹੈ ਪ੍ਰਾਕ੍ਰਿਤਕ ਵਾਸਤਵਿਕਤਾ ਅਤੇ ਦੂਜਾ ਹੈ ਇਤਿਹਾਸਕ ਯਥਾਰਥ। ਪਹਿਲੇ ਵਿਚ ਤਾਂ ਹੁਣ ਵੀ ਕਿਸੇ ਫੇਰ ਬਦਲ ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਇਤਿਹਾਸਕ ਪ੍ਰਸੰਗ ਵਿਚ ਰਾਜਨੀਤਕ ਉਥਲਾਂ ਪੁਥਲਾਂ ਕਾਰਨ ਵਿਆਖਿਆ ਵਿਚ ਕੁਝ ਮਤਭੇਦ ਅਵੱਸ਼ ਹੋ ਸਕਦੇ ਹਨ। ਕਿਉਂਜੁ ਪੰਜਾਬ ਦੇ ਵਸਨੀਕਾਂ ਦੇ ਬਹੁ-ਧਰਮੀ, ਬਹੁ-ਜਾਤੀ ਅੰਤਰਾਂ ਅਤੇ ਵਖੇਵਿਆਂ ਕਾਰਨ ਅਤੇ ਕੁਝ ਖੇਤਰੀ ਰਵਾਇਤਾਂ ਕਾਰਨ ਇਤਿਹਾਸਕ ਤੱਥਾਂ ਦੀ ਭਿੰਨ-ਭਿੰਨ ਵਿਆਖਿਆ, ਵੱਖ-ਵੱਖ ਧਰਮਾਂ ਦੇ ਲੇਖਕਾਂ, ਬੁੱਧੀਮਾਨਾਂ ਵੱਲੋਂ ਵੱਖ-ਵੱਖ ਤਰ੍ਹਾਂ ਨਾਲ ਕੀਤੀ ਜਾਂਦੀ ਰਹੀ ਹੈ। ਫਿਰ ਵੀ ਜੇ ਇਨ੍ਹਾਂ ਬਾਹਰਮੁਖੀ ਵਖੇਵਿਆਂ ਦੇ ਪਰਦਿਆਂ ਨੂੰ ਉਤਾਰ ਕੇ ਅਤੇ ਵਾਪਰੇ ਪਰਿਵਰਤਨਾਂ ਨੂੰ ਧਿਆਨ ਵਿਚ ਰੱਖ ਕੇ ਜਦੋਂ ਵਿਗਿਆਨਕ ਢੰਗ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਤਿਹਾਸਕ ਯਥਾਰਥ ਦੇ ਠੋਸ ਸਰੂਪ ਨੂੰ ਵੀ ਬਹੁਤਾ ਬਦਲਿਆ ਨਹੀਂ ਜਾ ਸਕਦਾ। ਕਿਸੇ ਦੇਸ਼ ਦੀਆਂ



Sri Satguru Jagjit Singh Ji eLibrary NamdhariElibrary@gmail.com

ਪਦਾਰਥਕ ਹਾਲਤਾਂ ਅਤੇ ਇਤਿਹਾਸਕ ਤਬਦੀਲੀਆਂ ਦੇ ਕਾਰਨ ਦਾ ਵੀ ਤਕਰਸ਼ੀਲ ਵਿਸ਼ਲੇਸ਼ਣ ਪੰਜਾਬ ਦੇਸ਼ ਦੀ ਵਾਸਤਵਿਕਤ ਸੱਚਾਈ ਨੂੰ ਬਦਲ ਨਹੀਂ ਸਕਦਾ। ਪੰਜਾਬ ਦੀ ਭੂਮੀ, ਪੰਜਾਬ ਦਾ ਲੋਕ-ਸਭਿਆਚਾਰ, ਵੱਖ-ਵੱਖ ਜਾਤੀਆਂ, ਧਰਮਾਂ ਤੇ ਖੇਤਰਾਂ ਦੇ ਅੰਤਰ ਸੰਬੰਧ ਨਾ ਤਾ ਪੰਜਾਬ ਦੇ ਭੂਮੀਗਤ ਸਰੂਪ ਅਤੇ ਨਾ ਹੀ ਇਸ ਦੇ ਇਤਿਹਾਸਕ ਕਾਲ ਕਰਮ ਵਿਚ ਕੋਈ ਬੁਨਿਆਦੀ ਅੰਤਰ ਸਿੱਧ ਕਰ ਸਕਦੇ ਹਨ। ਪੰਜਾਬ ਤੇ ਪੰਜਾਬੀਅਤ ਦੋਵੇਂ ਹੀ ਅਖੰਡ ਸੱਚਾਈਆਂ ਹਨ। ਪਹਿਲੀ ਦਾ ਆਧਾਰ ਭੂ-ਖੰਡੀ ਅਸਲੀਅਤ ਹੈ ਅਤੇ ਦੂਜੀ ਦਾ ਲੋਕ-ਸੰਸਕ੍ਰਿਤੀ ਦੀ ਵਾਸਤਵਿਕਤਾ। ਧਾਰਮਿਕ ਜਾਤੀਗਤ ਤੇ ਖੇਤਰੀ ਵਖੇਵੇਂ ਭਾਵੇਂ ਓਪਰੀ ਦ੍ਰਿਸ਼ਟੀ ਤੋਂ ਵੇਖਿਆਂ ਸੱਚੇ ਹੋਣ ਦਾ ਭਰਮ ਪਾਉਣ, ਪਰ ਪੰਜਾਬ ਦਾ ਲੋਕ-ਸਭਿਆਚਾਰ ਤੇ ਸਦੀਆਂ ਤੋਂ ਚਲੀ ਆ ਰਹੀ ਸਮਾਜਿਕ ਮਾਣ-ਮਰਿਆਦਾ ਵੀ ਪੰਜਾਬ ਦੀ ਭੂਗੋਲਿਕ ਸੱਚਾਈ ਦੀ ਨਿਆਈਂ ਅਖੰਡ ਯਥਾਰਥ ਦੀ ਹੀ ਹਜ਼ਾਰਾਂ ਸਾਲਾਂ ਤੋਂ ਅਖੰਡ ਇਕਾਈ ਹੀ ਬਣੀ ਰਹੀ ਹੈ। ਹੁਣ ਵੀ ਪੰਜਾਬ ਤੇ ਪੰਜਾਬੀ ਦੋਵੇਂ ਹੀ ਅਖੰਡ ਇਕਾਈਆਂ ਹਨ। ਇਕ ਭੌਤਿਕ ਯਥਾਰਥ ਹੈ ਅਤੇ ਦੂਜਾ ਪੰਜਾਬ ਦੇ ਲੋਕਾਂ ਦਾ ਮਾਨਸਿਕ ਯਥਾਰਥ ਹੈ, ਪਰ ਇਨ੍ਹਾਂ ਦੋਹਾਂ ਧਰਾਤਲਾਂ ਦੀ ਮੂਲ ਏਕਾਤਮਕਤਾ ਦੀ ਯੋਗ ਪਛਾਣ ਕਰਵਾਉਣ ਵਾਲੀ ਇਕ ਤੀਜੀ ਕੜੀ ਪੰਜਾਬੀ ਲੋਕ-ਭਾਸ਼ਾ ਹੈ, ਜਿਸ ਦਾ ਵਰਤਮਾਨ ਸਰੂਪ ਲਗਪਗ ਪਿਛਲੇ ਡੇਢ ਹਜ਼ਾਰ ਸਾਲ ਤੋਂ ਸਥਿਰ ਤੇ ਵਿਕਾਸ਼ਸ਼ੀਲ ਅਵਸਥਾ ਵਿਚ ਚਲਿਆ ਆ ਰਿਹਾ ਹੈ।

ਪ੍ਰੋ. ਪ੍ਰੀਤਮ ਸਿੰਘ ਜੀ ਨੇ ਪੰਜਾਬ ਦੀ ਧਰਤੀ, ਇਤਿਹਾਸ ਅਤੇ ਲੋਕ-ਸਭਿਆਚਾਰ ਤੇ ਸੰਸਕ੍ਰਿਤੀ ਨੂੰ ਆਧਾਰ ਬਣਾ ਕੇ ਇਸ ਦੀ ਮੌਲਿਕ ਵਿਆਖਿਆ ਕਰਨ ਦਾ ਸਫਲ ਜਤਨ ਕੀਤਾ ਹੈ। ਵਰਤਮਾਨ ਸਮੇਂ, ਵਿਸ਼ੇਸ਼ ਕਰਕੇ ਪੰਜਾਬ ਦੀ 1947 ਈਸਵੀ ਦੀ ਦੇਸ਼-ਵੰਡ ਪਿਛੋਂ ਪਿਛਲੀ ਅੱਧੀ ਸਦੀ ਦੇ ਇਤਿਹਾਸ ਦੇ ਗੰਭੀਰ ਅਧਿਐਨ ਅਤੇ ਵਿਸ਼ਲੇਸ਼ਣ ਪਿਛੋਂ ਇਨ੍ਹਾਂ ਪਦਾਂ ਦੀ ਪਰਿਭਾਸ਼ਿਤ ਵਿਆਖਿਆ ਅਤੇ ਭੂਮੀਗਤ ਯਥਾਰਥ ਨੂੰ ਸਮਝਣ ਸਮਝਾਉਣ ਦੀ ਡਾਢੀ ਲੋੜ ਸੀ। ਪੰਜਾਬ ਦੇ ਸਭਿਆਚਾਰਕ ਇਤਿਹਾਸ ਅਤੇ ਵਰਤਮਾਨ ਲੋਕਾ ਦੇ ਆਚਾਰ ਵਿਹਾਰ ਨੂੰ ਸਾਹਮਣੇ ਰੱਖ ਕੇ ਇਨ੍ਹਾਂ ਦਾ ਯੁਗਾਨੁਕੂਲ ਵਿਸ਼ਲੇਸ਼ਣ ਬੜਾ ਜ਼ਰੂਰੀ ਸੀ ਤਾਂ ਜੁ ਪੰਜਾਬ ਦੇ ਵਰਤਮਾਨ ਇਤਿਹਾਸ ਦੇ ਸੰਬੰਧ ਵਿਚ ਇਨ੍ਹਾਂ ਦੀ ਅਸਲੀਅਤ ਤੇ ਪੰਜਾਬ ਦੇ ਸਭਿਆਚਾਰਕ ਇਤਿਹਾਸ ਦੀ ਆਗਾਮੀ ਨੁਹਾਰ ਦਾ ਲਖਣ ਲਾਇਆ ਜਾ ਸਕੇ ਅਤੇ ਇਸ ਸੰਬੰਧ ਵਿਚ ਯਥਾਰਥ ਦੇ ਮੂਲ ਸਰੂਪ ਦਾ ਬੋਧ ਪ੍ਰਾਪਤ ਕੀਤਾ ਜਾ ਸਕੇ।

ਪੰਜਾਬ ਦੇ ਇਸ ਬੁੱਧੀਵੇਤਾ ਅਤੇ ਸਭਿਆਚਾਰਕ ਪਾਰਖੂ ਨੇ ਪੰਜਾਬ ਦੇ ਇਤਿਹਾਸ ਅਤੇ ਵਰਤਮਾਨ ਜੀਵਨ ਦੇ ਪ੍ਰਕਰਣ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਦੀ ਵਰਤਮਾਨ ਸਥਿਤੀ ਨੂੰ ਸਮਝ ਕੇ ਪੰਜਾਬ ਦੇ ਲੋਕ ਸਭਿਆਚਾਰ ਅਤੇ ਬੌਧਿਕ ਮੰਡਲ ਦੀ ਅਗਵਾਈ ਲਈ ਕੁਝ ਵਿਸ਼ੇਸ਼ ਦਿਸਹੱਦੇ ਕਾਇਮ ਕੀਤੇ ਹਨ ਤਾਂ ਜੁ ਸਮੁੱਚੇ ਪੰਜਾਬ ਅਤੇ ਪੰਜਾਬੀਅਤ ਨੂੰ ਵਿਚਾਰ ਕੇ ਪੰਜਾਬੀ ਭਾਸ਼ਾ ਤੇ ਆਗਾਮੀ ਵਿਕਾਸ ਮਾਰਗ ਨੂੰ ਨਿਰਧਾਰਿਤ ਕੀਤਾ ਜਾ ਸਕੇ। ਇਨ੍ਹਾਂ ਦੋਹਾਂ ਧਰਾਤਲਾਂ,



Sri Satguru Jagjit Singh Ji eLibrary NamdhariElibrary@gmail.com

ਭੌਤਿਕ ਯਥਾਰਥ ਤੇ ਇਤਿਹਾਸਕ ਯਥਾਰਥ ਨੂੰ ਜੋੜਨ ਵਾਲੀ ਤੀਜੀ ਕੜੀ ਪੰਜਾਬੀ ਭਾਸ਼ਾ ਹੈ, ਜਿਸ ਦਾ ਪਿਛਲੇ ਇਕ ਹਜ਼ਾਰ ਸਾਲ ਦਾ ਇਤਿਹਾਸ ਬੜਾ ਉਚਾ ਅਤੇ ਮਾਣ ਕਰਨ ਯੋਗ ਹੈ, ਪਰ ਸ਼ੋਕ ਦੀ ਗੱਲ ਇਹ ਹੈ ਅਤੇ ਪੰਜਾਬ ਦੇ ਲੋਕਾਂ ਦਾ ਇਤਿਹਾਸਕ ਦੁਖਾਂਤ ਵੀ ਇਹੀ ਹੈ ਕਿ ਨੌਵੀਂ ਦਸਵੀਂ ਸਦੀ ਦੇ ਮੁਸਲਿਮ ਸ਼ਾਸਨ ਕਾਲ ਤੋਂ ਲੈ ਕੇ ਵੀਹਵੀਂ ਸਦੀ ਦੇ ਅੱਧ ਤਕ ਪੰਜਾਬ ਦੇ ਲੋਕਾਂ ਨੂੰ ਵਿਦੇਸ਼ੀਆਂ ਦੀ ਸਾਮਰਾਜੀ ਗ਼ੁਲਾਮੀ ਦਾ ਸ਼ਿਕਾਰ ਹੋਣਾ ਪਿਆ, ਜਿਸ ਦੀ ਇਕ ਉਦਾਹਰਣ ਇਸਲਾਮੀ ਗ਼ਲਬੇ ਅਤੇ ਦੂਜਾ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਹੈ। 19ਵੀਂ ਸਦੀ ਦੇ ਰਣਜੀਤ ਸਿੰਘ ਕਾਲ ਵਿਚ ਜੇ ਪੰਜਾਬੀ ਰਾਸ਼ਟਰੀਅਤਾ ਨੂੰ ਕੁਝ ਹੋਸ਼ ਆਈ ਅਤੇ ਸਾਂਝੇ ਕੌਮੀ ਵਿਰਸੇ ਨੂੰ ਜਾਣ ਸਕਣ ਦਾ ਮੌਕਾ ਮਿਲਿਆ ਤਾਂ ਉਸ ਵਿਚ ਵੀ ਓਪਰੀ ਭਾਸ਼ਾ (ਫ਼ਾਰਸੀ) ਦਾ ਹੀ ਦਬਦਬਾ ਰਿਹਾ। ਅੰਗਰੇਜ਼ ਸਾਮਰਾਜੀਆਂ ਨੇ ਤਾਂ ਆਪਣੇ ਸ਼ਾਸਨ ਕਾਲ ਵਿਚ ਕਰੋੜਾਂ ਪੰਜਾਬੀਆਂ ਦੀ ਮਾਤ ਭਾਸ਼ਾ ਪੰਜਾਬੀ ਨੂੰ ਅੱਖੋਂ ਪਰੋਖੇ ਕਰ ਕੇ ਉਨ੍ਹਾਂ ਦੇ ਸਿਰ ਰਾਜ ਭਾਸ਼ਾ ਤੇ ਸਿੱਖਿਆ ਦੀ ਭਾਸ਼ਾ ਦੇ ਰੂਪ ਵਿਚ ਉਰਦੂ ਅਤੇ ਅੰਗਰੇਜ਼ੀ ਨੂੰ ਮੜ੍ਹ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬੀਆਂ ਦੀ ਏਕਾਤਮਕਤਾ ਨੂੰ ਭੰਗ ਕਰ ਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਪੰਜਾਬੀਆਂ ਵਿਚ ਧਾਰਮਿਕ ਆਧਾਰ ਉੱਤੇ ਅਜਿਹੀਆਂ ਉੱਚੀਆਂ ਕੰਧਾਂ ਉਸਾਰ ਦਿੱਤੀਆਂ ਕਿ ਹਿੰਦੂ ਜਨਤਾ ਹਿੰਦੀ ਵੱਲ ਤੇ ਮੁਸਲਿਮ ਜਗਤ ਉਰਦੂ ਵੱਲ ਰੁਚਿਤ ਹੋ ਗਿਆ। ਆਪਣੀ ਧਾਰਮਿਕ ਪਰੰਪਰਾ ਨੂੰ ਮੁੱਖ ਰੱਖ ਕੇ ਕੇਵਲ ਸਿੱਖਾਂ ਦੀ ਬਹੁ-ਗਿਣਤੀ ਨੇ ਪੰਜਾਬੀ ਭਾਸ਼ਾ ਤੇ ਇਸ ਦੀ ਕੁਦਰਤੀ ਲਿਪੀ ਗੁਰਮੁਖੀ ਨੂੰ ਅਪਣਾਇਆ। ਅਜਿਹਾ ਵਰਤਾਰਾ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਅਰਥਾਤ 1947 ਈਸਵੀ ਤਕ ਜਾਰੀ ਰਿਹਾ। ਭਾਰਤ ਦੀ ਦੇਸ਼-ਵੰਡ ਨੇ ਪੰਜਾਬੀ ਬੋਲਦੇ ਸਮੁੱਚੇ ਇਕਜੁੱਟ ਇਲਾਕੇ ਨੂੰ ਕੂਟਨੀਤੀ ਦੀ ਛੁਰੀ ਨਾਲ ਚੀਰ ਦੋਫਾੜ ਕਰ ਦਿੱਤਾ। ਪਾਕਿਸਤਾਨੀ ਪੰਜਾਬੀ ਵਿਚ ਤਾਂ ਲੋਕਾਂ ਦੀ ਮਾਤ-ਭਾਸ਼ਾ ਦੀ ਹਾਲਤ ਬਿਸਮਿਲ ਪੰਛੀ ਸਮਾਨ ਬਣਾ ਦਿਤੀ ਗਈ ਅਤੇ ਪੰਜਾਬੀ ਭਾਸ਼ਾ ਲੋਕਾਂ ਦੇ ਇਸ ਵੱਡੇ ਖੇਤਰ ਵਿਚ ਉਰਦੂ ਦੀ ਸਰਦਾਰੀ ਨੂੰ ਸਥਾਪਿਤ ਕਰ ਕੇ ਪੰਜਾਬੀ ਦੀਆਂ ਵਿਕਾਸ ਕਰ ਸਕਣ ਦੀਆਂ ਸੰਭਾਵਨਾਵਾਂ ਉੱਤੇ ਕਰਾਰੀ ਚੋਟ ਮਾਰੀ। ਪਾਕਿਸਤਾਨ ਦੇ ਦੂਜੇ ਸੂਬਿਆਂ ਸਿੰਧ, ਬਲੋਚਿਸਤਾਨ ਤੇ ਸਰਹੱਦ ਵਿਚ ਇਨ੍ਹਾਂ ਲੋਕਾਂ ਦੀਆਂ ਮਾਤ-ਭਾਸ਼ਾਵਾਂ ਦੀ ਸਰਦਾਰੀ ਤਾਂ ਕਾਇਮ ਹੋ ਚੁਕੀ ਹੈ, ਉਹ ਵੀ ਸ਼ਾਇਦ ਤਦੋਕੇ ਪੂਰਬੀ ਪਾਕਿਸਤਾਨ ਦੇ ਬੰਗਲਾ ਭਾਸ਼ੀ ਲੋਕਾਂ ਦੇ ਪ੍ਰਤਿਕਰਮ ਵਜੋਂ ਜਿਹੜੇ ਕਿਸੇ ਤਰ੍ਹਾਂ ਵੀ ਪਾਕਿਸਤਾਨ ਦੀ ਸਰਕਾਰ ਦੀ ਕੌਮੀ ਭਾਸ਼ਾ ਉਰਦੂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ। ਉਨ੍ਹਾਂ ਦਾ ਆਪਣੀ ਮਾਤ-ਭਾਸ਼ਾ ਬੰਗਲਾ ਨਾਲ ਸਨੇਹ ਬੜਾ ਕੁਦਰਤੀ ਤੇ ਡੂੰਘਾ ਹੈ। ਆਪਣੀ ਭਾਸ਼ਾ ਪੱਖੋਂ ਸੁਚੇਤ, ਬੰਗਾਲੀ ਕਿਸੇ ਹੋਰ ਭਾਸ਼ਾ ਦੀ ਮਾਨਸਿਕ ਤੇ ਬੌਧਿਕ ਗ਼ੁਲਾਮੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ, ਪਰ ਪਾਕਿਸਤਾਨ ਵਾਲੇ ਪੰਜਾਬ ਵਿਚ ਹੁਣ ਤਕ ਵੀ ਸਰਕਾਰੀ ਅਤੇ ਸਿੱਖਿਆ ਦੇ ਖੇਤਰ ਵਿਚ ਬਹੁ-ਗਿਣਤੀ ਵਿਚ ਬੋਲਣ ਵਾਲੇ ਕਰੋੜਾਂ ਪੰਜਾਬੀਆਂ ਦੀ ਪੰਜਾਬੀ ਮਾਤ-ਭਾਸ਼ਾ ਦੀ ਅਣਦੇਖੀ ਕੀਤੀ ਜਾ ਰਹੀ ਹੈ।



Sri Satguru Jagjit Singh Ji eLibrary NamdhariElibrary@gmail.com

ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਭਾਰਤ ਵਿਚ ਠੀਕ ਦਿਸ਼ਾ ਵਿਚ ਰਾਸ਼ਟਰੀ ਭਾਸ਼ਾਵਾਂ ਦਾ ਵਿਕਾਸ ਹੋਇਆ ਹੈ। ਭਾਰਤੀ ਸਾਹਿਤ ਅਕੈਡਮੀ ਦੀ ਸਥਾਪਨਾ ਅਤੇ ਭਾਰਤ ਦੇ ਵਿਸ਼ਵ-ਵਿਦਿਆਲਿਆਂ ਵਿਚ ਭਾਰਤੀ ਭਾਸ਼ਾਵਾਂ ਨੂੰ ਗੌਰਵ ਵਾਲਾ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ ਹੈ। ਵਰਤਮਾਨ ਕਾਲ ਦੀਆਂ ਰਾਜਨੀਤਕ ਹਕੀਕਤਾਂ ਨੂੰ ਮੁੱਖ ਰੱਖ ਕੇ ਪੰਜਾਬੀ ਭਾਸ਼ਾ ਨੂੰ ਆਧੁਨਿਕ ਅਤੇ ਵਿਗਿਆਨਕ ਲੀਹਾਂ ਉਤੇ ਵਿਕਸਿਤ ਕਰਨ ਦੀ ਸਾਰੀ ਜ਼ਿੰਮੇਵਾਰੀ ਭਾਰਤੀ ਪੰਜਾਬ ਦੇ ਲੋਕਾਂ ਤੇ ਬੁੱਧੀਮਾਨਾਂ ਦੇ ਸਿਰ ਆ ਪਈ ਹੈ। ਪਰ ਜਿਹਾ ਕਿ ਅਸੀਂ ਅੱਗੇ ਜਾ ਕੇ ਵਿਚਾਰਾਂਗੇ ਕਿ ਭਾਰਤੀ ਪੰਜਾਬ ਵਿਚ ਵੀ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇ ਕੇ ਇਸ ਦੇ ਵਿਵਹਾਰਕ, ਸਰਕਾਰੀ ਅਤੇ ਸਿੱਖਿਆ ਦੇ ਖੇਤਰ ਵਿਚ ਲੋੜੀਂਦੀ ਪ੍ਰਗਤੀ ਲਈ ਕਈ ਤਰ੍ਹਾਂ ਦੀਆਂ ਰੋਕਾਂ ਹਾਲੀ ਵੀ ਜਮਦੂਤ ਬਣ ਕੇ ਖਲੋਤੀਆਂ ਹਨ, ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਦੂਰ ਹਟਾਉਣਾ ਅਤਿ ਲੋੜੀਂਦਾ ਹੈ।

ਕੌੜੀ ਸੱਚਾਈ ਤਾਂ ਇਹ ਹੈ ਕਿ ਸੰਸਾਰ ਭਰ ਵਿਚ 12-13 ਕਰੋੜ ਲੋਕ ਪੰਜਾਬੀ ਭਾਸ਼ੀ ਹਨ ਅਤੇ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਪੰਜਾਬੀ ਦਾ ਤੇਰ੍ਹਵਾਂ ਸਥਾਨ ਹੈ, ਪਰ ਵੱਖ-ਵੱਖ ਪ੍ਰਕਾਰ ਦੀਆਂ ਵੰਡੀਆਂ ਕਾਰਨ ਅਤੇ ਕਾਫ਼ੀ ਹੱਦ ਤਕ ਪੰਜਾਬੀਆਂ ਦੇ ਮਾਤ-ਭਾਸ਼ਾ ਦੀ ਮਹੱਤਤਾ ਵੱਲੋਂ ਅਵੇਸਲੇ ਹੋਣ ਕਾਰਨ ਪੰਜਾਬੀ ਭਾਸ਼ਾ ਤੇ ਇਸ ਦੇ ਸਾਹਿਤ ਦੀ ਪ੍ਰਗਤੀ ਹਾਲੀ ਖੂਹ-ਖਾਤੇ ਵਿਚ ਹੀ ਪਈ ਹੈ। ਕਰੋੜਾਂ ਲੋਕਾਂ ਦੀ ਮਾਤ-ਭਾਸ਼ਾ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਭਵਿੱਖਾਰਥੀ ਮਾਰਗ ਹਾਲੀਂ ਟੇਢਾ-ਮੇਢਾ ਤੇ ਰੋਕਾਂ ਭਰਿਆ ਹੀ ਹੈ, ਸਿੱਧ ਪੱਧਰਾ ਨਹੀਂ। ਅਜਿਹੀਆਂ ਬਿਖਮ ਸਥਿਤੀਆਂ ਨੂੰ ਮੁੱਖ ਰੱਖ ਕੇ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਇਸ ਮੁੱਦਈ ਤੇ ਝੰਡਾ-ਬਰਦਾਰ ਪ੍ਰੋ. ਪ੍ਰੀਤਮ ਸਿੰਘ ਨੂੰ ਵੱਡਾ ਸੰਗਰਾਮ ਕਰਨਾ ਪੈ ਰਿਹਾ ਹੈ। ਆਪ ਨੇ ਇਸ ਬੌਧਿਕ ਸੰਗਰਾਮ ਨੂੰ ਇਕ ਕੁਸ਼ਲ ਪ੍ਰਵਕਤਾ ਅਤੇ ਉੱਚ ਕੋਟੀ ਦੇ ਐਡਵੋਕੇਟ ਦੀ ਤਰ੍ਹਾਂ ਵਕੀਲਾਂ ਵਾਲੀ ਹੀ ਦਲੀਲ ਭਰੀ ਬਹਿਸ ਦੇ ਢੰਗ ਤੇ ਹੋਰ ਹੋਰ ਤਰੀਕਿਆਂ ਨੂੰ ਅਪਣਾਇਆ ਹੈ। ਇਸ ਮਸਲੇ ਦੀ ਹਰ ਨੁਕਰ ਨੂੰ ਫੋਲਿਆ ਹੈ। ਹਰ ਨੁਕਤੇ ਦੇ ਰਹੱਸ ਨੂੰ ਖੋਲ੍ਹਿਆ ਹੈ ਅਤੇ ਬੌਧਿਕ ਪੱਧਰ ਉਤੇ ਸਿਧਾਂਤਕ ਮਾਰਗ-ਦਰਸ਼ਨ ਕਰ ਕੇ ਮਾਤ-ਭਾਸ਼ਾ ਪੰਜਾਬੀ ਪ੍ਰੀਤ ਦੇ ਆਪਣੇ ਸੱਚੇ-ਸੁੱਚੇ ਕਰਤਵ ਨੂੰ ਨਿਭਾਇਆ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸਿਧਾਂਤਕ ਤੇ ਵਿਵਹਾਰਕ ਵਿਆਖਿਆ ਕਰ ਕੇ ਅਜਿਹੇ ਦ੍ਰਿਸ਼ਟੀਕੋਣ ਦਾ ਨਿਰਮਾਣ ਕੀਤਾ ਹੈ, ਜਿਸ ਦੀ ਵਾਸਤਵਿਕਤਾ ਨੂੰ ਝੁਠਲਾ ਸਕਣਾ ਕੋਈ ਸੌਖੀ ਗੱਲ ਨਹੀਂ। ਅੰਤ ਨੂੰ ਲੋਕਾਂ ਨੂੰ ਪ੍ਰੋ. ਪ੍ਰੀਤਮ ਸਿੰਘ ਦੇ ਇਸ ਦ੍ਰਿਸ਼ਟੀਕੋਣ ਨੂੰ ਅਪਣਾਉਣਾ ਹੀ ਪਵੇਗਾ। ਹਾਲੀਂ ਭਾਵੇਂ ਪੰਜਾਬੀਆਂ ਦੇ ਇਸ ਵਿਕਾਸ ਮਾਰਗ ਵਿਚ ਬੜੀਆਂ ਉਲਝਣਾਂ ਤੇ ਗੁੰਝਲਾਂ ਹਨ, ਪਰ ਪ੍ਰੋ. ਪ੍ਰੀਤਮ ਸਿੰਘ ਜੀ ਦੀ ਬੌਧਿਕ ਦਲੀਲਾਂ ਦੇ ਸਨਮੁਖ ਇਹ ਛੇਤੀ ਹੀ ਕਾਫ਼ੂਰ ਹੋ ਜਾਣਗੀਆਂ।

**ਪ੍ਰੋ. ਪ੍ਰੀਤਮ ਸਿੰਘ ਦੇ ਦ੍ਰਿਸ਼ਟੀਕੋਣ ਦੇ ਠੋਸ ਆਧਾਰ**

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੁਹਿਰਦ ਪ੍ਰਵਕਤਾ ਹੋਣ ਦੀ ਹੈਸੀਅਤ ਵਿਚ



Sri Satguru Jagjit Singh Ji eLibrary NamdhariElibrary@gmail.com

ਜਿਥੇ ਆਪ ਨੇ ਅਧਿਆਪਨ ਦੇ ਖੇਤਰ ਵਿਚ ਅਤੇ ਮੌਖਿਕ ਰੂਪ ਵਿਚ ਜਿਥੇ ਵੀ ਬਣ ਆਇਆ ਹੈ, ਪੰਜਾਬੀ ਦੇ ਉਦੇਸ਼ ਹਿੱਤ ਦਲੀਲਾਂ ਸਹਿਤ ਆਪਣੇ ਮੱਤ ਦੀ ਵਿਆਖਿਆ ਕੀਤੀ ਹੈ, ਉਥੇ ਲਿਖਤੀ ਰੂਪ ਵਿਚ ਵੀ ਉਨ੍ਹਾਂ ਦਾ ਯੋਗਦਾਨ ਕਈ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਇਆ ਹੈ ਜੋ ਉਨ੍ਹਾਂ ਦੇ ਦ੍ਰਿਸ਼ਟੀਕੋਣ ਦਾ ਵੀ ਅਦੁੱਤੀ ਪ੍ਰਮਾਣ ਹੈ। ਇਥੇ ਉਨ੍ਹਾਂ ਦੀਆਂ ਰਚੀਆਂ ਹੋਈਆਂ ਕੁਝ ਪੁਸਤਕਾਂ ਨੂੰ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਗਿਆ ਹੈ ਤਾਂ ਜੁ ਉਨ੍ਹਾਂ ਦੇ ਮੂਲ ਤੇ ਮੌਲਿਕ ਦ੍ਰਿਸ਼ਟੀਕੋਣ ਦੀ ਸਹੀ ਵਿਆਖਿਆ ਤੇ ਪੜਤਾਲ ਹੋ ਸਕੇ। ਇਸ ਪ੍ਰਬੁੱਧ ਲੇਖਕ ਤੇ ਸਾਹਿਤਕਾਰ ਦੀਆਂ ਵਿਸ਼ੇਸ਼ ਪੁਸਤਕਾਂ ਪੰਜਾਬ, ਪੰਜਾਬੀ, ਪੰਜਾਬੀਅਤ (ਅਗਸਤ, 1996), ਝਰੋਖੇ (ਅਪ੍ਰੈਲ 2000) ਅਤੇ ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ (ਫਰਵਰੀ 2002) ਹਨ। ਇਨ੍ਹਾਂ ਤੋਂ ਬਿਨਾਂ ਪੰਜਾਬੀ ਸਿੱਖਿਆ-ਸੰਦੇਸ਼ ਦੇ ਕੁਝ ਅੰਕਾਂ ਵਿਚ ਵੀ ਆਪ ਜੀ ਦੇ ਕਈ ਲੇਖ ਮੁੱਢਲੀ ਪੰਜਾਬੀ ਸਿੱਖਿਆ ਵਿਸ਼ੇ ਦਾ ਕਈ ਥਾਵਾਂ 'ਤੇ ਉਲੇਖ ਕੀਤਾ ਗਿਆ ਹੈ। ਪੰਜਾਬੀ ਲੇਖਕ ਕੋਸ਼ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਪੰਜਾਬੀ ਸ਼ਬਦ-ਜੋੜ ਕੋਸ਼ ਰਾਹੀਂ ਵੀ ਆਪ ਜੀ ਦੇ ਪੰਜਾਬੀ ਪੱਖੀ ਦ੍ਰਿਸ਼ਟੀਕੋਣ ਤੇ ਵਿਸ਼ੇਸ਼ ਯੋਗਦਾਨ ਦਾ ਬੋਧ ਹੋ ਜਾਂਦਾ ਹੈ। ਅਨੇਕ ਪ੍ਰਕਾਰ ਦੇ ਵਿਸਥਾਰਾਂ ਵਿਚ ਨਾ ਜਾਂਦੇ ਹੋਏ ਆਪਣੀ ਚਰਚਾ ਨੂੰ ਕੇਵਲ ਦੋ ਖੰਡਾਂ ਵਿਚ ਰੱਖ ਕੇ ਵਿਚਾਰ ਕਰਾਂਗੇ। ਪਹਿਲਾ ਹੈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੂਲ ਸੰਕਲਪ ਬਾਰੇ ਅਤੇ ਦੂਜਾ ਖੰਡ ਹੈ - ਇਨ੍ਹਾਂ ਮੂਲ ਸੰਕਲਪਾਂ ਨਾਲ ਸੰਬੰਧਿਤ ਸਹਾਇਕ ਵਿਸ਼ਿਆਂ ਬਾਰੇ।

**ਪੰਜਾਬ ਬਾਰੇ ਵਿਸ਼ੇਸ਼ ਦ੍ਰਿਸ਼ਟੀਕੋਣ**

ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬ ਭੂ-ਖੰਡ ਦੀ ਪ੍ਰਾਕ੍ਰਿਤਕ ਏਕਤਾ ਅਰਥਾਤ ਪੰਜਾਬ ਦੀ ਭੂਗੋਲਿਕ ਯਥਾਰਥ ਨੂੰ ਅਬਦਲ ਅਤੇ ਅਪਰਿਵਰਤਨਸ਼ੀਲ ਮੰਨਿਆ ਹੈ, ਧਿੰਗੋਜ਼ੋਰੀ ਜਾਂ ਬੌਧਿਕ ਹੱਠਧਰਮੀ ਅਤੇ ਰਾਜਨੀਤਕ ਕੁਚਾਲਾਂ ਰਾਹੀਂ ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਬਹੁਤ ਸਾਰੇ ਇਤਿਹਾਸਕਾਰਾਂ ਅਤੇ ਵਿਦਵਾਨ ਅਚਾਰੀਆਂ ਨੇ ਪੰਜਾਬ ਦੇ ਭੂਗੋਲਿਕ ਸਰੂਪ ਬਾਰੇ ਚਰਚਾ ਕੀਤੀ ਹੈ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਵਿਚਾਰ ਪ੍ਰੋ. ਪ੍ਰੀਤਮ ਸਿੰਘ ਦੇ ਵਿਚਾਰਾਂ ਦੀ ਪੁਸ਼ਟੀ ਵੀ ਕਰਦੇ ਹਨ।

ਭੂਗੋਲਿਕ ਤੌਰ 'ਤੇ ਪੰਜਾਬ ਦੇ ਯਥਾਰਥਕ ਸਰੂਪ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ। ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਪੰਜਾਬ ਦੇ ਭੂਗੋਲ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ : "ਪ੍ਰਾਚੀਨ ਸਮਿਆਂ ਤੋਂ ਪੰਜਾਬ ਦੀਆਂ ਭੂਗੋਲਿਕ ਹੱਦਾਂ ਦੋ ਇਤਿਹਾਸ ਪ੍ਰਸਿੱਧ ਦਰਿਆਵਾਂ ਨਾਲ ਬਣੀਆਂ ਚਲੀਆਂ ਆ ਰਹੀਆਂ ਹਨ। ਲਹਿੰਦੇ ਵੱਲ ਸਿੰਧ ਦਰਿਆ ਅਤੇ ਚੜ੍ਹਦੇ ਵੱਲ ਜਮਨਾ। ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਦਰਿਆ ਹੋਰ ਹਨ - ਜਿਹਲਮ, ਝਨਾਂ, ਰਾਵੀ, ਬਿਆਸ ਤੇ ਸਤਲੁਜ। ਇਸ ਤਰ੍ਹਾਂ ਸੱਤਾਂ ਦਰਿਆਵਾਂ ਦੀ ਇਹ ਭੂਮੀ ਸਪਤਸਿੰਧੂ ਕਹਾਉਂਦੀ ਸੀ। ਵੈਦਿਕ ਕਾਲ ਅਤੇ ਕੁਝ ਪਿਛਲੇਰੇ ਸਮਿਆਂ ਵਿਚ ਸਪਤ-ਸਿੰਧੂ ਦੀ ਸਭ ਤੋਂ ਚੜ੍ਹਦੀ ਨਦੀ ਸਰਸਵਤੀ ਵਹਿੰਦੀ ਸੀ ਜੋ ਇਸ ਵੇਲੇ ਬਹੁਤੀ ਉਜਾਗਰ ਨਹੀਂ ਰਹੀ



Sri Satguru Jagjit Singh Ji eLibrary NamdhariElibrary@gmail.com

ਅਤੇ ਇਕ ਵੱਡੇ ਚੋਅ ਦੀ ਸ਼ਕਲ ਧਾਰਨ ਕਰ ਕੇ ਘੱਗਰ ਵਿਚ ਰਲ ਜਾਂਦੀ ਹੈ। ਇਸ ਲਈ ਪੰਜਾਬ ਦੀ ਚੜ੍ਹਦੀ ਹੱਦ ਇਸ ਦੀ ਥਾਂ ਹੁਣ ਜਮਨਾ ਨੇ ਮੱਲ ਲਈ ਹੈ। ਪੰਜਾਬ ਦੇ ਪੰਜ ਵਿਸ਼ੇਸ਼ ਦਰਿਆ ਜਿਹਲਮ, ਝਨਾਂ, ਰਾਵੀ, ਬਿਆਸ ਤੇ ਸਤਲੁਜ ਪੰਜਾਬ ਦੇ ਦੱਖਣ ਪੱਛਮ ਸਥਾਨ ਪੰਜ ਨਦ ਉਤੇ ਜਾ ਕੇ ਇਕੱਠੇ ਹੋ ਕੇ ਮਿਠਨਕੋਟ ਦੇ ਸਥਾਨ 'ਤੇ ਜਾ ਕੇ ਸਿੰਧ ਦਰਿਆ ਨਾਲ ਮਿਲ ਜਾਂਦੇ ਹਨ। ਜਮਨਾ ਨਦੀ ਦਾ ਵਾਸਤਵਿਕ ਸੰਬੰਧ ਪੰਜਾਬ ਨਾਲ ਨਹੀਂ ਹੈ ਸਗੋਂ ਇਹ ਉਸ ਦੀ ਪੂਰਬੀ ਹੱਦ ਨੂੰ ਹੀ ਨਿਸ਼ਚਿਤ ਕਰਦੀ ਹੈ।"

ਪੰਜਾਬ ਦੇ ਉੱਤਰ ਵੱਲ ਹਿਮਾਲਾ ਪਰਬਤ ਹੈ ਜੋ ਇਸ ਨੂੰ ਕਸ਼ਮੀਰ ਅਤੇ ਪਠਾਣੀ ਇਲਾਕੇ ਤੋਂ ਵੱਖ ਕਰਦਾ ਹੈ। ਲਹਿੰਦੇ ਵੱਲ ਮੋਟੀ ਹੱਦ ਸਿੰਧ ਦਰਿਆ ਦੀ ਹੈ ਜਿਸ ਦੇ ਪਾਰ ਪਠਾਣੀ ਦੇਸ਼ ਹੈ। ਸਿੰਧੋਂ ਪਾਰ ਲਹਿੰਦੇ ਨੂੰ ਜ਼ਿਲ੍ਹਾ ਮੀਆਂਵਾਲੀ ਦੀ ਈਸੇ ਖਾਨ ਤਹਿਸੀਲ ਪੰਜਾਬ ਵਿਚ ਗਿਣੀ ਜਾਂਦੀ ਸੀ, ਇਸੇ ਤਰ੍ਹਾਂ ਪਾਰ ਲਹਿੰਦੇ ਦੱਖਣ ਨੂੰ ਡੇਰਾ ਗਾਜ਼ੀਖ਼ਾਨ ਦਾ ਜ਼ਿਲ੍ਹਾ ਸੀ ਜਿਸ ਨਾਲ ਪੰਜਾਬ ਦੀ ਲਹਿੰਦੀ ਦੱਖਣੀ ਹੱਦ ਸੁਲੇਮਾਨ ਪਰਬਤ ਨੂੰ ਜਾ ਲਗਦੀ ਸੀ ਜੋ ਇਸ ਨੂੰ ਬਲੋਚਿਸਤਾਨ ਤੋਂ ਵੱਖ ਕਰਦੀ ਸੀ, ਪਰ ਦੱਖਣ ਲਹਿੰਦੇ ਵਲ ਸਿੰਧ ਦਾ ਇਲਾਕਾ ਹੈ। ਦੱਖਣ ਨੂੰ ਰਾਜਪੂਤਾਨੇ ਦੀ ਹੱਦ ਹੈ। ਚੜ੍ਹਦੇ ਵਲ ਜਮਨਾ ਨਦੀ ਹੈ ਅਤੇ ਉੱਤਰ ਚੜ੍ਹਦੇ ਵਲ ਹਿਮਾਲਾ ਪਰਬਤ ਦੀਆਂ ਸ਼ਿਵਾਲਕ ਪਹਾੜੀਆਂ ਹਨ। ਇਸ ਤੋਂ ਪਾਰ ਚੀਨੀ ਤਿੱਬਤ ਦਾ ਇਲਾਕਾ ਹੈ। (ਪੰਜਾਬ, ਮੁਖ ਸੰਪਾਦਕ-ਮਹਿੰਦਰ ਸਿੰਘ ਰੰਧਾਵਾ, ਭਾਸ਼ਾ ਵਿਭਾਗ ਪੰਜਾਬ, ਦੂਜਾ ਸੰਸਕਰਣ 2006, ਪੰਨਾ 1 ਅਤੇ 2)।

ਪ੍ਰੋ. ਪ੍ਰੀਤਮ ਸਿੰਘ ਨੇ ਵੀ ਪੰਜਾਬ ਦੇ ਉਪਰੋਕਤ ਭੂਗੋਲਿਕ ਯਥਾਰਥ ਦੀ ਅਖੰਡ ਇਕਾਈ ਨੂੰ ਹੀ ਪ੍ਰਵਾਨ ਕੀਤਾ ਹੈ। ਪੰਜਾਂ ਨਦੀਆਂ ਦੇ ਜਲ ਪ੍ਰਵਾਹ ਵਿਚ ਘਿਰਿਆ ਇਹ ਹਰਿਆ ਭਰਿਆ ਉਪਜਾਊ ਧਰਤੀ ਵਾਲਾ ਮੈਦਾਨੀ ਇਲਾਕਾ ਹੈ ਜਿਸ ਵਿਚ ਆਰੀਆ ਜਾਤੀਆਂ ਦੇ ਇਸ ਦੇਸ਼ ਵਿਚ ਆਉਣ ਤੋਂ ਪਹਿਲਾਂ ਇਕ ਸ਼੍ਰੇਸ਼ਠ ਨਾਗਰਿਕ ਸਭਿਅਤਾ ਦੀ ਹੋਂਦ ਮੌਜੂਦ ਸੀ। ਆਰੀਆ ਦਾ ਸਭ ਤੋਂ ਪਹਿਲਾ ਵਸੇਬਾ ਪੰਜਾਬ ਵਿਚ ਹੀ ਹੋਇਆ ਅਤੇ ਸੰਸਾਰ ਭਰ ਵਿਚ ਜਾਣੀ ਜਾਂਦੀ ਪਹਿਲੀ ਪੁਸਤਕ ਰਿਗਵੇਦ ਦੀ ਰਚਨਾ ਵੀ ਪੰਜਾਬ ਵਿਚ ਹੀ ਹੋਈ। ਅੱਜ ਵੀ ਰਿਗਵੇਦ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਭਾਸ਼ਾ ਦਾ ਸਜੀਵ ਅੰਗ ਹਨ, ਸਗੋਂ ਸੱਚ ਤਾਂ ਇਹ ਹੈ ਕਿ ਬਹੁਤ ਸਾਰੇ ਵਿਦਵਾਨ ਰਿਗਵੇਦ ਦੀ ਸੰਸਕ੍ਰਿਤ ਭਾਸ਼ਾ ਨੂੰ ਪੰਜਾਬੀ ਦੀ ਪਿਤਰੀ ਸਰੂਪ ਤੇ ਸੋਮਾ ਮੰਨਦੇ ਹਨ। ਭਾਰਤ ਦੀ ਉੱਤਰ ਪੱਛਮੀ ਸਰਹੱਦ ਤੋਂ ਕੁਝ ਮੀਲਾਂ ਦੀ ਵਿੱਥ 'ਤੇ ਹੋਣ ਕਾਰਨ ਪੁਰਾਤਨ ਤੇ ਮੱਧ ਕਾਲ ਵਿਚ ਜਿੰਨੇ ਵੀ ਹਮਲੇ ਇਸ ਦੇਸ਼ ਉਤੇ ਹੋਏ, ਉਹ ਉੱਤਰ ਪੱਛਮ ਵੱਲੋਂ ਹੀ ਹੋਏ ਅਤੇ ਬਹੁਤ ਸਾਰੇ ਹੋਰ ਵਿਦੇਸ਼ੀ ਈਰਾਨੀ, ਯੂਨਾਨੀ ਅਤੇ ਅਫ਼ਗਾਨੀ, ਹੂਨਾਂ, ਕੁਸ਼ਾਨਾਂ, ਤੁਰਕਾਂ, ਪਠਾਣਾਂ ਤੇ ਮੁਗ਼ਲਾਂ ਦੀਆਂ ਧਾੜਾਂ ਇਸੇ ਬੰਨ੍ਹਿਓਂ ਹੀ ਆਕ੍ਰਮਣ ਕਰਦੀਆਂ ਰਹੀਆਂ। ਪੰਜਾਬ ਨੂੰ ਇਨ੍ਹਾਂ ਵਿਦੇਸ਼ੀਆਂ ਨੇ ਜਿਥੇ ਬਹੁਤ ਵਾਰੀ ਲੁੱਟਿਆ ਪੁੱਟਿਆ, ਉਨ੍ਹਾਂ ਵਿਚੋਂ ਬਹੁਤ ਸਾਰੇ ਅਨੇਕ ਜਾਤੀਆਂ ਦੇ ਲੋਕ ਪੰਜਾਬ ਵਿਚ ਹੀ ਵੱਸ ਗਏ। ਪੰਜਾਬ ਦੀ ਜ਼ਰਖ਼ੇਜ਼ ਤੇ ਉਪਜਾਊ



Sri Satguru Jagjit Singh Ji eLibrary NamdhariElibrary@gmail.com

ਭੂਮੀ ਨੇ ਇਨ੍ਹਾਂ ਨੂੰ ਰਿਜ਼ਕ ਰੋਟੀ ਪ੍ਰਦਾਨ ਕੀਤੀ ਤੇ ਆਪਣੇ ਵਿਚ ਹੀ ਸਮੋ ਲਿਆ। ਇਸ ਪ੍ਰਕਾਰ ਪੰਜਾਬ ਵਿਚ ਬਹੁ-ਜਾਤੀਆਂ ਦਾ ਮਿਸ਼ਰਨ ਹੋਇਆ, ਜਿਨ੍ਹਾਂ ਦੇ ਭਿੰਨ-ਭਿੰਨ ਕਬੀਲੇ ਹੁਣ ਵੀ ਇਸ ਇਤਿਹਾਸਕ ਸੱਚ ਨੂੰ ਪ੍ਰਮਾਣਿਤ ਕਰ ਰਹੇ ਹਨ। ਸਮੇਂ ਦੇ ਲੰਮੇ ਗੇੜਾਂ ਨੇ ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਇਕ ਵਿਸ਼ੇਸ਼ ਜਨ-ਸਮੂਹ ਦੇ ਰੂਪ ਵਿਚ ਸੰਗਠਿਤ ਕਰ ਲਿਆ। ਇਸ ਨੇ ਹੀ ਸਮਾਂ ਪਾ ਕੇ ਪੰਜਾਬੀ ਰਾਸ਼ਟਰੀਅਤਾ ਦਾ ਰੂਪ ਧਾਰ ਲਿਆ। ਪੰਜਾਬ ਵਿਚ ਵੱਸਦੇ ਇਸ ਜਨ-ਸਮੂਹ ਦੀ ਇਕ ਸੂਤਰ ਵਿਚ ਪਰੋਣ ਵਾਲੀ ਸਾਂਝੀ ਕੜੀ ਇਥੋਂ ਦੀ ਲੋਕ-ਭਾਸ਼ਾ ਸੀ, ਜਿਸ ਨੂੰ ਵਰਤਮਾਨ ਸਮੇਂ ਪੰਜਾਬੀ ਭਾਸ਼ਾ ਦੀ ਸੰਗਿਆ ਦਿੱਤੀ ਜਾਂਦੀ ਹੈ। ਅੱਜ ਪੰਜਾਬੀ ਭਾਰਤੀ ਦੀਆਂ ਆਧੁਨਿਕ ਭਾਸ਼ਾਵਾਂ ਵਿਚੋਂ ਗਿਣੀ ਜਾਂਦੀ ਹੈ, ਜਿਸ ਨੂੰ ਬੋਲਣ ਵਾਲੇ ਕਰੋੜਾਂ ਹਨ ਅਤੇ ਜਿਸ ਦਾ ਸਾਹਿਤਕ ਸਰੂਪ ਵੀ ਲਗਭਗ ਇਕ ਹਜ਼ਾਰ ਸਾਲ ਤੋਂ ਸਥਿਰ ਤੇ ਨਿਰੰਤਰ ਵਿਕਾਸ ਕਰਦਾ ਆਇਆ ਹੈ। ਇਸ ਦੇਸ਼ ਦੇ ਲੋਕ-ਸਭਿਆਚਾਰ ਦਾ ਇਤਿਹਾਸ ਵੀ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣਾ ਹੈ। ਇਨ੍ਹਾਂ ਤਿੰਨਾਂ ਤੱਤਾਂ-ਭੂਗੋਲ, ਭਾਸ਼ਾ ਅਤੇ ਲੋਕ-ਸਭਿਆਚਾਰ ਨੇ ਮਿਲ ਕੇ ਇਤਿਹਾਸਕ ਯਥਾਰਥ ਬਣ ਕੇ ਪੰਜਾਬ ਨੂੰ ਇਕ ਸਾਂਸਕ੍ਰਿਤਕ ਇਕਾਈ ਵਿਚ ਹਜ਼ਾਰਾਂ ਸਾਲਾਂ ਤੋਂ ਬੰਨ੍ਹੀ ਰੱਖਿਆ ਹੈ। ਇਹੋ ਹੀ ਪੰਜਾਬ ਦੇ ਭੂਗੋਲਿਕ ਯਥਾਰਥ ਸਮਾਨ, ਪੰਜਾਬ ਦਾ ਇਤਿਹਾਸਕ ਤੇ ਸਭਿਆਚਾਰਕ ਯਥਾਰਥ ਹੈ। ਪੰਜਾਬ ਵਿਚ ਬਹੁਤ ਸਾਰੇ ਧਰਮਾਂ, ਜਾਤੀਆਂ, ਨਸਲਾਂ ਦੇ ਮਿਸ਼ਰਨ ਨੇ ਪੰਜਾਬ ਤੇ ਸਭਿਆਚਾਰ ਨੂੰ ਵੀ ਬਹੁਤ ਸਰੂਪ ਵਾਲਾ ਮਿਸ਼ਰਤ ਸਭਿਆਚਾਰ ਬਣਾ ਦਿਤਾ ਹੈ, ਪਰ ਜਿਵੇਂ ਕਿ ਸਮੁੱਚੇ ਭਾਰਤ ਵਿਚ ਸਭਿਆਚਾਰਕ ਤੌਰ 'ਤੇ ਅਨੇਕਤਾ ਵਿਚ ਏਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ, ਪੰਜਾਬੀ ਦੇ ਜਨ-ਸਮੂਹ ਵਿਚ ਵੀ ਅਨੇਕਤਾ ਵਿਚ ਏਕਤਾ ਦਾ ਸੂਤਰ ਬਲਵਾਨ ਰੂਪ ਵਿਚ ਮੌਜੂਦ ਹੈ।

ਪ੍ਰੋ. ਪ੍ਰੀਤਮ ਸਿੰਘ ਦੇ ਪੰਜਾਬ ਅਤੇ ਪੰਜਾਬੀ ਬਾਰੇ ਵਿਚਾਰ ਬਹੁਤ ਹੱਦ ਤਕ ਇਸੇ ਤਰ੍ਹਾਂ ਦੇ ਸੱਚ ਨੂੰ ਪ੍ਰਮਾਣਿਤ ਕਰਦੇ ਹਨ, "ਜਿਥੋਂ ਤਕ ਮੈਂ ਸਮਝ ਸਕਿਆ ਹਾਂ, ਵਿਦਵਾਨਾਂ ਅਨੁਸਾਰ ਮੋਟੇ ਤੌਰ ਉੱਤੇ ਸਿੰਧ ਦਰਿਆ ਦੇ ਪਾਰਲੇ ਕੰਢੇ ਤੋਂ ਲੈ ਕੇ ਘੱਗਰ ਦਰਿਆ ਦੇ ਪਾਰਲੇ ਕੰਢੇ ਤਕ ਦਾ, ਦੇਸ਼ਾਂ ਤੇ ਸੂਬਿਆਂ ਦੀਆਂ ਵਰਤਮਾਨ ਸਰਹੱਦਾਂ ਤੋੜਦਾ ਤੇ ਲਗਾਤਾਰ ਥੱਲਦਾ ਧਰਤੀ ਦਾ ਇਹ ਵਿਸ਼ਾਲ ਟੋਟਾ, ਪੰਜਾਬੀ ਸਮੂਹ ਦੀਆਂ ਭਾਸ਼ਾਵਾਂ ਬੋਲਦਾ ਹੈ। ਬਸ, ਇਹੀ ਹੈ ਮੇਰਾ ਪੰਜਾਬ, ਭਾਵੇਂ ਇਸ ਦੇ, 'ਆਬ' ਹੋਣ ਪੰਜ, ਭਾਵੇਂ ਹੋ ਜਾਣ ਸੱਤ ਤੇ ਭਾਵੇਂ ਘੱਟ ਕੇ ਰਹਿ ਜਾਣ ਦੋ।" (ਪੰਜਾਬ, ਪੰਜਾਬੀ, ਪੰਜਾਬੀਅਤ-ਪ੍ਰੋ. ਪ੍ਰੀਤਮ ਸਿੰਘ, ਪੰਨਾ 27)। ਆਪ ਇਸੇ ਪੁਸਤਕ ਵਿਚ ਇਕ ਥਾਂ ਹੋਰ ਲਿਖਦੇ ਹਨ : "ਜਿਸ ਨਿਰੰਤਰ ਤੇ ਵਿਸ਼ਾਲ ਇਲਾਕੇ ਵਿਚ ਇਹ ਭਾਸ਼ਾ ਬੋਲੀ ਜਾਂਦੀ ਹੈ, ਉਹ ਸਿੰਧ-ਬਲੋਚਿਸਤਾਨ, ਕਸ਼ਮੀਰ, ਹਿਮਾਚਲ, ਅੱਧੇ ਹਰਿਆਣੇ ਤੇ ਰਾਜਸਥਾਨ ਦੇ ਵਿਚਕਾਰ ਫੈਲਿਆ ਹੋਇਆ ਹੈ। ਇਹ ਗਿਣਤੀ ਮਿਣਤੀ ਵਾਲਾ ਨਕਸ਼ਾ ਜਿਸ ਕਿਸੇ ਦੇ ਸਾਹਮਣੇ ਰੱਖ ਦਿੱਤਾ ਜਾਏ, ਉਸ ਦੇ ਮੂੰਹੋਂ ਆਪਣੇ ਆਪ ਨਿਕਲੇਗਾ :'ਤੁਸੀਂ ਲੋਕ ਬਹੁਤ ਵੱਡੇ ਗੌਰਵਮਈ ਵਿਰਸੇ ਦੇ ਮਾਲਕ ਹੋ।' ਇਸ ਮਿੱਸੀ ਬੋਲੀ ਨੂੰ ਬੋਲਣ ਵਾਲਿਆਂ ਦੀ ਗਿਣਤੀ 6



Sri Satguru Jagjit Singh Ji eLibrary NamdhariElibrary@gmail.com

ਕਰੋੜ ਤੋਂ ਟੱਪ ਗਈ ਦੱਸੀ ਜਾਂਦੀ ਹੈ। ਇਹ ਵੀ ਦਸਿਆ ਗਿਆ ਹੈ ਕਿ ਬੁਲਾਰਿਆਂ ਦੇ ਹਿਸਾਬ ਨਾਲ ਇਹ ਬੋਲੀ ਦੁਨੀਆ ਵਿਚ ਤੇਰ੍ਹਵੇਂ ਨੰਬਰ ਉੱਤੇ ਆਉਂਦੀ ਹੈ।"

ਵਿਗਿਆਨਕ ਦ੍ਰਿਸ਼ਟੀਕੋਣ ਤੇ ਬਾਹਰਮੁਖੀ ਤੱਥਾਂ ਨੂੰ ਮੁੱਖ ਰਖ ਕੇ ਹਰ ਸੂਝਵਾਨ ਖੋਜੀ ਤੇ ਚਿੰਤਕ, ਉਪਰੋਕਤ ਪੰਜਾਬ ਦੇ ਉਪਰੋਕਤ ਮਾਨ-ਚਿੱਤਰ ਨੂੰ ਇਕ ਇਕਾਈ ਵਜੋਂ ਹੀ ਪ੍ਰਵਾਨ ਕਰੇਗਾ ਅਤੇ ਭਿੰਨ-ਭਿੰਨ ਇਤਿਹਾਸਕ ਕਾਲਾਂ ਵਿਚ ਰਾਜਨੀਤਕ ਪਰਿਵਰਤਨਾਂ ਨੂੰ ਅਣਡਿੱਠ ਕਰ ਕੇ ਪੰਜਾਬ ਦੇ ਵਿਸ਼ਾਲ ਭੂ-ਖੰਡ ਨੂੰ ਏਕਾਤਮਕ ਇਕਾਈ ਹੀ ਮੰਨੇਗਾ, ਜਿਸ ਦੇ ਸਭਿਆਚਾਰਕ ਵਿਰਸੇ ਨੂੰ ਲੇਖਕ ਨੇ ਗੌਰਵਮਈ ਵਿਰਸੇ ਦਾ ਸੁਆਮੀ ਮੰਨਿਆ ਹੈ।

**ਪੰਜਾਬੀ ਸਾਹਿਤ ਦਾ ਅਮੋਲ ਖ਼ਜ਼ਾਨਾ**

ਸਮੇਂ ਸਮੇਂ ਸਿਰ ਪੰਜਾਬ ਵਿਚ ਜਨਮੇ ਕਵੀਆਂ ਤੇ ਲੇਖਕਾਂ ਨੇ ਕਈ ਭਾਸ਼ਾਵਾਂ ਵਿਚ ਆਪਣੇ ਜੌਹਰ ਵਿਖਾਏ ਹਨ। ਆਪਣੀ ਆਪਣੀ ਰੁਚੀ ਅਨੁਸਾਰ ਉਨ੍ਹਾਂ ਨੇ ਸੰਸਕ੍ਰਿਤ, ਪਸ਼ਾਚੀ, ਸੌਰਸੈਨੀ, ਪ੍ਰਕ੍ਰਿਤਾਂ ਤਥਾਂ ਅਪਭ੍ਰੰਸ਼ਾਂ, ਹਿੰਦਵੀ, ਹਿੰਦਕੋ, ਫ਼ਾਰਸੀ, ਉਰਦੂ, ਬ੍ਰਜ ਭਾਸ਼ਾ ਤੇ ਅੰਗਰੇਜ਼ੀ ਵਿਚ ਵੀ ਰਚਨਾਵਾਂ ਕੀਤੀਆਂ ਹਨ, ਪਰ ਪੰਜਾਬੀ ਸਭ ਪੰਜਾਬੀਆਂ ਦੀ ਮਾਤ-ਭਾਸ਼ਾ ਹੋਣ ਕਾਰਨ ਵਧੇਰੇ ਵਿਸ਼ੇਸ਼ਤਾ ਰਖਦੀ ਹੈ। ਇਸ ਭਾਸ਼ਾ ਵਿਚ ਵੀ ਪਿਛਲੇ ਹਜ਼ਾਰ ਸਾਲ ਤੋਂ ਕਵੀਆਂ ਤੇ ਲੇਖਕਾਂ ਨੇ ਉਤਕ੍ਰਿਸ਼ਟ ਰਚਨਾਵਾਂ ਦੀ ਰਚਨਾ ਕੀਤੀ ਹੈ, ਜਿਸ ਦਾ ਇਤਿਹਾਸ ਵੀ ਬੜਾ ਗੌਰਵਮਈ ਹੈ। ਲੰਮੇ ਸਮੇਂ ਲਈ ਵੱਖ-ਵੱਖ ਸਾਮਰਾਜਾਂ ਦੀ ਅਧੀਨਗੀ ਨੇ ਭਾਵੇਂ ਪੰਜਾਬੀ ਭਾਸ਼ਾ ਦਾ ਇਕਸਾਰ ਸੁਤੰਤਰ ਵਿਕਾਸ ਨਹੀਂ ਹੋਣ ਦਿੱਤਾ ਅਤੇ ਬਹੁਤ ਸਾਰਾ ਰਚਿਆ ਗਿਆ ਸਾਹਿੱਤ ਸਮੇਂ ਦੇ ਹਨੇਰਿਆਂ ਵਿਚ ਅਲੋਪ ਹੋ ਗਿਆ ਹੈ। ਜੋ ਕੁਝ ਵੀ ਹੁਣ ਡੇਰਿਆਂ, ਮੱਠਾਂ ਜਾਂ ਧਾਰਮਿਕ ਸਥਾਨਾਂ, ਮੰਦਰਾਂ, ਮਸਜਿਦਾਂ, ਸਿੱਖ ਡੇਰਿਆਂ ਤੇ ਪੁਰਾਣੇ ਮਕਤਬਾਂ, ਕੁਤਬਖ਼ਾਨਿਆਂ, ਹੱਥ-ਲਿਖਤਾਂ ਅਤੇ ਛਾਪੇ ਦੇ ਰੂਪ ਵਿਚ ਪ੍ਰਾਪਤ ਹੈ, ਉਸ ਦੀ ਖੋਜ, ਵਿਆਖਿਆ ਤੇ ਮੁਲਾਂਕਣ ਅਤੇ ਭਿੰਨ ਭਿੰਨ ਇਤਿਹਾਸਕ ਕਾਲਾਂ ਅਨੁਸਾਰ ਰਖ ਕੇ ਨਿਰਧਾਰਨ ਦਾ ਕਾਰਜ ਵੀ ਪੰਜਾਬ ਦੇ ਵਿਦਵਾਨਾਂ ਲਈ ਵੱਡੀ ਵੰਗਾਰ ਹੈ। ਇਸ ਨੂੰ ਪ੍ਰੋ. ਪ੍ਰੀਤਮ ਸਿੰਘ ਵਰਗੇ ਸ੍ਰੇਸ਼ਠ ਖੋਜੀਆਂ ਅਤੇ ਪਾਰਖੂਆਂ ਨੇ ਢੂੰਡ ਢੂੰਡ ਕੇ ਲੱਭਿਆ ਅਤੇ ਉਨ੍ਹਾਂ ਦੇ ਕਾਲ ਕ੍ਰਮ ਅਨੁਸਾਰ ਵਾਚਣ ਘੋਖਣ ਦਾ ਵੀ ਜੋਖੋਂ ਭਰਿਆ ਉਪਰਾਲਾ ਕੀਤਾ ਹੈ। ਫਲਸਰੂਪ ਬਹੁਤ ਵਡਮੁੱਲੇ ਤੱਥ ਤੇ ਤੱਤ ਪ੍ਰਗਟ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਸਾਹਿਤਕ ਵਿਰਸੇ ਦੀ ਵਡਮੁੱਲੀ ਪਰੰਪਰਾ ਨੂੰ ਸੁਨਿਸਚਿਤ ਤੇ ਸੁਵਿਕਸਿਤ ਕਰਨ ਵਿਚ ਬੜਾ ਸ਼ਾਨਦਾਰ ਕਾਰਜ ਕੀਤਾ ਹੈ। ਜੇ ਪ੍ਰੋ. ਪ੍ਰੀਤਮ ਸਿੰਘ ਜੀ ਦੇ ਇਸ ਖੋਜ ਕਾਰਜ ਦੀ ਪੜਤਾਲ ਕੀਤੀ ਜਾਵੇ, ਜੋ ਅਤਿ ਜ਼ਰੂਰੀ ਹੈ ਤਾਂ ਸ਼ਾਇਦ ਕਦੀ ਇਸ ਸਾਹਿਤਕ ਖੋਜੀ ਦੀ ਘਾਲ ਦਾ ਮੁੱਲ ਪਾਇਆ ਜਾ ਸਕੇ। ਪ੍ਰੋ. ਪ੍ਰੀਤਮ ਸਿੰਘ ਜੀ ਨੇ ਆਪਣੀਆਂ ਇਨ੍ਹਾਂ ਪੁਸਤਕਾਂ ਵਿਚ ਕਈ ਨਵੇਂ ਕੋਣ ਅਤੇ ਕੋਨੇ ਉਜਾਗਰ ਕੀਤੇ ਹਨ। ਆਪਣੇ ਸੁੱਖ ਆਰਾਮ ਦੀ ਪਰਵਾਹ ਨਾ ਕਰਦੇ ਹੋਏ ਇਸ ਕਾਰਜ ਨੂੰ ਜਾਰੀ ਰੱਖਿਆ ਹੈ ਅਤੇ ਆਪਣੇ ਜੀਵਨ ਦੇ ਅੰਤ ਤਕ ਵੀ ਇਸ ਖੇਤਰ ਵਿਚ ਪੂਰੀ ਤਰ੍ਹਾਂ ਕਰਮਸ਼ੀਲ ਰਹੇ ਹਨ। ਇਨ੍ਹਾਂ ਪੁਸਤਕਾਂ ਵਿਚ ਇਸ



Sri Satguru Jagjit Singh Ji eLibrary NamdhariElibrary@gmail.com

ਮਹਾਨ ਖੋਜੀ ਤੇ ਸ਼੍ਰੋਮਣੀ ਸਾਹਿੱਤਕਾਰ ਨੇ ਜਿਨ੍ਹਾਂ ਅਣਗੌਲੇ ਪਰ ਵੱਡੇ ਲੇਖਕਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਪਾਠਕਾਂ ਅਤੇ ਸਾਹਿਤਕ ਖੋਜੀਆਂ ਸਾਹਮਣੇ ਲਿਆਂਦਾ ਹੈ, ਉਨ੍ਹਾਂ ਦਾ ਵੇਰਵਾ ਵੀ ਬੜਾ ਵਿਸਤ੍ਰਿਤ ਹੈ। ਉਨ੍ਹਾਂ ਵਿਚੋਂ ਕੁਝ ਇਕ ਬਾਰੇ ਏਥੇ ਸੰਕੇਤ ਮਾਤਰ ਵਿਚਾਰ ਕਰਨੀ ਅਣਉਚਿਤ ਨਹੀਂ ਹੋਵੇਗੀ।

**ਪੰਜਾਬੀ ਭਾਸ਼ਾ ਦਾ ਉਤਕ੍ਰਿਸ਼ਟ ਸਾਹਿਤਕ ਵਿਰਸਾ**

ਪ੍ਰੋ. ਪ੍ਰੀਤਮ ਸਿੰਘ ਜੀ ਨੇ ਅਪ੍ਰੈਲ 2000 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'ਝਰੋਖੇ' ਵਿਚ ਪੰਜਾਬੀ ਭਾਸ਼ਾ ਦੀ ਮੂਲ ਬਣਤਰ ਅਤੇ ਵਿਕਾਸ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਇਸ ਸੰਬੰਧ ਵਿਚ ਵਿਸ਼ਾਲ ਅਧਿਐਨ ਅਤੇ ਵਿਗਿਆਨਕ ਖੋਜ ਪੜਤਾਲ ਰਾਹੀਂ ਪੰਜਾਬੀ ਭਾਸ਼ਾ ਦੇ ਪ੍ਰਾਚੀਨ ਤੇ ਮੱਧਕਾਲੀਨ ਸਰੂਪ ਬਾਰੇ ਬੜੀ ਉਪਯੋਗੀ ਤੇ ਸਾਰਥਿਕ ਜਾਣਕਾਰੀ ਦੇ ਕੇ ਪੰਜਾਬ ਵਿਚ ਸਮੇਂ ਸਮੇਂ ਸਿਰ ਲੇਖਕਾਂ ਵੱਲੋਂ ਵਰਤੀਆਂ ਭਾਸ਼ਾਵਾਂ ਦੇ ਵਿਭਿੰਨ ਵਿਭਿੰਨ ਸਰੂਪਾਂ ਅਤੇ ਉਨ੍ਹਾਂ ਦੇ ਅੰਤਰ ਸੰਬੰਧਾਂ ਨੂੰ ਸਪੱਸ਼ਟ ਕਰ ਕੇ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਸਾਰਥਿਕ ਪ੍ਰਕਾਸ਼ ਪਾਉਣ ਦਾ ਸਫਲ ਜਤਨ ਕੀਤਾ ਹੈ। ਵੈਦਿਕ ਰਿਸ਼ੀਆਂ, ਬੋਧੀਆਂ ਤੇ ਜੈਨ ਅਚਾਰੀਆਂ ਨੇ ਜਿਵੇਂ ਜਿਵੇਂ ਪਾਲੀ ਤੇ ਪ੍ਰਾਕ੍ਰਿਤਾਂ ਦਾ ਪ੍ਰਯੋਗ ਕੀਤਾ ਤੇ ਜਿਸ ਪ੍ਰਕਾਰ ਇਨ੍ਹਾਂ ਪ੍ਰਾਕ੍ਰਿਤਾਂ ਤੋਂ ਭਾਸ਼ਾਵਾਂ ਦੇ ਅਪਭ੍ਰੰਸ਼ ਰੂਪ ਹੋਂਦ ਵਿਚ ਆਏ, ਇਨ੍ਹਾਂ ਸਭ ਦਾ ਬਿਆਨ ਇਸ ਪੁਸਤਕ ਵਿਚ ਵੇਰਵੇ ਸਹਿਤ ਕੀਤਾ ਗਿਆ ਹੈ। ਰਿਗਵੇਦ ਦੀ ਭਾਸ਼ਾ ਵੈਦਿਕ, ਸੰਸਕ੍ਰਿਤ ਤੇ ਈਰਾਨ ਦੀ ਤਤਕਾਲਿਕ ਭਾਸ਼ਾ ਅਵੈਸ਼ਤਾ ਦੀ ਤੁਲਨਾ ਕਰ ਕੇ ਇਨ੍ਹਾਂ ਦੇ ਪਰਸਪਰ ਸੰਬੰਧ ਨੂੰ ਦਰਸਾਇਆ ਗਿਆ ਹੈ। ਪਾਣਿਨੀ, ਪਤੰਜਲੀ ਅਤੇ ਕਾਤਯਾਯਨ ਦੀਆਂ ਘਾਲਨਾਵਾਂ ਦਾ ਵੀ ਵਰਣਨ ਹੈ। ਉਪਰੋਕਤ ਸਭ ਕੁਝ ਤੋਂ ਇਹ ਗੱਲ ਸਹਿਜੇ ਹੀ ਸਿੱਧ ਹੋ ਜਾਂਦੀ ਹੈ ਕਿ ਪੰਜਾਬ ਆਪਣੀ ਸਾਹਿਤਕ ਸਿਰਜਣਾ ਤੋਂ ਕਦੀ ਵੀ ਵਿਹੂਣਾ ਨਹੀਂ ਰਿਹਾ। ਦੂਜੇ ਸ਼ਬਦਾਂ ਵਿਚ ਇਸ ਦਾ ਭਾਵ ਹੈ ਕਿ ਪੰਜਾਬ ਵਿਚ ਮਹਿਮੂਦ ਗਜ਼ਨਵੀ ਦੇ ਇਸਲਾਮੀ ਸ਼ਾਸਨ ਦੇ ਆਗਮਨ ਤੋਂ ਪਹਿਲਾਂ ਪੰਜਾਬ ਸਾਹਿਤਕ ਤੌਰ ਤੇ ਵੱਡੇ ਉੱਚ ਕੋਟੀ ਦੇ ਵਿਰਸੇ ਦਾ ਸੁਆਮੀ ਸੀ। ਵੇਦਾਂ, ਉਪਨਿਸ਼ਦਾਂ, ਬੋਧੀ ਜਾਤਕਾਵਾਂ ਤੇ ਜੈਨੀਆਂ ਦੀਆਂ ਰਚਨਾਵਾਂ ਤੋਂ ਬਿਨਾਂ ਰਾਮਾਇਣ ਅਤੇ ਮਹਾਂਭਾਰਤ ਵਰਗੇ ਮਹਾਂਕਾਵਿ ਨੇ ਵੀ ਪੰਜਾਬ ਦੇ ਪਿਤਰੀ ਸਾਹਿੱਤਕ ਵਿਰਸੇ ਦੇ ਅਮੀਰ ਖ਼ਜ਼ਾਨੇ ਨੂੰ ਭਰਪੂਰ ਕੀਤਾ ਅਤੇ ਪੰਜਾਬ ਦੇ ਲੋਕਾਂ ਨੇ ਵੀ ਬੌਧਿਕ ਸਮੱਗਰੀ ਦੀ ਉੱਚ ਕੋਟੀ ਦੀ ਦੇਣ ਦਿਤੀ। ਅਗਾਮੀ ਕਾਲਾਂ ਦੇ ਪੰਜਾਬੀ ਸਾਹਿਤ ਵਿਚ ਇਸ ਸਾਰੇ ਪਿਤਰੀ ਸਾਹਿੱਤਕ ਵਿਰਸੇ ਦਾ ਸਾਹਿੱਤਕਾਰਾਂ ਨੇ ਬਹੁਤ ਲਾਭ ਉਠਾਇਆ ਹੈ, ਪਰ ਜੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਆਧੁਨਿਕ ਪੱਖ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਪਿਛਲੇ ਹਜ਼ਾਰ ਸਾਲਾਂ ਵਿਚ ਪੰਜਾਬ ਵਿਚ ਸਾਹਿਤ ਵੱਡੀ ਮਾਤਰ ਵਿਚ ਰਚਿਆ ਜਾਂਦਾ ਰਿਹਾ ਹੈ। ਜੇ ਪੰਜਾਬ ਵਿਚ ਰਚੇ ਗਏ ਹੋਰ ਭਾਸ਼ਾਵਾਂ – ਫ਼ਾਰਸੀ, ਅਰਬੀ, ਉਰਦੂ ਅਤੇ ਅੰਗਰੇਜ਼ੀ ਦੇ ਸਾਹਿਤ ਨੂੰ ਵੀ ਲਾਂਭੇ ਰੱਖ ਦਿਤਾ ਜਾਵੇ ਤਾਂ ਪੰਜਾਬੀ ਵਿਚ ਰਚੇ ਗਏ ਨਿਰੋਲ ਪੰਜਾਬੀ ਸਾਹਿਤ ਦਾ ਭੰਡਾਰ ਵੀ ਬੜਾ ਅਮੀਰ, ਬਹੁ-ਪੱਖੀ, ਬਹੁ ਰੂਪਾਂ ਵਾਲਾ



Sri Satguru Jagjit Singh Ji eLibrary NamdhariElibrary@gmail.com

ਤੇ ਉਚੇਰੀਆਂ ਸਾਹਿਤਕ ਰਵਾਇਤਾਂ ਦੀ ਸਾਖੀ ਭਰਦਾ ਹੈ। ਪੁਸਤਕ ਝਰੋਖੇ ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਬਹੁਤ ਘੱਟ ਜਾਣੇ ਤੇ ਲੋਕਾਂ ਵਿਚ ਹਰਮਨ ਪਿਆਰੇ ਹੋਏ ਦੋਹਾਂ ਤਰ੍ਹਾਂ ਦੇ ਸਾਹਿਤ ਦੀ ਚਰਚਾ ਕੀਤੀ ਹੈ।

'ਝਰੋਖੇ' ਪੁਸਤਕ ਵਿਚ ਸ਼ਾਇਦ ਪਹਿਲੀ ਵਾਰ ਸਰਬਲੋਹ ਗ੍ਰੰਥ (ਬਾਬਾ ਸੰਤਾ ਸਿੰਘ, ਮੁਖੀ ਬੁੱਢਾ ਦਲ, ਦੋ ਜਿਲਦਾਂ, 1028 ਪੰਨੇ) ਦਾ ਵੇਰਵਾ ਆਉਂਦਾ ਹੈ। ਇਸ ਤੋਂ ਬਿਨਾਂ ਹਰੀਆ ਜੀ ਦਾ ਗ੍ਰੰਥ ਦਾ ਜ਼ਿਕਰ ਹੈ, ਜਿਸ ਨੂੰ ਦੀਵਾਨਾ ਸੰਪ੍ਰਦਾਇ ਦੇ ਲੋਕ ਆਪਣਾ ਪੂਜ ਮੰਨਦੇ ਹਨ। ਇਸ ਵੱਡ ਆਕਾਰੀ ਪੁਸਤਕ ਦੇ ਵੀ 1386 ਪੰਨੇ ਹਨ ਅਤੇ ਇਸ ਦੀ ਕਵਿਤਾ ਰਾਗਾਂ ਅਨੁਸਾਰ ਸੰਕਲਿਤ ਕੀਤੀ ਗਈ ਹੈ। ਇਸ ਦੀ ਰਚਨਾ ਉੱਤੇ ਆਦਿ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਆਪਕ ਪ੍ਰਭਾਵ ਦੇਖਿਆ ਜਾ ਸਕਦਾ ਹੈ -ਜਪੁ ਤੇ ਸੁਖਮਨੀ ਜਿਸ ਦੇ ਵੱਡੇ ਪ੍ਰਮਾਣ ਹਨ। ਭਾਈ ਦਰਬਾਰੀ ਪੋਥੀ ਹਰਿ ਜਸ ਵੀ ਜੋ 1838 ਪੰਨਿਆਂ ਦੀ ਹੈ ਅਤੇ 1803 ਈਸਵੀ (1860 ਬਿਕ੍ਰਮੀ) ਵਿਚ ਰਚੀ ਗਈ, ਵੀ ਆਦਿ ਗ੍ਰੰਥ ਦੇ ਪਏ ਪ੍ਰਭਾਵਾਂ ਨੂੰ ਪ੍ਰਮਾਣਿਤ ਕਰਦੀ ਹੈ। ਪਾਰਸ ਭਾਗ ਨੂੰ ਮੱਧ ਕਾਲ ਦੀ 18ਵੀਂ ਸਦੀ ਦੀ ਅੱਡਣ ਸ਼ਾਹ ਦੁਆਰਾ ਇਮਾਮ ਅਲ-ਗੱਜ਼ਾਲੀ ਦੀ ਪੁਸਤਕ ਦੇ ਅਨੁਵਾਦ ਪ੍ਰੋ. ਪ੍ਰੀਤਮ ਸਿੰਘ ਨੇ ਪਾਰਸ ਭਾਗ ਦੇ ਰੂਪ ਵਿਚ ਪਹਿਲਾਂ ਹੀ ਸੰਪਾਦਿਤ ਕਰ ਦਿੱਤਾ ਹੈ। ਸੰਤ ਰੇਣ (1741 ਈਸਵੀ ਤੋਂ 1848 ਈਸਵੀ) ਦੇ 3720 ਪੰਨਿਆਂ ਦੇ ਵਡ ਆਕਾਰੀ ਗ੍ਰੰਥ ਸ੍ਰੀ ਗੁਰੂ ਨਾਨਕ ਵਿਜੈ ਜਿਸ ਵਿਚ ਅਨੇਕ ਛੰਦਾਂ ਵਿਚ ਰਚਨਾ ਕੀਤੀ ਗਈ ਹੈ, ਦੇ ਵਰਣਨ ਤੋਂ ਬਿਨਾਂ ਮਹਾਂਕਵੀ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਤੇ ਨਾਨਕ ਪ੍ਰਕਾਸ਼ ਨੂੰ ਵੀ ਇਸੇ ਮੱਧਕਾਲੀਨ ਸਾਹਿਤਕ ਭੰਡਾਰ ਦਾ ਸ਼੍ਰੋਮਣੀ ਗ੍ਰੰਥ ਪ੍ਰਮਾਣਿਤ ਕੀਤਾ ਗਿਆ ਹੈ।

ਸ਼ੋਕ ਹੈ ਕਿ ਸਾਡੇ ਵਿਦਵਾਨ ਖੋਜੀਆਂ ਨੇ ਇਨ੍ਹਾਂ ਉਤਕ੍ਰਿਸ਼ਟ ਰਚਨਾਵਾਂ ਵੱਲ ਸਿਵਾਏ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਘੱਟ ਹੀ ਧਿਆਨ ਦਿੱਤਾ ਹੈ, ਪਰ ਵਿਦਵਾਨ ਖੋਜੀ ਪ੍ਰੋ.ਪ੍ਰੀਤਮ ਸਿੰਘ ਜੀ ਨੇ ਭਵਿੱਖ ਦੇ ਸਾਹਿਤਕ ਖੋਜਾਰਥੀਆਂ ਲਈ ਇਕ ਵੱਡੀ ਵੰਗਾਰ ਵੀ ਸਾਹਮਣੇ ਰੱਖ ਦਿੱਤੀ ਹੈ, ਜੋ ਪੰਜਾਬ ਦੀ ਸਾਹਿਤਕ ਪਰੰਪਰਾ ਤੇ ਸੰਸਕ੍ਰਿਤੀ ਵਿਚ ਵਿਧਾਮੂਲਕ ਵਾਧਾ ਕਰ ਸਕਦੀ ਹੈ। ਇਨ੍ਹਾਂ ਰਚਨਾਵਾਂ ਦੀ ਵਸਤੂ ਸਮੱਗਰੀ ਤੋਂ ਛੁੱਟ ਇਨ੍ਹਾਂ ਦੇ ਭਾਸ਼ਾ ਵਿਗਿਆਨਕ ਪੱਖ, ਸ਼ਬਦ-ਭੰਡਾਰ, ਸ਼ਬਦ-ਸਿਰਜਣਾ ਤੇ ਵਿਆਕਰਣਕ ਬੰਦਸ਼ਾਂ ਦਾ ਅਧਿਐਨ ਵੀ ਅਤਿ ਰੌਚਿਕ ਵਿਸ਼ਾ ਹੋ ਸਕਦਾ ਹੈ।

ਜਿਥੋਂ ਤੱਕ ਪੰਜਾਬੀ ਦੇ ਮੱਧਕਾਲ ਦੇ ਜਾਣੇ-ਪਛਾਣੇ ਕਵੀਆਂ ਦਾ ਸੰਬੰਧ ਹੈ, 'ਝਰੋਖੇ' ਵਿਚ ਹੀ ਅਲੀ ਹੈਦਰ, ਸ਼ਾਹ ਅਬਦੁੱਲ ਲਤੀਫ਼ ਭਿਟਾਈ (ਸੂਫ਼ੀ ਕਵੀ), ਮੁਕਬਲ, ਲੁਤਫ਼ ਅਲੀ ਬਹਾਵਲਪੁਰੀ, ਸਿੰਧੀ ਸੱਥਲ ਸਰਮਸਤ ਜਿਸ ਦੀਆਂ ਕਾਫ਼ੀਆਂ ਬੜੀਆਂ ਲੋਕਪ੍ਰਿਅ ਹੋਈਆਂ, ਹਾਮਿਦ ਸ਼ਾਹ ਅੱਬਾਸੀ, ਅਹਿਮਦਯਾਰ, ਇਮਾਮ ਬਖ਼ਸ਼, ਮੀਆਂ ਮੁਹੰਮਦ ਬਖ਼ਸ਼, ਨਜਾਬਤ ਤੇ ਸ਼ਾਹ ਮੁਹੰਮਦ ਵਰਗੇ ਕਵੀਆਂ ਬਾਰੇ ਆਲੋਚਨਾਤਮਕ ਵਿਸ਼ਲੇਸ਼ਣ ਤੇ ਸਾਰਥਿਕ ਟਿਪਣੀਆਂ



Sri Satguru Jagjit Singh Ji eLibrary NamdhariElibrary@gmail.com

ਕੀਤੀਆਂ ਗਈਆਂ ਹਨ।

ਇਨ੍ਹਾਂ ਸਭ ਵਿਚ ਲੇਖਕ ਦਾ ਦ੍ਰਿਸ਼ਟੀਕੋਣ ਅਸੰਪ੍ਰਦਾਇਕ ਤੇ ਨਿਰੋਲ ਸਾਹਿਤਕ ਹੈ। ਇਨ੍ਹਾਂ ਵਿਚ ਲੇਖਕ ਵੱਲੋਂ ਉਠਾਏ ਗਏ ਨੁਕਤੇ ਕਰਤਾ ਦੇ ਡੂੰਘੇ ਤੇ ਵਿਸ਼ਾਲ ਅਧਿਐਨ ਦਾ ਜਿਥੇ ਜੀਉਂਦੇ ਜਾਗਦੇ ਪ੍ਰਮਾਣ ਹਨ, ਉਥੇ ਨਵੇਂ ਆਲੋਚਕਾਂ ਨੂੰ ਵੀ ਕਰਨਜੋਗ ਅਧਿਐਨ ਤੇ ਖੋਜ ਦੀਆਂ ਬਾਰੀਆਂ ਖੋਲ੍ਹ ਦਿੰਦੇ ਹਨ। ਇਥੇ ਲੇਖਕ ਨੇ ਪੰਜਾਬੀ ਦੇ ਆਦਿ ਕਿੱਸਾਕਾਰ ਦਮੋਦਰ ਦੀ ਹੀਰ ਬਾਰੇ ਸਵਰਗਵਾਸੀ ਬੇਦੀ, ਗੰਗਾ ਸਿੰਘ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ, ਜਿਨ੍ਹਾਂ ਦੇ ਉੱਦਮ ਸਦਕਾ ਪੰਜਾਬੀ ਦੀ ਇਹ ਮੁਲਵਾਨ ਕਲਾਸਕੀ ਰਚਨਾ (ਕਿੱਸਾ-ਕਾਵਿ) ਲੋਕ-ਅਰਪਣ ਹੋ ਸਕਿਆ।

**ਹੱਥ-ਲਿਖਤਾਂ ਦੀ ਖੋਜ**

ਪੰਜਾਬ ਦਾ ਬਹੁਤ ਸਾਰਾ ਸਾਹਿਤ ਹੱਥ-ਲਿਖਤਾਂ ਦੇ ਰੂਪ ਵਿਚ ਅਨੇਕ ਥਾਵਾਂ 'ਤੇ ਰੁਲਦਾ ਅਤੇ ਅਣਗੌਲਿਆ ਪਿਆ ਹੈ। ਪ੍ਰੋ. ਪ੍ਰੀਤਮ ਸਿੰਘ ਜੀ ਦੀ ਹੱਥ-ਲਿਖਤਾਂ ਸੰਬੰਧੀ ਖੋਜ ਅਤੇ ਦੇਣ ਵੀ ਬੇ-ਮਿਸਾਲ ਹੈ। ਹੱਥ-ਲਿਖਤਾਂ ਦੀ ਖੋਜ ਦੀ ਲਗਨ ਤੇ ਖ਼ਬਤ ਨੇ ਪੰਜਾਬ ਤੇ ਪੰਜਾਬੀ ਦੇ ਇਸ ਸੁਹਿਰਦ ਉਪਾਸ਼ਕ ਨੂੰ ਉਮਰ ਭਰ ਇਸ ਖੇਤਰ ਵਿਚ ਨਿਰੰਤਰ ਕਰਮਸ਼ੀਲ ਕਰੀ ਰਖਿਆ। ਇਸ ਖ਼ਾਤਰ ਆਪ ਸਹੇੜੀ ਖੱਜਲ-ਖੁਆਰੀ ਦੇ ਵੇਰਵੇ ਵੀ ਇਨ੍ਹਾਂ ਹਵਾਲਾ ਅਧੀਨ ਪੁਸਤਕਾਂ ਵਿਚ ਮਿਲ ਜਾਂਦੇ ਹਨ। ਸਿੱਟੇ ਵਜੋਂ ਆਪ ਕੋਲ ਆਪ ਦੇ ਪੁਸਤਕਾਲੇ ਵਿਚ ਇਕ ਹਜ਼ਾਰ ਦੇ ਲਗਭਗ ਹੱਥ-ਲਿਖਤਾਂ ਦਾ ਭੰਡਾਰ ਮੌਜੂਦ ਹੈ। ਉਪਕਾਰੀ ਦ੍ਰਿਸ਼ਟੀ ਤੋਂ ਕੀਤੀ ਗਈ ਇਸ ਭਾਲ ਤੇ ਘਾਲ ਨੂੰ ਮੁੱਖ ਰੱਖ ਕੇ ਇਹ ਕਹਿਣਾ ਹੀ ਪੈਂਦਾ ਹੈ, ਧੰਨ ਤੇਰੀ ਕਮਾਈ ਅਤੇ ਬਲਿਹਾਰੇ ਜਾਈਏ ਤੇਰੇ ਸਿਦਕ, ਸਿਰੜ ਤੇ ਲਗਨ ਤੋਂ।

**ਵਰਤਮਾਨ ਸੰਦਰਭ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ**

ਪ੍ਰੋ. ਪ੍ਰੀਤਮ ਸਿੰਘ ਦੀ 2002 ਈਸਵੀ ਵਿਚ ਪ੍ਰਕਾਸ਼ਿਤ ਪੁਸਤਕ 'ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ' ਪੰਜਾਬੀ ਭਾਸ਼ਾ ਦੇ ਲੋੜੀਂਦੇ ਵਿਕਾਸ ਤੇ ਸਿੱਖਿਆ ਦੇ ਖੇਤਰ ਵਿਚ ਇਸ ਦੀ ਉਪਯੋਗੀ ਤੇ ਆਦਰਸ਼ਕ ਵਰਤੋਂ ਨਾਲ ਸੰਬੰਧਿਤ ਹੈ। ਕਿਸੇ ਦੇਸ਼ ਦੀ ਸਿੱਖਿਆ ਪ੍ਰਣਾਲੀ ਵਿਚ ਉਥੋਂ ਦੀ ਮਾਤ-ਭਾਸ਼ਾ ਜਾਂ ਦੂਜੇ ਸ਼ਬਦਾਂ ਵਿਚ ਲੋਕ-ਭਾਸ਼ਾ ਦੀ ਕੀ ਭੂਮਿਕਾ ਹੁੰਦੀ ਹੈ, ਇਸ ਸੰਬੰਧ ਵਿਚ ਆਦਰਸ਼ਕ ਨੀਤੀ ਕਿਹੜੀ ਹੋ ਸਕਦੀ ਹੈ, ਜੋ ਉਪਯੋਗੀ ਵੀ ਹੋਵੇ, ਯੁਗਾਨੁਕੂਲ ਵੀ ਅਤੇ ਵਰਤਮਾਨ ਕਾਲ ਦੀਆਂ ਵਿਸ਼ਵ-ਵਿਆਪੀ ਪਰਿਸਥਿਤੀਆਂ ਦਾ ਟਾਕਰਾ ਕਰਨ ਵਾਲੀ ਵੀ। ਇਸ ਤੋਂ ਬਿਨਾਂ ਜੋ ਵਰਤਮਾਨ ਸਮੇਂ ਅਤਿ ਲੋੜੀਂਦੀ ਵੀ ਹੋਵੇ ਤੇ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਦੀਆਂ ਵਿਕਾਸਮੁਖੀ ਸੰਭਾਵਨਾਵਾਂ ਉੱਤੇ ਪੂਰਨ ਤੌਰ 'ਤੇ ਪਹਿਰਾ ਦੇਣ ਵਾਲੀ ਅਥਵਾ ਭਵਿੱਖਾਰਥੀ ਮੰਜ਼ਲਾਂ ਤਕ ਪਹੁੰਚਣ ਲਈ ਮਾਰਗ-ਦਰਸ਼ਨ ਕਰਨ ਵਾਲੀ ਵੀ ਹੋਵੇ। ਪੁਸਤਕ 'ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ' ਵਿਚ ਤਾਂ ਲੇਖਕ ਨੇ ਆਪਣੇ ਅਤੇ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨ ਵਾਲੇ ਕੁਝ ਨਾਮੀ ਗਰਾਮੀ ਸਿੱਖਿਆ ਸ਼ਾਸਤਰੀਆਂ ਦੇ ਸਮੇਂ ਸਮੇਂ



Sri Satguru Jagjit Singh Ji eLibrary NamdhariElibrary@gmail.com

ਸਿਰ ਪ੍ਰਕਾਸ਼ਿਤ ਹੋਏ ਲੇਖਾਂ ਦਾ ਸੰਕਲਨ ਵੀ ਕੀਤਾ ਹੈ, ਜੋ ਭਾਰਤੀ ਪੰਜਾਬ ਦੇ ਬੁਨਿਆਦੀ, ਭਾਸ਼ਾਈ ਤੇ ਸਿੱਖਿਆ ਦੇ ਮਸਲਿਆਂ ਨਾਲ ਸੰਬੰਧਿਤ ਹਨ। ਪ੍ਰੋ. ਪ੍ਰੀਤਮ ਸਿੰਘ ਨੇ ਇਸ ਪੁਸਤਕ ਵਿਚ ਜਿਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਵਿਕਾਸਮੁਖੀ ਟੀਚਿਆਂ ਦੀ ਤਰਕਸੰਗਤ ਵਕਾਲਤ ਕੀਤੀ ਹੈ, ਉਹ ਆਪਣੇ ਆਪ ਵਿਚ ਉਨ੍ਹਾਂ ਦੀ ਪ੍ਰਤਿਬੱਧਤਾ ਅਤੇ ਪੰਜਾਬੀ ਭਾਸ਼ਾ ਪ੍ਰਤਿ ਵਫ਼ਾਦਾਰੀ ਦਾ ਨਿਵੇਕਲਾ ਅਤੇ ਅਸਾਧਾਰਨ ਪ੍ਰਮਾਣ ਹੈ। ਨਵੰਬਰ, 1966 ਈਸਵੀ ਵਿਚ ਭਾਰਤੀ ਪ੍ਰਦੇਸ਼ਾਂ ਦੇ ਭਾਸ਼ਾ ਆਧਾਰਤ ਪ੍ਰਦੇਸ਼ਾਂ ਦਾ ਪੁਨਰਗਠਨ ਕੀਤਾ ਗਿਆ। ਇਸ ਪ੍ਰਾਦੇਸ਼ਿਕ ਪੁਨਰਗਠਨ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਦੀ ਥਾਂ ਰਾਜਨੀਤਕ ਸ੍ਵੈ-ਸਿੱਧੀ ਦੀ ਪ੍ਰਮੁੱਖਤਾ ਭਾਰੂ ਰਹੀ, ਜਿਸ ਕਾਰਨ ਕੁਝ ਪੰਜਾਬੀ ਬੋਲਦੇ ਇਲਾਕੇ ਇਸ ਨਵ-ਗਠਿਤ ਪੰਜਾਬੀ ਪ੍ਰਦੇਸ਼ ਤੋਂ ਬਾਹਰ ਕੱਢ ਦਿੱਤੇ ਗਏ ਅਤੇ ਫਿਰ 1968 ਈਸਵੀ ਵਿਚ ਸਰਦਾਰ ਲਛਮਣ ਸਿੰਘ ਗਿੱਲ ਦੀ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਕਾਨੂੰਨੀ ਦਰਜਾ ਦੇ ਦਿੱਤਾ। ਮਧ-ਕਾਲ ਦੇ ਪੂਰਵ ਸੰਸਕਾਰ ਅਤੇ ਬਰਤਾਨਵੀ ਸਾਮਰਾਜਵਾਦੀ ਨੀਤੀ ਕਾਰਨ ਜੋ ਸੰਕੀਰਨਤਾ ਦੀਆਂ ਪੱਕੀਆਂ ਵੰਡੀਆਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਪਾਈਆਂ ਗਈਆਂ ਸਨ, ਉਨ੍ਹਾਂ ਦੇ ਬੀਜੇ ਹੋਏ ਕੰਡੇ ਹੁਣ ਤਕ ਵੀ ਪੰਜਾਬੀ ਲੋਕਾਂ ਨੂੰ ਚੁਗਣੇ ਪੈ ਰਹੇ ਹਨ।

ਪਾਕਿਸਤਾਨ ਦੇ ਪੰਜਾਬ ਦੀ ਤਾਂ ਗੱਲ ਹੀ ਛੱਡੋ, ਉਥੇ ਨਾ ਤਾਂ ਪੰਜਾਬੀ ਭਾਸ਼ਾ ਨੂੰ ਹੁਣ ਤਕ ਸਿੱਖਿਆ ਦਾ ਮਾਧਿਅਮ ਬਣਾਇਆ ਗਿਆ ਹੈ ਤੇ ਨਾ ਹੀ ਉਥੋਂ ਦੀ ਵਿਧਾਨ ਸਭਾ ਵਿਚ ਕੋਈ ਬੁਲਾਰਾ ਬਿਨਾਂ ਆਗਿਆ ਪੰਜਾਬੀ ਬੋਲ ਸਕਦਾ ਹੈ। ਫਿਰ ਵੀ ਉਥੋਂ ਦੇ ਲੋਕ ਪੰਜਾਬੀ ਬੋਲਦੇ ਹਨ, ਪੰਜਾਬ ਵਿਚ ਸਦੀਆਂ ਤੋਂ ਚਲੀਆਂ ਆ ਰਹੀਆਂ ਰਹੁ-ਰੀਤਾਂ ਦੀ ਪਾਲਣਾ ਕਰਦੇ ਹਨ ਅਤੇ ਲੋਕ-ਗੀਤਾਂ ਤੇ ਲੋਕ-ਅਖਾਣਾਂ ਦੀ ਵਰਤੋਂ ਪਿੰਡਾਂ ਦੇ ਲੋਕਾਂ ਵਿਚ ਉਸੇ ਤਰ੍ਹਾਂ ਵਰਤੀਂਦੀ ਚਲੀ ਆ ਰਹੀ ਹੈ। ਸੱਚ ਤਾਂ ਇਹ ਹੈ ਕਿ ਕੁਦਰਤ ਦੀ ਦੇਣ ਨੂੰ ਛੇਤੀ ਛੇਤੀ ਬਦਲ ਸਕਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੁੰਦਾ। ਦੋਹਾਂ ਪਾਕਿਸਤਾਨੀ ਤੇ ਭਾਰਤੀ ਪੰਜਾਬਾਂ ਦੀ ਮੁੱਢਲੀ ਸਾਂਝ ਜੋ ਸਦੀਆਂ ਤੋਂ ਚਲੀ ਆ ਰਹੀ ਹੈ, ਅਟੁੱਟ ਤੇ ਬੜੀ ਮਜ਼ਬੂਤ ਹੈ। ਜਿਉਂ ਜਿਉਂ ਦੋਵਾਂ ਦੇਸ਼ਾਂ ਵਿਚ ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿਚ ਵਿਗਿਆਨਕ ਤੇ ਵਿਵੇਕਸ਼ੀਲ ਸੂਝ ਬੂਝ ਦੀ ਹੋਰ ਉੱਨਤੀ ਹੋਵੇਗੀ, ਤਿਵੇਂ ਤਿਵੇਂ ਇਹ ਪਾੜੇ ਸਹਿਜੇ ਸਹਿਜੇ ਮਿਟ ਕੇ ਅਲੋਪ ਹੋ ਜਾਣਗੇ। ਪਰ ਭਾਰਤੀ ਪੰਜਾਬ ਵਿਚ ਜਿਥੇ ਪੰਜਾਬ ਪ੍ਰਦੇਸ਼ ਦੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਹੋਣ ਦੀ ਪਦਵੀ ਪ੍ਰਾਪਤ ਹੈ, ਉਥੇ ਹੀ ਵਿਗਿਆਨਕ, ਬਾਹਰਮੁਖੀ ਤੇ ਵਿਵੇਕਸ਼ੀਲ ਦ੍ਰਿਸ਼ਟੀਕੋਣਾਂ ਦੀ ਅਣਦੇਖੀ ਕਰਕੇ ਪੂਰਨ ਤੇ ਸਹੀ ਭਾਂਤ, ਉੱਚਿਤ ਨੀਤੀ ਤੇ ਆਦਰਸ਼ਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ।

**ਪ੍ਰੋ. ਪ੍ਰੀਤਮ ਸਿੰਘ ਦਾ ਸਮਕਾਲੀ ਹਾਲਤ ਬਾਰੇ ਵਿਸ਼ੇਸ਼ ਦ੍ਰਿਸ਼ਟੀਕੋਣ**

ਪ੍ਰੋ. ਪ੍ਰੀਤਮ ਸਿੰਘ ਜੀ ਦੀ ਫ਼ਰਵਰੀ 2002 ਵਿਚ ਪ੍ਰਕਾਸ਼ਿਤ 'ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ' ਪੁਸਤਕ ਵਿਚ ਪੰਜਾਬੀ ਭਾਸ਼ਾ ਦੇ ਵਿਸ਼ੇਸ਼ ਸਥਾਨ ਤੇ ਇਸ ਵਿਚਲੀਆਂ ਊਣਤਾਈਆਂ ਦੇ



Sri Satguru Jagjit Singh Ji eLibrary NamdhariElibrary@gmail.com

ਨਾਲ ਨਾਲ ਪੰਜਾਬੀ ਭਾਸ਼ਾ ਦਾ ਪੰਜਾਬ ਦੇ ਸਿੱਖਿਆ-ਤੰਤਰ ਵਿਚ ਕੀ ਸਥਾਨ ਹੈ ਤੇ ਕੀ ਹੋਣਾ ਚਾਹੀਦਾ ਹੈ? ਇਸ ਸੰਬੰਧ ਵਿਚ ਕਿਹੜੀਆਂ ਵੱਡੀਆਂ ਵੱਡੀਆਂ ਰੁਕਾਵਟਾਂ ਹਨ ਅਤੇ ਵਿਗਿਆਨਕ ਸੂਝ-ਬੂਝ ਅਨੁਸਾਰ ਕਿਵੇਂ ਉਨ੍ਹਾਂ ਨੂੰ ਰਾਹ ਵਿਚੋਂ ਹਟਾਉਣਾ ਹੈ, ਇਨ੍ਹਾਂ ਸਭ ਭਖਦੇ ਤੇ ਮਹੱਤਵਪੂਰਨ ਵਿਸ਼ਿਆਂ ਬਾਰੇ ਇਸ ਪੁਸਤਕ ਵਿਚ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਗਈ ਹੈ। ਯਾਦ ਰਹੇ ਕਿ ਲੇਖਕ ਭਾਸ਼ਾ ਵਿਗਿਆਨੀ ਤੇ ਸਿੱਖਿਆ ਸ਼ਾਸਤਰ ਦੇ ਦੋਵਾਂ ਖੇਤਰਾਂ ਵਿਚ ਵਿਸ਼ੇਸ਼ ਅਧਿਕਾਰ ਰਖਦਾ ਹੈ, ਇਸ ਸੰਬੰਧ ਵਿਚ ਉਸ ਦਾ ਛੇ ਦਹਾਕਿਆਂ ਦਾ ਅਨੁਭਵ ਹੈ। ਆਪਣੇ ਇਸ ਅਨੁਭਵ ਅਤੇ ਚਿੰਤਾਵਾਂ ਨੂੰ ਹੀ ਲੇਖਕ ਨੇ ਇਸ ਪੁਸਤਕ ਵਿਚ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਦਾ ਜਤਨ ਕੀਤਾ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਪੁਸਤਕ ਦੇ ਬਹੁਤੇ ਲੇਖ ਪੰਜਾਬ ਦੀਆਂ ਪ੍ਰਸਿੱਧ ਪੱਤਰਕਾਵਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ ਹਨ ਅਤੇ ਇਨ੍ਹਾਂ ਵਿਚ ਪੱਤਰਕਾਰੀ ਤੇ ਸਤਰ ਦੀ ਛਾਪ ਵੀ ਬੜੀ ਗੂੜ੍ਹੀ ਹੈ। ਫਿਰ ਵੀ ਇਸ ਪੁਸਤਕ ਵਿਚ ਉਠਾਏ ਗਏ ਬੁਨਿਆਦੀ ਮਸਲੇ ਬੜੇ ਗੰਭੀਰ ਤੇ ਲੋਕ-ਹਿਤਾਂ ਦੀ ਸਹੀ ਸਹੀ ਜਾਣ-ਪਛਾਣ ਕਰਵਾਉਣ ਵਾਲੇ ਹਨ। ਸਮਕਾਲੀ ਸੰਦਰਭਾਂ ਉੱਤੇ ਪ੍ਰਕਾਸ਼ ਪਾਉਣ ਵਾਲੀ ਇਸ ਪੁਸਤਕ ਵਿਚ ਬਹੁਤ ਸਾਰੇ ਮੁੱਢਲੇ ਮਸਲੇ ਲਗਭਗ ਉਹੀ ਹਨ, ਜੋ ਉਨ੍ਹਾਂ ਦੀਆਂ ਪਹਿਲੀਆਂ ਪੁਸਤਕਾਂ ਵਿਚ ਵੀ ਵਿਚਾਰੇ ਗਏ ਹਨ।

ਪ੍ਰੋ. ਪ੍ਰੀਤਮ ਸਿੰਘ ਜੀ ਦੀ ਵਿਚਾਰਧਾਰਾ ਦੇ ਮੁੱਖ ਨੁਕਤੇ ਜਿਨ੍ਹਾਂ ਨੂੰ 'ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ' ਵਿਚ ਪੇਸ਼ ਕੀਤਾ ਗਿਆ ਹੈ, ਹੇਠ ਲਿਖੇ ਕੁਝ ਗਿਣਤੀ ਦੇ ਹੀ ਹਨ:

(ੳ) ਪੰਜਾਬ ਦੇ ਸਿੱਖਿਆ ਦੇ ਢਾਂਚੇ ਵਿਚ ਪੰਜਾਬੀ ਭਾਸ਼ਾ ਦਾ ਕੀ ਸਥਾਨ ਹੋਣਾ ਚਾਹੀਦਾ ਹੈ ਅਤੇ ਉਹ ਕਿਵੇਂ ਪੰਜਾਬ ਦੇ ਲੋਕਾਂ ਦੀ ਪ੍ਰਤਿਨਿਧਤਾ ਕਰੇ, ਇਹ ਵਿਚਾਰ ਉਨ੍ਹਾਂ ਦੇ ਆਦਰਸ਼ਕ ਮਾਰਗ ਦੀ ਸੋਝੀ ਕਰਵਾਉਂਦਾ ਹੈ।

(ਅ) ਕੀ ਪੰਜਾਬੀ ਭਾਸ਼ਾ ਨੂੰ ਪੰਜਾਬ ਦੇ ਸਿੱਖਿਆ ਮੰਡਲਾਂ ਵਿਚ ਉਸ ਦਾ ਯੋਗ ਸਥਾਨ ਦਿੱਤਾ ਗਿਆ ਹੈ?

(ੲ) ਇਸ ਦੇ ਰਾਹ ਵਿਚ ਕਿਹੜੀਆਂ ਬਾਧਕ ਸ਼ਕਤੀਆਂ ਜਾਂ ਰੋਕਾਂ ਹਨ?

(ਸ) ਪੰਜਾਬੀ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਲਾਗੂ ਕਰਨ ਲਈ ਅੰਗਰੇਜ਼ੀ ਮਾਧਿਅਮ ਕਿਵੇਂ ਸੌਂਕਣ-ਆਢਾ ਲਾ ਕੇ ਖੜ੍ਹਾ ਹੈ?

(ਹ) ਪੰਜਾਬ ਵਿਚ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ ਸਕੂਲਾਂ ਦਾ ਮੱਕੜ ਜਾਲ ਤੇ ਇਨ੍ਹਾਂ ਸੰਸਥਾਵਾਂ ਦੇ ਸਵਾਰਥੀ ਹਿੱਤ ਕਿਵੇਂ ਵੱਡਾ ਰੋੜਾ ਬਣੇ ਹੋਏ ਹਨ ਅਤੇ ਇਨ੍ਹਾਂ ਦਾ ਘਾਤਕ ਨਤੀਜਾ ਕੀ ਹੋ ਸਕੇਗਾ?

ਉਪਰੋਕਤ ਸਭ ਸਮੱਸਿਆਵਾਂ ਬਾਰੇ ਲੇਖਕ ਨੇ ਹਰ ਪ੍ਰਸ਼ਨ ਦਾ ਤਰਕਸ਼ੀਲ ਤੇ ਵਿਗਿਆਨਕ ਢੰਗ ਨਾਲ ਇਕ ਸੁਯੋਗ ਐਡਵੋਕੇਟ ਵਾਂਗ ਬਹਿਸ ਕਰ ਕੇ ਉੱਤਰ ਦਿੱਤਾ ਹੈ ਅਤੇ ਆਪਣੇ ਵਿਸ਼ੇਸ਼ ਨਿਰਣਿਆਂ ਬਾਰੇ ਆਪਣੇ ਪਾਠਕਾਂ ਨੂੰ ਜਾਣੂ ਕਰਵਾਇਆ ਹੈ।



Sri Satguru Jagjit Singh Ji eLibrary NamdhariElibrary@gmail.com

ਮੋਟੇ ਸ਼ਬਦਾਂ ਵਿਚ ਪ੍ਰੋ. ਪ੍ਰੀਤਮ ਸਿੰਘ ਦਾ ਮਤ ਹੈ ਕਿ ਪੰਜਾਬ ਵਿਚ ਪਹਿਲੀ ਸ਼੍ਰੇਣੀ ਤੋਂ ਲੈ ਕੇ ਉੱਚਤਮ ਸ਼੍ਰੇਣੀ ਤਕ ਪੜ੍ਹਾਈ ਦੀ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਹੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਲੋਕਾਂ ਦੀ ਮਾਤ-ਭਾਸ਼ਾ ਹੀ ਸਿੱਖਿਆ ਦਾ ਸਹੀ ਤੇ ਸਭ ਤੋਂ ਢੁੱਕਵਾਂ ਮਾਧਿਅਮ ਹੋ ਸਕਦੀ ਹੈ। ਇਸ ਤਰ੍ਹਾਂ ਹੀ ਬੱਚਾ ਮੁੱਢਲੇ ਸਿੱਖਿਆ ਦੇ ਸਾਲਾਂ ਤੋਂ ਲੈ ਕੇ ਜਿਨ੍ਹਾਂ ਵਿਚ ਨਰਸਰੀ ਸਿੱਖਿਆ ਵੀ ਸ਼ਾਮਲ ਹੈ, ਪ੍ਰਾਇਮਰੀ, ਮਿਡਲ ਤੇ ਸੈਕੰਡਰੀ ਤੇ ਹਾਇਰ ਸੈਕੰਡਰੀ ਦੇ ਨਾਲ ਨਾਲ ਕਾਲਜਾਂ ਤੇ ਵਿਸ਼ਵ-ਵਿਦਿਆਲਿਆਂ ਵਿਚ ਭਿੰਨ ਭਿੰਨ ਵਿਸ਼ਿਆਂ, ਇਥੋਂ ਤਕ ਕਿ ਤਕਨੀਕੀ ਵਿਸ਼ਿਆਂ, ਜਿਵੇਂ ਇੰਜੀਨੀਅਰਿੰਗ, ਡਾਕਟਰੀ ਤੇ ਨਵੀਨ ਤਕਨਾਲੋਜੀ ਦੀ ਪੜ੍ਹਾਈ ਲਈ ਬੜਾ ਉਪਯੋਗੀ ਤੇ ਕੁਦਰਤੀ ਮਾਧਿਅਮ ਹੈ। ਪਰ ਸਾਡੇ ਪ੍ਰਦੇਸ਼ ਦੇ ਕੁਝ ਅਖੌਤੀ ਸਿੱਖਿਆ ਸ਼ਾਸਤਰੀ, ਸਵੈਭਿਮਾਨੀ ਸਰਕਾਰੀ ਅਧਿਕਾਰੀ, ਸਵਾਰਥੀ ਹਿਤਾਂ ਦੇ ਅਧੀਨ ਸਿੱਖਿਆ ਪ੍ਰਬੰਧ ਉਤੇ ਬੈਠੇ ਕੁਝ ਉੱਚ ਪਦ-ਅਧਿਕਾਰੀ ਜੋ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੱਖਰੀ ਸੋਚ ਰਖਣ ਵਾਲੇ ਹਨ, ਇਸ ਸੋਚ ਤੋਂ ਗਲਤ ਧਾਰਨਾਵਾਂ ਤੇ ਫੋਕਟ ਦਲੀਲਾਂ ਦੇ ਆਧਾਰ 'ਤੇ ਸੱਚਾਈ ਉੱਤੇ ਪਰਦਾ ਪਾ ਰਹੇ ਹਨ। ਕੇਵਲ ਇੰਨਾ ਹੀ ਨਹੀਂ, ਉਹ ਅਗਿਆਤ ਰੂਪ ਵਿਚ ਲੋਕ-ਹਿਤਾਂ ਤੇ ਆਉਣ ਵਾਲੀਆਂ ਨਸਲਾਂ ਦੇ ਰਾਹ ਵਿਚ ਕੰਡੇ ਬੀਜ ਰਹੇ ਹਨ। ਇਸੇ ਪੁਸਤਕ ਵਿਚ ਲੇਖਕ ਨੇ ਆਪਣੇ ਮਤ ਦੀ ਪੁਸ਼ਟੀ ਵਿਚ ਕੁਝ ਉੱਘੇ ਭਾਸ਼ਾ-ਵਿਗਿਆਨੀਆਂ ਤੇ ਸਿੱਖਿਆ-ਸ਼ਾਸਤਰੀਆਂ ਦੇ ਹਵਾਲੇ ਦਿੱਤੇ ਹਨ।

ਡਾ. ਟੀ. ਆਰ. ਸ਼ਰਮਾ, ਜੋ ਪੰਜਾਬ ਦੇ ਸਿੱਖਿਆ ਦੇ ਖੇਤਰ ਵਿਚ ਜਾਣੇ-ਪਛਾਣੇ ਹਸਤਾਖ਼ਰ ਹਨ, ਦਾ ਦ੍ਰਿਸ਼ਟੀਕੋਣ ਹੈ:

ਇਹ ਵੀ ਨਿਰਵਿਵਾਦ ਵਿਸ਼ਾ ਹੈ ਕਿ ਸਿੱਖਿਆ ਦਾ ਮਾਧਿਅਮ, ਉੱਚੀ ਤੋਂ ਉੱਚੀ ਜਮਾਤ ਤਕ ਪੀਐਚ.ਡੀ. ਜਾਂ ਡੀ.ਲਿਟ. ਦੀ ਪੱਧਰ ਉੱਤੇ ਵੀ ਮਾਤ-ਭਾਸ਼ਾ ਨੂੰ ਹੀ ਬਣਾਉਣਾ ਚਾਹੀਦਾ ਹੈ। ਕੇਵਲ, ਉਸ ਭਾਸ਼ਾ ਰਾਹੀਂ ਹੀ ਵਿਦਿਆਰਥੀ ਸੁਭਾਵਿਕਤਾ, ਸੌਖ ਤੇ ਸਪੱਸ਼ਟਤਾ ਨਾਲ ਸੰਪੂਰਨ ਤੇ ਸਹੀ ਗਿਆਨ ਪ੍ਰਾਪਤ ਕਰ ਸਕਦੇ ਹਨ, ਜਿਸ ਨੂੰ ਉਹ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਜਿਸ ਰਾਹੀਂ ਉਹ ਆਪਣਾ ਆਪ ਪ੍ਰਗਟਾਵਾ ਕਰਦੇ ਹਨ ਅਤੇ ਜਿਸ ਭਾਸ਼ਾ ਰਾਹੀਂ ਗਿਆਨ ਦਾਤਾ (ਅਰਥਾਤ ਅਧਿਆਪਕ) ਸੌਖ ਨਾਲ ਆਪਣੀ ਗੱਲ ਵਿਦਿਆਰਥੀਆਂ ਨੂੰ ਸਮਝਾ ਸਕਦਾ ਹੈ।

(ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ, ਪੰਨਾ 114)

ਪੰਜਾਬ ਦੀ ਉਸ ਸਰਕਾਰ, ਜਿਸ ਦੇ ਮੁੱਖ ਦਲ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਵੱਡਾ ਸੰਗਰਾਮ ਰਚਿਆ, ਆਪਣੀਆਂ ਸਰਕਾਰਾਂ ਸਮੇਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁਝ ਵਿਸ਼ੇਸ਼ ਕਦਮ ਨਾ ਚੁਕ ਸਕੀ। ਲਛਮਣ ਸਿੰਘ ਗਿੱਲ ਦੀ ਸਰਕਾਰ (1966 ਤੋਂ 1969-70) ਦੇ ਚੁੱਕੇ ਗਏ ਦਲੇਰ ਕਦਮਾਂ ਤੋਂ ਪਿੱਛੋਂ ਜੋ ਵੀ ਸਰਕਾਰਾਂ ਪੰਜਾਬ ਵਿਚ ਬਣੀਆਂ, ਉਨ੍ਹਾਂ ਦੇ ਮੰਤਰੀ, ਵਿਧਾਨਕਾਰ ਇਸ ਸੰਬੰਧ ਵਿਚ ਕੁਝ ਵੀ ਸਾਰਥਕ ਜਤਨ ਨਾ ਕਰ ਸਕੇ, ਪਰ 1997 ਤੋਂ



Sri Satguru Jagjit Singh Ji eLibrary NamdhariElibrary@gmail.com

2002 ਵਾਲੀ ਬਾਦਲ ਸਰਕਾਰ ਦੇ ਸਿੱਖਿਆ ਮੰਤਰੀ ਨੇ ਪੰਜਾਬ ਦੇ ਮੁੱਢਲੇ ਸਿੱਖਿਆ ਖੇਤਰ ਵਿਚ ਇਕ ਹੋਰ ਵੱਡੀ ਰੁਕਾਵਟ ਖੜੀ ਕਰ ਦਿੱਤੀ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਦੀ ਪੜ੍ਹਾਈ ਕਰਵਾਉਣੀ ਹੋਵੇਗੀ। ਇਸ ਦਾ ਸੁਚੇਤ ਤੇ ਬੌਧਿਕ ਹਲਕਿਆਂ ਵਲੋਂ ਕਾਫ਼ੀ ਵਿਰੋਧ ਹੋਇਆ। ਪ੍ਰੋ. ਪ੍ਰੀਤਮ ਸਿੰਘ ਨੇ ਤਾਂ ਇਸ ਦੋਗਲੀ ਨੀਤੀ ਵਿਰੁੱਧ ਪ੍ਰਮੁੱਖ ਨੇਤਾ ਦੇ ਕਰਤੱਵ ਨੂੰ ਨਿਭਾਇਆ ਤੇ ਆਪਣੀ ਪੁਸ਼ਟੀ ਵਿਚ ਕਈ ਵਿਦਵਾਨ ਲੇਖਕਾਂ, ਭਾਸ਼ਾ-ਵਿਗਿਆਨੀਆਂ ਤੇ ਸਿੱਖਿਆ-ਸ਼ਾਸਤਰੀਆਂ ਦੇ ਹਵਾਲੇ ਜੋ ਵਿਚਾਰਧੀਨ ਪੁਸਤਕ ਵਿਚ ਦਿੱਤੇ ਹਨ, ਇਨ੍ਹਾਂ ਪ੍ਰਮੁੱਖ ਵਿਦਵਾਨਾਂ ਵਿਚੋਂ ਕੁਝ ਇਕ ਦੇ ਨਾਮ ਹਨ - ਡਾ. ਟੀ.ਆਰ. ਵਰਮਾ, ਡਾ. ਅਮਰ ਸਿੰਘ ਧਾਲੀਵਾਲ, ਪ੍ਰੋ. ਗੁਰਦਿਆਲ ਸਿੰਘ, ਡਾ. ਪ੍ਰੇਮ ਸਿੰਘ, ਡਾ. ਮੁਖਤਿਆਰ ਸਿੰਘ ਗਿੱਲ, ਡਾ. ਐਸ.ਐਸ. ਜੋਸ਼ੀ, ਡਾ. ਆਗਿਆਜੀਤ ਸਿੰਘ ਆਦਿ। ਇਨ੍ਹਾਂ ਵਿਚੋਂ ਕੁਝ ਇਕ ਦਾ ਸੰਕੇਤਕ ਵਰਣਨ ਕਰਨਾ ਕਾਫ਼ੀ ਹੋਵੇਗਾ:

ਦੁਨੀਆ ਵਿਚ ਕਿਤੇ ਵੀ ਜੰਮੇ, ਮਨੁੱਖੀ ਬੱਚੇ ਦਾ ਜਮਾਂਦਰੂ ਹੱਕ ਹੈ ਕਿ ਉਸ ਨੂੰ ਉਸ ਦੀ ਮੁੱਢਲੀ ਸਿੱਖਿਆ ਕੇਵਲ ਅਤੇ ਕੇਵਲ ਉਸ ਦੀ ਆਪਣੀ ਮਾਂ-ਬੋਲੀ ਦੁਆਰਾ ਹੀ ਦਿੱਤੀ ਜਾਵੇ।

(ਡਾ. ਅਮਰ ਸਿੰਘ ਧਾਲੀਵਾਲ, ਪੰਨਾ 141)

ਜਿੰਨੀਆਂ ਮੁਸ਼ਕਲਾਂ ਪਹਿਲੀ ਸ਼੍ਰੇਣੀ ਤੋਂ ਪੰਜਾਬੀ (ਪਹਿਲੀ ਭਾਸ਼ਾ) ਪੜ੍ਹਾਉਣ ਵਿਚ ਆਉਂਦੀਆਂ ਹਨ, ਉਸ ਤੋਂ ਘੱਟੋ-ਘੱਟ ਦਸ ਗੁਣਾ ਵਧੇਰੇ ਅੰਗਰੇਜ਼ੀ ਪੜ੍ਹਾਉਣ ਵਿਚ ਆਉਂਦੀਆਂ ਹਨ।

(ਪ੍ਰੋ. ਗੁਰਦਿਆਲ ਸਿੰਘ, ਪੰਨਾ 144)

ਦੋਵੇਂ ਬੋਲੀਆਂ, ਇਕ ਆਪਣੀ (ਮਾਂ-ਬੋਲੀ) ਤੇ ਇਕ ਦੂਜੀ ਬੋਲੀ ਇੱਕੋ ਸਮੇਂ ਸ਼ੁਰੂ ਕਰਨ ਨਾਲ ਬੱਚਾ ਭੰਬਲਭੂਸੇ ਵਿਚ ਪੈ ਜਾਂਦਾ ਹੈ। (ਡਾ. ਹਰਜੀਤ ਸਿੰਘ ਗਿੱਲ, ਪੰਨਾ 149)

ਜਿਨ੍ਹਾਂ ਬੱਚਿਆਂ ਨੇ ਮਾਤ-ਭਾਸ਼ਾ ਨਾਲ ਮੁੱਢਲੀ ਉਮਰ ਵਿਚ ਇਕ ਚੰਗਾ ਉਸਾਰੂ ਰਿਸ਼ਤਾ ਕਾਇਮ ਕਰ ਲਿਆ ਹੋਵੇ, ਉਹ ਜੀਵਨ ਵਿਚ ਸਫਲ ਹੁੰਦੇ ਹਨ।

(ਡਾ. ਪ੍ਰੇਮ ਸਿੰਘ, ਪੰਨਾ 154)

ਮੈਂ ਪੰਜਾਬ ਸਕਾਰ ਦੀ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦੀ ਨੀਤੀ ਨੂੰ ਬੇਈਮਾਨੀ ਆਧਾਰਿਤ ਨਹੀਂ, ਅਗਿਆਨ ਆਧਾਰਿਤ ਮੰਨਦਾ ਹਾਂ।

(ਡਾ. ਮੁਖਤਾਰ ਸਿੰਘ ਗਿੱਲ, ਪੰਨਾ 163)

ਮਾਨਵ ਸਮਾਜਿਕ ਪ੍ਰਾਣੀ ਹੀ ਨਹੀਂ, ਬੋਲਦਾ ਪ੍ਰਾਣੀ ਵੀ ਹੈ। ਮਾਤ-ਭਾਸ਼ਾ ਅਚੇਤ ਰੂਪ ਵਿਚ ਗ੍ਰਹਿਣ ਕੀਤੀ ਜਾਂਦੀ ਹੈ, ਪਰ ਬਦੇਸ਼ੀ ਭਾਸ਼ਾ ਸੁਚੇਤ ਰੂਪ ਵਿਚ ਗ੍ਰਹਿਣ ਕੀਤੀ ਜਾਂਦੀ ਹੈ। ਬਸਤੀਵਾਦੀ ਦ੍ਰਿਸ਼ਟੀਕੋਣ ਜੋ ਸਾਡੇ ਦੇਸ਼ ਉੱਤੇ ਵੀ ਲਗਭਗ ਡੇਢ ਸਦੀ ਤਕ ਲਾਗੂ ਰਿਹਾ, ਨੇ ਸਾਡੀਆਂ ਭਾਸ਼ਾਵਾਂ ਦੇ ਸੁਤੰਤਰ ਵਿਕਾਸ ਤੇ ਇਸ ਦੀ ਸਿੱਖਿਆ ਪੱਧਤੀ ਉੱਤੇ ਮਾਰੂ ਪ੍ਰਭਾਵ ਪਾਇਆ ਹੈ। ਇਸ ਦੀ ਗ਼ੁਲਾਮੀ ਦੀ ਛਟ ਨੂੰ ਅਸੀਂ ਹੁਣ ਤਕ ਵੀ ਉਤਾਰ ਨਹੀਂ ਸਕੇ।

(ਡਾ. ਐਸ.ਐਸ. ਜੋਸ਼ੀ, ਪੰਨਾ 166)



Sri Satguru Jagjit Singh Ji eLibrary NamdhariElibrary@gmail.com

ਮਾਤ-ਭਾਸ਼ਾ ਅਤੇ ਸੋਚਣ-ਸ਼ਕਤੀ ਵਿਚ ਬੜਾ ਡੂੰਘਾ ਰਿਸ਼ਤਾ ਹੈ। ਸਰਕਾਰ ਦਾ ਇਹ ਫ਼ੈਸਲਾ ਕਿ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਈ ਜਾਵੇ, ਸਿਰੇ ਤੋਂ ਹੀ ਗ਼ਲਤ ਫ਼ੈਸਲਾ ਹੈ।

(ਡਾ. ਆਗਿਆਜੀਤ ਸਿੰਘ, ਪੰਨਾ 80-81)

ਭਾਰਤ ਸਰਕਾਰ ਵੱਲੋਂ ਰਾਸ਼ਟ੍ਰਗੀ ਸਿੱਖਿਆ ਦੇ ਪ੍ਰਕਰਣ ਵਿਚ ਐਨ.ਸੀ.ਈ.ਆਰ.ਟੀ. ਰਾਹੀਂ ਵੀ ਪ੍ਰੋ. ਪ੍ਰੀਤਮ ਸਿੰਘ ਜੀ ਦੇ ਹੀ ਮਤ ਦੀ ਪੁਸ਼ਟੀ ਕੀਤੀ ਗਈ ਹੈ। ਭਾਰਤੀ ਭਾਸ਼ਾਵਾਂ ਦੇ ਕੇਂਦਰੀ ਸੰਸਥਾਨ ਦੇ ਡਾਇਰੈਕਟਰ ਸ੍ਰੀ ਔਮਕਾਰ ਐਨ. ਕੌਲ ਨੇ ਆਪਣੀ ਮਿਤੀ 1.1.2000 ਦੇ ਅ.ਸ. ਪੱਤਰ ਵਿਚ ਪ੍ਰੋ. ਪ੍ਰੀਤਮ ਸਿੰਘ ਦੇ ਮਤ ਦੀ ਪੁਸ਼ਟੀ ਵਿਚ ਇਸ ਤਰ੍ਹਾਂ ਲਿਖਿਆ ਹੈ : "ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਮਾਤ-ਭਾਸ਼ਾ ਹੀ ਭਾਸ਼ਾ ਦੇ ਤੌਰ ਤੇ ਆਰੰਭਕ ਸਕੂਲ ਸਿੱਖਿਆ ਵਿਚ ਸਭ ਤੋਂ ਯੋਗ ਸਿੱਖਿਆ ਦਾ ਮਾਧਿਅਮ ਹੋ ਸਕਦੀ ਹੈ।"

ਸਵਾਰਥੀ ਵਿਸ਼ੇਸ਼ ਹਿੱਤ ਕਿਵੇਂ ਇਸ ਮੰਨੇ ਪ੍ਰਮੰਨੇ ਸਿੱਖਿਆ ਸਿਧਾਂਤ ਦੀ ਚਿੱਟੇ ਦਿਨ ਅਵੱਗਿਆ ਕਰ ਕੇ ਲੋਕਾਂ ਵਿਚ ਭੁਲੇਖਾ ਪਾਊ ਪ੍ਰਚਾਰ ਕਰਦੇ ਹਨ, ਇਸ ਦਾ ਇਕ ਉਦਾਹਰਣ ਡੇਵਿਡ ਥਾਮਸ ਅਧਿਅਕਸ਼ ਸਰਵੁੱਚ ਈਸਾਈ ਸੰਸਥਾ, ਈਰਨਾਕੁਲਮ ਕੇਰਲ ਪ੍ਰਦੇਸ਼ ਦੇ ਇਕ ਖੁਫ਼ੀਆ ਪੱਤਰ ਤੋਂ ਸਹਿਜੇ ਹੀ ਲਗ ਜਾਂਦਾ ਹੈ ਕਿ ਕਿਵੇਂ ਪਬਲਿਕ ਸਕੂਲ ਦੇ ਸੰਸਥਾਪਕ ਰਾਸ਼ਟਰੀ ਭਾਸ਼ਾਵਾਂ ਦੇ ਸਿੱਖਿਆ ਮਾਧਿਅਮ ਦੇ ਬਣ ਜਾਣ ਤੋਂ ਕਿਵੇਂ ਅਵਾਜ਼ਾਰ ਦੁਖੀ ਤੇ ਪ੍ਰੇਸ਼ਾਨ ਸਨ:

ਪਿਛਲੇ ਕੁਝ ਚਿਰ ਤੋਂ ਵੇਖਿਆ ਜਾ ਰਿਹਾ ਹੈ ਕਿ ਹਿੰਦੀ ਪ੍ਰੇਮੀਆਂ ਦੇ ਕਈ ਸੰਗਠਨ ਭਰਤੀ ਲਈ ਕੀਤੇ ਜਾਣ ਵਾਲੇ ਇਮਤਿਹਾਨਾਂ/ਮੁਕਾਬਲਿਆਂ ਵਿਚ ਅੰਗਰੇਜ਼ੀ ਵਿਚ ਅੰਗਰੇਜ਼ੀ ਦੇ ਲਗਾਤਾਰ ਜਾਰੀ ਰਹਿਣ ਦਾ ਸਖ਼ਤ ਵਿਰੋਧ ਕਰ ਰਹੇ ਹਨ ਤਾਂ ਜੋ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਨੂੰ ਸਭ ਤੋਂ ਵੱਧ ਹਿਸਾ ਮਿਲ ਸਕੇ। ਉਨ੍ਹਾਂ ਦੀ ਮੁੱਖ ਤਾਨ ਇਥੇ ਟੁੱਟਦੀ ਹੈ ਕਿ ਆਈ.ਏ.ਐਸ. , ਆਈ.ਐਫ਼.ਐਸ., ਆਈ.ਏ.ਆਰ.ਐਸ., ਇੰਜੀਨੀਅਰੀ, ਐਮ.ਬੀ.ਬੀ.ਐਸ. ਤੋਂ ਅੰਗਰੇਜ਼ੀ ਹਟਾ ਕੇ ਉਸ ਦੀ ਥਾਂ ਹਿੰਦੀ ਲਾਜ਼ਮੀ ਬਣਾਈ ਜਾਵੇ। ਇਹ ਅਤਿਅੰਤ ਗੰਭੀਰ ਗੱਲ ਹੈ ਕਿਉਂਕਿ ਜੇ ਇਸ ਤਰ੍ਹਾਂ ਹੋ ਗਿਆ ਤਾਂ ਪਬਲਿਕ ਸਕੂਲਾਂ ਦੀ ਹੋਂਦ ਖ਼ਤਰੇ ਵਿਚ ਪੈ ਜਾਏਗੀ।

(ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ, ਪੰਨਾ 92)

ਇਸੇ ਪੱਤਰ ਵਿਚ ਅੱਗੇ ਜਾ ਕੇ ਭਾਰਤ ਸਰਕਾਰ ਦੀ ਇਸ ਰਾਸ਼ਟਰੀ ਸਿੱਖਿਆ ਨੀਤੀ ਜਿਸ ਵਿਚ ਮੁਕਾਬਲਿਆਂ ਦੇ ਇਮਤਿਹਾਨਾਂ ਵਿਚ ਅੰਗਰੇਜ਼ੀ ਮਾਧਿਅਮ ਦੀ ਥਾਂ ਰਾਸ਼ਟਰੀ ਭਾਸ਼ਾਵਾਂ ਦੇ ਮਾਧਿਅਮ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ, ਬਾਰੇ ਬੜਾ ਜ਼ਬਰਦਸਤ ਜ਼ਹਿਰ ਘੋਲਿਆ ਗਿਆ ਹੈ, ਪਰ ਇਸ ਦੇ ਉਲਟ ਅਸੀਂ ਪੰਜਾਬ, ਪੰਜਾਬੀ ਦੇ ਰਾਸ਼ਟਰ ਪ੍ਰੇਮੀ ਡਾ. ਟੀ.ਆਰ.ਸ਼ਰਮਾ ਦਾ ਹਵਾਲਾ ਦੇਣਾ ਜ਼ਰੂਰੀ ਸਮਝਦੇ ਹਾਂ, ਜਿਸ ਨੇ ਪੰਜਾਬ ਦੀ ਪੰਜਾਬੀ ਲੋਕ-ਭਾਸ਼ਾ ਦੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦੇ ਹੋਇਆਂ ਭਵਿੱਖਾਰਥੀ ਚਿੰਤਾਵਾਂ ਵੱਲ ਸੰਕੇਤ ਕੀਤਾ ਹੈ ਅਤੇ ਪੰਜਾਬ ਸਰਕਾਰ ਦੀ ਇਸ ਅਸਾਵੀਂ, ਅਣਉਚਿਤ ਪੰਜਾਬ ਦੀ ਰਾਸ਼ਟਰ ਵਿਰੋਧੀ ਨੀਤੀ ਬਾਰੇ



Sri Satguru Jagjit Singh Ji eLibrary NamdhariElibrary@gmail.com

ਰਤ ਦੇ ਹੰਝੂ ਕੇਰੇ ਹਨ।

ਪੰਜਾਬ ਵਿਚ ਵਰਸਿਟੀਆਂ ਦੇ ਪ੍ਰੋਫ਼ੈਸਰ, ਕਚਹਿਰੀਆਂ ਦੇ ਜੱਜ, ਪ੍ਰਸ਼ਾਸਨ ਦੇ ਮੁਖੀ ਡਿਪਟੀ ਕਸ਼ਿਨਰ ਆਦਿ ਅੰਗਰੇਜ਼ੀ ਦੀ ਵਰਤੋਂ ਕਰਨ ਨੂੰ ਫ਼ਖ਼ਰ ਸਮਝਦੇ ਹਨ ਤੇ ਪੰਜਾਬੀ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ। ਲੋਕਾਂ ਨਾਲ ਕਿੰਨਾ ਵੱਡਾ ਅਨਿਆਂ ਕੀਤਾ ਜਾ ਰਿਹਾ ਹੈ ਕਿ ਉਹ ਪੰਜਾਬ ਦੀ ਹਾਈ ਕੋਰਟ ਵਿਚ ਆਪਣੀ ਫਰਿਆਦ ਵੀ ਪੰਜਾਬੀ ਵਿਚ ਨਹੀਂ ਕਰ ਸਕਦੇ। ਵਕੀਲਾਂ ਨੂੰ ਵੀ ਅੰਗਰੇਜ਼ੀ ਵਿਚ ਹੀ ਦਲੀਲਾਂ ਪੇਸ਼ ਕਰਨੀਆਂ ਪੈਂਦੀਆਂ ਹਨ।

(ਪੰਜਾਬੀ ਟ੍ਰਿਬਿਊਨ, ਮਿਤੀ 8 ਮਈ, 2006, ਡਾ. ਟੀ.ਆਰ. ਸ਼ਰਮਾ)

ਪੁਸਤਕ ਪੰਜਾਬ, ਪੰਜਾਬੀ, ਪੰਜਾਬੀਅਤ ਵਿਚ ਪੰਨਾ 243 ਉਤੇ ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬ ਸਰਕਾਰ ਨੂੰ ਪੰਜਾਬੀ ਲਈਂ ਵਿਕਾਸ ਬੋਰਡ ਬਣਾਉਣ ਦਾ ਸੁਝਾਅ 1986 ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਸਮੇਂ ਦਿਤਾ ਸੀ। ਇਸ ਵਿਚ ਬੜੇ ਸਾਰਥਿਕ ਨੁਕਤੇ ਉਠਾਏ ਗਏ ਹਨ ਅਤੇ ਪੰਜਾਬੀ ਭਾਸ਼ਾ ਸਾਹਿਤ ਦੀ ਪ੍ਰਗਤੀ ਸੰਬੰਧੀ ਅਨੇਕ ਪੱਖੀ ਸੁਝਾਅ ਪੇਸ਼ ਕੀਤੇ ਗਏ ਹਨ। ਘੱਟੋ-ਘੱਟ ਉਸ ਸਮੇਂ ਇਸ ਪੰਜਾਬੀ ਦੇ ਵਿਕਾਸ ਬੋਰਡ ਲਈ ਇਕ ਕਰੋੜ ਰੁਪਏ ਵਾਰਸ਼ਿਕ ਦੇ ਬਜਟ ਦੀ ਪ੍ਰਵਾਨਗੀ ਦੀ ਵੀ ਮੰਗ ਕੀਤੀ ਗਈ ਸੀ। ਲੇਖਕ ਦੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ, ਪੰਜਾਬੀਅਤ ਦੀ ਉੱਨਤੀ ਲਈ ਪਤਾ ਨਹੀਂ ਕਦੋਂ ਸਰਕਾਰ ਤੇ ਲੋਕ ਪੂਰੀ ਤਰ੍ਹਾਂ ਜਾਗਰੂਕ ਹੋਣਗੇ?

**ਪੰਜਾਬ, ਪੰਜਾਬੀ, ਪੰਜਾਬੀਅਤ ਦਾ ਸੁਨਹਿਰੀ ਯੁਗ**

ਪਰ ਸਾਡਾ ਇਹ ਪੂਰਨ ਵਿਸ਼ਵਾਸ ਹੈ ਕਿ ਭਵਿੱਖ ਵਿਚ ਉਹ ਸਮਾਂ ਜ਼ਰੂਰ ਆਵੇਗਾ, ਜਿਸ ਵਿਚ ਪੰਜਾਬ ਦੇ ਇਸ 'ਪੰਜਾਬ ਰਿਸ਼ੀ' ਦੇ ਇਨ੍ਹਾਂ ਸਾਰੇ ਆਦਰਸ਼ਾਂ ਦੀ ਪੂਰਤੀ ਹੋਵੇਗੀ। ਭਾਰਤੀ ਤੇ ਪਾਕਿਸਤਾਨੀ ਦੋਵਾਂ ਪੰਜਾਬਾਂ ਦੇ ਕਰੋੜਾਂ ਲੋਕਾਂ ਲਈ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਨਵਾਂ ਸੁਨਹਿਰੀ ਯੁਗ ਹੋਵੇਗਾ, ਜਦੋਂ ਸਾਰੇ ਪੰਜਾਬੀ ਰਲ ਕੇ ਪੰਜਾਬੀ ਮਾਤ-ਭਾਸ਼ਾ ਦੀ ਜੈ ਬੁਲਾਉਣਗੇ ਅਤੇ ਪੰਜਾਬ ਦੀ ਕੌਮੀ ਏਕਤਾ ਅਰਥਾਤ ਪੰਜਾਬੀ ਰਾਸ਼ਟਰੀਅਤਾ ਦੇ ਪਰਮ ਯਥਾਰਥ ਨੂੰ ਸਮਝਦੇ ਹੋਏ ਇਸ ਦੀ ਸਰਵ-ਪੱਖੀ ਉੱਨਤੀ ਦੇ ਸਾਰੇ ਦਰਵਾਜ਼ੇ, ਜਿਨ੍ਹਾਂ ਵਿੱਚੋਂ ਹੁਣ ਤਕ ਕਈ ਬੰਦ ਹਨ, ਖੋਲ੍ਹ ਦੇਣਗੇ, ਤਦੋਂ ਹੀ ਪੰਜਾਬ ਆਪਣੇ ਇਤਿਹਾਸ ਦੇ ਸੁਨਹਿਰੀ ਯੁਗ ਵਿਚ ਪ੍ਰਵੇਸ਼ ਕਰ ਸਕੇਗਾ ਅਤੇ ਸਾਰੇ ਪੰਜਾਬੀ ਰਲ ਕੇ ਆਪਣੀ ਰਾਸ਼ਟਰੀਅਤਾ, ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਉੱਤੇ ਯੋਗ ਮਾਣ ਕਰਦੇ ਹੋਏ ਪੂਰਨ ਪ੍ਰਤਿਬੱਧਤਾ ਅਤੇ ਪੂਰਨ ਸਮਰਪਣ ਦੀ ਭਾਵਨਾ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਗਾਮੀ ਭਵਿੱਖ ਨੂੰ ਸਦੀਆਂ ਤਕ ਰੁਸ਼ਨਾਉਣ ਵਾਲੇ ਯੁਗ ਦੇ ਪਰਮ ਯਥਾਰਥ ਦੇ ਰਹੱਸ ਤੇ ਪ੍ਰਕਾਸ਼, ਜਿਸ ਤੋਂ ਉਹ ਬਹੁਤ ਹੱਦ ਤਕ ਹਾਲੀਂ ਵੀ ਅਨਜਾਣ ਹਨ, ਚਾਨਣੇ ਭਵਿੱਖ ਦੇ ਦਿੱਗ ਦਰਸ਼ਨ ਕਰ ਸਕਣਗੇ।

ਸਾਡਾ ਪੂਰਨ ਵਿਸ਼ਵਾਸ ਹੈ ਕਿ ਉਹ ਸਮਾਂ ਨਿਕਟ ਭਵਿੱਖ ਵਿਚ ਹੀ ਜ਼ਰੂਰ ਆਵੇਗਾ, ਜਦੋਂ ਪੰਜਾਬ ਦੇ ਇਸ ਪੰਜਾਬ ਰਿਸ਼ੀ ਦੇ ਸਾਰੇ ਸੁਪਨੇ ਤੇ ਆਦਰਸ਼ ਜੀਉਂਦੇ ਜਾਗਦੇ ਸਜਿੰਦ



Sri Satguru Jagjit Singh Ji eLibrary NamdhariElibrary@gmail.com

ਯਥਾਰਥ ਦਾ ਰੂਪ ਧਾਰਨ ਕਰ ਸਕਣਗੇ। ਉਹ ਸਾਰੇ ਪੰਜਾਬੀਆਂ ਲਈ ਨਵੇਂ ਸੁਨਹਿਰੀ ਯੁਗ ਦਾ ਸੰਦੇਸ਼ ਦੇਣ ਵਾਲਾ ਨਵੇਂ ਤੇ ਯੁਗਾਨੁਕੂਲ ਵਿਕਾਸ ਮਾਰਗਾਂ ਦਾ ਜ਼ਾਮਨ ਬਣ ਕੇ ਨਵੀਆਂ ਉੱਨਤੀਆਂ ਦੀਆਂ ਸੰਭਾਵਨਾਵਾਂ ਤੇ ਉੱਚ ਕੋਟੀ ਦੀਆਂ ਪ੍ਰਾਪਤੀਆਂ ਦੇ ਖੇੜੇ ਪੰਜਾਬ ਦੇ ਵਿਹੜੇ ਦੇ ਖੁੱਲ੍ਹੇ ਮੈਦਾਨਾਂ ਵਿਚ ਲੈ ਆਵੇਗਾ, ਜਿਥੇ ਨਵੇਂ ਚਾਨਣ ਦੇ ਚੰਦਨ ਰੁੱਖ ਦੀ ਮਹਿਕ ਚਹੁੰ ਦਿਸ਼ਾਵਾਂ ਵਿਚ ਫੈਲ ਸਕੇਗੀ।



Sri Satguru Jagjit Singh Ji eLibrary NamdhariElibrary@gmail.com

# ਬਾਬਾ ਬੋਹੜ ਪ੍ਰੋ. ਸੰਤ ਸਿੰਘ ਸੇਖੋਂ ਦੀ ਯਾਦ ਵਿਚ

## (ਪ੍ਰਥਮ ਜਨਮ ਸ਼ਤਾਬਦੀ ਦੇ ਅਵਸਰ ਨੂੰ ਸਮਰਪਿਤ)

ਮੈਨੂੰ ਪੰਜਾਬੀ ਸਾਹਿਤ ਵਿਚ ਜਾਣੇ ਜਾਂਦੇ ਬਾਬਾ ਬੋਹੜ ਪ੍ਰੋ. ਸੰਤ ਸਿੰਘ ਸੇਖੋਂ ਦੇ 'ਸ਼ਾਗਿਰਦ-ਏ-ਆਜ਼ਮ' ਹੋਣ ਦਾ ਮਾਣ ਪ੍ਰਾਪਤ ਹੈ। 27 ਮਈ, 1997 ਨੂੰ ਸੇਖੋਂ ਸਾਹਿਬ ਆਪਣੀ ਬਿਮਾਰੀ ਦੇ ਅਰੋਗ ਹੋਣ ਪਿਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਸ ਗੱਲੋਂ ਧੰਨਵਾਦ ਕਰਨ ਲਈ ਉਚੇਚੇ ਸ੍ਰੀ ਭੈਣੀ ਸਾਹਿਬ ਗਏ ਸਨ ਕਿ ਨਾਮਧਾਰੀ ਦਰਬਾਰ ਵਲੋਂ ਉਨ੍ਹਾਂ ਦੇ ਇਲਾਜ ਲਈ ਵੱਡੀ ਰਕਮ ਭੇਜੀ ਗਈ ਸੀ। ਵਿਦਾਇਗੀ ਲੈਣ ਸਮੇਂ ਜਦੋਂ ਆਪਣੇ ਪਰਿਵਾਰ ਦੇ ਜੀਆਂ ਬਾਰੇ ਦੱਸ ਰਹੇ ਸਨ ਤਾਂ ਕੁਝ ਚਿਰ ਪਹਿਲਾਂ ਜਦੋਂ ਉਹ ਆਰਾਮ ਕੁਰਸੀ 'ਤੇ ਬੈਠੇ ਸਨ, ਮੈਂ ਵੀ ਉਹਨਾਂ ਦੇ ਚਰਨ ਘੁੱਟ ਰਿਹਾ ਸਾਂ। ਮੇਰੇ ਪੁੱਛਣ ਉਤੇ ਸੇਖੋਂ ਸਾਹਿਬ! ਮੈਂ ਤੁਹਾਡਾ ਕੀ ਲਗਦਾ ਹਾਂ? ਉਹਨਾਂ ਨੇ ਮੇਰਾ ਮੋਢਾ ਥਾਪੜ ਕੇ ਕਿਹਾ ਸੀ ਕਿ ਤੂੰ ਮੇਰਾ 'ਸ਼ਾਗਿਰਦੇ-ਏ-ਆਜ਼ਮ' ਹੈਂ, ਆਪਣੇ ਜੀਵਨ ਦਾ ਸਭ ਤੋਂ ਵੱਡਾ ਪੁਰਸਕਾਰ ਮੈਨੂੰ ਉਸ ਦਿਨ ਪ੍ਰਾਪਤ ਹੋ ਗਿਆ ਸੀ ਜਦੋਂ ਮੇਰੇ ਸਾਹਿਤਿਕ ਮੁਰਸ਼ਦ ਨੇ ਮੈਨੂੰ ਆਪਣਾ 'ਸ਼ਾਗਿਰਦ-ਏ-ਆਜ਼ਮ' ਕਹਿ ਕੇ ਨਿਵਾਜਿਆ ਸੀ। ਉਸ ਸਮੇਂ ਸੇਖੋਂ ਸਾਹਿਬ ਨੂੰ ਇਹ ਯਾਦ ਨਹੀਂ ਸੀ ਰਿਹਾ ਕਿ ਇਕ ਵਾਰ ਪਹਿਲਾਂ ਵੀ ਸ: ਕਰਤਾਰ ਸਿੰਘ ਸਮਸ਼ੇਰ, ਸ੍ਰੀ ਸਰਦਾਰੀ ਲਾਲ ਕਪੂਰ, ਸ੍ਰੀ ਰਾਮ ਨਰਾਇਣ ਦਰਦੀ ਅਤੇ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਤੀਜੀ ਕਾਨਫਰੰਸ ਜੋ ਲੁਧਿਆਣੇ ਵਿਚ ਕੀਤੀ ਜਾ ਰਹੀ ਸੀ ਦਾ ਉਦਘਾਟਨ ਕਰਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੂੰ ਬੇਨਤੀ ਕਰਨ ਗਏ ਸਾਂ। ਇਸ ਘਟਨਾ ਨੂੰ 38 ਸਾਲ ਬੀਤ ਗਏ ਸਨ। ਸੇਖੋਂ ਸਾਹਿਬ ਸ਼ਾਇਦ ਇਸ ਘਟਨਾ ਨੂੰ ਭੁੱਲ ਚੁੱਕੇ ਸਨ ਪਰ ਮੈਨੂੰ ਇਹ ਪੂਰੀ ਤਰ੍ਹਾਂ ਯਾਦ ਸੀ।

ਮੇਰਾ ਪ੍ਰੋ. ਸੰਤ ਸਿੰਘ ਸੇਖੋਂ ਨਾਲ ਉਸਤਾਦ ਤੇ ਸ਼ਾਗਿਰਦ ਦਾ ਰਿਸ਼ਤਾ ਬਹੁਤ ਪੁਰਾਣਾ ਹੈ। ਜਦੋਂ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਤੀਜੇ ਜਾਂ ਚੌਥੇ ਸਾਲ ਦਾ ਵਿਦਿਆਰਥੀ ਸਾਂ ਉਦੋਂ ਪ੍ਰੋ. ਸੰਤ ਸਿੰਘ ਸੇਖੋਂ ਸਾਨੂੰ ਅਰਥ ਸ਼ਾਸਤਰ ਪੜ੍ਹਾਇਆ ਕਰਦੇ ਸਨ। ਮੇਰੀ ਪ੍ਰੋ. ਸੇਖੋਂ ਨਾਲ ਬਹੁਤੀ ਸਾਂਝ ਉਤਪੰਨ ਨਹੀਂ ਸੀ ਹੋਈ ਪਰ ਸ਼ਾਇਦ ਉਹਨਾਂ ਨੇ ਮੇਰੇ ਬਾਰੇ ਕੁਝ ਪ੍ਰਭਾਵ ਪ੍ਰੋ. ਵਰਿਆਮ ਸਿੰਘ ਜੀ ਵਲੋਂ ਕਰਵਾਏ ਜਾਂਦੇ ਵਾਦ-ਵਿਵਾਦਾਂ ਤੇ ਭਾਸ਼ਣ ਮੁਕਾਬਲਿਆਂ ਤੋਂ ਬਣਾ ਲਏ ਸਨ। ਮੈਨੂੰ ਉਸ ਸਮੇਂ ਬੜੀ ਹੈਰਾਨੀ ਹੋਈ ਜਦੋਂ ਖ਼ਾਲਸਾ ਕਾਲਜ ਦੀ ਪਤਰਕਾ 'ਦਰਬਾਰ' ਵਿਚ ਮੇਰਾ ਨਾਂ 'ਦਰਬਾਰ' ਦੇ ਪੰਜਾਬੀ ਭਾਗ ਦੇ ਵਿਦਿਆਰਥੀ ਸੰਪਾਦਕ ਵਜੋਂ ਦਿਤਾ ਗਿਆ।

ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਦਾ ਪੁੱਤਰ ਜਸਵੰਤ ਰਾਏ ਉਨ੍ਹਾਂ ਦਿਨਾਂ ਵਿਚ ਕਾਲਜ ਦਾ ਵਿਦਿਆਰਥੀ ਸੀ। ਉਹ ਅੰਮ੍ਰਿਤਸਰ ਦੀ ਸ਼ਹਿਰੀ ਕਮਿਊਨਿਸਟ ਪਾਰਟੀ ਦਾ ਸਕੱਤਰ ਵੀ ਸੀ ਅਤੇ ਸਾਥੋਂ ਸੀਨੀਅਰ ਜਮਾਤਾਂ ਵਿਚ ਪੜ੍ਹਦਾ ਸੀ। ਦੂਜੇ



Sri Satguru Jagjit Singh Ji eLibrary NamdhariElibrary@gmail.com

ਵਿਦਿਆਰਥੀਆਂ ਨਾਲ ਮੈਂ ਵੀ ਵਿਦਿਆਰਥੀ ਜਥੇਬੰਦੀ ਸਟੂਡੈਂਟ ਫੈਡਰੇਸ਼ਨ ਦੇ ਕਾਰਜਾਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ ਸਾਂ। ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਸਾਡੀ ਵਿਦਿਆਰਥੀਆਂ ਦੀ ਇਕ ਇਕੱਤਰਤਾ ਧਨੀ ਰਾਮ ਚਾਤ੍ਰਿਕ ਦੀ ਕੋਠੀ ਦੇ ਇਕ ਕਮਰੇ ਵਿਚ ਹੋਈ ਸੀ ਜਿਸਨੂੰ 1947 ਦੇ ਸਮੇਂ ਪੰਜਾਬ ਵਿਚ ਜਦੋਂ ਫਿਰਕੂ ਫਸਾਦ ਸ਼ੁਰੂ ਹੋ ਗਏ ਸਨ ਤਾਂ ਕਾਮਰੇਡ ਅਜੇ ਘੋਸ਼ ਜੋ ਪਿਛੋਂ ਜਾ ਕੇ ਭਾਰਤੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਬਣਿਆ, ਨੇ ਸੰਬੋਧਨ ਕੀਤਾ ਸੀ। ਪਰ ਇਹ ਤਾਂ ਬੀ.ਏ. ਦੀ ਪੜ੍ਹਾਈ ਸਮੇਂ ਦੀਆਂ ਗੱਲਾਂ ਹਨ। ਰਾਜਸੀ ਸਰਗਰਮੀਆਂ ਕਾਰਣ ਮੈਨੂੰ ਕੁਝ ਚਿਰ ਪਬਲਿਕ ਸੇਫਟੀ ਐਕਟ ਅਧੀਨ ਜੇਲ੍ਹ ਯਾਤਰਾ ਵੀ ਕਰਨੀ ਪਈ ਅਤੇ ਆਪਣੀ ਬੀ.ਏ. ਦੀ ਫਾਈਨਲ ਪ੍ਰੀਖਿਆ ਮੈਂ ਅੰਮ੍ਰਿਤਸਰ ਜੇਲ੍ਹ ਵਿਚੋਂ ਆ ਕੇ ਖਾਲਸਾ ਕਾਲਜ ਦੇ ਪ੍ਰੀਖਿਆ ਕੇਂਦਰ ਵਿਚ ਦਿੰਦਾ ਰਿਹਾ। ਸੁਪਰਡੈਂਟ ਸਾਹਿਬ ਨੇ ਮੈਨੂੰ ਪ੍ਰੀਖਿਆ ਕੇਂਦਰ ਹਾਲ ਵਿਚ ਨਹੀਂ ਸੀ ਬੈਠਣ ਦਿਤਾ ਤੇ ਇਕ ਵੱਖਰੇ ਕਮਰੇ ਵਿਚ ਪ੍ਰੀਖਿਆ ਕੇਂਦਰ ਵਿਚ ਬਿਠਾਇਆ ਜਿਥੇ ਸੁਪਰਵਾਈਜ਼ਰ ਤੋਂ ਬਿਨਾਂ ਦੋ ਪੁਲੀਸ ਦੇ ਕਰਮਚਾਰੀ ਵੀ ਬੈਠਦੇ ਸਨ। ਅਗਸਤ 1949 ਵਿਚ ਮੈਨੂੰ ਯੋਲ ਕੈਂਪ ਜੇਲ੍ਹ ਵਿਚੋਂ ਰਿਹਾਅ ਕਰਕੇ ਖਾਲਸਾ ਕਾਲਜ ਦੇ ਇਕ ਮੀਲ ਦੇ ਘੇਰੇ ਵਿਚ ਹਦੂਦ ਬੰਦ ਕਰ ਦਿਤਾ ਗਿਆ ਤਾਂ ਜੋ ਮੈਂ ਐਮ.ਏ. ਦੀ ਪੜ੍ਹਾਈ ਲਈ ਖਾਲਸਾ ਕਾਲਜ ਵਿਚ ਦਾਖ਼ਲਾ ਲੈ ਸਕਾਂ। ਮੇਰੇ ਸਹੁਰਿਆਂ ਦਾ ਘਰ ਖਾਲਸਾ ਕਾਲਜ ਦੇ ਨੇੜੇ ਲਗਦਾ ਸੀ, ਘਰੋਂ ਤਾਂ ਮੈਂ ਐਮ.ਏ. ਅਰਥ ਸ਼ਾਸਤਰ ਦੀ ਸ੍ਰੇਣੀ ਵਿਚ ਦਾਖ਼ਲ ਹੋਣ ਗਿਆ ਸਾਂ ਪਰ ਪ੍ਰੋ. ਸੰਤ ਸਿੰਘ ਸੇਖੋਂ ਜੋ ਉਸ ਸਮੇਂ ਨਵੀਂ ਖੁਲ੍ਹੀ ਪੰਜਾਬੀ ਦੀ ਐਮ.ਏ. ਦੀ ਸ੍ਰੇਣੀ ਦੇ ਮੁਖੀ ਬਣਾਏ ਗਏ ਸਨ, ਉਹਨਾਂ ਨੇ ਮੈਨੂੰ ਪੰਜਾਬੀ ਐਮ.ਏ. ਦੀ ਸਭ ਤੋਂ ਪਹਿਲੀ ਸ਼੍ਰੇਣੀ ਦਾ ਵਿਦਿਆਰਥੀ ਬਣਾ ਲਿਆ। ਆਪਣੀ ਐਮ.ਏ. ਪੰਜਾਬੀ ਦੀ ਦੋ ਸਾਲ ਦੀ ਪੜ੍ਹਾਈ ਸਮੇਂ ਮੈਨੂੰ ਪ੍ਰੋ. ਸੰਤ ਸਿੰਘ ਸੇਖੋਂ ਦੇ ਵਿਦਿਆਰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਪ੍ਰੋ. ਸੇਖੋਂ ਐਮ.ਏ ਦੇ ਛੇ ਪਰਚਿਆਂ ਵਿਚੋਂ ਤਿੰਨ (ਕਵਿਤਾ, ਨਾਟਕ ਅਤੇ ਗਲਪ) ਪਰਚੇ ਆਪ ਹੀ ਪੜ੍ਹਾਉਂਦੇ ਸਨ ਤੇ ਛੇਵਾਂ ਪਰਚਾ ਜੋ ਅਨੁਵਾਦ ਤੇ ਲੇਖ ਦਾ ਸੀ, ਦੀ ਜ਼ਿੰਮੇਵਾਰੀ ਆਪ ਜੀ ਨੇ ਹੀ ਸੰਭਾਲੀ ਹੋਈ ਸੀ। ਇਹ ਹੀ ਉਹ ਸਮਾਂ ਹੈ ਜਦੋਂ ਅਸੀਂ ਪੰਜਾਬੀ ਐਮ.ਏ. ਦੀ ਸ਼ੁਰੂ ਹੋਈ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਪ੍ਰੋ. ਸੇਖੋਂ ਦੀ ਵਿਦਵਤਾ ਤੇ ਗਿਆਨ ਦਾ ਵਧ ਤੋਂ ਵੱਧ ਲਾਭ ਉਠਾਇਆ। ਹਫ਼ਤੇ ਦੇ ਤਿੰਨ ਜਾਂ ਚਾਰ ਦਿਨ ਆਪ ਹੀ ਪੜ੍ਹਾਉਂਦੇ ਸਨ ਅਤੇ ਹਰ ਰੋਜ਼ ਲਗਭਗ ਤਿੰਨ ਘੰਟੇ ਸਾਨੂੰ ਉਹਨਾਂ ਦੇ ਭਾਸ਼ਣ ਸੁਣਨ ਦਾ ਮੌਕਾ ਮਿਲਦਾ ਰਿਹਾ। ਆਪਣੀ ਐਮ.ਏ. ਦੀ ਪੜ੍ਹਾਈ ਦੇ ਦੋ ਸਾਲਾਂ ਵਿਚ ਜੇ ਮੈਂ ਗਿਣਨ ਲੱਗਾਂ ਤਾਂ ਕਈ ਸੌ ਘੰਟੇ ਬਣ ਜਾਂਦੇ ਹਨ, ਇਸ ਦੌਰਾਨ ਉਨ੍ਹਾਂ ਦੇ ਕਹੇ ਗਏ ਇਕ ਇਕ ਸ਼ਬਦ ਨੂੰ ਅਸੀਂ ਵਿਦਿਆਰਥੀਆਂ ਨੇ ਧਿਆਨ ਨਾਲ ਸੁਣਿਆ ਹੀ ਨਹੀਂ ਸਗੋਂ ਬਹੁਤ ਕੁਝ ਉਨ੍ਹਾਂ ਦੇ ਬਖ਼ਸ਼ੇ ਸਾਹਿਤਕ ਗਿਆਨ ਨੂੰ ਆਪਣੇ ਅੰਦਰ ਸੱਚੇ ਸ਼ਾਗਿਰਦਾਂ ਵਾਂਗੂੰ ਹੀ ਰਚਾ ਲਿਆ ਸੀ।

**ਅਸਧਾਰਨ ਵਿਅਕਤੀਤਵ ਦੇ ਸਵਾਮੀ**

ਪ੍ਰੋ. ਸੰਤ ਸਿੰਘ ਸੇਖੋਂ ਅਸਧਾਰਨ ਬੌਧਿਕ ਗੁਣਾਂ ਦੇ ਸਵਾਮੀ ਸਨ ਜਿਸ ਵਿਚ ਉਨ੍ਹਾਂ ਦੀ



Sri Satguru Jagjit Singh Ji eLibrary NamdhariElibrary@gmail.com

ਅੰਤਰੀਵ ਲਗਨ ਅਸਧਾਰਨ ਭਾਂਤ ਦੀ ਚੇਤਨਤਾ, ਗਿਆਨ ਪ੍ਰਤੀ ਜਗਿਆਸਾ ਤੇ ਉਸ ਸਮੇਂ ਦੀ ਉਚੇਰੀ ਵਿਦਿਆ ਗ੍ਰਹਿਣ ਕਰਨ ਸਦਕਾ ਉਹਨਾਂ ਦੀ ਸ਼ਖ਼ਸੀਅਤ ਪੂਰੀ ਤਰ੍ਹਾਂ ਨਿਖਰ ਆਈ ਸੀ। ਦਾਖੇ ਦੀ ਛੋਟੀ ਕਿਰਸਾਨੀ ਸ਼੍ਰੇਣੀ ਦੀ ਗ਼ਰੀਬੀ ਨੇ ਆਪ ਦੇ ਪਿਤਾ ਨੂੰ ਪਰਿਵਾਰ ਸਹਿਤ ਲਾਇਲਪੁਰ ਦੀ ਬਾਰ ਦੇ ਇਕ ਚੱਕ ਵਿਚ ਮੁਜਾਰਾ ਬਣਾ ਦਿਤਾ ਸੀ ਪਰ ਉਸ ਆਰਥਿਕ ਗ਼ਰੀਬੀ ਦੇ ਦਿਨਾਂ ਵਿਚ ਵੀ ਸੰਤ ਸਿੰਘ ਸੇਖੋਂ ਨੂੰ ਉਚੇਰੀ ਵਿਦਿਆ ਗ੍ਰਹਿਣ ਕਰਨ ਲਈ ਇਸ ਛੋਟੀ ਮਧ ਸ਼੍ਰੇਣੀ ਦੇ ਪਰਿਵਾਰ ਨੂੰ ਬੜੀ ਕੁਰਬਾਨੀ ਕਰਨੀ ਪਈ ਸੀ।

ਵੀਹਵੀਂ ਸਦੀ ਦਾ ਪਹਿਲਾ ਅੱਧ ਪੰਜਾਬ ਦੇ ਜਨ-ਜੀਵਨ ਦਾ ਬੜਾ ਸੰਘਰਸ਼ਮਈ ਯੁਗ ਸੀ। ਉਨੀਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਭਾਰਤੀ ਨਵ-ਜਾਗ੍ਰਿਤੀ ਦਾ ਸ੍ਰੀ ਗਨੇਸ਼ ਹੋਇਆ ਅਤੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਹੀ ਸਵਾਮੀ ਵਿਵੇਕਾਨੰਦ, ਸਵਾਮੀ ਰਾਮ ਤੀਰਥ, ਸ੍ਰੀ ਅਰਬਿੰਦੂ ਘੋਸ਼, ਗੁਰੂਦੇਵ ਰਵਿੰਦਰ ਨਾਥ ਟੈਗੋਰ, ਡਾ. ਮੁਹੰਮਦ ਇਕਬਾਲ, ਪ੍ਰੋ. ਪੂਰਨ ਸਿੰਘ, ਡਾ. ਮੁਲਖ ਰਾਜ ਆਨੰਦ, ਮਹਾਤਮਾ ਗਾਂਧੀ, ਡਾ. ਰਾਧਾ ਕ੍ਰਿਸ਼ਨਨ, ਪੰ: ਜਵਾਹਰ ਲਾਲ ਨਹਿਰੂ, ਮੌਲਾਨਾ ਅਬੁਅਲ ਕਲਾਮ ਆਜ਼ਾਦ, ਡਾ. ਰਜਿੰਦਰ ਪ੍ਰਸਾਦ ਵਰਗੇ ਬੁੱਧੀਵੇਤਾ ਭਾਰਤ ਦੇ ਅਕਾਸ਼ ਉਤੇ ਚਮਕਣ ਲਗ ਪਏ ਸਨ। ਭਾਰਤ ਦਾ ਸੁਤੰਤਰਤਾ ਸੰਗਰਾਮ ਵੀ ਪੜਾਵੋ-ਪੜਾਵੀ ਅਗੇ ਵਧ ਰਿਹਾ ਸੀ। ਪੰਜਾਬ ਵਿਚ ਵੀ ਅਨੇਕ ਲਹਿਰਾਂ ਵਿਸ਼ੇਸ਼ ਕਰ ਕੇ ਕੂਕਾ ਲਹਿਰ, 1907 ਦੀ ਕਿਸਾਨ ਲਹਿਰ, ਗ਼ਦਰ ਲਹਿਰ, ਕਾਂਗਰਸ ਅੰਦੋਲਨ, ਅਕਾਲੀ ਲਹਿਰ ਅਤੇ ਕਿਰਤੀ ਪਾਰਟੀ ਵਰਗੀਆਂ ਰਾਜਨੀਤਕ ਜਮਾਤਾਂ ਅਗੇ ਆ ਚੁਕੀਆਂ ਸਨ। 1921 ਤੋਂ ਹੀ ਸ੍ਰੀ ਅੰਮ੍ਰਿਤ ਪਾਲ ਡਾਂਗੇ ਦੀ ਅਗਵਾਈ ਵਿਚ ਸਰਵ ਹਿੰਦ ਟਰੇਡ ਯੂਨੀਅਨ ਕਾਂਗਰਸ ਵੀ ਜਨਮ ਲੈ ਚੁਕੀ ਸੀ। ਸ਼ਹੀਦ ਭਗਤ ਸਿੰਘ ਦੀ ਨੌਜੁਆਨ ਭਾਰਤ ਸਭਾ ਅਤੇ ਲਾਲਾ ਲਾਜਪਤ ਰਾਏ ਤੇ ਸੈਫ਼ੁਉਦੀਨ ਕਿਚਲੂ ਵਰਗੇ ਰਾਸ਼ਟਰੀ ਨੇਤਾ ਪੂਰੀ ਤਰ੍ਹਾਂ ਸਰਗਰਮ ਸਨ। 1929-30 ਦੇ ਲਾਹੌਰ ਕਾਂਗਰਸ ਸ਼ੈਸਨ ਨੇ ਪੰ: ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਪੂਰਨ-ਅਜ਼ਾਦੀ ਦਾ ਨਾਅਰਾ ਬੁਲੰਦ ਕਰ ਦਿਤਾ ਸੀ। 1931 ਵਿਚ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹੀਦੀਆਂ ਨੇ ਰਾਜਸੀ ਸੰਗਰਾਮ ਦੇ ਪਿੜ ਨੂੰ ਪੂਰੀ ਤਰ੍ਹਾਂ ਮਘਾ ਦਿਤਾ ਸੀ। 1936 ਵਿਚ ਸਰਵ ਸ੍ਰੀ ਰਾਵਿੰਦਰ ਨਾਥ ਟੈਗੋਰ, ਮੁਨਸ਼ੀ ਪ੍ਰੇਮ ਚੰਦ, ਅਲੀ ਸਰਦਾਰ ਜਾਫ਼ਰੀ ਤੇ ਹੋਰ ਪ੍ਰਗਤੀਸ਼ੀਲ ਲੇਖਕਾਂ ਨੇ ਭਾਰਤ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਨੂੰ ਕਾਇਮ ਕਰ ਦਿਤਾ। ਏਸੇ ਦੇ ਪ੍ਰਭਾਵ ਥੱਲੇ ਪ੍ਰਿ. ਮੁਹੰਮਦ ਸਫ਼ੀ, ਡਾ. ਮੁਲਖ ਰਾਜ ਆਨੰਦ, ਫ਼ੈਜ਼ ਅਹਿਮਦ ਫ਼ੈਜ਼, ਸਰਦਾਰ ਗੁਰਬਖ਼ਸ਼ ਸਿੰਘ, ਦੇਵਿੰਦਰ ਸਤਿਆਰਥੀ, ਪ੍ਰੋ. ਮੋਹਨ ਸਿੰਘ, ਸੋਹਨ ਸਿੰਘ ਜੋਸ਼ ਅਤੇ ਸੰਤ ਸਿੰਘ ਸੇਖੋਂ ਵਰਗੇ ਬੁੱਧੀਵੇਤਾ ਤੇ ਉਚ ਕੋਟੀ ਦੇ ਲੇਖਕ ਵੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਝੰਡੇ ਥੱਲੇ ਇਕੱਠੇ ਹੋ ਗਏ। ਇਸ ਨਾਲ ਸਮੁੱਚੇ ਭਾਰਤੀ ਸਾਹਿਤ ਵਿਚ ਇਨਕਲਾਬੀ ਤਬਦੀਲੀਆਂ ਆਈਆਂ ਅਤੇ ਰੁਮਾਂਟਿਕ ਆਦਰਸ਼ਵਾਦ ਵਰਗੀਆਂ ਸਾਹਿਤਕ ਧਾਰਨਾਵਾਂ ਦਾ ਤਿਆਗ ਕਰਕੇ ਬਹੁਤ ਸਾਰੇ ਲੇਖਕ ਯਥਾਰਥਵਾਦ ਅਤੇ ਪ੍ਰਗਤੀਸ਼ੀਲ ਸਾਹਿਤਕ ਆਦਰਸ਼ਾਂ ਦੇ



Sri Satguru Jagjit Singh Ji eLibrary NamdhariElibrary@gmail.com

ਧਾਰਨੀ ਬਣ ਗਏ। 1917 ਦੇ ਰੂਸੀ ਇਨਕਲਾਬ ਦੇ ਪ੍ਰਭਾਵ ਅਧੀਨ ਮੈਕਸਮ ਗੋਰਕੀ ਵਰਗੇ ਲੇਖਕਾਂ ਦੇ ਸਮਾਜਵਾਦੀ ਵਿਚਾਰਾਂ ਨੇ ਸਾਰੇ ਸੰਸਾਰ ਦੇ ਸਾਹਿਤ ਨੂੰ ਸਮਾਜਵਾਦੀ ਆਦਰਸ਼ਾਂ ਦੇ ਰੰਗ ਵਿਚ ਰੰਗ ਦਿਤਾ। ਇਹੋ ਹੀ ਰਾਜਨੀਤਕ ਤੇ ਸਾਹਿਤਕ ਪ੍ਰਭਾਵ ਸਨ ਜਿਨ੍ਹਾਂ ਰਾਹੀਂ ਪ੍ਰੋ. ਸੰਤ ਸਿੰਘ ਸੇਖੋਂ ਦਾ ਬੌਧਿਕ ਦ੍ਰਿਸ਼ਟੀਕੋਣ ਪਰਪੱਕ ਹੋਇਆ। ਨਿਰਾ ਇੰਨਾ ਹੀ ਨਹੀਂ ਸਗੋਂ ਉਹ ਪੰਜਾਬ ਦੇ ਪ੍ਰਗਤੀਸ਼ੀਲ ਸਾਹਿਤਕਾਰਾਂ ਦਾ ਆਗੂ ਵੀ ਬਣ ਗਿਆ। ਨਿਸ਼ਚੇ ਹੀ ਸਮੁੱਚੇ ਭਾਰਤੀ ਸਾਹਿਤ ਵਿਚ ਅਤੇ ਪੰਜਾਬ ਦੇ ਸਮੁੱਚੇ ਸਾਹਿਤਕ ਮੰਡਲ ਵਿਚ ਇਹੋ ਪ੍ਰਗਤੀਸ਼ੀਲ ਸਾਹਿਤਕ ਲਹਿਰ ਉਸ ਸਮੇਂ ਦੇ ਸਾਹਿਤਕ ਘੇਰਿਆਂ ਦੀ ਪ੍ਰਤੀਨਿਧ ਲਹਿਰ ਬਣ ਗਈ। ਇਹ ਸੀ ਉਹ ਪਿਛੋਕੜ ਜਿਸ ਵਿਚ ਪ੍ਰੋ. ਸੰਤ ਸਿੰਘ ਸੇਖੋਂ ਦੀ ਬੌਧਿਕਤਾ ਪ੍ਰਵਾਨ ਚੜ੍ਹੀ ਅਤੇ ਸਮੇਂ ਦੇ ਸਮਕਾਲੀ ਪੰਜਾਬੀ ਸਾਹਿਤ ਨੂੰ ਵੀ ਸੁਯੋਗ ਅਗਵਾਈ ਦੇਣ ਦੇ ਸਮਰੱਥ ਹੋ ਗਈ।

ਨਿਸਚੇ ਹੀ ਪ੍ਰੋ. ਸੰਤ ਸਿੰਘ ਸੇਖੋਂ ਇਸ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੇ ਆਗੂਆਂ ਵਿਚੋਂ ਸਨ ਅਤੇ ਆਪ ਜੀ ਵਲੋਂ ਰਚੀਆਂ ਗਈਆਂ ਰਚਨਾਵਾਂ ਵਿਚ ਵੀ ਇਹੋ ਪ੍ਰਗਤੀਸ਼ੀਲ ਸਮਾਜਵਾਦੀ ਰੰਗ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਸ ਦੇ ਸਾਹਿਤ ਦੀ ਧਰਾਤਲ ਤਾਂ ਯਥਾਰਥਵਾਦੀ ਹੈ ਪਰ ਇਸਦਾ ਉਦੇਸ਼ ਪ੍ਰਗਤੀਸ਼ੀਲ ਤੇ ਸਮਾਜਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਸੀ। ਪ੍ਰੋ. ਸੇਖੋਂ ਵਿਚ ਯੁਗ ਅਨੁਕੂਲ ਇਹਨਾਂ ਸਾਹਿਤਕ ਆਦਰਸ਼ਾਂ ਬਾਰੇ ਨਿਸਚਿਤ ਪ੍ਰਤੀਬੱਧਤਾ ਮੌਜੂਦ ਸੀ ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਇਸ ਸਾਹਿਤਕ ਲਹਿਰ ਦੇ ਕੁਝ ਅਵਗੁਣ ਵੀ ਮੌਜੂਦ ਸਨ। ਇਸੇ ਕਰਕੇ ਕਈ ਵਾਰ ਇਹਨਾਂ ਉਤੇ ਲੋੜ ਤੋਂ ਵਧ ਅਸ਼ਲੀਲ ਹੋਣ ਦਾ ਦੋਸ਼ ਵੀ ਲਗਾਇਆ ਗਿਆ। ਪਰ ਮੈਂ ਤਾਂ ਪ੍ਰੋ. ਸੰਤ ਸਿੰਘ ਸੇਖੋਂ ਦੇ ਪੰਜਾਬੀ ਸਾਹਿਤ ਦੀ ਸਮੁਚੀ ਪ੍ਰਗਤੀਸ਼ੀਲ ਧਾਰਾ ਬਾਰੇ ਪ੍ਰਤੀਬੱਧ ਲੇਖਕ ਹੋਣ ਬਾਰੇ ਪਹਿਲਾਂ ਹੀ ਆਖ ਚੁਕਾ ਹਾਂ। ਇਹੋ ਸੀ ਉਹ ਪਿਛੋਕੜ ਜਿਸ ਵਿਚ ਪ੍ਰੋ. ਸੰਤ ਸਿੰਘ ਸੇਖੋਂ ਦੀ ਅਸਾਧਾਰਨ ਬੌਧਿਕਤਾ ਨੇ ਪੰਜਾਬੀ ਐਮ.ਏ. ਦੀਆਂ ਪਹਿਲੀਆਂ ਸ਼੍ਰੇਣੀਆਂ ਦੀ ਬੌਧਿਕ ਚੇਤੰਨਤਾ ਨੂੰ ਜਾਗਰੂਪ ਕੀਤਾ। ਮੇਰਾ ਆਪਣੇ ਨਿੱਜੀ ਜੀਵਨ ਉਤੇ ਵੀ ਇਸ ਸਮੇਂ ਦੀਆਂ ਅਗਾਂਹਵਧੂ ਲਹਿਰਾਂ ਦਾ ਪ੍ਰਭਾਵ ਪਿਆ। ਇਸ ਲਈ ਪ੍ਰੋ. ਸੰਤ ਸਿੰਘ ਸੇਖੋਂ ਦੇ ਪ੍ਰਗਤੀਸ਼ੀਲ ਸਾਹਿਤਕ ਦ੍ਰਿਸ਼ਟੀਕੋਣ ਨੇ ਮੇਰੇ ਅੰਦਰਲੀ ਸੁਹਿਰਦਤਾ ਤੇ ਸੰਵੇਦਨਸ਼ੀਲਤਾ ਉਤੇ ਆਪਣੀ ਪੱਕੀ ਮੋਹਰ ਲਾ ਦਿਤੀ। ਮੈਂ ਹੋਰ ਵਿਦਿਆਰਥੀਆਂ ਬਾਰੇ ਤਾਂ ਕੁਝ ਨਹੀਂ ਕਹਿ ਸਕਦਾ ਪਰ ਮੈਂ ਪੂਰਨ ਤੌਰ ਤੇ ਸੇਖੋਂਵਾਦੀ ਬਣ ਚੁਕਾ ਸਾਂ।

**ਪ੍ਰੋ. ਸੇਖੋਂ ਦਾ ਯਾਦਗਾਰੀ ਦੀਖਿਆਂਤ ਭਾਸ਼ਣ**

ਪੰਜਾਬੀ ਭਾਸ਼ਾ ਤੇ ਸਾਹਿਤ ਦੇ ਅਗਾਂਹਵਧੂ ਆਦਰਸ਼ਾਂ ਪ੍ਰਤੀ ਬਚਨਬੱਧ ਪ੍ਰੋ. ਸੇਖੋਂ ਨੇ ਪੰਜਾਬੀ ਐਮ.ਏ. ਦੀ ਪਹਿਲੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਜੋ ਦੀਖਿਆਂਤ ਭਾਸ਼ਣ 1951 ਵਿਚ ਦਿਤਾ ਉਸ ਵਿਚੋਂ ਵੀ ਪ੍ਰੋ. ਸੰਤ ਸਿੰਘ ਸੇਖੋਂ ਦੀਆਂ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਸੰਬੰਧੀ ਨਿਸ਼ਚਿਤ ਸੇਧਾਂ ਮੌਜੂਦ ਸਨ।

ਆਪ ਜੀ ਨੇ ਆਪਣੇ ਇਸ ਦੀਖਿਆਂਤ ਭਾਸ਼ਣ ਵਿਚ ਪੰਜਾਬੀ ਭਾਸ਼ਾ ਸੰਬੰਧੀ ਜੋ ਵਿਚਾਰ



Sri Satguru Jagjit Singh Ji eLibrary NamdhariElibrary@gmail.com

ਪ੍ਰਗਟਾਏ ਉਹ ਅਜ ਵੀ ਛੇ ਦਹਾਕੇ ਗੁਜ਼ਰ ਜਾਣ ਬਾਅਦ ਸਾਰਥਕ ਹਨ। ਪਹਿਲੀ ਗੱਲ ਜੋ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਪ੍ਰੋ. ਸੇਖੋਂ ਨੇ ਕਹੀ ਉਹ ਇਹ ਸੀ ਕਿ ਪੰਜਾਬੀ ਭਾਸ਼ਾ ਨੇ ਆਪਣੇ ਇਕ ਹਜ਼ਾਰ ਸਾਲ ਦੇ ਜੀਵਨ ਕਾਲ ਵਿਚ ਜਿਹੜਾ ਉਚ ਕੋਟੀ ਦਾ ਸਾਹਿਤ ਰਚਿਆ ਹੈ, ਉਹ ਬਹੁਤ ਅਮੀਰ ਹੈ। ਇਸ ਵਿਚ ਕਿਸੇ ਵੀ ਸਰਕਾਰੀ ਜਾਂ ਸ਼ਾਹੀ ਸਰਪ੍ਰਸਤੀ ਦਾ ਹੱਥ ਨਹੀਂ ਸੀ। ਸਗੋਂ ਇਹ ਤਾਂ ਪੰਜਾਬ ਦੇ ਜਨ ਸਾਧਾਰਨ ਅਤੇ ਪੰਜਾਬੀ ਦੇ ਉਚੇ ਕਦਾਵਰ ਸਾਹਿਤਕਾਰਾਂ ਦੀ ਦੇਣ ਹੈ ਅਤੇ ਇਹ ਵਿਰਸਾ ਬੜਾ ਮਾਣ ਕਰਨ ਯੋਗ ਹੈ। ਪੰਜਾਬੀ ਨੇ ਇਸ ਇਕ ਹਜ਼ਾਰ ਸਾਲ ਵਿਚ ਲੋਕ ਭਾਸ਼ਾ ਦੇ ਰੂਪ ਵਿਚ ਉੱਨਤੀ ਹੀ ਨਹੀਂ ਕੀਤੀ ਸਗੋਂ ਅੱਜ ਇਹ ਇਕ ਸਮਰੱਥ ਭਾਸ਼ਾ ਬਣ ਚੁਕੀ ਹੈ।

ਦੂਜੀ ਗੱਲ ਜਿਹੜੀ ਆਪ ਜੀ ਨੇ ਕਹੀ ਉਹ ਇਹ ਸੀ ਕਿ ਅਸਾਂ ਮਿਲ ਕੇ ਪੰਜਾਬੀ ਭਾਸ਼ਾ ਦੇ ਆਧੁਨਿਕ ਸਰੂਪ ਨੂੰ ਵਿਕਸਿਤ ਕਰਨਾ ਹੈ, ਤਾਂ ਜੋ ਉਹ ਗਿਆਨ ਵਿਗਿਆਨ ਦੀ ਭਾਸ਼ਾ ਦੇ ਰੂਪ ਵਿਚ ਉਨਤੀ ਕਰ ਸਕੇ।

ਤੀਜੀ ਗੱਲ ਜੋ ਪ੍ਰੋ. ਸੰਤ ਸਿੰਘ ਸੇਖੋਂ ਨੇ ਕਹੀ ਉਹ ਸੀ ਕਿ ਅਸੀਂ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਅਤੇ ਲੋਕਾਂ ਦੇ ਕਾਰ ਵਿਹਾਰ ਵਿਚ ਉਹ ਦਰਜਾ ਦਿਵਾਉਣਾ ਹੈ ਜੋ ਪੰਜਾਬ ਦੀ ਮਾਤ-ਭਾਸ਼ਾ ਦੇ ਰੂਪ ਵਿਚ ਇਸਦਾ ਹੱਕ ਬਣਦਾ ਹੈ, ਤਾਂ ਜੋ ਇਹ ਸਿੱਖਿਆ ਦੇ ਮਾਧਿਅਮ ਵਜੋਂ ਸੂਖਮ ਤੋਂ ਸੂਖਮ ਵਿਚਾਰਾਂ ਦੇ ਪ੍ਰਗਟਾ ਤੇ ਜਨ ਸੰਚਾਰ ਦਾ ਉਚਿਤ ਤੇ ਪ੍ਰਮਾਣਿਤ ਮਾਧਿਅਮ ਬਣ ਸਕੇ।

1951 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਵੀ ਪੰਜਾਬੀ ਭਾਸ਼ਾ ਉਸ ਟੀਚੇ ਨੂੰ ਪ੍ਰਾਪਤ ਨਹੀਂ ਕਰ ਸਕੀ ਜੋ ਸੇਖੋਂ ਸਾਹਿਬ ਦਾ ਆਦਰਸ਼ ਸੀ।

ਮੈਂ ਆਪਣੇ 70 ਸਾਲ ਦੇ ਸਾਹਿਤਿਕ ਜੀਵਨ ਵਿਚ ਆਪਣੇ ਸਾਹਿਤਿਕ ਮੁਰਸ਼ਦ ਦੇ ਵਲੋਂ ਨਿਰਧਾਰਿਤ ਪੰਜਾਬੀ ਭਾਸ਼ਾ ਬਾਰੇ ਉਸੇ ਪ੍ਰਤੀਬੱਧਤਾ ਨਾਲ ਕੰਮ ਕੀਤਾ ਹੈ ਜਿਸਦੇ ਕਿ ਉਹ ਆਪ ਧਾਰਨੀ ਸਨ। ਮੈਂ ਕਦੀ ਵੀ ਉਚ ਕੋਟੀ ਦੇ ਵਿਦਵਾਨ ਹੋਣ ਦਾ ਦਾਅਵਾ ਨਹੀਂ ਕੀਤਾ ਜੋ ਮੇਰੇ ਕਈ ਹੋਰ ਸਮਕਾਲੀ ਕਰਦੇ ਰਹੇ ਹਨ। ਮੈਂ ਤਾਂ ਆਪਣੇ ਉਸਤਾਦ ਦੇ ਕਦੀ ਬਰਾਬਰ ਖਲੋਣ ਤੋਂ ਵੀ ਝਿਜਕਦਾ ਰਿਹਾ ਹਾਂ ਅਤੇ ਜਦੋਂ ਵੀ ਮੈਨੂੰ ਮੌਕਾ ਮਿਲਿਆ ਹੈ, ਮੈਂ ਆਪਣੇ ਵਲੋਂ ਉਹਨਾਂ ਦੇ ਚਰਨਾਂ ਵਿਚ ਬੈਠ ਕੇ ਹੀ ਆਤਮਕ ਖ਼ੁਸ਼ੀ ਤੇ ਤਸੱਲੀ ਨੂੰ ਅਨੁਭਵ ਕਰਦਾ ਰਿਹਾ ਹਾਂ। ਇਸ ਦੇ ਪ੍ਰਮਾਣ ਵਜੋਂ ਪ੍ਰੋ. ਸੇਖੋਂ ਨਾਲ ਸੰਬੰਧਿਤ ਕਈ ਫੋਟੋਗ੍ਰਾਫ਼ ਮੇਰੀ ਇਸ ਸੁਹਿਰਦਤਾ ਦੀ ਸਾਖੀ ਭਰ ਸਕਦੇ ਹਨ।

### ਲਿਖਣ ਕਲਾ ਵਿਚ ਅਗਵਾਈ

ਜਦੋਂ ਮੈਂ ਐਮ.ਏ. ਪੰਜਾਬੀ ਦਾ ਵਿਦਿਆਰਥੀ ਸਾਂ ਤਾਂ ਆਪ ਪਹਿਲੇ ਸਾਲ ਵਿਚ ਛੁੱਟੀਆਂ ਸਮੇਂ ਮੈਨੂੰ ਆਪਣੇ ਨਾਲ ਲੁਧਿਆਣੇ ਲੈ ਗਏ, ਜਿਥੇ ਲਾਹੌਰ ਬੁਕ ਸ਼ਾਪ ਵਲੋਂ ਉਨ੍ਹਾਂ ਦੀਆਂ ਕੁਝ ਪੁਸਤਕਾਂ ਵਿਸ਼ੇਸ਼ਕਰ ਕੇ ਸੰਥਾਵਲੀਆਂ ਛਪ ਰਹੀਆਂ ਸਨ। ਇਸ ਸਮੇਂ ਅਸੀਂ ਲਾਹੌਰ ਬੁਕ ਸ਼ਾਪ



Sri Satguru Jagjit Singh Ji eLibrary NamdhariElibrary@gmail.com

ਦੇ ਮਾਲਕ ਸ. ਜੀਵਨ ਸਿੰਘ ਦੇ ਘਰ ਠਹਿਰੇ ਹੋਏ ਸਾਂ। ਸੇਖੋਂ ਸਾਹਿਬ ਨੇ ਮੈਨੂੰ ਪੁਸਤਕਾਂ ਦੇ ਪਰੂਫ਼ ਪੜ੍ਹਨ ਦੀ ਜਾਚ ਦੱਸੀ ਅਤੇ ਪਰੂਫ਼ਾਂ ਦੀ ਸੁਧਾਈ ਲਈ ਜਿਹੜੇ ਚਿੰਨ੍ਹ ਜਾਂ ਸੰਕੇਤ ਵਰਤੀਂਦੇ ਹਨ ਉਹਨਾਂ ਤੋਂ ਜਾਣੂ ਕਰਵਾਇਆ। ਦੋ ਸਾਲ ਸੇਖੋਂ ਸਾਹਿਬ ਦੀ ਅਗਵਾਈ ਵਿਚ ਪੜ੍ਹਣ ਕਰਕੇ ਉਨ੍ਹਾਂ ਦੀ ਸਾਹਿਤਿਕ ਸ਼ੈਲੀ ਦਾ ਰੰਗ ਵੀ ਮੇਰੇ ਉਤੇ ਚੜ੍ਹ ਚੁਕਾ ਸੀ ਅਤੇ ਮੈਂ ਲਗਭਗ ਉਨ੍ਹਾਂ ਦੀ ਸ਼ੈਲੀ ਵਿਚ ਲਿਖਣ ਲਗ ਪਿਆ ਸਾਂ। ਫਿਰ ਜਦੋਂ ਮੈਂ 1957 ਵਿਚ ਸਰਕਾਰੀ ਕਾਲਜ ਲੁਧਿਆਣੇ ਪੰਜਾਬੀ ਦਾ ਲੈਕਚਰਾਰ ਆਣ ਲਗਾ ਤਾਂ ਸੇਖੋਂ ਸਾਹਿਬ ਨਾਲ ਸੰਪਰਕ ਹੋਰ ਵੀ ਪੱਕਾ ਹੋ ਗਿਆ। ਆਪ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਸਨ ਤੇ ਮੈਂ ਪੰਜਾਬੀ ਸਾਹਿਤ ਸਭਾ, ਲੁਧਿਆਣਾ ਵਿਚ ਇਹੀ ਸੇਵਾ ਨਿਭਾਅ ਰਿਹਾ ਸਾਂ। 1959 ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਤੀਜੀ ਲੁਧਿਆਣਾ ਕਾਨਫਰੰਸ ਵਿਚ ਸਾਨੂੰ ਫਿਰ ਰਲ ਕੇ ਕੰਮ ਕਰਨ ਦਾ ਮੌਕਾ ਮਿਲਿਆ।

ਪ੍ਰੋ. ਸੰਤ ਸਿੰਘ ਸੇਖੋਂ ਜੀ ਬੜੇ ਥੋੜ੍ਹੇ ਨੋਟਿਸ ਉਤੇ ਕਿਸੇ ਵਿਸ਼ੇ ਉਤੇ ਵੀ ਭਾਸ਼ਣ ਦੇ ਸਕਦੇ ਸਨ। ਉਨ੍ਹਾਂ ਦੇ ਇਸ ਗੁਣ ਨੂੰ ਵੀ ਮੈਂ ਗ੍ਰਹਿਣ ਕਰਨ ਦਾ ਜਤਨ ਕੀਤਾ ਹੈ ਅਤੇ ਮੈਨੂੰ ਆਪਣੇ ਅਧਿਆਪਨ ਦੇ ਲੰਮੇ ਕਾਲ ਵਿਚ ਕਦੀ ਵੀ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। 1965 ਵਿਚ ਨੇਤਰਹੀਣ ਹੋਣ ਪਿਛੋਂ ਵੀ ਮੇਰਾ ਸਾਹਿਤਕ ਕਾਰਜ ਜਾਰੀ ਰਿਹਾ ਅਤੇ ਨੇਤਰਹੀਣ ਅਵਸਥਾ ਵਿਚ ਵੀ ਸਰਕਾਰੀ ਮਹਿੰਦਰਾ ਕਾਲਜ ਵਿਚ ਪੜ੍ਹਾਉਣ ਸਮੇਂ ਮੈਨੂੰ ਕੋਈ ਔਕੜ ਮਹਿਸੂਸ ਨਹੀਂ ਹੋਈ। ਇਹ ਸਭ ਪ੍ਰੋ. ਸੰਤ ਸਿੰਘ ਸੇਖੋਂ ਦੀ ਬਖ਼ਸ਼ਿਸ਼ ਜਾਂ ਦੇਣ ਸੀ ਜੋ ਉਹਨਾਂ ਦੇ ਵਿਦਿਆਰਥੀ ਹੋਣ ਸਮੇਂ ਮੈਂ ਸਹਿਜ ਰੂਪ ਵਿਚ ਹੀ ਗ੍ਰਹਿਣ ਕਰ ਲਈ ਸੀ।

### ਨਾਵਲ 'ਲਹੂ ਮਿੱਟੀ' ਦੀ ਸੋਧ

ਸ. ਜੀਵਨ ਸਿੰਘ ਲਾਹੌਰ ਬੁਕ ਸ਼ਾਪ ਸੇਖੋਂ ਸਾਹਿਬ ਦੇ ਨਾਵਲ 'ਲਹੂ ਮਿਟੀ' ਨੂੰ ਕਿਸੇ ਯੂਨੀਵਰਸਿਟੀ ਪ੍ਰੀਖਿਆ ਵਿਚ ਪਾਠਕ੍ਰਮ ਵਿਚ ਲਗਾਉਣ ਦਾ ਇਛੁਕ ਸੀ। ਇਹ ਨਾਵਲ ਪ੍ਰੋ. ਸੰਤ ਸਿੰਘ ਸੇਖੋਂ ਨੇ ਅੰਗਰੇਜ਼ੀ ਵਿਚ ਲਿਖਿਆ ਸੀ। ਇਸ ਦੇ ਕੁਝ ਕਾਂਡ ਤਾਂ ਪਹਿਲੇ ਸੰਸਕਰਣ ਵਿਚ ਛਪ ਚੁਕੇ ਸਨ ਪਰ ਪਿਛਲੇ ਪੰਜ ਕਾਂਡ ਹਾਲੀਂ ਅੰਗਰੇਜ਼ੀ ਵਿਚ ਹੀ ਸਨ। ਸੇਖੋਂ ਸਾਹਿਬ ਦੀ ਇੱਛਾ ਅਨੁਸਾਰ 'ਲਹੂ ਮਿੱਟੀ' ਦੀ ਸੋਧ ਦਾ ਕਾਰਜ ਮੈਨੂੰ ਸੌਂਪਿਆ ਗਿਆ। ਇਕ ਤਾਂ ਇਹ ਕਿ ਇਸ ਵਿਚ ਲੋੜ ਤੋਂ ਵਧ ਖੁਲ੍ਹਾਂ ਜੋ ਭਾਵੇਂ ਅਸ਼ਲੀਲਤਾ ਦੀ ਹੱਦ ਨੂੰ ਨਹੀਂ ਸਨ ਟਪਦੀਆਂ, ਨੂੰ ਸ਼ਾਂਤ ਕਰਨਾ ਸੀ। ਨਾਵਲ 'ਲਹੂ ਮਿੱਟੀ' ਦੇ ਪਿਛਲੇ ਪੰਜ ਕਾਂਡਾਂ ਦਾ ਅੰਗਰੇਜ਼ੀ ਤੋਂ ਅਨੁਵਾਦ ਮੈਂ ਕਰ ਦਿਤਾ। ਹੋ ਸਕਦਾ ਹੈ ਕਿ ਕਿਤੇ ਕਿਤੇ ਸੇਖੋਂ ਸਾਹਿਬ ਨੇ ਆਪ ਇਸ ਵਿਚ ਕੋਈ ਸੋਧ ਕੀਤੀ ਹੋਵੇ। ਪਰ ਵਧੇਰੇ ਕਰਕੇ ਮੇਰਾ ਕੀਤਾ ਹੋਇਆ ਕਾਰਜ ਹੀ ਨਾਵਲ 'ਲਹੂ ਮਿੱਟੀ' ਦੇ ਦੂਜੇ ਸੰਸਕਰਣ ਦਾ ਭਾਗ ਬਣਿਆ।

### ਯਾਦਾਂ ਦੇ ਝਰੋਖੇ ਵਿਚੋਂ

ਪ੍ਰੋ. ਵਰਿਆਮ ਸਿੰਘ ਅਤੇ ਪ੍ਰੋ. ਸੰਤ ਸਿੰਘ ਸੇਖੋਂ ਦੀ ਬੜੀ ਪੱਕੀ ਆੜੀ ਸੀ। ਆਪ ਦੋਵੇਂ



Sri Satguru Jagjit Singh Ji eLibrary NamdhariElibrary@gmail.com

ਕਈ ਸਾਲ ਤਕ ਖਾਲਸਾ ਕਾਲੇਜ, ਅੰਮ੍ਰਿਤਸਰ ਵਿਚ ਪੜ੍ਹਾਂਦੇ ਰਹੇ ਅਤੇ ਦੋਹਾਂ ਦਾ ਪ੍ਰੇਮ ਬੜਾ ਗੂੜ੍ਹਾ ਸੀ। ਪ੍ਰੋ. ਵਰਿਆਮ ਸਿੰਘ ਬੜੇ ਸੁਚੇਤ ਵਿਦਵਾਨ ਤੇ ਉੱਘੇ ਭਾਸ਼ਣਕਾਰ ਸਨ। ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿਚ ਆਪ ਬੜਾ ਪ੍ਰਭਾਵਸ਼ਾਲੀ ਭਾਸ਼ਣ ਦਿੰਦੇ ਸਨ ਅਤੇ ਕਿਤੇ ਵੀ ਕੋਈ ਦੂਜਾ ਸ਼ਬਦ ਕਿਸੇ ਹੋਰ ਭਾਸ਼ਾ ਦਾ ਨਹੀਂ ਸਨ ਵਰਤਦੇ। ਪੰਜਾਬੀ ਵਿਚ ਵੀ ਜਿਥੇ ਰਾਜਨੀਤੀ ਵਿਗਿਆਨ ਤੇ ਭਾਰਤ ਦੇ ਇਤਿਹਾਸ ਸੰਬੰਧੀ ਉਹਨਾਂ ਦੀਆਂ ਪੁਸਤਕਾਂ ਪਾਠ-ਪੁਸਤਕਾਂ ਵਜੋਂ ਪੜ੍ਹਾਈਆਂ ਜਾਂਦੀਆਂ ਸਨ। ਪਰ ਉਨ੍ਹਾਂ ਵਲੋਂ ਲਿਖੀ ਗਈ ਦੁਨੀਆਂ ਦੀ ਕਹਾਣੀ ਸਾਹਿਤਿਕ ਰੁਚੀਆਂ ਦੀ ਵੀ ਪੂਰੀ ਤਰ੍ਹਾਂ ਤ੍ਰਿਪਤੀ ਕਰਵਾ ਦਿੰਦੀ ਸੀ। ਆਪ ਨੂੰ ਹਾਸੇ ਮਜ਼ਾਕ ਵਿਚ ਕੁਝ ਮਜ਼ੇਦਾਰ ਗੱਲਾਂ ਕਰਨ ਦਾ ਬੜਾ ਠਰਕ ਸੀ। ਕਦੀ ਕਦੀ ਮਜ਼ਾਹੀਆ ਰੰਗ ਵਿਚ ਕਹਿ ਦਿੰਦੇ, "ਟਿੰਡਾਂ ਪੱਥ ਨ ਜਾਣਦਾ, ਮੇਰਾ ਮਘੀਆਂ ਦਾ ਸਰਦਾਰ।' ਲਉ ਇਹ ਕਮਲਾ ਸੰਤ ਸਿੰਘ ਸੇਖੋਂ ਵੀ ਲੇਖਕ ਬਣ ਗਿਆ। ਇਹ ਦੋਵੇਂ ਵਿਦਵਾਨ ਪ੍ਰੋ. ਜਿੱਥੇ ਆਪ ਆਪਣੇ ਸਮੇਂ ਦੇ ਉਚ ਕੋਟੀ ਦੇ ਬੁੱਧੀਵੇਤਾ ਸਨ ਉਸ ਸਮੇਂ ਅਨੁਸਾਰ ਇਹਨਾਂ ਦੀਆਂ ਪਤਨੀਆਂ ਪੜ੍ਹੀਆਂ ਲਿਖੀਆਂ ਨਹੀਂ ਸਨ। ਆਪ ਮਜ਼ਾਕ ਵਿਚ ਕਹਿ ਦਿੰਦੇ ਜੇ ਬਾਬਾ ਨਾਨਕ ਆਪ ਵੀ ਮੇਰੀ ਅਤੇ ਸੰਤ ਸਿੰਘ ਸੇਖੋਂ ਦੀ ਘਰਵਾਲੀ ਨੂੰ ਪੜ੍ਹਾਉਣ ਆ ਜਾਵੇ ਤਾਂ ੳ, ਅ, ਤੋਂ ਵੱਧ ਨਹੀਂ ਪੜ੍ਹਾ ਸਕੇਗਾ। ਮੈਨੂੰ ਮਾਣ ਹੈ ਕਿ ਮੈਂ ਇਹਨਾਂ ਦੋਹਾਂ ਅਧਿਆਪਕਾਂ ਤੋਂ ਨਿਜੀ ਤੌਰ ਤੇ ਬੜਾ ਕੁਝ ਗ੍ਰਹਿਣ ਕੀਤਾ ਹੈ। ਸਾਡੇ ਉਸਤਾਦੀ-ਸ਼ਾਗਿਰਦੀ ਦੇ ਸੰਬੰਧ ਕੋਈ ਓਪਰੇ ਨਹੀਂ ਸਨ ਸਗੋਂ ਜਿਗਰੀ ਸਨ।

ਇਕ ਵਾਰ ਜਦੋਂ ਪ੍ਰੋ. ਸੰਤ ਸਿੰਘ ਸੇਖੋਂ ਲੁਧਿਆਣੇ ਸ. ਜੀਵਨ ਸਿੰਘ ਦੇ ਘਰ ਠਹਿਰੇ ਹੋਏ ਸਨ ਤਾਂ ਵਰਿਆਮ ਸਿੰਘ ਜੀ ਆ ਗਏ। ਉਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਸੀ। ਸੇਖੋਂ ਸਾਹਿਬ ਨੂੰ ਗੁਰਦੁਅਰਾ ਸ੍ਰੀ ਕਲਗੀਧਰ ਵਿਖੇ ਭਾਸ਼ਣ ਦੇਣ ਲਈ ਬੁਲਾਇਆ ਗਿਆ ਸੀ। ਅਸੀਂ ਸਾਢੇ ਸਤ ਕੁ ਵਜੇ ਗੁਰਦੁਆਰਾ ਕਲਗੀਧਰ ਸਾਹਿਬ ਪਹੁੰਚ ਗਏ, ਪਰ ਪ੍ਰਬੰਧਕ ਹੋਰਨਾਂ ਨੂੰ ਤਾਂ ਬੁਲਾਈ ਜਾਣ ਜਾਂ ਸ਼ਬਦ ਪੜ੍ਹਨ ਜਾਂ ਕਵਿਤਾ ਬੋਲਣ ਦਾ ਮੌਕਾ ਦੇਈ ਜਾਣ ਪਰ ਸੇਖੋਂ ਸਾਹਿਬ ਦੇ ਭਾਸ਼ਣ ਨੂੰ ਕੁਝ ਪਿੱਛੇ ਪਾਈ ਜਾਣ। ਪ੍ਰੋ. ਵਰਿਆਮ ਸਿੰਘ ਕੁਝ ਕਾਹਲੇ ਪੈ ਗਏ ਅਤੇ ਕਹਿਣ ਲਗੇ 'ਚਲ ਕਮਲਿਆ, ਇਹਨਾਂ ਨੀ ਤੈਨੂੰ ਬੋਲਣ ਦਾ ਮੌਕਾ ਦੇਣਾ।' ਘੰਟਾ ਡੇਢ ਘੰਟਾ ਬੀਤ ਜਾਣ ਤੇ ਸੇਖੋਂ ਸਾਹਿਬ ਇਕ ਵਾਰ ਤਾਂ ਖੜੇ ਹੋ ਗਏ ਅਤੇ ਪੰਡਾਲ ਤੋਂ ਬਾਹਰ ਆ ਗਏ। ਉਹ ਉਥੋਂ ਤੁਰਨ ਲਈ ਕਹਿਣ ਤੇ ਪ੍ਰਬੰਧਕ ਉਹਨਾਂ ਨੂੰ ਹੱਥੋਂ ਪਕੜ ਕੇ ਵਾਪਸ ਪੰਡਾਲ ਵਿਚ ਜਾਣ ਲਈ ਕਹਿਣ। ਪੰਜ-ਸੱਤ ਮਿੰਟ ਇਹ ਬਹਿਸ ਹੁੰਦੀ ਰਹੀ। ਅਖ਼ੀਰ ਸੇਖੋਂ ਸਾਹਿਬ ਨੂੰ ਉਹਨਾਂ ਨੇ ਰਜ਼ਾਮੰਦ ਕਰ ਲਿਆ ਅਤੇ ਕੁਝ ਅੱਧੇ ਘੰਟੇ ਪਿਛੋਂ ਸੇਖੋਂ ਸਾਹਿਬ ਨੇ ਭਾਸ਼ਣ ਦੇਣਾ ਆਰੰਭ ਕੀਤਾ। ਪ੍ਰਬੰਧਕ ਜੇ ਚਾਹੁੰਦੇ ਤਾਂ ਹਾਜ਼ਰ ਪ੍ਰੋ. ਵਰਿਆਮ ਸਿੰਘ ਜੀ ਦਾ ਭਾਸ਼ਣ ਵੀ ਕਰਵਾ ਸਕਦੇ ਸਨ ਪਰ ਅਜਿਹੇ ਗੁਰਪੁਰਬਾਂ ਸਮੇਂ ਤਾਂ ਆਮ ਜਨਤਾ ਬਹੁਤੇ ਗੂੜ੍ਹ ਭਾਸ਼ਣਾਂ ਨੂੰ ਨਹੀਂ ਸੁਣਦੀ।

ਇਕ ਵਾਰ ਮੈਂ ਤੇ ਪ੍ਰੋ. ਸੇਖੋਂ ਲੁਧਿਆਣੇ ਤੋਂ ਅੰਮ੍ਰਿਤਸਰ ਗੱਡੀ ਵਿਚ ਬੈਠੇ ਜਾ ਰਹੇ ਸਾਂ ਤਾਂ



Sri Satguru Jagjit Singh Ji eLibrary NamdhariElibrary@gmail.com

ਕੋਲ ਬੈਠੀਆਂ ਸਵਾਰੀਆਂ ਸੇਖੋਂ ਸਾਹਿਬ ਦੀਆਂ ਸੁਘੜ ਗੱਲਾਂ ਬਾਤਾਂ ਦਾ ਬੜਾ ਅਨੰਦ ਮਾਣ ਰਹੀਆਂ ਸਨ। ਇਕ ਸਾਧਾਰਨ ਜਿਹਾ ਜੱਟ ਜੋ ਕੋਲ ਬੈਠਾ ਸਭ ਕੁਝ ਸੁਣ ਰਿਹਾ ਸੀ, ਉਤਸੁਕਤਾ ਵਸ ਪੁੱਛਣ ਲੱਗਾ, 'ਸਰਦਾਰ ਜੀ, ਤੁਹਾਡਾ ਯਤੀਮਖ਼ਾਨਾ ਕਿੱਥੇ ਹੈ?' ਸੇਖੋਂ ਸਾਹਿਬ ਹੱਸ ਕੇ ਕਹਿਣ ਲਗੇ, 'ਭਾਈ ਸਿਖਾ! ਤੂੰ ਖ਼ਾਨਿਆਂ ਦੇ ਗੇੜ ਵਿਚ ਨਾ ਪਿਆ ਕਰ, ਸਿੱਧਾ ਪੁੱਛ ਲਿਆ ਕਰ, ਤੁਹਾਡਾ ਘਰ ਕਿੱਥੇ ਹੈ?' ਅੰਮ੍ਰਿਤਸਰ ਸਟੇਸ਼ਨ 'ਤੇ ਪਹੁੰਚ ਕੇ ਅਸੀਂ ਖਾਲਸਾ ਕਾਲਜ ਨੂੰ ਜਾਣ ਲਈ ਕਿਸੇ ਰਿਕਸ਼ੇ ਵਾਲੇ ਦੀ ਭਾਲ ਵਿਚ ਸਾਂ। ਇਕ ਮਾੜੂਆ ਜਿਹਾ ਬਜ਼ੁਰਗ ਰਿਕਸ਼ਾ ਲੈ ਕੇ ਅਗੇ ਵਧਿਆ, ਸੇਖੋਂ ਸਾਹਿਬ ਕਹਿਣ ਲਗੇ, 'ਨਹੀਂ ਯਾਰ, ਇਹ ਬਹੁਤ ਮਾੜਾ ਹੈ, ਕਿਸੇ ਹੋਰ ਰਿਕਸ਼ੇ ਨੂੰ ਬੁਲਾਉਂਦੇ ਹਾਂ। ਪਰ ਅੱਧੇ ਕੁ ਮਿੰਟ ਪਿਛੋਂ ਫਿਰ ਉਸੇ ਰਿਕਸ਼ੇ ਵਾਲੇ ਨੂੰ ਬੁਲਾ ਲਿਆ। ਇਹ ਉਹਨਾਂ ਦੀ ਇਕ ਗ਼ਰੀਬ ਕਿਰਤੀ ਪ੍ਰਤੀ ਦਿਲੀ ਹਮਦਰਦੀ ਦਾ ਹੀ ਪ੍ਰਤੱਖ ਪ੍ਰਮਾਣ ਸੀ।

1980 ਦੇ ਦਹਾਕੇ ਦੀ ਗੱਲ ਹੈ। ਭਾਸ਼ਾ ਵਿਭਾਗ ਵਲੋਂ ਸਰਕਾਰੀ ਤੌਰ ਤੇ ਇਕ ਸਾਹਿਤਿਕ ਸਮਾਗਮ ਦਾਖੇ ਦੇ ਨੈਸ਼ਨਲ ਕਾਲਜ ਵਿਚ ਕੀਤਾ ਗਿਆ। ਬਹੁਤ ਸਾਰੇ ਬੁਲਾਰਿਆਂ ਨੇ ਆਪਨੇ ਆਪਨੇ ਵਿਚਾਰ ਪ੍ਰਗਟ ਕੀਤੇ। ਮੈਂ ਮੁਹਰਲੀ ਕਤਾਰ ਵਿਚ ਪ੍ਰੋ. ਸੇਖੋਂ ਦੀ ਨੇੜਲੀ ਕੁਰਸੀ 'ਤੇ ਬੈਠਾ ਸਾਂ ਕਿ ਆਪ ਇਕ ਦਮ ਭਾਵੁਕ ਹੋ ਗਏ ਤੇ ਬੁਸਕਣ ਲਗੇ ਕਹਿਣ ਲਗੇ, "ਯਾਰੋ, ਭਾਵੇਂ ਮੁੰਡੇ ਮਾਰੇ ਗਏ ਜਾਂ ਪੁਲੀਸ ਦੇ ਹਮਾਇਤੀ ਦੋਹਾਂ ਬੰਨ੍ਹਿਆਂ ਤੋਂ ਨੁਕਸਾਨ ਤਾਂ ਪੰਜਾਬੀਆਂ ਦਾ ਹੀ ਹੋਇਆ ਹੈ। ਇਹ ਸੀ ਪੰਜਾਬ ਤੇ ਪੰਜਾਬੀਅਤ ਪ੍ਰਤੀ ਸੇਖੋਂ ਸਾਹਿਬ ਦੀ ਦਿਲੀ ਭਾਵਨਾ।

ਆਪਨੇ ਜੀਵਨ ਦੇ ਅੰਤਿਮ ਛਿਣਾਂ ਤਕ ਆਪ ਬੜੇ ਸੁਚੇਤ ਰਹੇ ਸਨ। ਔਖੇ ਹੋ ਕੇ ਵੀ ਆਪ ਪੰਜਾਬੀ ਦੇ ਸਾਹਿਤਿਕ ਸਮਾਗਮਾਂ ਵਿਚ ਭਾਗ ਲੈਂਦੇ ਸਨ ਅਤੇ ਮੌਕੇ ਅਨੁਸਾਰ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਆਪਨੇ ਕੀਮਤੀ ਸੁਝਾਅ ਦਿੰਦੇ ਰਹਿੰਦੇ ਸਨ। ਇਸੇ ਤਰ੍ਹਾਂ ਜੇ ਕੋਈ ਲੇਖਕ ਆਪਨੀ ਕਿਸੇ ਨਵੀਂ ਰਚਨਾ ਨੂੰ ਉਨ੍ਹਾਂ ਕੋਲ ਲੈ ਕੇ ਜਾਂਦਾ ਤਾਂ ਉਸਨੂੰ ਵੀ ਬੜੇ ਨਿਗਰ ਸੁਝਾਅ ਦਿੰਦੇ ਸਨ।

ਇਸ ਪ੍ਰਕਾਰ ਆਪ ਸਚਮੁਚ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸਨ ਅਤੇ 1936 ਤੋਂ ਆਰੰਭ ਹੋਏ ਪੰਜਾਬੀ ਸਾਹਿਤ ਦੇ ਨਵੇਂ ਆਧੁਨਿਕ ਯੁਗ ਨੂੰ ਪ੍ਰੋ. ਸੇਖੋਂ ਦਾ ਯੁਗ ਕਹਿਣਾ ਹੀ ਉਚਿਤ ਪ੍ਰਤੀਤ ਹੁੰਦਾ ਹੈ। ਇਸਦੇ ਬੋਹੜ ਦੀ ਛਾਂ ਨੂੰ ਇਸ ਕਾਲ ਦੇ ਬਹੁਤ ਸਾਰੇ ਲੇਖਕਾਂ ਨੇ ਮਾਣਿਆ ਹੈ ਅਤੇ ਸੇਖੋਂ ਦੀ ਪ੍ਰਗਤੀਸ਼ੀਲ ਧਾਰਾ ਦਾ ਅਨੁਸਰਨ ਕੀਤਾ ਹੈ।

ਆਪ ਤਨਜ਼ੀਆ ਢੰਗ ਨਾਲ ਇਹ ਕਹਿ ਦਿਆ ਕਰਦੇ ਸਨ - ਪਹਿਲਾਂ ਪ੍ਰਿੰ: ਤੇਜਾ ਸਿੰਘ ਦੇ ਗੋਡੇ ਦੁਖਦੇ ਸਨ। ਅੱਜ ਮੇਰੇ ਗੋਡੇ ਦੁਖਦੇ ਹਨ। ਹੁਣ ਮੈਂ ਵੀ ਇਹਨਾਂ ਗੋਡਿਆਂ ਦੇ ਰੋਗ ਦਾ ਸ਼ਿਕਾਰ ਹਾਂ, ਸੱਚ ਤਾਂ ਇਹ ਹੈ ਕਿ ਜਿਨ੍ਹਾਂ ਜਿਨ੍ਹਾਂ ਨੇ ਪੰਜਾਬੀ ਸਾਹਿਤ ਲਈ ਨਿਠ ਕੇ ਕਾਰਜ ਕੀਤਾ ਹੈ, ਸ਼ੁਕਰ ਹੈ ਕਿ ਉਨ੍ਹਾਂ ਲੇਖਕਾਂ ਦੀ ਬੁਧੀ ਤਾਂ ਅਰੋਗ ਹੁੰਦੀ ਹੈ, ਪਰ ਉਹ ਗੋਡਿਆਂ ਦੇ ਇਸ ਰੋਗ ਵਲ ਬਹੁਤਾ ਧਿਆਨ ਨਹੀਂ ਦਿੰਦੇ। ਸ਼ਾਇਦ ਮੈਨੂੰ ਵੀ ਇਹ ਗੋਡਿਆਂ ਦਾ ਸਰੀਰਿਕ ਕਸ਼ਟ ਆਪਨੇ ਵਡੇਰੇ ਸਾਹਿਤਕਾਰਾਂ ਵਲੋਂ ਵਿਰਸੇ ਵਜੋਂ ਹੀ ਪ੍ਰਾਪਤ ਹੋਇਆ ਹੈ।



Sri Satguru Jagjit Singh Ji eLibrary NamdhariElibrary@gmail.com

ਵੀਹਵੀਂ ਸਦੀ ਦੇ ਪੰਜਾਬੀ ਦੇ ਸਾਹਿਤ ਵਿਚ ਪ੍ਰੋ. ਸੰਤ ਸਿੰਘ ਸੇਖੋਂ ਦਾ ਨਾਂ ਸਦਾ ਚਮਕਦਾ ਰਹੇਗਾ। ਸੇਖੋਂ ਸਾਹਿਬ ਦੀਆਂ ਦੋ ਟਿਪਣੀਆਂ ਏਥੇ ਦੇ ਕੇ ਮੈਂ ਇਸ ਲੇਖ ਨੂੰ ਏਥੇ ਸਮਾਪਤ ਕਰ ਰਿਹਾ ਹਾਂ। ਆਪਣੇ ਸਮਕਾਲੀ ਮਿੱਤਰ ਕਵੀ ਪ੍ਰੋ. ਮੋਹਨ ਸਿੰਘ ਬਾਰੇ ਆਪ ਕਹਿ ਦਿਆ ਕਰਦੇ ਸਨ ਕਿ 'ਮੋਹਨ ਸਿੰਘ ਤਾਂ ਕਵਿਤਾ ਦੀ ਮਸ਼ੀਨ ਹੈ ਇਸ ਵਿਚ ਜੋ ਵਿਚਾਰ ਪਾਇਆ ਜਾਂਦਾ ਹੈ ਉਹ ਸੁੰਦਰ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ।' ਫਿਰ ਆਪ ਬੜੇ ਸੂਖ਼ਮ ਅੰਦਾਜ਼ ਵਿਚ ਇਹ ਕਹਿ ਦਿੰਦੇ, 'ਮੈਂ ਤਾਂ ਕਵਿਤਾ ਇਸ ਲਈ ਨਹੀਂ ਲਿਖਦਾ ਕਿ ਮੋਹਨ ਸਿੰਘ ਫਿਕਾ ਪੈ ਜਾਵੇਗਾ।'

ਆਪ ਜੀ ਦੀਆਂ ਦੂਜੀਆਂ ਦੋ ਟਿਪਣੀਆਂ ਪੰਜਾਬ ਦੇ ਸਿਖ ਇਤਿਹਾਸ ਸੰਬੰਧੀ ਹਨ ਜਿਸਦੀ ਵਿਆਖਿਆ ਪ੍ਰੋ. ਸੇਖੋਂ ਨੇ ਪ੍ਰਗਤੀਸ਼ੀਲ ਦ੍ਰਿਸ਼ਟੀ ਤੋਂ ਕੀਤੀ ਹੈ। 18ਵੀਂ ਸਦੀ ਦੇ ਘੱਲੂਘਾਰਿਆਂ ਤੇ ਦਲ ਖ਼ਾਲਸਾ ਦੇ ਸੰਘਰਸ਼ ਬਾਰੇ ਉਨ੍ਹਾਂ ਦਾ ਕਥਨ ਸੀ 'ਝਗੜੇ ਛੱਡ ਕੇ ਮਜ਼ਬੀ ਜੇ ਦੇਖੋ ਭਾਈ ਰਾਜਿਆਂ ਤੇ ਕਿਸਾਨਾਂ ਦੀ ਸੀ ਇਹ ਲੜਾਈ।'

1849 ਵਿਚ ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਬਹੁਤ ਸਾਰੇ ਜਾਗੀਰਦਾਰ ਸਰਦਾਰਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਨੂੰ ਪ੍ਰਵਾਨ ਕਰ ਲਿਆ, ਇਹਨਾਂ ਜਾਗੀਰਦਾਰੀ ਰੁਚੀਆਂ ਬਾਰੇ ਸਿੱਖ ਸਰਦਾਰਾਂ ਬਾਰੇ ਆਪ ਨੇ ਆਪਣੀ ਰਚਨਾ 'ਬਾਬਾ ਬੋਹੜ' ਕਾਵਿ ਨਾਟਕ ਵਿਚ ਇਹ ਟਿਪਣੀ ਕੀਤੀ:

ਚੰਗੀ ਲਗੀ ਦਾਸਤਾਂ ਦੀ ਇਹਨਾਂ ਨੂੰ ਫਾਹੀ
ਜਰਨੈਲਾਂ ਦੇ ਪੁੱਤ ਬਣ ਗਏ ਸਿਪਾਹੀ
ਸਮਝ ਲਿਆ ਚਪੜਾਸ ਨੂੰ ਇਨ੍ਹਾਂ ਨੇ ਸ਼ਾਹੀ।

ਪ੍ਰੋ. ਸੇਖੋਂ ਦਾ ਜਨਮ 30 ਮਈ, 1908 ਨੂੰ ਹੋਇਆ। ਆਪ 7 ਅਕਤੂਬਰ 1997 ਨੂੰ ਵੀਹਵੀਂ ਸਦੀ ਦੇ ਪੰਜਾਬ ਦੀ ਇਹ ਬੌਧਿਕ ਤੇ ਉਚ ਕੋਟੀ ਦੀ ਸਾਹਿਤਕ ਪ੍ਰਤਿਭਾ ਸਾਨੂੰ ਸਦੀਵੀ ਵਿਛੋੜਾ ਦੇ ਗਈ। ਮੈਨੂੰ ਇਹ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਤੇ ਸ੍ਰੀ ਸਤਿੰਦਰ ਸਿੰਘ ਨੰਦਾ ਉਹਨਾਂ ਦੇ ਅੰਤਿਮ ਜਨਮ ਦਿਨ ਉਤੇ ਉਹਨਾਂ ਦੀ ਬੇਟੀ ਦੇ ਘਰ 'ਦਾਤਿ ਨਿਵਾਸ' ਪਟਿਆਲਾ ਵਿਖੇ ਆਪਣੀਆਂ ਸ਼ੁਭ ਕਾਮਨਾਵਾਂ ਭੇਟ ਕਰਕੇ ਆਏ ਸਾਂ। ਇਹ ਮੇਰੀ ਆਪਣੇ ਸਾਹਿਤਕ ਮੁਰਸ਼ਦ ਨੂੰ ਆਖ਼ਰੀ ਨਮਸਕਾਰ ਸੀ। ਮੇਰੇ ਹਿਰਦੇ ਵਿਚ ਉਹਨਾਂ ਦੀ ਯਾਦ ਸਦਾ ਲਈ ਕਾਇਮ ਹੈ।


Sri Satguru Jagjit Singh Ji eLibrary NamdhariElibrary@gmail.com

# ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਪ੍ਰੋ. ਸੰਤ ਸਿੰਘ ਸੇਖੋਂ ਦਾ ਯੋਗਦਾਨ

**ਗੁਰੂ ਸ਼ਿਸ਼ ਦਾ ਨਿਜੀ ਰਿਸ਼ਤਾ :**

ਮੇਰਾ ਇਹ ਵੱਡਾ ਸੁਭਾਗ ਹੈ ਕਿ ਮੇਰਾ ਤੇ ਪ੍ਰੋ. ਸੰਤ ਸਿੰਘ ਸੇਖੋਂ ਦਾ ਗੁਰੂ-ਸ਼ਿਸ ਦਾ ਰਿਸ਼ਤਾ ਹੈ। ਮੇਰੇ ਲਈ ਇਹ ਨਿਜੀ ਸੰਬੰਧ ਸਦਾ ਮੇਰੀ ਆਪਣੀ ਸਾਹਿਤਿਕ ਘਾਲਣਾ ਦਾ ਪ੍ਰੇਰਨਾ-ਸਰੋਤ ਰਿਹਾ ਹੈ। ਮੈਨੂੰ ਭਾਵੇਂ ਬਹੁਤ ਸਾਰੇ ਸ੍ਰੇਸ਼ਟ ਵਿਦਵਾਨਾਂ ਤੇ ਵੱਡੀਆਂ ਸ਼ਖ਼ਸੀਅਤਾਂ ਕੋਲੋਂ ਸਿਖਿਆ ਗ੍ਰਹਿਣ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ ਅਤੇ ਇਨ੍ਹਾਂ ਮਹਾਨ ਸਿਖਿਆ-ਸ਼ਾਸਤ੍ਰੀਆਂ ਤੇ ਵਿਦਵਾਨਾਂ ਵਿਚ ਡਾ. ਭਾਈ ਜੋਧ ਸਿੰਘ , ਡਾ. ਮੋਹਨ ਸਿੰਘ ਦੀਵਾਨਾ, ਪ੍ਰੋ. ਸਾਹਿਬ ਸਿੰਘ, ਡਾ. ਗੰਡਾ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ, ਡਾ. ਦੀਵਾਨ ਸਿੰਘ, ਡਾ. ਰੌਸ਼ਨ ਲਾਲ ਆਹੂਜਾ, ਡਾ. ਕਰਮ ਸਿੰਘ ਗਿੱਲ, ਪ੍ਰੋ. ਵਰਿਆਮ ਸਿੰਘ, ਡਾ. ਅਮਰੀਕ ਸਿੰਘ, ਪ੍ਰੋ. ਗੁਲਵੰਤ ਸਿੰਘ ਅਤੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਆਦਿ ਸ਼ਾਮਲ ਹਨ। ਪਰ ਮੇਰੀ ਚੇਤਨ ਤੇ ਨਿਮਨ-ਚੇਤਨ ਮਾਨਸਿਕਤਾ ਵਿਚ ਇਹ ਤੱਤ ਸਥਾਈ ਰੂਪ ਵਿਚ ਇਸ ਤਰ੍ਹਾਂ ਘਰ ਕਰ ਗਿਆ ਹੈ ਕਿ ਜਦੋਂ ਵੀ ਕੋਈ ਮੇਰੇ ਸਾਹਿਤਿਕ ਇਸ਼ਟ-ਦੇਵ ਬਾਰੇ ਪ੍ਰਸ਼ਨ ਕਰਦਾ ਹੈ ਤਾਂ ਮੇਰੇ ਸਾਹਮਣੇ ਸੁੱਤੇ-ਸਿਧ ਰੂਪ ਵਿਚ ਇਕੋ ਨਾਮ ਹੀ ਆਉਂਦਾ ਹੈ ਤੇ ਉਹ ਪ੍ਰੋ. ਸੰਤ ਸਿੰਘ ਸੇਖੋਂ ਜੀ ਦਾ ਹੀ ਹੁੰਦਾ ਹੈ। ਇਸ ਵਿਚ ਕੋਈ ਸੰਦੇਹ ਵੀ ਨਹੀਂ ਹੈ ਕਿ ਮੇਰੀ ਸਾਹਿਤਿਕ ਪਛਾਣ ਅਤੇ ਮੇਰੇ ਅੰਦਰਲੀਆਂ ਸਾਹਿਤਿਕ ਰੁਚੀਆਂ ਦੇ ਉਥਾਨ ਤੇ ਨਿਰਮਾਣ ਲਈ ਉਨ੍ਹਾਂ ਨੇ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਜਦੋਂ ਮੈਂ ਹਾਲੀ ਬੀ.ਏ. ਸ਼੍ਰੇਣੀਆਂ ਦਾ ਵਿਦਿਆਰਥੀ ਹੀ ਸਾਂ, ਤਾਂ ਆਪ ਨੇ ਮੈਨੂੰ ਖਾਲਸਾ ਕਾਲਜ ਦੇ ਸਾਹਿਤਿਕ-ਪੱਤਰ (ਦਰਬਾਰ) ਦਾ ਵਿਦਿਆਰਥੀ-ਸੰਪਾਦਕ ਨਿਸ਼ਚਿਤ ਕੀਤਾ। ਫਿਰ ਆਪ ਦੀ ਪ੍ਰੇਰਨਾ ਸਦਕਾ ਹੀ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਪੰਜਾਬੀ ਐਮ.ਏ. ਦੀ ਆਰੰਭ ਹੋਈ ਪਹਿਲੀ ਸ਼੍ਰੇਣੀ ਦਾ ਵਿਦਿਆਰਥੀ ਬਣਿਆ। ਉਸ ਸਮੇਂ ਪ੍ਰੋ. ਸੰਤ ਸਿੰਘ ਸੇਖੋਂ ਪੰਜਾਬੀ ਵਿਭਾਗ ਦੇ ਮੁਖੀ ਥਾਪੇ ਗਏ ਅਤੇ ਆਪਣੀ ਸਨਾਤਕੋਤਰ ਪੜ੍ਹਾਈ ਦੇ ਸਮੇਂ ਮੈਨੂੰ ਉਨ੍ਹਾਂ ਦੇ ਦੋ ਸਾਲ ਭਾਸ਼ਨ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਆਪ ਐਮ.ਏ. ਦੇ ਛੇ ਪਰਚਿਆਂ ਵਿਚੋਂ ਤਿੰਨ ਪੜ੍ਹਾਉਂਦੇ ਸਨ। ਇਸ ਪ੍ਰਕਾਰ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਸੈਂਕੜੇ-ਘੰਟੇ ਉਨ੍ਹਾਂ ਦੇ ਭਾਸ਼ਨਾਂ ਤੋਂ ਅਦੁੱਤੀ ਪ੍ਰੇਰਨਾ ਤੇ ਸੇਧ ਪ੍ਰਾਪਤ ਹੁੰਦੀ ਰਹੀ। ਇਸ ਸਮੇਂ ਪ੍ਰੋ. ਸੇਖੋਂ ਦੀ ਪ੍ਰਤਿਭਾ ਪੂਰਨ ਰੂਪ ਵਿਚ ਵਿਕਾਸ ਕਰ ਚੁਕੀ ਸੀ ਅਤੇ ਉਨ੍ਹਾਂ ਨੇ ਸੱਚਮੁਚ ਹੀ ਸਾਡੇ ਪੰਜਾਬੀ ਐਮ.ਏ. ਦੇ ਅਧਿਐਨ ਸਮੇਂ ਆਪਣਾ ਇਕ ਵਿਸ਼ੇਸ਼ ਸਕੂਲ ਸਥਾਪਿਤ ਕਰ ਦਿਤਾ ਸੀ। ਉਨ੍ਹਾਂ ਦੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪੰਜਾਬੀ ਦੀਆਂ ਪੋਸਟ-ਗ੍ਰੈਜੂਏਟ ਸ਼੍ਰੇਣੀਆਂ ਤੋਂ 1952 ਵਿਚ ਟੁਟ ਜਾਣ ਨਾਲ ਪੰਜਾਬੀ ਸਾਹਿਤਿਕ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਸੀ। ਪ੍ਰੋ. ਸੇਖੋਂ ਵਿਸ਼ੇਸ਼ ਬੁਧੀਵਾਨ ਵਿਅਕਤੀ ਸਨ ਅਤੇ ਉਨ੍ਹਾਂ ਦੀ ਬੌਧਿਕਤਾ ਨਿਵੇਕਲੇ ਗੁਣਾਂ ਦੀ ਧਾਰਣੀ ਸੀ। ਆਪ ਆਪਣੀ ਪ੍ਰਕ੍ਰਿਤੀ ਵਿਚ ਉਦਾਰ ਵੀ ਸਨ ਅਤੇ ਮੌਲਿਕ ਵੀ। ਇਹ



Sri Satguru Jagjit Singh Ji eLibrary NamdhariElibrary@gmail.com

ਖੁੱਲ੍ਹਾਪਣ ਤੇ ਲਚਕ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਸਦਾ ਰਹੀ ਹੈ। ਦੂਜੀ ਵੱਡੀ ਵਿਸ਼ੇਸ਼ਤਾ ਉਨ੍ਹਾਂ ਦੇ ਵਿਅਕਤੀਗਤ ਅਨੁਭਵ ਤੇ ਚਿੰਤਨ ਦੀ ਇਹ ਸੀ ਕਿ ਆਪ ਕਿਸੇ ਵੀ ਵਿਸ਼ੇ ਉਤੇ ਜੋ ਵੀ ਵਿਆਖਿਆਨ ਦਿੰਦੇ ਸਨ, ਉਹ ਆਪਣੇ ਨਿਵੇਕਲੇ ਢੰਗ ਨਾਲ ਹੀ ਉਸ ਦੀ ਰੂਪ-ਰੇਖਾ ਅਤੇ ਯੋਜਨਾ ਤੇ ਵਿਸਥਾਰ ਦਾ ਨਿਰਮਾਣ ਕਰ ਲੈਂਦੇ ਸਨ। ਇਹ ਗੱਲ ਸੁਤੇਸਿਧ ਹੀ ਹੋ ਜਾਂਦੀ ਸੀ। ਇਸ ਵਿਚ ਉਨ੍ਹਾਂ ਨੂੰ ਕੋਈ ਵਿਸ਼ੇਸ਼ ਯਤਨ ਨਹੀਂ ਸੀ ਕਰਨਾ ਪੈਂਦਾ। ਇਸ ਤੋਂ ਬਿਨਾਂ ਵਿਆਖਿਆਨ ਅਤੇ ਲਿਖਤ ਵਿਚ ਉਨ੍ਹਾਂ ਦੀ ਆਪਣੀ ਹੀ ਇਕ ਵਿਸ਼ਿਸ਼ਟ ਤੇ ਪਰਪੱਕ ਸ਼ੈਲੀ ਸੀ, ਜਿਸ ਦੀ ਪ੍ਰੋਢਤਾ, ਵਿਵੇਕਤਾ ਤੇ ਪ੍ਰਮਾਣਿਕਤਾ ਸੰਦੇਹ-ਰਹਿਤ ਸੀ। ਇਸ ਪ੍ਰਕਰਨ ਵਿਚ ਇਹ ਕਹਿਣਾ ਬੜਾ ਉਚਿਤ ਹੈ ਕਿ ਆਪ ਜਿਥੇ ਇਕ ਸ੍ਰੇਸ਼ਟ ਬੁੱਧੀਵਾਨ ਤੇ ਚਿੰਤਕ ਸਨ, ਉਥੇ ਭਾਸ਼ਾਈ ਨਿਪੁੰਨਤਾ ਤੇ ਸਾਹਿਤਿਕ ਗੁਣਾਂ ਨਾਲ ਭਰਪੂਰ ਪ੍ਰਗਟਾਉ ਵਿਧੀ ਦੇ ਵੀ ਸਵਾਮੀ ਸਨ। ਇਹ ਸਾਰੇ ਗੁਣ ਮੈਂ ਨਿਜੀ ਰੂਪ ਵਿਚ ਆਪ ਜੀ ਤੋਂ ਹੀ ਗ੍ਰਹਿਣ ਕੀਤੇ ਹਨ।

ਮੈਨੂੰ ਇਕ ਹੋਰ ਵੱਡਾ ਸੁਭਾਗ ਇਸ ਵਰਸ਼ 27 ਮਈ 1997 ਦੇ ਦਿਨ ਪ੍ਰਾਪਤ ਹੋਇਆ, ਜਦੋਂ ਆਪ ਜੀ ਨੇ ਪਰਿਵਾਰ ਸਹਿਤ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕੀਤੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਅਤੇ ਹੋਰ ਕਈ ਪ੍ਰਮੁਖ ਸਾਹਿਤਕਾਰਾਂ ਦੀ ਹਾਜ਼ਰੀ ਵਿਚ ਆਪਣੇ ਮੁਖਾਰਬਿੰਦ ਤੋਂ ਮੈਨੂੰ ਆਪਣਾ 'ਸ਼ਾਗਿਰਦੇ ਆਜ਼ਮ' ਕਹਿ ਕੇ ਨਿਵਾਜਿਆ। ਮੇਰੇ ਸਾਹਿਤਿਕ ਜੀਵਨ ਵਿਚ ਇਹ ਘਟਨਾ ਸਦਾ ਇਕ ਚਮਕਦੇ ਬਿੰਦੂ ਸਮਾਨ ਸਜੀਵ ਰਹੇਗੀ।

ਇਕ ਹੋਰ ਪੱਖ ਤੋਂ ਵੀ ਮੈਂ ਆਪ ਜੀ ਦਾ ਦੇਣਦਾਰ ਹਾਂ। ਮੇਰੇ ਵਿਦਿਆਰਥੀ ਜੀਵਨ ਸਮੇਂ ਜਦੋਂ ਆਪ ਲਾਹੌਰ ਬੁੱਕ ਸ਼ਾਪ ਲਈ ਸੰਥਾਵਲੀਆਂ ਰਚ ਰਹੇ ਸਨ ਤਾਂ ਮੈਨੂੰ ਆਪ ਨੇ ਆਪਣੇ ਲਿਖਣ ਕਾਰਜ ਦਾ ਵੀ ਸਾਂਝੀਵਾਲ ਬਣਾਇਆ ਅਤੇ ਪਰੂਫ਼-ਪੜ੍ਹਣ ਆਦਿ ਦੀ ਸਿਖਿਆ ਵੀ ਮੈਂ ਆਪ ਜੀ ਤੋਂ ਹੀ ਪ੍ਰਾਪਤ ਕੀਤੀ। ਆਪ ਜੀ ਦੀ ਪ੍ਰੇਰਨਾ ਸਦਕਾ ਹੀ ਮੈਨੂੰ ਅਤੇ ਡਾ. ਪਰਮਿੰਦਰ ਸਿੰਘ ਨੂੰ ਸਾਹਿਤਿਕ ਖੇਤਰ ਵਿਚ ਪਰਵੇਸ਼ ਕਰਨ ਦਾ ਅਵਸਰ ਪ੍ਰਾਪਤ ਹੋਇਆ ਅਤੇ ਅਸੀਂ 'ਸਾਹਿਤ ਦੇ ਰੂਪ' ਅਤੇ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਵਰਗੀਆਂ ਪੁਸਤਕਾਂ ਲਿਖਣ ਵਿਚ ਸਫਲ ਹੋਏ। ਮੇਰੇ ਵਾਂਗ ਪ੍ਰੋ. ਸੰਤ ਸਿੰਘ ਸੇਖੋਂ ਅਨੇਕ ਹੋਰ ਨਵੇਂ ਪੰਜਾਬੀ ਲੇਖਕਾਂ ਦੇ ਪ੍ਰੇਰਨਾ-ਸਰੋਤ ਤੇ ਉਤਸ਼ਾਹ-ਦਾਤਾ ਸਨ। ਇਸ ਪੱਖ ਤੋਂ ਉਨ੍ਹਾਂ ਨੂੰ ਅਸੀਂ ਆਧੁਨਿਕ ਪੰਜਾਬੀ ਸਾਹਿਤ ਦੇ ਉਨ੍ਹਾਂ ਸੰਸਥਾਪਕਾਂ ਵਿਚੋਂ ਮੰਨਦੇ ਹਾਂ, ਜਿਨ੍ਹਾਂ ਨੇ ਕੇਵਲ ਆਪ ਹੀ ਉਤਕ੍ਰਿਸ਼ਟ ਰਚਨਾ ਨਹੀਂ ਕੀਤੀ ਸਗੋਂ ਹੋਰਨਾਂ ਨੂੰ ਵੀ ਚੰਗੇਰਾ ਸਾਹਿਤ ਲਿਖਣ ਲਈ ਪ੍ਰੇਰਨਾ ਦਿਤੀ ਹੈ। ਵਰਤਮਾਨ ਸਦੀ ਵਿਚ ਇਹ ਕਾਰਜ ਡਾ. ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਉਨ੍ਹਾਂ ਤੋਂ ਪਿੱਛੋਂ ਪ੍ਰਿੰ. ਸੰਤ ਸਿੰਘ ਸੇਖੋਂ ਜੀ ਨੇ ਹੀ ਨਿਭਾਇਆ ਹੈ। ਸ਼ਾਇਦ ਇਸੇ ਕਾਰਨ ਹੀ ਆਪ ਦੇ ਨਾਮ ਨਾਲ ਪੰਜਾਬੀ ਸਾਹਿਤ ਦਾ 'ਬਾਬਾ ਬੋਹੜ' ਹੋਣ ਦੀ ਉਪਾਧੀ ਜੁੜ ਗਈ ਹੈ। ਭਾਵੇਂ ਇਸ ਪਿਛੇ ਵੀ ਪ੍ਰੋ. ਸੇਖੋਂ ਦੀ ਨਿਮੰਨ-ਚੇਤਨਾ ਦਾ ਹੀ ਵਧੇਰੇ ਹੱਥ ਜਾਪਦਾ ਹੈ। 1940 ਦੇ ਦਹਾਕੇ ਵਿਚ ਜਦੋਂ ਆਪ ਨੇ 'ਛੇ ਘਰ' ਨਾਂ ਦਾ ਇਕਾਂਗੀ ਸੰਗ੍ਰਹਿ ਲਿਖਿਆ ਤਾਂ 'ਬਾਬਾ ਬੋਹੜ'



Sri Satguru Jagjit Singh Ji eLibrary NamdhariElibrary@gmail.com

ਨਾਮ ਦੇ ਕਾਵਿ ਨਾਟਕ ਵਿਚ ਬਾਬਾ ਬੋਹੜ ਦਾ ਪ੍ਰਤੀਕ ਉਨ੍ਹਾਂ ਦੀ ਉਸ ਨਿਮਨ-ਚੇਤਨਾ ਵਿਚੋਂ ਹੀ ਸਫੁਟਿਤ ਹੋਇਆ ਸੀ। ਜਿਸ ਨੇ ਨਿਰੰਕਾਰ-ਬਿੰਦੂ ਤੋਂ ਸਾਕਾਰ ਰੂਪ ਧਾਰਨ ਕਰ ਲਿਆ ਅਤੇ ਪ੍ਰੋ. ਸੇਖੋਂ ਨੂੰ ਪੰਜਾਬ ਦੇ ਇਤਿਹਾਸ ਦੇ ਪਿਛਲੇ ਤਿੰਨ-ਚਾਰ ਸੌ ਸਾਲਾਂ ਦੇ ਅਤੀਤ, ਤੇ ਸਮਕਾਲੀ ਜੀਵਨ-ਸਮਾਚਾਰਾਂ ਦੇ ਵਿਸ਼ੇਸ਼ ਘਟਨਾ-ਕ੍ਰਮ ਦਾ ਵਿਆਖਿਆਕਾਰ ਹੀ ਨਹੀਂ; ਸਗੋਂ ਦਿਸ਼ਾ ਨਿਰਦੇਸ਼ਕ ਵੀ ਬਣਾ ਦਿਤਾ। ਪੰਜਾਬ ਦੀ ਸਾਹਿਤਿਕ ਸੰਸਕ੍ਰਿਤੀ ਵਿਚ ਅਤੇ ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ ਦੇ ਮੰਡਲ ਵਿਚ ਅੱਜ ਉਨ੍ਹਾਂ ਦਾ ਜੋ ਗੌਰਵ ਅਤੇ ਸਥਾਨ ਹੈ, ਉਹ ਕਿਸੇ ਹੋਰ ਦੂਜੇ ਨੂੰ ਪ੍ਰਾਪਤ ਨਹੀਂ ਹੈ। 1935-36 ਤੋਂ ਪਿਛੋਂ ਪੰਜਾਬੀ ਸਾਹਿਤ ਦੇ ਸਾਂਸਕ੍ਰਿਤਕ ਇਤਿਹਾਸ ਵਿਚ ਜਿਹੜਾ ਪ੍ਰਗਤੀਵਾਦੀ ਕਾਲ ਆਰੰਭ ਹੋਇਆ, ਆਪ ਉਸ ਦੇ ਪ੍ਰਮੁਖ ਪੱਥ-ਪ੍ਰਦਰਸ਼ਕ ਅਤੇ ਸੰਦੇਹ-ਰਹਿਤ ਆਗੂ ਰਹੇ ਹਨ।

**ਦੀਖਿਆਂਤ ਸੰਦੇਸ਼:**

ਪ੍ਰੋ. ਸੰਤ ਸਿੰਘ ਸੇਖੋਂ ਪੰਜਾਬੀ ਦੇ ਪ੍ਰਤੀਬੱਧ ਲੇਖਕ ਸਨ। ਆਪ ਦੀ ਗੰਭੀਰ ਬੌਧਿਕਤਾ ਦਾ ਸਵਰ ਤੇ ਸਾਹਿਤ ਪ੍ਰਤੀ ਵਿਸ਼ੇਸ਼ ਦਾਇਤਵ ਦੀ ਭਾਵਨਾ ਉਨ੍ਹਾਂ ਦੀ ਸਾਰੀ ਰਚਨਾ ਵਿਚ ਮੌਜੂਦ ਹੈ। ਜਦੋਂ ਅਸੀਂ ਆਪਣੀ ਐਮ.ਏ. ਸ਼੍ਰੇਣੀ ਦੇ ਪਾਠਕ੍ਰਮ ਨੂੰ ਸੰਪੂਰਨ ਕਰ ਲਿਆ ਤਾਂ ਪਰੀਖਿਆ ਤੋਂ ਪਹਿਲਾਂ ਦੇ ਦੀਖਿਆਂਤ ਭਾਸ਼ਨ ਵਿਚ ਜਿਹੜੀ ਸਿੱਖਿਆ ਆਪ ਨੇ ਸਾਨੂੰ ਦ੍ਰਿੜਾਈ, ਉਹ ਇਹ ਸੀ ਕਿ

(ੳ) ਅਸੀਂ ਆਧੁਨਿਕ ਪੰਜਾਬੀ ਭਾਸ਼ਾ ਦਾ ਨਿਰਮਾਣ ਕਰਨਾ ਹੈ ਤਾਂ ਜੋ ਇਹ ਹਰ ਤਰ੍ਹਾਂ ਨਾਲ ਵਿਕਸਿਤ ਭਾਸ਼ਾ ਬਣ ਸਕੇ।

(ਅ) ਜੋ ਕਾਰਜ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਨਹੀਂ ਸੀ ਹੋ ਸਕਿਆ ਅਰਥਾਤ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਪਰਵਾਨਗੀ ਨਹੀਂ ਸੀ ਮਿਲ ਸਕੀ, ਉਹ ਕਾਰਜ ਅਸੀਂ ਵਰਤਮਾਨ ਸਮੇਂ ਵਿਚ ਨੇਪਰੇ ਚਾੜ੍ਹਨਾ ਹੈ ਅਤੇ ਇਸ ਭਾਸ਼ਾ ਨੂੰ ਇਸ ਦਾ ਬਣਦਾ ਯੋਗ ਸਥਾਨ ਦਿਵਾਉਣ ਵਿਚ ਯਥਾ-ਸ਼ਕਤ ਹਿੱਸਾ ਪਾਉਣਾ ਹੈ।

ਇਹ ਸੀ ਉਹ ਵਚਨਬੱਧਤਾ ਜਿਸ ਦੇ ਲੜ ਆਪ ਨੇ ਸਾਨੂੰ ਲਾਇਆ ਅਤੇ ਮੈਂ ਬਿਨਾਂ ਝਿਜਕ ਵਿਅਕਤੀਗਤ ਰੂਪ ਵਿਚ ਕਹਿ ਸਕਦਾ ਹਾਂ ਕਿ ਅਸੀਂ ਆਪ ਜੀ ਦੇ ਨਿਰਦੇਸ਼ ਅਨੁਸਾਰ ਹੀ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਇਸ ਪਵਿੱਤਰ ਦਾਇਤਵ ਨੂੰ ਨਿਭਾਉਣ ਦਾ ਯਤਨ ਕੀਤਾ ਹੈ।

**ਆਧੁਨਿਕ ਪੰਜਾਬੀ ਸਾਹਿਤ ਦਾ ਯੁਗ ਪਰਿਵਰਤਕ :**

ਜਿਵੇਂ ਪਹਿਲਾਂ ਵੀ ਸੰਕੇਤ ਕੀਤਾ ਜਾ ਚੁਕਾ ਹੈ, ਪ੍ਰੋ. ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦੇ ਯੁਗ ਪਰਿਵਰਤਕ ਹਨ। ਟੀ.ਐਸ.ਏਲੀਅਟ ਦੇ ਮਤ ਅਨੁਸਾਰ, 'ਹਰ ਇਤਿਹਾਸਕ ਕਾਲ ਵਿਚ ਸਾਹਿਤਿਕ ਪਰੰਪਰਾ ਤੇ ਸੰਸਕ੍ਰਿਤੀ ਨਵਾਂ ਰੂਪ ਧਾਰਨ ਕਰਦੀ ਹੈ, ਇਸ ਦਾ ਯੁਗ ਅਨੁਸਾਰ ਨਵਾਂ ਵਿਸਥਾਰ ਹੁੰਦਾ ਹੈ ਅਤੇ ਨਵੇਂ ਆਯਾਮ ਹੋਂਦ ਵਿਚ ਆਉਂਦੇ ਹਨ। ਪਰ ਕਿਸੇ ਸਾਹਿਤਕ



Sri Satguru Jagjit Singh Ji eLibrary NamdhariElibrary@gmail.com

ਕਾਲ ਦੀ ਪਰੰਪਰਾ ਦੀ ਪਛਾਣ ਕਰ ਸਕਣਾ ਅਤੇ ਉਸ ਵਿਚ ਨਵ-ਨਿਰਮਾਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰ ਸਕਣਾ ਕੋਈ ਸਰਲ ਗੱਲ ਨਹੀਂ ਹੁੰਦੀ; ਸਗੋਂ ਕਠਨ ਪ੍ਰੀਸ਼ਰਮ ਤੇ ਘਾਲਣਾ ਪਿਛੋਂ ਹੀ ਇਸ ਦਾ ਹਾਥ ਪ੍ਰਾਪਤ ਹੁੰਦਾ ਹੈ। ਇਸ ਲਈ ਪਦਾਰਥਕ ਸੰਭਾਵਨਾਵਾਂ ਦੀ ਪਛਾਣ ਦੇ ਨਾਲ ਨਾਲ ਵਿਅਕਤੀਗਤ ਦ੍ਰਿਸ਼ਟੀਕੋਣ ਦਾ ਨਿਰਮਾਣ ਕਰ ਸਕਣਾ ਆਵੱਸ਼ਿਅਕ ਹੁੰਦਾ ਹੈ। ਜਿੰਨਾ ਵੀ ਇਹ ਦ੍ਰਿਸ਼ਟੀਕੋਣ ਆਪਣੇ ਯੁਗ ਦੀ ਪ੍ਰਤੀਨਿੱਧਤਾ ਕਰਦਾ ਹੋਵੇਗਾ, ਉਤਨਾ ਹੀ ਵਧੇਰੇ ਉਹ ਲੇਖਕ ਆਪਣੇ ਯੁਗ ਵਿਚ ਪਰਵਾਨ ਚੜ੍ਹ ਸਕੇਗਾ। ਪ੍ਰੋ. ਸੇਖੋਂ ਦੀ ਬੁੱਧੀਮਤਾ ਨੇ ਇਸ ਯੋਗਤਾ ਨੂੰ ਗ੍ਰਹਿਣ ਕਰ ਲਿਆ ਸੀ। ਇਹ ਉਹ ਯੁਗ ਸੀ ਜਦੋਂ ਵਿਸ਼ਵ ਭਰ ਦੀ ਸਾਹਿਤਿਕ ਸੰਸਕ੍ਰਿਤੀ ਵਿਚ ਏਕੀਕਰਨ ਦਾ ਵਰਤਾਰਾ ਘਟ ਰਿਹਾ ਸੀ। ਪੱਛਮੀ ਜਗਤ ਦੀ ਬੌਧਿਕਤਾ ਤੇ ਸਮਾਜਵਾਦੀ ਚਿੰਤਨ ਦੀ ਕ੍ਰਾਤੀਕਾਰੀ ਭਾਵਨਾ ਦੇ ਨਾਲ ਨਾਲ ਏਸ਼ੀਆ ਦੀ ਸਾਮਰਾਜੀ ਦਾਸਤਾ ਵਿਚੋਂ ਉਤਪੰਨ ਹੋਣ ਵਾਲੀ ਵਿਦਰੋਹ-ਭਾਵੀ ਚੇਤਨਤਾ ਜੋ ਭਾਰਤ ਦੇ ਰਾਸ਼ਟਰ ਵਿਆਪੀ ਪੁਨਰ-ਜਾਗਰਨ ਅੰਦੋਲਨ ਦਾ ਰੂਪ ਧਾਰਨ ਕਰ ਰਹੀ ਸੀ, ਆਦਿ ਤੱਤਾਂ ਤੋਂ ਪ੍ਰਭਾਵਿਤ ਹੋ ਕੇ ਇਸ ਚੇਤਨਤਾ ਵਿਚ ਸਮੀਕਰਨ ਕਰ ਸਕਣਾ ਜ਼ਰੂਰੀ ਸੀ। ਪ੍ਰੋ. ਸੰਤ ਸਿੰਘ ਸੇਖੋਂ ਕਿਉਂਜੋ ਪ੍ਰਗਤੀਸ਼ੀਲ ਸਾਹਿਤਿਕ ਚੇਤਨਤਾ ਨਾਲ ਜੁੜ ਗਏ ਅਤੇ ਇਸ ਦਾ ਮੁਖ ਆਧਾਰ ਕਿਉਂ ਜੋ ਮਾਰਕਸਵਾਦੀ ਦਰਸ਼ਨ ਸੀ, ਇਸ ਲਈ ਦਵੰਦਾਤਮਕ-ਭੌਤਿਕਵਾਦ ਅਤੇ ਇਸ ਤੋਂ ਉਤਪੰਨ ਇਤਿਹਾਸਕ-ਪਦਾਰਥਵਾਦ ਦੀ ਸਮਾਜਕ-ਵਿਸ਼ਲੇਸ਼ਣ ਦੀ ਵਿਧੀ-ਵਿਧਾਨ ਨੇ ਉਨ੍ਹਾਂ ਨੂੰ ਇਸ ਖੇਤਰ ਵਿਚ ਪ੍ਰਬੀਨ ਤੇ ਪ੍ਰਤੀਨਿਧ ਪ੍ਰਵਕਤਾ ਬਣਾ ਦਿਤਾ। ਉਨ੍ਹਾਂ ਦੇ ਦ੍ਰਿਸ਼ਟੀਕੋਣ ਦਾ ਮੁਖ ਸਵਰ ਤਾਂ ਮਾਰਕਸਵਾਦੀ-ਵਿਚਾਰਧਾਰਾ ਉਤੇ ਹੀ ਆਧਾਰਿਤ ਸੀ, ਪਰ ਉਨ੍ਹਾਂ ਉਤੇ ਪੱਛਮੀ ਬੌਧਿਕ ਵਿਚਾਰਧਾਰਾ ਅਤੇ ਆਧੁਨਿਕ ਮਨੋਵਿਗਿਆਨਕ ਪ੍ਰਭਾਵਾਂ ਦੀ ਪਕੜ ਵੀ ਘੱਟ ਸ਼ਕਤੀਵਰ ਨਹੀਂ ਸੀ। ਇਸ ਦ੍ਰਿਸ਼ਟੀ ਤੋਂ ਉਨ੍ਹਾਂ ਨੂੰ ਉਦਾਰਚਿਤ ਮਾਰਕਸਵਾਦੀ ਕਿਹਾ ਜਾ ਸਕਦਾ ਹੈ। ਇਥੋਂ ਤਕ ਕਿ ਉਨ੍ਹਾਂ ਦੇ ਵਿਅਕਤੀਗਤ ਅਨੁਭਵ ਵਿਚ ਸਾਮੰਤਯੁਗ ਦੇ ਕਈ ਅੰਸ਼ ਤੇ ਕੱਟੜ ਧਾਰਨਾਵਾਂ ਵੀ ਕਰਮਸ਼ੀਲ ਰਹੀਆਂ ਹਨ। ਫਿਰ ਵੀ ਉਪਰੋਕਤ ਚਿੰਤਨ ਧਾਰਾਵਾਂ ਦਾ ਸਮਾਵੇਸ਼ ਕਰਕੇ ਉਨ੍ਹਾਂ ਨੇ ਜਿਹੜਾ ਮਾਰਗ ਅਪਣਾਇਆ, ਉਹ ਯੁਗ ਅਨੁਕੂਲ ਹੀ ਸੀ ਅਤੇ ਉਨ੍ਹਾਂ ਵਿਚੋਂ ਤਿੰਨ ਪ੍ਰਮੁੱਖ ਦਿਸ਼ਾਵਾਂ ਨੂੰ ਉਨ੍ਹਾਂ ਨੇ ਆਪਣਾ ਨਿਰਧਾਰਿਤ ਲਖ਼ਸ਼ ਬਣਾ ਲਿਆ। ਇਹ ਦਿਸ਼ਾਵਾਂ ਸਨ (ੳ) ਸਾਹਿਤ ਦਾ ਠੋਸ ਪਦਾਰਥਵਾਦੀ ਭੂਮੀ ਤਲ, ਜਿਸ ਦਾ ਸਾਹਿਤਿਕ ਸਰੂਪ ਯਥਾਰਥਵਾਦ ਦਾ ਸੀ। (ਅ) ਦੂਜੀ ਦਿਸ਼ਾ ਯਥਾਰਥ ਨੂੰ ਉਸ ਦੇ ਇਤਿਹਾਸਕ-ਪਦਾਰਥਵਾਦੀ ਭੂਮਿਕਾ ਅਨੁਸਾਰ ਉਸ ਨੂੰ ਕ੍ਰਾਂਤੀਕਾਰੀ ਤੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਵਾਚਣਾ ਸੀ ਜਿਸ ਵਿਚ ਸ਼੍ਰੇਣੀ ਚੇਤਨਤਾ ਅਤੇ ਸ਼੍ਰੇਣੀ-ਸੰਘਰਸ਼ ਦੇ ਅੰਸ਼ ਬਲਵਾਨ ਤੱਤ ਹੁੰਦੇ ਹਨ। (ੲ) ਤੀਜੀ ਦਸ਼ਾ ਪੰਜਾਬ ਦੇ ਇਤਿਹਾਸਕ ਤੇ ਸਭਿਆਚਾਰਕ ਪਿਛੋਕੜ ਦੀ ਪਛਾਣ ਤੇ ਉਸ ਦੀ ਪੁਨਰ-ਵਿਆਖਿਆ ਦੀ ਸੀ, ਜਿਸ ਵਿਚ ਪ੍ਰੋ. ਸੰਤ ਸਿੰਘ ਸੇਖੋਂ ਨੇ ਵਿਸ਼ੇਸ਼ ਭੂਮਿਕਾ ਨੂੰ ਨਿਭਾਇਆ ਹੈ। ਸੁਚੇਤ ਜਾਂ ਨਿਮਨ-ਚੇਤਨਤਾ ਦੀ ਪੱਧਰ ਉਤੇ ਪ੍ਰੋ. ਸੇਖੋਂ ਦੇ ਦ੍ਰਿਸ਼ਟੀਕੋਣ ਦਾ



Sri Satguru Jagjit Singh Ji eLibrary NamdhariElibrary@gmail.com

ਵਿਸ਼ਾ-ਖੇਤਰ ਇਨ੍ਹਾਂ ਨੁਕਤਿਆਂ ਦੇ ਅੰਤਰਗਤ ਹੀ ਵਿਆਪਕ ਰਿਹਾ ਹੈ। ਪਰ ਉਨ੍ਹਾਂ ਦੇ ਇਸ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਪੰਜਾਬੀ ਸਾਹਿਤ ਦੀ ਸਮੁਚੀ ਪਰੰਪਰਾ ਨੂੰ ਯੋਗ ਸੇਧ ਤੇ ਅਗਵਾਈ ਅਵਸ਼ ਹੀ ਮਿਲਦੀ ਰਹੀ ਹੈ। ਸਾਮਿਕ ਸੰਭਾਵਨਾਵਾਂ ਨੇ ਰਾਸ਼ਟਰ-ਵਿਆਪੀ ਤੇ ਪੰਜਾਬੀ ਦੇ ਸਾਹਿਤਿਕ-ਮੰਡਲਾਂ ਦੇ ਅਨੇਕ ਲੇਖਕਾਂ ਨੂੰ ਉਨ੍ਹਾਂ ਦੀ ਇਸ ਚਿੰਤਨ-ਧਾਰਾ ਨਾਲ ਜੋੜਿਆ ਹੈ। ਦੂਜੇ ਆਪ ਦੇ ਵਿਅਕਤੀਤਵ ਵਿਚ ਸਮਾਜਕ ਕਰਮਾਂ ਨਾਲ ਜੁੜੇ ਰਹਿਣ ਦੀ ਚੇਸ਼ਟਾ ਨੇ ਆਪ ਜੀ ਨੂੰ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਵਿਸ਼ੇਸ਼ ਕਰਕੇ 'ਕੇਂਦਰੀ ਲੇਖਕ ਸਭਾ' ਵਰਗੀ ਪ੍ਰਮੁੱਖ ਸੰਸਥਾ ਦੇ ਨੇਤਾ ਵਜੋਂ ਅਗੇ ਲੈ ਆਂਦਾ। ਜਿਸ ਦੇ ਫਲਸਰੂਪ ਬਹੁਤ ਸਾਰੇ ਪੰਜਾਬੀ ਲੇਖਕਾਂ ਨੇ ਆਪ ਦੇ ਬੋਧ-ਬਿਰਛ ਦੀ ਸੁਖਾਵੀਂ ਛਾਂ ਨੂੰ ਮਾਣਿਆ ਹੈ ਅਤੇ ਉਸ ਦੀ ਸਹਿਜ-ਸ਼ਾਂਤੀ ਵਿਚੋਂ ਆਪਣੇ ਪ੍ਰਗਤੀਸ਼ੀਲ ਮਾਰਗ ਦੀ ਸੋਝੀ ਪ੍ਰਾਪਤ ਕੀਤੀ ਹੈ। ਪ੍ਰੋ. ਸੰਤ ਸਿੰਘ ਸੇਖੋਂ ਦੇ ਚਿੰਤਨ ਦੀ ਇਕ ਹੋਰ ਵੱਡੀ ਵਿਸ਼ੇਸ਼ਤਾ ਉਸ ਦਾ ਲਚਕਦਾਰ ਤੇ ਉਦਾਰਭਾਵੀ ਹੋਣਾ ਸੀ, ਜਿਸ ਕਾਰਨ ਉਹ ਪੱਕੇ-ਪੀਢੇ ਸਵੈਗਤ ਅਭਿਮਾਨ ਤੋਂ ਲਗਭਗ ਬਚੇ ਹੀ ਰਹੇ ਹਨ। 'ਸਾਹਿਤਯਾਰਥ' ਵਰਗੀ ਪ੍ਰਮੁਖ ਸਿਧਾਂਤਕ ਸਮਾਲੋਚਨਾ ਦੀ ਪੁਸਤਕ ਵਿਚ ਵੀ ਉਨ੍ਹਾਂ ਦਾ ਆਧਾਰ-ਭੂਤ ਦ੍ਰਿਸ਼ਟੀਕੋਣ ਭਾਵੇਂ ਮਾਰਕਸਵਾਦੀ ਹੈ, ਪਰ ਉਸ ਦੀ ਵਿਆਖਿਆ ਵਿਧੀ ਵਿਚ ਉਹ ਬੜੇ ਉਦਾਰਚਿਤ ਤੇ ਵਿਅਕਤੀਗਤ ਮੌਲਿਕਤਾ ਦਾ ਵੀ ਪਰਿਚੈ ਦਿੰਦੇ ਹਨ। ਇਸ ਉਦਾਰਤਾ ਦੇ ਵਿਸ਼ੇਸ਼ ਗੁਣ ਨੇ ਹੀ ਉਨ੍ਹਾਂ ਨੂੰ ਪੰਜਾਬੀ ਦੇ ਬੌਧਿਕ ਪ੍ਰਗਤੀਸ਼ੀਲ ਖੇਤਰਾਂ ਤੇ ਜਨ-ਸਮੂਹ ਵਿਚ ਲੋਕ-ਪ੍ਰਿਯਤਾ ਦਿਤੀ ਹੈ। ਪਰ ਗਿਆਤ ਤੇ ਅਗਿਆਤ ਰੂਪ ਵਿਚ ਸੇਖੋਂ-ਚਿੰਤਨ ਨੇ ਜਿਸ ਸਾਰਥਕ ਭੂਮਿਕਾ ਨੂੰ ਨਿਭਾਇਆ ਹੈ, ਉਹ ਅਵਸ਼ ਹੀ ਆਪਣੇ ਕਾਲ ਦਾ ਇਤਿਹਾਸਕ ਗੌਰਵ ਬਣ ਗਈ ਹੈ ਅਤੇ ਇਸ ਨੂੰ ਉਨ੍ਹਾਂ ਦੇ ਯੁੱਗ ਦੀ ਪ੍ਰਤੀਨਿਧ ਸਾਹਿਤਿਕ ਵਿਚਾਰਧਾਰਾ ਹੀ ਕਿਹਾ ਜਾ ਸਕਦਾ ਹੈ।

**ਪ੍ਰਤਿਭਾ ਦਾ ਸਰਬਾਂਗੀ ਪਾਸਾਰ:**

ਵਿਅਕਤੀਗਤ ਰੂਪ ਵਿਚ ਪ੍ਰੋ. ਸੰਤ ਸਿੰਘ ਸੇਖੋਂ ਵਿਸ਼ਿਸ਼ਟ ਪ੍ਰਤਿਭਾ ਦੇ ਸੁਵਾਮੀ ਹਨ। ਪ੍ਰਤਿਭਾ ਦੀ ਪਛਾਣ ਉਨ੍ਹਾਂ ਦੀ ਅਨੁਭਵੀ ਸੂਖਮਤਾ ਤੇ ਬੌਧਿਕ ਪ੍ਰਪੱਕਤਾ ਦੁਆਰਾ ਹੁੰਦੀ ਹੈ। ਇਸ ਦੀ ਅਭਿਵਿਅਕਤੀ ਅਨੇਕ ਰੂਪਾਂ ਵਿਚ ਪ੍ਰਗਟ ਹੋਈ ਹੈ। ਪ੍ਰੋ. ਸੇਖੋਂ ਦੀ ਸਾਹਿਤਿਕ ਪ੍ਰਤਿਭਾ ਨੇ ਵੀ ਬਹੁ-ਮੁਖੀ ਪਾਸਾਰ ਗ੍ਰਹਿਣ ਕੀਤੇ ਹਨ। ਪਰ ਇਸ ਦੀ ਵੱਡੀ ਪਛਾਣ ਇਹ ਹੈ ਕਿ ਭਾਵੇਂ ਉਨ੍ਹਾਂ ਨੇ ਕਈ ਸਾਹਿਤਿਕ ਰੂਪ, ਕਵਿਤਾ, ਨਾਟਕ, ਗਲਪ, ਸਮਾਲੋਚਨਾ ਅਤੇ ਗਦ ਆਦਿ ਦੇ ਅਪਣਾਏ ਹਨ, ਪਰ ਇਨ੍ਹਾਂ ਸਭ ਵਿਚ ਉਨ੍ਹਾਂ ਦੇ ਸਾਹਿਤਿਕ ਵਿਅਕਤੀਤਵ ਦੀ ਪਛਾਣ ਕਰ ਸਕਣਾ ਅਤੇ ਇਨ੍ਹਾਂ ਸਭ ਵਿਚ ਵਿਆਪਕ ਸਾਂਝੇ ਗੁਣਾਂ ਨੂੰ ਜਾਣ ਸਕਣਾ ਉਨ੍ਹਾਂ ਦੇ ਵਿਅਕਤੀਤਵ ਦੇ ਉਸ ਏਕਾਤਮਕ ਸਰੂਪ ਵੱਲ ਸੰਕੇਤ ਕਰਦਾ ਹੈ, ਜੋ ਬੜਾ ਠੋਸ ਤੇ ਵਿਸ਼ਿਸ਼ਟ ਹੈ। ਆਦਰਸ਼ਵਾਦੀ ਸਾਹਿਤਿਕ ਪ੍ਰਵਿਰਤੀ ਦੀ ਉਪਭਾਵੁਕਤਾ ਦਾ ਤਿਆਗ ਕਰਕੇ ਉਨ੍ਹਾਂ ਨੇ ਯਥਾਰਥ ਮੁਖੀ ਧਰਾਤਲ ਉਤੇ ਬੌਧਿਕਤਾ ਤੇ ਵਿਵੇਕਸ਼ੀਲ ਚਿੰਤਨ ਦਾ ਨਿਰਮਾਣ ਕੀਤਾ ਹੈ। ਉਨ੍ਹਾਂ ਦੀਆਂ ਸਾਹਿਤਿਕ ਰਚਨਾਵਾਂ, ਗਲਪ, ਨਾਟਕ ਅਤੇ ਇਥੋਂ ਤਕ ਸ੍ਵੈ-ਜੀਵਨੀ ਦੀ ਤਲ



Sri Satguru Jagjit Singh Ji eLibrary NamdhariElibrary@gmail.com

ਭੂਮੀ ਠੋਸ ਪਦਾਰਥਵਾਦੀ ਵਾਸਤਵਿਕਤਾ ਉਤੇ ਨਿਰਮਿਤ ਹੋਈ ਹੈ। ਆਦਾਰਸ਼ਵਾਦ ਤੋਂ ਯਥਾਰਥਵਾਦ ਵਲ ਮੋੜ ਤਾਂ ਸੇਖੋਂ ਯੁਗ ਦਾ ਵਿਸ਼ੇਸ਼ ਸਾਹਿਤਿਕ ਵਰਤਾਰਾ ਸੀ। ਪਰ ਪ੍ਰੋ. ਸੇਖੋਂ ਨੇ ਇਸ ਯਥਾਰਥਵਾਦ ਵਿਚ ਸਮਾਜਵਾਦੀ-ਚਿੰਤਨ ਦੀ ਆਦਰਸ਼ਮੁਖੀ ਝਾਲ ਨੂੰ ਯਥਾਰਥਵਾਦ ਨਾਲ ਜੋੜ ਕੇ ਆਪਣੀ ਰਚਨਾ ਨੂੰ ਆਦਰਸ਼ਮੁਖੀ ਸੇਧ ਵੀ ਪ੍ਰਦਾਨ ਕੀਤੀ। ਪੰਜਾਬ ਦੇ ਅਰਥਚਾਰੇ ਦੀ ਡੂੰਘੀ ਘੋਖ, ਸਮਾਜਕ ਵਿਸ਼ਲੇਸ਼ਨ ਤੇ ਸ਼੍ਰੇਣਿਕ ਚਰਿਤਰ ਦੀ ਪਛਾਣ ਬਹੁਤੀ ਵਾਰੀ ਸਾਂਸਕ੍ਰਿਤਕ ਆਧਾਰਾਂ ਉਤੇ ਵੀ ਹੁੰਦੀ ਹੈ। ਇੰਜ ਪ੍ਰੋ. ਸੇਖੋਂ ਨੇ ਯਥਾਰਥਕਤਾ ਦੀ ਸਾਧਾਰਨਤਾ ਵਿਚੋਂ ਅਸਧਾਰਨਤਾ ਦੀ ਪਛਾਣ ਕਰਵਾਈ ਹੈ, ਭਾਵੇਂ ਉਹ ਕਿਸੇ ਘਟਨਾ ਦਾ ਸੱਚ ਹੋਵੇ, ਕਿਸੇ ਪਾਤਰ ਦਾ ਵਿਸ਼ੇਸ਼ ਚਰਿਤਰ ਜਾਂ ਕਿਸੇ ਵਿਅਕਤੀ ਦੀ ਮਾਨਸਿਕਤਾ ਦੀ ਕੋਈ ਕਾਤਰ। ਇਹ ਤੱਥ ਪ੍ਰਗਟ ਤੇ ਪ੍ਰਤੱਖ ਸੱਚ ਦੇ ਰੂਪ ਵਿਚ 1940 ਦੇ ਦਹਾਕੇ ਵਾਲੀਆਂ ਉਨ੍ਹਾਂ ਦੀਆਂ ਸਾਹਿਤਿਕ ਰਚਨਾਵਾਂ ਯਥਾ 'ਛੇ ਘਰ' ਇਕਾਂਗੀ ਸੰਗ੍ਰਹਿ, 'ਸਮਾਚਾਰ' ਦੀਆਂ ਕਹਾਣੀਆਂ ਅਤੇ 'ਕਲਾਕਾਰ' ਵਰਗੇ ਉਤਕ੍ਰਿਸ਼ਟ ਨਾਟਕ ਅਰਥਾਤ ਉਨ੍ਹਾਂ ਦੀਆਂ ਪਹਿਲ-ਪਲੇਠੀ ਦੀਆਂ ਰਚਨਾਵਾਂ ਵਿਚੋਂ ਵੇਖੇ ਜਾ ਸਕਦੇ ਹਨ। ਇਨ੍ਹਾਂ ਤੋਂ ਅਗੇ ਤਾਂ ਇਨ੍ਹਾਂ ਪ੍ਰਮੁਖ ਤੱਤਾਂ ਦੇ ਵਿਕਾਸ ਤੇ ਵਿਸਥਾਰ ਦੀ ਗਾਥਾ ਹੀ ਉਨ੍ਹਾਂ ਦੀ ਸਾਹਿਤਿਕ ਸ੍ਰਿਸ਼ਟੀ ਵਿਚੋਂ ਨਿਰਖੀ-ਪਰਖੀ ਜਾ ਸਕਦੀ ਹੈ। 'ਸਮਾਚਾਰ' ਦੀਆਂ ਕਹਾਣੀਆਂ ਵਿਚੋਂ, 'ਪੇਮੀ ਦੇ ਨਿਆਣੇ', 'ਸ਼ਾਮ ਲਾਲ ਵੇਦਾਂਤੀ' ਅਤੇ 'ਅਣਜੰਮੇ', 'ਛੇ ਘਰ' ਦੇ ਇਕਾਂਗੀ 'ਮਹਾਤਮਾ', 'ਹੜਤਾਲ', 'ਇਕ ਐਤਵਾਰ' ਤੇ ਅੰਤਮ ਕਾਵਿ-ਨਾਟਕ 'ਬਾਬਾ ਬੋਹੜ' ਅਤੇ ਪੂਰਾ ਨਾਟਕ 'ਕਲਾਕਾਰ' ਤਾਂ 1947 ਤੋਂ ਪਹਿਲਾਂ ਦੇ ਪੰਜਾਬੀ ਸਾਹਿਤ ਦੀਆਂ ਕਲਾਸਕੀ ਪ੍ਰਸਿਧੀ ਵਾਲੀਆਂ ਰਚਨਾਵਾਂ ਹੀ ਹਨ। ਨਾਟਕ 'ਕਲਾਕਾਰ' ਦਾ ਸਥਾਨ ਤਾਂ ਨਿਸ਼ਚੇ ਹੀ ਆਧੁਨਿਕ ਕਲਾਸਕੀ ਰਚਨਾ ਵਾਲਾ ਹੈ, ਜਿਸ ਬਾਰੇ ਬਹੁਤ ਕੁਝ ਲਿਖਿਆ ਜਾ ਚੁਕਾ ਹੈ ਅਤੇ ਬਹੁਤ ਕੁਝ ਅਗੇ ਵੀ ਲਿਖਿਆ ਜਾਵੇਗਾ। ਨਾਟਕ 'ਕਲਾਕਾਰ' ਵਿਚੋਂ ਪ੍ਰੋ. ਸੇਖੋਂ ਦੀ ਸਾਹਿਤਿਕ ਪ੍ਰਤਿਭਾ ਦੇ ਦਰਸ਼ਨ ਸਹਿਜ-ਰੂਪ ਵਿਚ ਹੀ ਹੋ ਜਾਂਦੇ ਹਨ। ਇਸ ਦਾ ਸੰਜਮ ਤੇ ਸੁਹਜ, ਇਸ ਦਾ ਸੰਘਣਾਪਨ, ਇਸ ਦੀ ਸੋਚ-ਜਗਾਊ ਸੂਝ, ਉਪਭਾਵੁਕਤਾ ਰਹਿਤ ਭਾਵੁਕਤਾ, ਇਸ ਦੇ ਵਿਸ਼ੇ-ਵਸਤੂ ਦੀ ਸੂਖਮਤਾ, ਮਿਥਿਹਾਸ ਦੇ ਅਤੀਤ ਨਾਲ ਸਾਮਿਅਕ ਚੇਤਨਤਾ ਦੀ ਇਕਸੁਰਤਾ ਅਤੇ ਇਸ ਵਿਚ ਵਰਤੀ ਗਈ ਭਾਸ਼ਾ ਦੀ ਸੂਖਮ ਆਦਰਸ਼ਮੁਖਤਾ ਸਰਬ ਸਮਿਆਂ ਲਈ ਪੰਜਾਬੀ ਸਾਹਿਤ ਸਿਰਜਣਾ ਦਾ ਉਤਮ ਮਾਡਲ ਹੈ। ਇਸੇ ਤਰ੍ਹਾਂ 'ਬਾਬਾ ਬੋਹੜ' ਨਾਂ ਦੇ ਕਾਵਿ-ਨਾਟਕ ਵਿਚ ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਦੇ ਪੁਨਰ-ਮੁਲਾਂਕਣ ਦਾ ਜੋ ਪ੍ਰਾਰੰਭਿਕ ਯਤਨ ਪ੍ਰੋ. ਸੇਖੋਂ ਨੇ ਕੀਤਾ, ਉਹ ਉਨ੍ਹਾਂ ਦੇ ਅਗਾਮੀ ਇਤਿਹਾਸਕ ਨਾਟਕਾਂ ਦੀ ਲੜੀ ਵਿਚ ਸੁਵਿਕਸਿਤ ਰੂਪ ਵਿਚ ਫਲੀਭੂਤ ਹੋਇਆ ਵੇਖਿਆ ਜਾ ਸਕਦਾ ਹੈ।

**ਆਦਰਸ਼ ਤੇ ਯਥਾਰਥ:**

ਆਦਰਸ਼ ਤੇ ਯਥਾਰਥ ਆਦਿ ਕਾਲ ਤੋਂ ਹੀ ਹਰ ਕਲਾਤਮਿਕ ਰਚਨਾ ਦੇ ਅੰਸ਼ ਰਹੇ ਹਨ। ਸਾਹਿਤਕਾਰ ਤੇ ਕਵੀ ਆਪਣੇ ਚੌਗਿਰਦੇ ਦੇ ਯਥਾਰਥ ਵਿਚ ਵਿਚਰਦਾ ਉਸ ਤੋਂ ਪ੍ਰਭਾਵਿਤ



Sri Satguru Jagjit Singh Ji eLibrary NamdhariElibrary@gmail.com

ਹੁੰਦਾ ਅਤੇ ਉਸੇ ਨੂੰ ਪ੍ਰਤੀਬਿੰਬਤ ਕਰਦਾ ਹੋਇਆ, ਉਸ ਦੇ ਪ੍ਰਤੀਕਰਮਾਂ ਸਹਿਤ ਆਪਣੀ ਰਚਨਾ ਨੂੰ ਅੰਗਦਾ ਤੇ ਸੰਵਾਰਦਾ ਹੈ। ਕਈ ਵਾਰ ਤਾਂ ਸਾਹਿਤਿਕ ਰਚਨਾ ਵਿਚਲੇ ਯਥਾਰਥ ਦੀਆਂ ਹੇਠਲੀਆਂ ਪਰਤਾਂ ਵਿਚ ਆਦਰਸ਼ ਦਾ ਮਿਸ਼ਰਣ ਅਚੇਤ ਰੂਪ ਵਿਚ ਹੀ ਇਸ ਤਰ੍ਹਾਂ ਲੁਪਤ ਹੁੰਦਾ ਹੈ ਕਿ ਪ੍ਰਤੱਖ ਰੂਪ ਵਿਚ ਜੇ ਘੋਖਵੀਂ ਅੱਖ ਨਾ ਹੋਵੇ, ਤਾਂ ਉਸ ਦੀ ਪਛਾਣ ਕਰ ਸਕਣਾ ਕਠਨ ਗੱਲ ਬਣ ਜਾਂਦੀ ਹੈ। ਪ੍ਰੋ. ਸੇਖੋਂ ਦਾ ਆਪਣਾ ਮਤ ਵੀ ਯਥਾਰਥ ਬਾਰੇ ਕੁਝ ਅਜਿਹਾ ਹੀ ਸੀ। ਇਕ ਤਾਂ ਉਹ ਮਾਰਕਸ ਦੇ ਇਤਿਹਾਸਕ-ਪਦਾਰਥਵਾਦ ਤੋਂ ਪ੍ਰਭਾਵਿਤ ਸੀ ਅਤੇ ਦੂਜਾ ਇਹ ਵੀ ਉਨ੍ਹਾਂ ਦਾ ਪ੍ਰਪੱਕ ਦ੍ਰਿਸ਼ਟੀਕੋਣ ਸੀ ਕਿ ਸਾਹਿਤ ਦੇ ਯਥਾਰਥ ਵਿਚੋਂ ਜੇ ਸਾਨੂੰ ਕੋਈ ਆਦਰਸ਼ਕ ਤੱਤ ਪ੍ਰਾਪਤ ਨਹੀਂ ਹੋਣਾ ਤਾਂ ਸਾਨੂੰ ਅਜਿਹੇ ਸਾਹਿਤ ਦਾ ਕੀ ਲਾਭ ਹੋ ਸਕਦਾ ਹੈ ? ਅੰਤਿਮ ਰੂਪ ਵਿਚ ਤਾਂ ਸਾਹਿਤ ਤੇ ਕਲਾ ਸਮਾਜਕ ਤੇ ਮਾਨਵੀ ਕਦਰਾਂ-ਕੀਮਤਾਂ ਦੀ ਵਿਰਧੀ ਦੇ ਹੀ ਪਰਚਾਇਕ ਤੇ ਲਖਾਇਕ ਹੁੰਦੇ ਹਨ, ਤਾਂ ਜੋ ਸਾਹਿਤ ਤੇ ਕਲਾ ਦੇ ਪਠਨ-ਪਾਠਨ ਤੇ ਅਧਿਐਨ ਤੋਂ ਮਨੁੱਖੀ ਸਮਾਜ ਤੇ ਪਾਠਕ ਵਰਗ ਕਿਸੇ ਸੇਧ ਨੂੰ ਪ੍ਰਾਪਤ ਕਰ ਸਕੇ। ਇਸ ਨੂੰ ਨੈਤਿਕਤਾ ਦਾ ਨਾਮ ਦੇ ਦਿਉ ਜਾਂ ਕਿਸੇ ਹੋਰ ਪ੍ਰਤੀਮਾਨ ਦਾ, ਇਸ ਤੋਂ ਬਿਨਾਂ ਕਿਸੇ ਵੀ ਸਾਹਿਤਿਕ ਰਚਨਾ ਦੀ ਸਾਰਥਿਕਤਾ ਦੀ ਸਿਧੀ ਹੋ ਹੀ ਨਹੀਂ ਸਕਦੀ। ਪ੍ਰੋ. ਸੇਖੋਂ ਦੀ ਪ੍ਰਤੱਖ ਰੂਪ ਵਿਚ ਰਚੀ ਗਈ ਪੂਰਨ-ਭਾਂਤ ਦੀ ਯਥਾਰਥਵਾਦੀ ਰਚਨਾ ਦੀਆਂ ਹੇਠਲੀਆਂ ਤੈਹਾਂ ਵਿਚ ਜ਼ਰੂਰ ਕੋਈ ਸੂਖਮ ਤੱਤ ਤੇ ਵਡਮੁੱਲਾ ਪ੍ਰੇਰਨਾਦਾਇਕ ਨੁਕਤਾ ਲੁਕਿਆ ਹੁੰਦਾ ਹੈ। ਨਾਵਲ 'ਲਹੂ ਮਿੱਟੀ' ਨੂੰ ਹੀ ਲੈ ਲਓ। ਜਿਸ ਵਿਚ ਆਪ ਦੀ ਸਵੈ-ਜੀਵਨੀ ਦੀ ਝਲਕ ਕਲਪਿਤ ਯਥਾਰਥ ਦੇ ਰੂਪ ਵਿਚ ਦਿਖਾਈ ਦਿੰਦੀ ਹੈ। ਇਹ ਯਥਾਰਥ ਸਥੂਲ ਰੂਪ ਦਾ ਗਤੀ ਰਹਿਤ ਨਹੀਂ, ਸਗੋਂ ਇਸ ਵਿਚ ਜੀਵਨ ਦੀ ਵਿਕਾਸਧਾਰਾ ਦੇ ਗਤੀਮਾਨ ਅੰਸ਼ਾਂ ਨੂੰ ਲਭਿਆ ਜਾ ਸਕਦਾ ਹੈ। 'ਲਹੂ ਮਿੱਟੀ' ਦੇ ਯਥਾਰਥ ਦਾ ਪਾਸਾਰ ਸਾਮੰਤਵਾਦੀ ਯੁਗ ਦੀ ਕੁੱਖ ਵਿਚੋਂ ਬਦਲ ਰਹੇ ਸਮਾਜਕ ਤੇ ਪਦਾਰਥਕ ਵਰਤਾਰੇ ਦਾ ਘਟਨਾ-ਕ੍ਰਮ ਹੈ, ਜਿਸ ਵਿਚ ਪੂੰਜੀਵਾਦੀ ਸਮਾਜਕ ਵਿਵਸਥਾ ਦੇ ਆਗਮਨ ਨਾਲ ਕਿਰਸਾਨੀ ਮੱਧ-ਸ਼੍ਰੇਣੀ ਦੇ ਸਾਮੰਤਵਾਦੀ ਦ੍ਰਿਸ਼ਟੀਕੋਣ ਵਿਚ ਸ਼ਹਿਰੀ ਮੱਧ-ਸ਼੍ਰੇਣੀ ਵਾਲੀ ਵਿਅਕਤੀਵਾਦੀ ਦ੍ਰਿਸ਼ਟੀ ਦਾ ਪ੍ਰਵੇਸ਼ ਹੋ ਰਿਹਾ ਹੈ। ਅੰਤਰ ਰਾਸ਼ਟਰੀ ਬੌਧਿਕ ਚੇਤਨਤਾ ਵੀ ਉਸ ਤੋਂ ਪ੍ਰੋਖੇ ਨਹੀਂ ਹੈ। ਇਹੋ ਗੱਲ ਉਨ੍ਹਾਂ ਦੀਆਂ ਕਹਾਣੀਆਂ ਦੀ ਪਦਾਰਥਕ ਵਾਸਤਵਿਕਤਾ ਤੇ ਭਾਵਨਾਮੂਲਕ ਯਥਾਰਥਿਕਤਾ ਵਿਚੋਂ ਤੱਕੀ ਜਾ ਸਕਦੀ ਹੈ। ਉਨ੍ਹਾਂ ਦੇ ਪਾਤਰਾਂ ਦੀਆਂ ਵਿਅਕਤੀਗਤ ਪਰਵਿਰਤੀਆਂ ਵੀ ਕਿਸੇ ਸਮਾਜਕ ਚੌਖਟੇ ਤੇ ਵਿਆਪਕ ਵਾਤਾਵਰਨ ਦੀ ਦੇਣ ਹਨ। ਇਹ ਜੀਵਨ ਦੀ ਸਮੁਚੀ ਗ਼ਤੀਸ਼ੀਲ ਵਿਚਾਰਧਾਰਾ ਤੋਂ ਟੁੱਟੇ ਤੇ ਵਿਛੁੰਨੇ ਹੋਏ ਨਹੀਂ, ਸਗੋਂ ਉਨ੍ਹਾਂ ਦਾ ਹੀ ਇਕ ਭਾਗ ਹਨ। ਇਸ ਯਥਾਰਥ ਦੇ ਪਿਛੋਕੜ ਵਿਚ ਕਰਮਸ਼ੀਲ ਸਮਾਜਕ ਵਿਵਸਥਾ ਤੇ ਆਰਥਕ ਰਾਜਨੀਤਕ, ਧਾਰਮਕ, ਸਭਿਆਚਾਰਕ ਪੱਧਤੀਆਂ ਦਾ ਸੰਯੁਕਤ-ਤੰਤਰ ਕਾਰਜ ਕਰ ਰਿਹਾ ਹੈ। ਇਹੋ ਹੀ ਪ੍ਰੋ. ਸੰਤ ਸਿੰਘ ਸੇਖੋਂ ਦੇ ਯਥਾਰਥਵਾਦੀ ਸਾਹਿਤ ਭਾਵੇਂ ਉਹ ਗਲਪ ਹੋਂਵੇ ਜਾਂ ਨਾਟਕ, ਇਤਿਹਾਸਕ ਵਿਸ਼ੇ-ਵਸਤੂ ਨਾਲ ਸੰਬੰਧਿਤ ਹੋਵੇ ਜਾਂ ਸਮਕਾਲੀ



Sri Satguru Jagjit Singh Ji eLibrary NamdhariElibrary@gmail.com

ਜੀਵਨ ਦੀ ਕਿਸੇ ਪ੍ਰਸਥਿਤੀ ਤੇ ਘਟਨਾ-ਕ੍ਰਮ ਨਾਲ; ਇਸ ਵਿਚੋਂ ਉਨ੍ਹਾਂ ਦੀ ਬੌਧਿਕ ਦ੍ਰਿਸ਼ਟੀ ਦੀ ਆਦਰਸ਼ਮੁਖੀ ਭੂਮਿਕਾ ਨੂੰ ਸਾਕਾਰ ਹੁੰਦਾ ਵੇਖਿਆ ਜਾ ਸਕਦਾ ਹੈ। ਇਕ ਉਚੇਰੀ ਪ੍ਰਕਾਰ ਦਾ ਬੌਧਿਕ ਸੰਜਮ ਤੇ ਵਿਵੇਕ ਉਨ੍ਹਾਂ ਦੀ ਸਾਰੀ ਰਚਨਾ ਵਿਚ ਮੌਜੂਦ ਹੈ। ਉਨ੍ਹਾਂ ਦੀ ਉਚੇਰੀ ਬੌਧਿਕਤਾ ਸੂਖਮਭਾਵੀ, ਬੁਧੀਵਾਨ ਪਾਠਕਾਂ ਦੀ ਮੰਗ ਕਰਦੀ ਹੈ। ਇਸੇ ਕਰਕੇ ਜਨ-ਸਾਧਾਰਨ ਨੂੰ ਪ੍ਰੋ. ਸੇਖੋਂ ਦੀ ਰਚਨਾ ਕੁਝ ਕਠਿਨ ਪ੍ਰਤੀਤ ਹੁੰਦੀ ਹੈ। ਪਰ ਵਿਵੇਕਸ਼ੀਲ ਬੁਧੀਵਾਨ ਪਾਠਕ ਲਈ ਇਹ ਇਕ ਵਿਸ਼ਿਸ਼ਟ ਸੁਹਜ-ਸੁਆਦ ਪ੍ਰਦਾਨ ਕਰਨ ਵਾਲੀ ਸੋਚ-ਜਗਾਊ ਤੇ ਪ੍ਰੇਰਨਾਸ਼ੀਲ ਰਚਨਾ ਹੁੰਦੀ ਹੈ।

ਆਧੁਨਿਕ ਪੰਜਾਬੀ ਸਾਹਿਤ ਦੇ ਨਵ-ਨਿਰਮਾਨ ਵਿਚ ਪ੍ਰੋ. ਸੇਖੋਂ ਤੇ ਉਨ੍ਹਾਂ ਦੀ ਪੀੜ੍ਹੀ ਦਾ ਬਹੁਤ ਵੱਡਾ ਯੋਗਦਾਨ ਹੈ। ਆਰੰਭ ਵਿਚ ਇਹ ਪੱਛਮੀ ਸਾਹਿਤ ਦੀਆਂ ਪਰੰਪਰਾਵਾਂ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸਾਹਮਣੇ ਪੱਛਮੀ ਸਾਹਿਤ ਦੇ ਹੀ ਵਿਕਸਿਤ ਤੇ ਪ੍ਰਵਾਨਿਤ ਮਾਡਲ ਸਨ। ਉਨ੍ਹਾਂ ਵਿਚੋਂ ਹੀ ਪ੍ਰੋ. ਸੇਖੋਂ ਵਰਗੇ ਲੇਖਕਾਂ ਨੇ ਆਪਣੀ ਸਾਹਿਤਿਕ ਰਚਨਾ ਲਈ ਵਿਸ਼ੇਸ਼ ਚੋਣ ਕਰਨੀ ਸੀ। ਪ੍ਰੋ. ਸੇਖੋਂ ਦੀ ਇਹ ਚੋਣ ਯੁਗ ਅਨੁਕੂਲ ਸੀ ਤੇ ਪੰਜਾਬੀ ਸਾਹਿਤ ਦੀ ਸਮੁਚੀ ਪਰੰਪਰਾ ਨੂੰ ਯਥਾਰਥਮੁਖੀ ਬਣਾਉਣ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਪਰ ਪ੍ਰਗਤੀਸ਼ੀਲ-ਚਿੰਤਨ ਤੇ ਸਮਾਜਵਾਦੀ ਜੀਵਨ ਲਖ਼ਸ਼ਾਂ ਨੇ ਅਵੱਸ਼ ਹੀ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਮਾਜਵਾਦੀ ਵਿਚਾਰਧਾਰਾ ਦਾ ਸਮਾਵੇਸ਼ ਕੀਤਾ। 'ਕਾਮੇ ਤੇ ਯੋਧੇ' ਸੰਗ੍ਰਹਿ ਦੀਆਂ ਕਹਾਣੀਆਂ ਸਮਾਨ ਉਨ੍ਹਾਂ ਨੇ ਸਾਧਾਰਨ ਭਾਂਤ ਦੇ ਕਿਰਤੀ-ਕਾਮਿਆਂ, ਵਿਦਿਆਰਥੀਆਂ ਤੇ ਮਧ-ਸ਼੍ਰੇਣੀ ਦੇ ਵਿਅਕਤੀਆਂ ਨੂੰ ਉਨ੍ਹਾਂ ਦੇ ਸ਼੍ਰੇਣਿਕ ਪ੍ਰਸੰਗ ਅਨੁਸਾਰ ਹੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਯਥਾਰਥ ਉਤੇ ਉਨ੍ਹਾਂ ਦਾ ਵਿਸ਼ੇਸ਼ ਬੌਧਿਕ ਦ੍ਰਿਸ਼ਟੀਕੋਣ ਅੰਕਿਤ ਹੈ।

ਇਕ ਹੋਰ ਪੱਖ ਤੋਂ ਵੀ ਉਨ੍ਹਾਂ ਦੀ ਰਚਨਾ ਵਿਚ ਵਿਸ਼ੇਸ਼ ਆਦਰਸ਼ ਦੀ ਝਲਕ ਵੇਖੀ ਜਾ ਸਕਦੀ ਹੈ, ਉਹ ਹੈ ਉਨ੍ਹਾਂ ਦੀ ਭਾਸ਼ਾ ਸ਼ੈਲੀ। ਭਾਵੇਂ ਉਨ੍ਹਾਂ ਨੇ 'ਸਿਆਲਾਂ ਦੀ ਨੱਢੀ' ਅਤੇ ਹੋਰ ਕਈ ਰਚਨਾਵਾਂ ਵਿਚ ਉਪਭਾਸ਼ਾ ਦੀ ਵਰਤੋਂ ਕੀਤੀ ਹੈ, ਪਰ ਉਹ ਕੇਵਲ ਪਾਤਰਾਂ ਦੇ ਸੰਬਾਦਾਂ ਤਕ ਹੀ ਸੀਮਿਤ ਹੈ। ਸਮਾਲੋਚਨਾ ਤੇ ਆਪਣੀ ਵਰਣਨ ਵਿਧੀ ਆਪਣੇ ਸਦਾ ਮਿਆਰੀ, ਟਕਸਾਲੀ ਤੇ ਉਚ-ਗੁਣਾ ਵਾਲੀ ਸਾਹਿਤਿਕ ਭਾਸ਼ਾ ਦੀ ਹੀ ਵਰਤੋਂ ਕੀਤੀ ਹੈ। ਭਾਸ਼ਾ ਦੀ ਵਰਤੋਂ ਵਿਚ ਆਪਹੁਦਰਾ ਅਵੇਸਲਾਪਨ ਪ੍ਰੋ. ਸੇਖੋਂ ਦੀ ਰਚਨਾ ਵਿਚ ਘੱਟ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਤੱਥ ਵੀ ਆਪ ਜੀ ਦੀ ਸਾਹਿਤਿਕ ਰਚਨਾ ਅਤੇ ਭਾਸ਼ਾ ਪ੍ਰਤੀ ਉਚ ਦਾਇਤਵ ਦਾ ਲਖਾਇਕ ਹੈ ਅਤੇ ਪ੍ਰਾਪਤ ਯਥਾਰਥ ਨੂੰ ਆਦਰਸ਼ਕ ਲਖ਼ਸ਼ਾਂ ਵਲ ਅੱਗੇ ਵਧਾਉਣ ਦਾ ਸ਼ਲਾਘਾਯੋਗ ਯਤਨ ਹੈ।

**ਪੰਜਾਬ ਦੇ ਇਤਿਹਾਸ ਤੇ ਸਭਿਆਚਾਰ ਦਾ ਆਧੁਨਿਕ ਵਿਆਖਿਆਕਾਰ:**

ਪਹਿਲਾਂ-ਪਹਿਲ ਪ੍ਰੋ. ਪੂਰਨ ਸਿੰਘ ਦੇ ਇਸ ਕਥਨ ਨੂੰ ਕਿ 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜੀਉਂਦਾ ਗੁਰੂ ਦੇ ਨਾਂ 'ਤੇ' ਮੈਂ ਉਪਭਾਵੁਕ ਕਥਨ ਹੀ ਮੰਨਦਾ ਸਾਂ। ਪਰ



Sri Satguru Jagjit Singh Ji eLibrary NamdhariElibrary@gmail.com

ਇਸ ਦੇ ਘੋਖਵੇਂ ਤੇ ਤਰਕਸ਼ੀਲ ਵਿਸ਼ਲੇਸ਼ਣ ਤੋਂ ਇਸ ਉਕਤੀ ਦੀ ਸਾਰਥਕਤਾ ਦੀ ਸਚਾਈ ਵੀ ਸਿਧ ਹੋ ਜਾਂਦੀ ਹੈ। ਸਿਖ-ਗੁਰੂ ਸਾਹਿਬਾਨ ਦੇ ਆਗਮਨ ਨਾਲ ਪੰਜਾਬ ਵਿਚ ਨਿਸ਼ਚੇ ਹੀ ਧਾਰਮਿਕ ਚਿੰਤਨ ਦੇ ਗੁਣਾਤਮਕ ਪਰਿਵਰਤਨ ਨਾਲ ਇਕ ਨਵੇਂ ਯੁਗ ਦਾ ਆਰੰਭ ਹੁੰਦਾ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕ੍ਰਾਂਤੀਕਾਰੀ ਆਦਰਸ਼ਾਂ ਨਾਲ ਸਮਾਜਕ-ਕ੍ਰਾਂਤੀ ਦਾ ਰੂਪ ਧਾਰਨ ਕਰ ਲਿਆ ਅਤੇ ਆਪਣੇ ਆਪ ਨਾਲ ਪੰਜਾਬ ਦੇ ਜਨ-ਸਾਧਾਰਨ ਨੂੰ ਜੋੜ ਲਿਆ। ਪ੍ਰੋ. ਪੂਰਨ ਸਿੰਘ ਜੀ ਨੇ ਆਪਣੀ ਸੁਪ੍ਰਸਿਧ ਪੁਸਤਕ () ਵਿਚ 'ਸਿਖ ਜਨ-ਸਮੂਹ' ਦੇ ਸਿਰਲੇਖ ਹੇਠ ਇਸ ਇਤਿਹਾਸਕ, ਸਮਾਜਕ ਪਰਿਵਰਤਨ ਬਾਰੇ ਬਹੁਤ ਵਡਮੁੱਲੇ ਕਥਨ ਕੀਤੇ ਹਨ:

"ਉਨ੍ਹਾਂ ਲੋਕਾਂ ਨੂੰ ਇਸ ਇਤਿਹਾਸ ਨੂੰ ਦੁਹਰਾਉਣ ਦਾ ਕੋਈ ਲਾਭ ਨਹੀਂ ਹੈ, ਜਿਹੜੇ ਸਾਡੇ ਨਾਲ ਹਮਦਰਦੀ ਨਹੀਂ ਰਖਦੇ। ਉਸ ਲਈ ਤਾਂ ਇਸ ਗੱਲ ਦੇ ਕੋਈ ਅਰਥ ਨਹੀਂ ਹਨ। ਪਰ ਦੂਜੇ ਬੰਨੇ ਉਹ ਜਨ-ਸਮੂਹ ਵੀ ਹੈ, ਜਿਨ੍ਹਾਂ ਲਈ ਸਿਖ-ਇਤਿਹਾਸ ਦਾ ਹਰ ਪੰਨਾ ਅਮੁੱਖ ਪ੍ਰੇਰਨਾ ਦਾ ਸਰੋਤ ਹੈ।

ਪਿਛਲੇ 400 ਸਾਲਾਂ ਦੇ ਬਿਖੜੇ ਸਮਿਆਂ ਵਿਚ ਸਿਖ ਜਨ-ਸਮੂਹ ਨੇ ਸੱਚ ਦੀ ਖ਼ਾਤਰ ਜੂਝਣ ਤੇ ਆਤਮ-ਬਲੀਦਾਨ ਦੀ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਕੰਨਿਘਮ ਤੇ ਹੋਰ ਲੇਖਕਾਂ ਨੇ, ਜਿਨ੍ਹਾਂ ਨੇ ਸਿਖ ਜਨ-ਸਮੂਹ ਬਾਰੇ ਵਿਸ਼ੇਸ਼ ਤੌਰ 'ਤੇ ਲਿਖਿਆ ਹੈ – ਭਾਰਤ ਵਿਚ ਇਕ ਨਵੀਂ ਕੌਮ ਦੇ ਨਿਰਮਾਣ ਨੂੰ ਤੱਕਿਆ ਹੈ। ਇਸ ਜਨ-ਸਮੂਹ ਨੂੰ ਗੁਰੂ ਦੀ ਪ੍ਰਤਿਭਾ ਨੇ ਸੰਗਠਿਤ ਕਰਕੇ ਇਕ ਅਜਿਹੇ ਆਤਮਕ ਭਾਈਚਾਰੇ ਵਿਚ ਬੰਨ੍ਹ ਦਿਤਾ ਹੈ, ਜਿਸ ਦੇ ਕਲਾ, ਧਰਮ, ਜੀਵਨ ਤੇ ਕਿਰਤ ਬਾਰੇ ਆਦਰਸ਼ ਪਿਛਲੀਆਂ ਸਭਨਾਂ ਨਾਲੋਂ ਵਿਲੱਖਣ ਹਨ।"

(ਸਿਖੀ ਦੀ ਆਤਮਾ, ਪੰਨਾ 287)

ਭਾਵੇਂ ਸਿਖ-ਇਤਿਹਾਸ ਦੀ ਵਿਆਖਿਆ ਵਿਚ ਪ੍ਰੋ. ਪੂਰਨ ਸਿੰਘ ਦਾ ਮਤ ਵਿਸ਼ੇਸ਼ ਰੂਪ ਵਿਚ ਅੰਤਰਮੁਖੀ ਸੁਭਾ ਵਾਲਾ ਹੈ, ਪਰ ਇਸ ਅਧਿਆਇ ਵਿਚ ਉਨ੍ਹਾਂ ਨੇ ਬਾਹਰਮੁਖੀ ਦ੍ਰਿਸ਼ਟੀਕੋਣ ਨੂੰ ਹੀ ਅਪਣਾਇਆ ਹੈ। ਗੁਰੂ ਸਾਹਿਬਾਨ ਦੇ ਆਦਰਸ਼ਾਂ ਨੇ ਸਿਖ ਜਨ-ਸਮੂਹ ਵਿਚ ਅਤੇ ਵਿਸ਼ੇਸ਼ ਕਰਕੇ ਹੇਠਲੀਆਂ ਸ਼੍ਰੇਣੀਆਂ ਵਿਚ ਨਵੀਂ ਆਤਮਕ-ਚੇਤਨਤਾ ਤੇ ਆਤਮਕ ਬਰਾਬਰੀ ਦੀ ਭਾਵਨਾ ਨੂੰ ਭਰ ਦਿਤਾ; ਜਿਸ ਨਾਲ ਉਹ ਵਿਦੇਸ਼ੀ ਤੇ ਘਰੋਗੀ, ਸਰਕਾਰੀ ਤੇ ਗ਼ੈਰ-ਸਰਕਾਰੀ ਸੋਸ਼ਣ ਵਿਰੁਧ ਉਠ ਖਲੋਤੇ ਅਤੇ ਪੰਜਾਬ ਵਿਚ ਇਕ ਨਵੀਂ ਸਮਾਜਕ ਕ੍ਰਾਂਤੀ ਦਾ ਮੁੱਢ ਬੱਝਾ। ਪ੍ਰੋ. ਸੇਖੋਂ ਇਸ ਕ੍ਰਾਂਤੀ ਬਾਰੇ 'ਬਾਬਾ ਬੋਹੜ' ਵਿਚ ਇਸ ਤਰ੍ਹਾਂ ਉਲੇਖ ਕਰਦੇ ਹਨ,

"ਝਗੜੇ ਛੱਡ ਕੇ ਮਜ਼ਹਬੀ ਜੇ ਦੇਖੋਂ ਭਾਈ,
ਰਾਜਿਆਂ ਅਤੇ ਕਿਰਸਾਨਾਂ ਦੀ ਸੀ ਇਹ ਲੜਾਈ।"

ਸਿਖ ਜਗਤ ਵਿਚ ਆਈ ਇਸ ਸਮਾਜਕ ਕ੍ਰਾਂਤੀ ਨੂੰ ਕਿਰਸਾਨੀ ਇਨਕਲਾਬ ਦੀ ਸੰਗਿਆ ਦੇਣਾ ਇਹ ਪ੍ਰੋ. ਸੰਤ ਸਿੰਘ ਸੇਖੋਂ ਦੀ ਪ੍ਰਤਿਭਾ ਦਾ ਹੀ ਚਮਤਕਾਰ ਸੀ।



Sri Satguru Jagjit Singh Ji eLibrary NamdhariElibrary@gmail.com

ਪ੍ਰੋ. ਸੇਖੋਂ ਦੇ ਪੰਜਾਬ ਦੇ ਸਾਹਿਤਿਕ ਤੇ ਸਭਿਆਚਾਰਕ ਮੰਡਲ ਵਿਚ ਆਉਣ ਤੋਂ ਪਹਿਲਾਂ, ਸਿੰਘ ਸਭਾ ਦੀ ਵਿਚਾਰਧਾਰਾ ਨੇ ਭਾਈ ਵੀਰ ਸਿੰਘ ਜੀ ਦੀ ਅਗਵਾਈ ਵਿਚ ਸਿਖ-ਇਤਿਹਾਸ ਦੀ ਵਿਆਖਿਆ ਕੀਤੀ ਹੈ। ਪਰ ਉਹ ਸਾਰੀ ਇਕ ਤਰ੍ਹਾਂ ਦੀ ਆਦਰਸ਼ਵਾਦੀ ਵਿਆਖਿਆ ਹੀ ਹੈ। ਉਂਜ ਇਸ ਤਰ੍ਹਾਂ ਦਾ ਵਰਤਾਰਾ ਸਰਬ-ਭਾਰਤੀ, ਪੁਨਰ-ਜਾਗ੍ਰਿਤੀ ਅੰਦੋਲਨ ਵਿਚ ਪੱਛਮ ਦੇ ਸਭਿਆਚਾਰਕ ਆਕ੍ਰਮਨ ਨੂੰ ਨਾਕਾਰਨ ਲਈ ਬੀਤੇ ਇਤਹਾਸ ਦੀ ਸ਼ਾਨ ਦੇ ਆਦਰਸ਼ੀਕਰਨ ਵਜੋਂ ਹੀ ਸਾਹਮਣੇ ਆਇਆ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਥੱਲੇ ਸਿਖ-ਇਤਿਹਾਸ ਦੇ ਆਦਰਸ਼ਵਾਦੀ ਚਰਿਤਰ ਨੂੰ ਤਾਂ ਨਿਰੂਪਿਤ ਕੀਤਾ ਗਿਆ ਹੈ, ਪਰ ਇਸ ਦੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕ੍ਰਾਂਤੀਕਾਰੀ ਭੂਮਿਕਾ ਨੂੰ ਨਹੀਂ ਸੀ ਵਿਚਾਰਿਆ ਗਿਆ। ਪ੍ਰੋ. ਪੂਰਨ ਸਿੰਘ ਦੀ ਉਕਤ ਰਚਨਾ ਵਿਚ ਇਸ ਦੇ ਸੰਕੇਤ ਜ਼ਰੂਰ ਮਿਲਦੇ ਹਨ। ਕਿਉਂਜੋ ਆਪ ਦੀ ਰਚਨਾ ਵਿਚ ਜਿਥੇ ਅਤੀਤ ਦੀ ਸ਼ਾਨ ਦਾ ਸਿਮਰਨ ਕੀਤਾ ਗਿਆ ਹੈ, ਉਥੇ ਸਿਖ ਜਗਤ ਦੇ ਜੀਵਨ-ਸਮਾਚਾਰਾਂ ਦੇ ਭਵਿਖਾਰਥੀ ਲਖ਼ਸ਼ ਵੀ ਉਘਾੜੇ ਗਏ ਹਨ। ਭਾਈ ਵੀਰ ਸਿੰਘ ਦੀ ਤੁਲਨਾ ਵਿਚ ਆਪ ਦਾ ਦ੍ਰਿਸ਼ਟੀਕੋਣ ਸੰਪਰਦਾਈ ਨਹੀਂ ਸਗੋਂ ਵਿਸ਼ਵ-ਵਿਆਪੀ ਹੈ। ਉਸ ਦੇ ਸਿਖ-ਚਿੰਤਨ ਦੇ ਭਵਿੱਖ ਵਿਚ ਵਿਸ਼ਵ ਵਿਆਪੀ ਪਾਸਾਰ ਬਾਰੇ ਬੜੇ ਆਸ਼ਾਵਾਦੀ ਸਨ।

ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀ ਪੀੜ੍ਹੀ ਦੀ ਤੁਲਨਾ ਵਿਚ ਪ੍ਰੋ. ਸੇਖੋਂ ਨੇ ਪੰਜਾਬ ਦੇ ਇਤਿਹਾਸ ਦੇ ਸਮੁਚੇ ਸੰਦਰਭ ਵਿਚ ਸਿਖਾਂ ਦੀ ਸਮਾਜਕ ਕ੍ਰਾਂਤੀ ਨੂੰ ਆਧੁਨਿਕ ਯੁਗ ਦੇ ਵਿਗਿਆਨਕ ਤੇ ਬਾਹਰਮੁਖੀ ਪੱਖਾਂ ਤੋਂ ਹੀ ਵਾਚਿਆ ਹੈ। ਸਮੁੱਚੇ ਤੌਰ ਤੇ ਸਿਖ-ਇਤਿਹਾਸ ਦੇ ਸਮੁੱਚੇ ਘਟਨਾਕ੍ਰਮ ਨੂੰ ਉਨ੍ਹਾਂ ਨੇ ਪੰਜਾਬ ਦੇ ਇਤਿਹਾਸਕ ਵਿਕਾਸ ਵਿਚ ਵਿਕਾਸਸ਼ੀਲ ਭੂਮਿਕਾ ਨੂੰ ਨਿਭਾਉਣ ਵਾਲਾ ਹੀ ਸਿਧ ਕੀਤਾ ਹੈ। ਆਪ ਦੇ ਸਿਖ-ਇਤਿਹਾਸ ਸੰਬੰਧੀ ਰਚੇ ਗਏ ਨਾਟਕਾਂ 'ਮੋਇਆ ਸਾਰ ਨਾ ਕਾਈ', 'ਬੇੜਾ ਬੰਧ ਨਾ ਸਕਿਓ', 'ਬੰਦਾ ਬਹਾਦਰ' ਆਦਿ ਵਿਚ ਆਪ ਜੀ ਦਾ ਇਹੋ ਦ੍ਰਿਸ਼ਟੀਕੋਣ ਹੀ ਪ੍ਰਧਾਨ ਹੈ।

ਪੰਜਾਬ ਦੇ ਸਾਂਝੇ ਰਾਜ ਦੀ ਸੁਤੰਤਰਤਾ ਦੀ ਚੇਤਨਤਾ ਨੂੰ ਯਾਦ ਕਰਦਿਆਂ ਹੋਇਆਂ ਜਦੋਂ ਪੰਜਾਬ ਦਾ ਇਹ ਖਾਲਸਾ ਰਾਜ, ਅੰਗਰੇਜ਼ ਸਾਮਰਾਜ ਦੇ ਅਧੀਨ ਹੋ ਗਿਆ ਤਾਂ ਸਿਖ ਸਰਦਾਰਾਂ ਤੇ ਜਾਗੀਰਦਾਰਾਂ ਦੇ ਵਿਚ ਆਈ ਅਧੋਗਤੀ ਦਾ ਵਰਣਨ ਆਪ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ:

"ਚੰਗੀ ਲਗੀ ਦਾਸਤਾ ਦੀ
ਇਨ੍ਹਾਂ ਨੂੰ ਫਾਹੀ।
ਜਰਨੈਲਾਂ ਦੇ ਪੁੱਤ ਹੁਣ,
ਬਣ ਗਏ ਸਿਪਾਹੀ।
ਸਮਝ ਲਿਆ ਚਪੜਾਸ ਨੂੰ,
ਇਨ੍ਹਾਂ ਨੇ ਸ਼ਾਹੀ।"



Sri Satguru Jagjit Singh Ji eLibrary NamdhariElibrary@gmail.com

ਪ੍ਰੋ. ਸੰਤ ਸਿੰਘ ਸੇਖੋਂ ਦਾ ਪੰਜਾਬ ਦੇ ਇਤਿਹਾਸ ਦਾ ਇਹ ਪੁਨਰ-ਅਵਲੋਕਨ ਆਪ ਦੇ ਇਤਿਹਾਸ ਸੰਬੰਧੀ ਵਿਸ਼ੇਸ਼ ਦ੍ਰਿਸ਼ਟੀਕੋਣ, ਜੋ ਇਤਿਹਾਸਕ-ਪਦਾਰਥਵਾਦ ਉਤੇ ਆਧਾਰਿਤ ਸੀ, ਦਾ ਲਖਾਇਕ ਹੈ। ਇਹੋ ਕਾਰਨ ਹੈ ਕਿ ਪ੍ਰੋ. ਸੰਤ ਸਿੰਘ ਸੇਖੋਂ ਦੇ ਇਤਿਹਾਸਕ ਤੇ ਸਮਕਾਲੀ ਦ੍ਰਿਸ਼ਟੀਕੋਣ ਵਿਚ ਜਿਹੜੀ ਬਾਹਰਮੁਖਤਾ ਤੇ ਵਿਗਿਆਨਕ-ਮੁਲਾਂਕਣ ਦੀ ਚੇਸ਼ਟਾ ਦਿਖਾਈ ਦੇਂਦੀ ਹੈ, ਉਹ ਕਾਫ਼ੀ ਮਾਤਰਾ ਤਕ ਆਧੁਨਿਕ ਤੇ ਵਿਗਿਆਨਕ ਹੈ। ਪੰਜਾਬ ਦੇ ਇਤਿਹਾਸ ਦੀ ਇਸ ਵਿਆਖਿਆ ਕਾਰਨ ਪ੍ਰੋ. ਸੇਖੋਂ ਨੂੰ ਇਸ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੀ ਪੰਜਾਬੀ ਸਾਹਿਤ ਦੇ ਆਧੁਨਿਕੀਕਰਨ ਦੇ ਵਰਤਾਰੇ ਦਾ ਪ੍ਰਮੁਖ ਚਿੰਤਕ ਮੰਨਿਆ ਜਾ ਸਕਦਾ ਹੈ।

**ਪ੍ਰਗਤੀਵਾਦੀ ਵਿਚਾਰਧਾਰਾ ਦਾ ਮੁਲਾਂਕਣ:**

1936 ਤੋਂ 1960 ਤੱਕ ਦੇ ਪੰਜਾਬੀ ਸਾਹਿਤ ਦੇ ਵਿਸ਼ੇਸ਼ ਕਾਲ ਨੂੰ ਪ੍ਰਗਤੀਵਾਦੀ ਸਾਹਿਤਿਕ-ਧਾਰਾ ਦਾ ਕਾਲ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। 1936 ਦੇ 'ਪ੍ਰਗਤੀਵਾਦੀ ਲੇਖਕ ਸੰਘ' ਦੀ ਸਥਾਪਨਾ ਤੇ ਲਖਨਊ ਅਧਿਵੇਸ਼ਨ ਦੇ ਘੋਸ਼ਨਾ-ਪੱਤਰ ਨਾਲ ਭਾਰਤੀ ਭਾਸ਼ਾਵਾਂ ਵਿਚ ਪ੍ਰਗਤੀਵਾਦੀ ਸਾਹਿਤਿਕ ਧਾਰਾ ਦਾ ਆਰੰਭ ਹੋਇਆ ਅਤੇ ਇਨ੍ਹਾਂ ਵਿਚੋਂ ਬਹੁਤ ਸਾਰੇ ਲੇਖਕਾਂ ਨੇ ਸਮਾਜਵਾਦੀ ਯਥਾਰਥਵਾਦ ਨੂੰ ਆਪਣਾ ਲਖ਼ਸ਼ ਥਾਪਿਆ। ਤਤਕਾਲਕ ਯੂਰਪ ਦੇ ਸਮਾਜਵਾਦੀ ਯਥਾਰਥਵਾਦ ਦੀ ਧਾਰਨਾ ਨੂੰ ਭਾਰਤੀ ਵਾਤਾਵਰਨ ਦੇ ਪਿਛੋਕੜ ਵਿਚ ਉਸਾਰਨਾ ਬੜਾ ਜ਼ਰੂਰੀ ਸੀ। ਵਿਦੇਸ਼ੀ ਸਾਮਰਾਜ ਵਿਰੋਧੀ ਸੁਤੰਤਰਤਾ ਸੰਗਰਾਮ ਨੇ ਜਿਥੇ ਇਸ ਨੂੰ ਰਾਸ਼ਟਰੀ ਸੁਤੰਤਰਤਾ ਦਾ ਆਦਰਸ਼ ਦਿਤਾ ਉਥੇ 1917 ਦੀ ਬਾਲਸ਼ਵਿਕ ਕ੍ਰਾਂਤੀ ਨੇ ਇਸ ਨੂੰ ਅੰਤਰਰਾਸ਼ਟਰੀ ਕਿਰਤੀ ਸੰਘਰਸ਼ ਦੇ ਇਨਕਲਾਬੀ ਆਦਰਸ਼ਾਂ ਨਾਲ ਜੋੜ ਦਿਤਾ ਅਤੇ ਸਾਮਰਾਜਵਾਦ ਦੇ ਨਾਲ-ਨਾਲ ਨਾਜ਼ੀਵਾਦੀ ਫ਼ਾਸ਼ੀਵਾਦ ਨੂੰ ਇਸ ਦਾ ਵੱਡਾ ਸ਼ਤਰੂ ਗਰਦਾਨਿਆਂ। ਕਿਰਤੀ-ਕਿਰਸਾਨਾਂ ਦੇ ਇੰਨਕਲਾਬੀ ਅੰਦੋਲਨਾਂ ਨੇ ਇਸ ਵਿਚ ਸ਼੍ਰੇਣੀ-ਚੇਤਨਤਾ ਤੇ ਸ਼੍ਰੇਣੀ-ਸੰਘਰਸ਼ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਅਤੇ 'ਕਲਾ ਕਲਾ ਲਈ' ਦੀ ਥ਼ਾਂ 'ਕਲਾ ਲੋਕ ਹਿਤਾਂ ਲਈ' ਦਾ ਨਾਅਰਾ ਦਿਤਾ। ਦੂਜੇ ਮਹਾਂ-ਯੁੱਧ ਵਿਚ ਸਮਾਜਵਾਦੀ ਰੂਸ ਦੀ ਹਮਾਇਤ ਅਤੇ ਦੂਜੇ ਮਹਾਂ-ਯੁੱਧ ਤੋਂ ਪਿਛੋਂ ਵਿਸ਼ਵ-ਅਮਨ ਪੱਖੀ ਸੰਗਰਾਮ ਸਭ ਇਸ ਪ੍ਰਗਤੀਵਾਦੀ ਚਿੰਤਨ ਦੇ ਅੰਗ ਬਣੇ ਰਹੇ ਹਨ। ਇਸ ਰਾਜਨੀਤਕ-ਚੇਤਨਤਾ ਤੇ ਆਰਥਿਕ ਆਧਾਰਾਂ ਉਤੇ ਆਰਥਿਕ ਸੋਸ਼ਣ ਵਿਰੁਧ ਚਲਾਈਆਂ ਗਈਆਂ ਸਭ ਲੋਕ ਲਹਿਰਾਂ ਅਤੇ ਇਨ੍ਹਾਂ ਦੇ ਸੰਗਰਾਮ ਪ੍ਰਗਤੀਵਾਦੀ ਸਾਹਿਤ ਦੇ ਮੁਖ ਵਿਸ਼ੇ ਬਣੇ ਰਹੇ ਹਨ। ਇਨ੍ਹਾਂ ਘਟਨਾਵਾਂ ਵਿਚੋਂ ਹੀ ਇਨ੍ਹਾਂ ਰਚਨਾਵਾਂ ਦੇ ਨਾਇਕ ਆਮ ਲੋਕਾਂ ਤੇ ਕਿਰਤੀ ਕਾਮਿਆਂ ਕਿਰਸਾਨਾਂ, ਛੋਟੀ ਮਧ-ਸ਼੍ਰੇਣੀ ਦੇ ਖੇਤਰਾਂ ਵਿਚੋਂ ਉਭਰਦੇ ਰਹੇ ਹਨ। ਬੁਰਜ਼ੂਆ ਤੇ ਪੂੰਜੀਪਤੀ ਲੋਟੂ-ਸ਼੍ਰੇਣੀ ਵਲ ਲੇਖਕਾਂ ਦਾ ਦ੍ਰਿਸ਼ਟੀਕੋਣ ਖਲਨਾਇਕਾਂ ਵਾਲਾ ਰਿਹਾ ਹੈ। ਪ੍ਰੋ. ਸੇਖੋਂ ਦੀਆਂ ਰਚਨਾਵਾਂ ਵਿਚ (ਵਿਸ਼ੇਸ਼ ਕਰਕੇ ਕਹਾਣੀਆਂ ਤੇ ਨਾਟਕਾਂ, ਇਕਾਂਗੀਆਂ ਆਦਿ) ਸਾਰਾ ਜੀਵਨ ਯਥਾਰਥ ਚਿਤਰਿਆ ਗਿਆ ਹੈ। ਪਰ ਪ੍ਰੋ. ਸੇਖੋਂ ਦੇ ਪ੍ਰਗਤੀਵਾਦੀ ਸਾਹਿਤ ਦੀ ਵਡੀ ਵਿਸ਼ੇਸ਼ਤਾ ਇਹੋ ਰਹੀ ਹੈ ਕਿ ਇਸ ਵਿਚ ਰਚਨਾ ਨੇ ਕਿਤੇ ਵੀ



Sri Satguru Jagjit Singh Ji eLibrary NamdhariElibrary@gmail.com

ਨਾਅਰੇਬਾਜ਼ੀ ਦੀ ਉਪਭਾਵੁਕਤਾ ਨੂੰ ਗ੍ਰਹਿਣ ਨਹੀਂ ਕੀਤਾ; ਸਗੋਂ ਸਭ ਕੁਝ ਯਥਾਰਥਕ ਵਰਣਨ ਦੇ ਬੌਧਿਕ ਸੰਕੇਤ ਤੇ ਸੂਖਮ ਪ੍ਰਤੀਕਾਂ ਦੁਆਰਾ ਹੀ ਮੂਰਤੀਮਾਨ ਹੁੰਦਾ ਰਿਹਾ ਹੈ। ਇਸ ਪ੍ਰਕਾਰ ਦੀ ਸਪਸ਼ਟ ਨਾਅਰੇਬਾਜ਼ੀ ਤੋਂ ਪ੍ਰੋ. ਸੇਖੋਂ ਦੇ ਰਚਨਾ ਲਗਭਗ ਮੁਕਤ ਹੀ ਰਹੀ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਦੀ ਸਿਰਜਨਾਤਮਕ ਰਚਨਾ ਉਤੇ ਇਹ ਦੋਸ਼ ਘਟ ਹੀ ਲਗਾਇਆ ਜਾ ਸਕਦਾ ਹੈ।

ਪਰ ਆਪ ਦੀ ਸਮਾਲੋਚਨਾ ਵਿਚ ਇਸ ਦ੍ਰਿਸ਼ਟੀਕੋਣ ਦੇ ਉਘੜਵੇਂ ਪੱਖਾਂ ਦਾ ਸਪਸ਼ਟ ਉਲੇਖ ਹੁੰਦਾ ਸੀ। 'ਸਾਹਿਤਆਰਥ' ਵਰਗੀ ਪ੍ਰਮੁਖ ਪੁਸਤਕ ਦਾ ਪ੍ਰੇਰਨਾ-ਸਰੋਤ ਕਲਾਸਕੀ ਮਾਰਕਸਵਾਦ ਤੋਂ ਬਿਨਾਂ ਭਾਵੇਂ, ਕਰਿਸਟੋਫਰ ਕਾਡਵੈਲ, ਈ.ਐਮ.ਫ਼ੌਸਟਰ, ਰੈਲਫ਼ ਫੌਕਸ ਤੇ ਮੈਕਸਮ ਗੋਰਕੀ ਵਰਗੇ ਲੇਖਕ ਤੇ ਚਿੰਤਕ ਹਨ, ਪਰ ਇਨ੍ਹਾਂ ਨੂੰ ਭਾਰਤੀ ਸਾਹਿਤ ਦੇ ਪ੍ਰਕਰਨ ਵਿਚ ਆਪ ਨੇ ਪੂਰੀ ਤਰ੍ਹਾਂ ਢਾਲ ਲਿਆ ਸੀ। ਆਪ ਨੂੰ ਉਦਾਰਚਿਤ ਪ੍ਰਗਤੀਵਾਦੀ ਲੇਖਕ ਹੀ ਮੰਨਣਾ ਉਚਿਤ ਹੈ। ਆਪ ਦਾ ਇਹ ਮਤ ਸੀ ਕਿ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਹਰ ਯੁਗ ਵਿਚ ਆਪਣੀ ਭੂਮਿਕਾ ਨੂੰ ਨਿਭਾਉਂਦਾ ਹੈ ਅਤੇ ਹਰ ਇਤਿਹਾਸਿਕ ਕਾਲ ਦੇ ਸਾਹਿਤ ਵਿਚੋਂ ਇਸ ਦੀ ਪ੍ਰਤੀਨਿਧਤਾ ਕਰਨ ਵਾਲੇ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਪੰਜਾਬੀ ਸਾਹਿਤ ਵਿਚ ਵੀ ਆਪ ਜਦੋਂ ਵਿਭਿੰਨ ਕੋਟੀਆਂ ਦੇ ਪੰਜਾਬੀ ਸਾਹਿਤਕਾਰਾਂ ਬਾਰੇ ਵਿਸ਼ਲੇਸ਼ਨ ਕਰਦੇ ਸਨ, ਤਾਂ ਪ੍ਰਿੰ: ਤੇਜਾ ਸਿੰਘ ਵਰਗੇ ਸਾਹਿਤਕਾਰ ਨੂੰ ਆਪ ਉਦਾਰਚਿਤ ਪ੍ਰਗਤੀਸ਼ੀਲ, ਪ੍ਰੋ. ਸਾਹਿਬ ਸਿੰਘ ਵਰਗੇ ਧਾਰਮਿਕ ਲੇਖਕ ਨੂੰ ਧਾਰਮਿਕ-ਪ੍ਰਗਤੀਸ਼ੀਲ ਅਤੇ ਗੁਰਮੁਖ ਸਿੰਘ ਮੁਸਾਫ਼ਰ ਵਰਗੇ ਰਾਸ਼ਟਰਵਾਦੀ ਲੇਖਕਾਂ ਨੂੰ ਆਪ ਰਾਸ਼ਟਰੀ-ਪ੍ਰਗਤੀਵਾਦੀ ਲੇਖਕ ਮੰਨਦੇ ਸਨ। ਇਸ ਤਰ੍ਹਾਂ ਦੀਵਾਨ ਸਿੰਘ ਕਾਲੇਪਾਣੀ ਵਿਵੇਕਸ਼ੀਲ ਪ੍ਰਗਤੀਵਾਦੀ ਅਤੇ ਬਾਕੀ ਲੇਖਕਾਂ ਬਾਰੇ ਵੀ ਉਹ ਸਾਪੇਖਕ ਦ੍ਰਿਸ਼ਟੀਕੋਣ ਨੂੰ ਹੀ ਵਧੇਰੇ ਮਹੱਤਵ ਦਿੰਦੇ ਸਨ। ਸ. ਨਾਨਕ ਸਿੰਘ ਦਾ ਮਾਨਵਵਾਦ, ਗੁਰਬਖ਼ਸ਼ ਸਿੰਘ ਦਾ ਵਿਵੇਕਵਾਦੀ ਆਦਰਸ਼ਵਾਦ ਅਤੇ ਸਮੁੱਚੇ ਭਾਰਤੀ ਸੰਦਰਭ ਵਿਚ ਧਾਰਮਿਕ ਸੰਪ੍ਰਦਾਇਕਤਾ ਤੋਂ ਉਪਰ ਉਠ ਕੇ ਅਸੰਪ੍ਰਦਾਇਕ ਮਾਨਵਵਾਦ ਇਹ ਸਾਰੇ ਦ੍ਰਿਸ਼ਟੀਕੋਣ ਆਪਣੇ ਆਪਣੇ ਥਾਂ ਮਹੱਤਤਾ ਦੇ ਧਾਰਨੀ ਸਨ। ਇਨ੍ਹਾਂ ਬਾਰੇ ਪੱਕਾ-ਪੀਡਾ ਤੇ ਕੱਟੜ ਦ੍ਰਿਸ਼ਟੀਕੋਣ ਰਖਣਾ ਪ੍ਰੋ.ਸੇਖੋਂ ਦੇ ਪ੍ਰਗਤੀਵਾਦ ਚਿੰਤਨ ਦਾ ਕਦੀ ਵੀ ਭਾਗ ਨਹੀਂ ਰਿਹਾ। ਇਸ ਦੇ ਵਿਪਰੀਤ ਉਨ੍ਹਾਂ ਦੇ ਹੀ ਸਮਕਾਲੀ ਮਾਰਕਸਵਾਦੀ ਚਿੰਤਨ ਪ੍ਰੋ. ਕਿਸ਼ਨ ਸਿੰਘ ਦਾ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਵਧੇਰੇ ਪੱਕਾ-ਪੀਡਾ ਤੇ ਵਿਸ਼ੇਸ਼ ਰੂਪ ਦੀ ਕੱਟੜਤਾ ਦਾ ਧਾਰਨੀ ਸੀ।

ਪਰ ਜਿਉਂ-ਜਿਉਂ ਦੂਜੇ ਮਹਾਂ-ਯੁੱਧ ਪਿਛੋਂ ਅਤੇ ਉਤਰ-ਸਟਾਲਨ-ਕਾਲ ਵਿਚ ਰਾਜਨੀਤਕ ਤੇ ਵਿਸ਼ਵ ਪੱਧਰ ਉਤੇ ਸਮਾਜਵਾਦੀ ਚਿੰਤਨਧਾਰਾ ਦੀ ਪਕੜ ਢਿੱਲੀ ਹੋਈ ਪ੍ਰੋ. ਸੇਖੋਂ ਦੇ ਦ੍ਰਿਸ਼ਟੀਕੋਣ ਵਿਚ ਵੀ ਕੁਝ ਪਰਿਵਰਤਨ ਜ਼ਰੂਰ ਆਏ। ਕਈ ਵਾਰ ਉਨ੍ਹਾਂ ਨੂੰ ਨਵੇਂ ਲੇਖਕਾ ਨੂੰ ਉਤਸ਼ਾਹਿਤ ਕਰਨ ਲਈ ਭੂਮਿਕਾਕਾਰ ਵਜੋਂ ਉਨ੍ਹਾਂ ਨੂੰ ਪਿਤਰੀ-ਅਸੀਸ ਦੇ ਕਾਰਜ ਨੂੰ ਵੀ ਨਿਭਾਉਣਾ ਪਿਆ ਹੈ। ਇਥੇ ਸੱਚਮੁੱਚ ਹੀ ਆਪ ਨੇ ਕਈ ਖੁਲ੍ਹਾਂ ਲਈਆਂ ਹਨ ਅਤੇ ਕਿਸੇ ਨਾ ਕਿਸੇ ਨੁਕਤੇ ਨੂੰ ਇਨ੍ਹਾਂ ਨਵੇਂ ਲੇਖਕਾ ਦੀ ਵਕਾਲਤ ਤੇ ਪ੍ਰਸੰਸਾ ਲਈ ਉਨ੍ਹਾਂ ਨੇ ਜ਼ਰੂਰ ਲਭਿਆ ਹੈ। ਸੱਚ ਤਾ ਇਹ ਹੈ ਕਿ ਕਿਸੇ ਸਥਾਪਿਤ ਲੇਖਕ ਤੇ ਰੂੜ੍ਹੀਗਤ ਮਰਿਆਦਾ ਦੀ ਉਨ੍ਹਾਂ ਨੇ


Sri Satguru Jagjit Singh Ji eLibrary NamdhariElibrary@gmail.com

ਖੰਡਨਕਾਰੀ ਦ੍ਰਿਸ਼ਟੀ ਤੋਂ ਕਦੀ ਵੀ ਆਲੋਚਨਾ ਨਹੀਂ ਕੀਤੀ, ਉਸ ਦੇ ਕੇਵਲ ਮੰਡਨਮਈ ਪਖਾਂ ਦਾ ਉਲੇਖ ਕੀਤਾ ਹੈ ਅਤੇ ਸ਼ਿਦਰ ਪਖਾਂ ਵੱਲ ਨਿੰਮੇ ਸੰਕੇਤ ਹੀ ਕੀਤੇ ਹਨ। ਕਿਸੇ ਵੀ ਪ੍ਰਮੁਖ ਲੇਖਕ ਦਾ ਪ੍ਰਤੱਖ ਵਿਰੋਧ, ਵਿਅਕਤੀਗਤ ਜਾਂ ਲਿਖਤ ਰੂਪ ਵਿਚ ਉਨ੍ਹਾਂ ਨੇ ਘੱਟ ਹੀ ਕੀਤਾ ਹੈ। ਹਾਂ, ਢੁਕਵੇਂ ਫਬਵੇਂ ਸ਼ਬਦਾਂ ਵਿਚ ਉਨ੍ਹਾਂ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਣ ਤੋਂ ਕਦੀ ਵੀ ਸੰਕੋਚ ਨਹੀਂ ਕੀਤਾ।

ਪ੍ਰੋ. ਸੇਖੋਂ ਜਿਥੇ ਉਚਕੋਟੀ ਦੇ ਬੌਧਿਕ ਚਿੰਤਕ ਸਨ, ਉਥੇ ਆਪ ਅਤਿ ਦੇ ਸੰਵੇਦਨਸ਼ੀਲ ਅਤੇ ਸੁਹਿਰਦ ਵਿਅਕਤੀ ਵੀ ਸਨ। ਆਪ ਦਾ ਲੋਕ-ਪੱਖੀ ਤੇ ਮਾਨਵ-ਹਿਤਕਾਰੀ ਦ੍ਰਿਸ਼ਟੀਕੋਣ ਉਨ੍ਹਾਂ ਨੂੰ ਕਦੀ ਕਦੀ ਭਾਵੁਕਤਾ ਦੀਆਂ ਸਿਖਰਾਂ ਤਕ ਵੀ ਲੈ ਜਾਂਦਾ ਸੀ। 1978 ਦੇ ਪਿਛੋਂ ਦੇ ਵਰਤਮਾਨ ਪੰਜਾਬ ਦੇ ਸੰਤਾਪ ਤੋਂ ਵੀ ਉਹ ਬੜੇ ਦੁਖੀ ਸਨ। ਡੂੰਘੀ ਮਾਨਵੀ ਸਹਾਨਭੂਤੀ ਦੇ ਅਠੱਲ ਵੇਗ ਵਿਚ ਸੇਜਲ ਅੱਖਾਂ ਨਾਲ ਉਨ੍ਹਾਂ ਦੀ ਆਤਮਾ ਕੁਰਲਾ ਉਠਦੀ ਸੀ। "ਮੁੰਡੇ ਤਾਂ ਦੋਹੇਂ ਪਾਸੀਂ ਪੰਜਾਬੀਆਂ ਦੇ ਹੀ ਮਰ ਰਹੇ ਹਨ।" ਇਸ ਸੰਤਾਪ ਬਾਰੇ ਸਮਾਚਾਰ ਪੱਤਰਾਂ ਵਿਚ ਛਪੇ ਲੇਖ ਪਰੰਪਰਾਗਤ ਪ੍ਰਗਤੀਵਾਦੀ ਧਾਰਨਾਵਾਂ ਦੇ ਵਿਪਰੀਤ ਵਧੇਰੇ ਹੀ ਵਿਅਕਤੀਗਤ ਸੁਤੰਤਰਤਾ ਦਾ ਪ੍ਰਭਾਵ ਪਾਉਣ ਵਾਲੇ ਸਨ। ਇਹ ਗੱਲ ਵੀ ਉਨ੍ਹਾਂ ਦੇ ਉਦਾਰਭਾਵੀ ਪ੍ਰਗਤੀਸ਼ੀਲ ਚਿੰਤਨ ਦਾ ਹੀ ਇਕ ਭਾਗ ਸੀ ਕਿ ਉਹ ਲੋੜ ਅਨੁਸਾਰ ਕਿਸੇ ਧਾਰਾ ਦੇ ਕੱਟੜ ਨਿਯੰਤਰਨ ਤੋਂ ਆਪਣੇ-ਆਪ ਨੂੰ ਮੁਕਤ ਵੀ ਕਰ ਲੈਂਦੇ ਸਨ।

ਇਕ ਹੋਰ ਪ੍ਰਵਿਰਤੀ ਜੋ ਉਨ੍ਹਾਂ ਦੇ ਚਿੰਤਨ ਤੇ ਅਨੁਭਵ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ ਉਹ ਉਨ੍ਹਾਂ ਦੇ ਸਮਾਜਵਾਦੀ ਹੋਣ ਦੇ ਉਪਰੰਤ ਵੀ ਉਨ੍ਹਾਂ ਦੀ ਭਾਵੁਕਤਾ ਵਿਚ ਕਿਰਸਾਨੀ ਸਮਾਜ ਤੇ ਵਿਸ਼ੇਸ਼ ਕਰਕੇ ਕਿਰਸਾਨ ਸ਼੍ਰੇਣੀ ਦੀ ਪ੍ਰਤਿਸ਼ਠਾ ਦੀ ਭਾਵਨਾ ਸੀ ਇਹ ਉਨ੍ਹਾਂ ਦੇ ਸੰਸਕਾਰਾਂ ਵਿਚ ਡੂੰਘੀ ਉਤਰ ਗਈ ਸੀ। ਚੇਤਨ ਤੌਰ ਤੇ ਉਹ ਇਸ ਤੋਂ ਵਿਮੁਕਤ ਰਹਿਣ ਦਾ ਯਤਨ ਜ਼ਰੂਰ ਕਰਦੇ ਸਨ ਪਰ ਨਿਮਨ-ਚੇਤਨ ਪੱਧਰ ਉਤੇ ਉਹ ਇਸ ਦੇ ਵੇਗਵਾਨ ਪਰਵਾਹ ਵਿਚ ਵੀ ਰੁੜ੍ਹ ਜਾਂਦੇ ਸਨ। ਇਸ ਗੱਲ ਦਾ ਪਰਮਾਨ ਉਨ੍ਹਾਂ ਦੀ ਸਵੈ-ਜੀਵਨੀ ਦੇ ਕੁਝ ਪੰਨਿਆਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ, ਜਦੋਂ ਉਹ ਕਿਸੇ ਵਿਸ਼ੇਸ਼ ਸਵੈ-ਅਭਿਮਾਨ ਵਿਚ ਆਪਣੇ ਸਮਕਾਲੀਆਂ ਅਤੇ ਵਿਸ਼ੇਸ਼ ਕਰਕੇ ਸਹਿਕਰਮੀਆਂ ਦੀ ਖਿੱਲੀ ਉਡਾਉਣ ਤੋਂ ਵੀ ਸੰਕੋਚ ਨਹੀਂ ਕਰਦੇ। ਪਰ ਬੇਬਾਕ ਉਹ ਇਤਨੇ ਹਨ ਕਿ ਆਪਣੇ ਪ੍ਰੇਮ ਸੰਬੰਧਾਂ ਦੇ ਪ੍ਰਗਟਾਉ ਵਿਚ ਬਹੁਤ ਕੁਝ ਨਿਝੱਕ ਵੀ ਕਹਿ ਜਾਂਦੇ ਹਨ।

ਫਿਰ ਵੀ ਜਦੋਂ ਅਸੀਂ ਉਨ੍ਹਾਂ ਨੂੰ ਸਮੁੱਚੇ ਸੰਦਰਭ ਵਿਚ ਵੇਖਦੇ ਹਾਂ ਤਾਂ ਆਪ ਦੇ ਦ੍ਰਿਸ਼ਟੀਕੋਣ ਵਿਚ ਪ੍ਰਗਤੀਵਾਦੀ ਚਿੰਤਨਧਾਰਾ ਹੀ ਪ੍ਰਧਾਨ ਰਹੀ ਹੈ ਅਤੇ ਇਸ ਦਾ ਲੋਕ ਪੱਖੀ ਮਾਨਵਵਾਦੀ ਪੱਖ ਸਦਾ ਬਲਵਾਨ ਰਿਹਾ ਹੈ ਅਤੇ ਇਸ ਸਭ ਕੁਝ ਦਾ ਵਰਣਨ-ਬਿਰਤਾਂਤ ਤੇ ਸਮੀਖਿਆ ਉਨ੍ਹਾਂ ਨੇ ਯਥਾਰਥਵਾਦੀ ਪੱਧਰ ਉਤੇ ਰਹਿ ਕੇ ਹੀ ਕੀਤੀ ਹੈ। ਆਪਣੇ ਸਮੇਂ ਦੇ ਯੁਗ ਚਿੰਤਨ ਦੇ ਹਾਣੀ ਤੇ ਉਨ੍ਹਾਂ ਦਾ ਸਮੁੱਚਾ ਜੀਵਨ-ਦ੍ਰਿਸ਼ਟੀਕੋਣ ਆਪਣੇ ਯੁਗ ਦੀ ਪ੍ਰਤੀਨਿਧ ਪ੍ਰਵਕਤਾ ਵਾਲਾ ਹੀ ਰਿਹਾ



Sri Satguru Jagjit Singh Ji eLibrary NamdhariElibrary@gmail.com

ਹੈ। ਇਸ ਸਬੰਧ ਵਿਚ ਆਪ ਦੇ ਚਿੰਤਨ ਦੇ ਗੁਣ-ਅਵਗੁਣ ਸਭ ਉਨ੍ਹਾਂ ਦੀ ਵਿਅਕਤੀਗਤ ਵਿਸ਼ੇਸ਼ਤਾ ਨਾਲ ਹੀ ਜੁੜੇ ਹੋਏ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਆਪ ਇਕ ਵਿਲੱਖਣ ਵਿਅਕਤੀਤਵ ਦੇ ਸੁਵਾਮੀ ਸਨ।

**ਉਤਕ੍ਰਿਸ਼ਟ ਸਾਹਿਤਿਕ ਦੇਣ:**

ਜੇ ਟੀ.ਐਸ.ਏਲੀਅਟ ਦੇ ਇਸ ਪ੍ਰਤੀਮਾਨ ਨੂੰ ਪਰਵਾਨ ਕਰ ਲਿਆ ਜਾਵੇ ਕਿ ਵਿਸ਼ੇਸ਼ ਕਲਾਸਕੀ ਰਚਨਾ ਪ੍ਰੌਢ ਮਨ ਦੀ ਪ੍ਰੌਢ ਅਭਿਵਿਅਕਤੀ ਹੁੰਦੀ ਹੈ ਤਾਂ ਇਸ ਦ੍ਰਿਸ਼ਟੀਕੋਣ ਤੋਂ ਵਾਚਿਆਂ ਪ੍ਰੋ. ਸੇਖੋਂ ਦੀ ਸਮੁਚੀ ਸਾਹਿਤਿਕ ਸ੍ਰਿਸ਼ਟੀ ਇਸ ਪ੍ਰਤੀਮਾਨ ਉਤੇ ਪੂਰਾ ਉਤਰਨ ਵਾਲੀ ਹੈ। ਆਪ ਦੀ ਸਾਰੀ ਰਚਨਾ ਵਿਚ ਉਤਕ੍ਰਿਸ਼ਟ ਲੇਖਕਾਂ ਵਾਲਾ ਬੌਧਿਕ ਸੰਜਮ ਤੇ ਵਿਸ਼ਿਸ਼ਟ ਸੋਝ ਮੌਜੂਦ ਹੈ। ਭਾਸ਼ਾ ਵੀ ਆਪ ਦੀ ਟਕਸਾਲੀ ਅਤੇ ਥੋੜ੍ਹੀ ਕਠਨ ਹੋਣ ਦੇ ਬਾਵਜੂਦ ਵੀ ਸਾਹਿਤਿਕ ਗੁਣਾਂ ਨਾਲ ਭਰਪੂਰ ਹੁੰਦੀ ਹੈ। ਇਸ ਉਤੇ ਵਿਦਵਤਾ ਦੀ ਝਲਕ ਅਵੱਸ਼ ਦਿਖਾਈ ਦਿੰਦੀ ਹੈ। ਇਹ ਪ੍ਰੋ. ਸੇਖੋਂ ਦੀ ਵਿਸ਼ਿਸ਼ਟ ਬੌਧਿਕਤਾ ਤੇ ਪ੍ਰਪੱਕ ਸਾਹਿਤਿਕ-ਦ੍ਰਿਸ਼ਟੀ ਦਾ ਸਾਖਿਆਤ ਪਰਮਾਣ ਹੈ। ਕਿਸੇ ਆਧੁਨਿਕ ਲੇਖਕ ਦੀ ਪਛਾਣ ਉਸ ਦੀ ਵਿਸ਼ਸ਼ਿਟ ਬੌਧਿਕਤਾ ਤੇ ਵਿਅਕਤੀਗਤ ਸ਼ੈਲੀ ਦੁਆਰਾ ਹੀ ਹੋ ਸਕਦੀ ਹੈ। ਇਸ ਦ੍ਰਿਸ਼ਟੀ ਤੋਂ ਪ੍ਰੋ. ਸੇਖੋਂ ਦੀ ਸਾਰੀ ਰਚਨਾ ਵਿਅਕਤੀਗਤ ਨਿਸ਼ਾਨ-ਚਿੰਨ੍ਹ ਜਾਂ ਮੁਹਰ-ਛਾਪ ਰਖਦੀ ਹੈ।

ਆਪ ਨੇ ਅਨੇਕ ਸਾਹਿਤਿਕ ਰੂਪਾਂ ਤੇ ਰੂਪਾਕਾਰਾਂ ਉਤੇ ਹੱਥ ਅਜ਼ਮਾਇਆ ਹੈ। ਉਨ੍ਹਾਂ ਦੇ ਵੱਖ-ਵੱਖ ਸਾਹਿਤਿਕ ਪਖਾਂ ਉਤੇ ਵਿਸ਼ਲੇਸ਼ਨ ਕਰਨ ਉਤੇ ਹਾਲੀ ਕਾਫ਼ੀ ਸਮਾਂ ਹੋਰ ਲਗੇਗਾ ਅਤੇ ਇਸ ਬਾਰੇ ਅੰਤਮ ਰੂਪ ਵਿਚ ਕੁਝ ਕਹਿਣਾ ਬੜਾ ਅਗੇਤਰਾ ਪ੍ਰਤੀਤ ਹੁੰਦਾ ਹੈ। ਫਿਰ ਵੀ ਮੇਰਾ ਇਹ ਵਿਅਕਤੀਗਤ ਮਤ ਹੈ ਕਿ ਆਪ ਸਮਾਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਯਤਨ ਕਰਨ ਦੇ ਉਪਰੰਤ ਵੀ ਆਪਣਾ ਵਿਸ਼ੇਸ਼ ਪ੍ਰਮਾਣਿਕ ਸਿਧਾਂਤ ਸਥਾਪਿਤ ਨਹੀਂ ਕਰ ਸਕੇ। ਆਮ ਲੇਖਕਾਂ ਅਤੇ ਸਮਾਲੋਚਕਾਂ ਨੇ ਉਨ੍ਹਾਂ ਦੀ ਸਮੀਖਿਆ ਤੋਂ ਪ੍ਰੇਰਨਾ ਤਾਂ ਪ੍ਰਾਪਤ ਕੀਤੀ ਹੈ, ਪਰ ਉਨ੍ਹਾਂ ਨੂੰ ਸਿਧਾਂਤਿਕ ਆਦਰਸ਼ ਦੇ ਪ੍ਰਤੀਮਾਨਾਂ ਵਜੋਂ ਹਾਲੇ ਵੀ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਸ਼ਾਇਦ ਅਜਿਹਾ ਹੋ ਸਕੇ। ਉਸ ਤੱਤਕਾਲਕ ਪ੍ਰਗਤੀਸ਼ੀਲ ਸਾਹਿਤ-ਧਾਰਾ ਦੇ ਉਥਾਨ ਕਾਲ ਵਿਚ ਵਿਆਪਕ ਪ੍ਰਸਥਿਤੀਆਂ ਵਿਚ ਸ਼ਾਇਦ ਇਸ ਤੋਂ ਵੱਧ ਕੁਝ ਕਰ ਸਕਣਾ ਸੰਭਵ ਹੀ ਨਹੀਂ ਸੀ। ਫਿਰ ਵੀ ਉਨ੍ਹਾਂ ਨੇ ਇਕ ਪਹਿਰੇਦਾਰ ਵਾਂਗ ਆਪਣੇ ਸਮਕਾਲੀ ਪੰਜਾਬੀ ਸਾਹਿਤਕਾਰਾਂ ਨੂੰ ਸਾਵਧਾਨ ਕੀਤਾ ਤੇ ਸਾਰਥਕ ਉਪਯੋਗੀ ਤੇ ਲੋਕ-ਪੱਖੀ ਯੁਗ ਅਨੁਕੂਲ ਸਾਹਿਤਿਕ ਆਦਰਸ਼ਾਂ ਦੀ ਮੰਜ਼ਿਲ ਵਲ ਅੱਗੇ ਵਧਣ ਦਾ ਸੰਕੇਤ ਕੀਤਾ। ਫਿਰ ਵੀ ਮੇਰਾ ਇਹ ਵਿਸ਼ਵਾਸ਼ ਹੈ ਕਿ ਉਨ੍ਹਾਂ ਦੀ ਸਮਾਲੋਚਨਾਂ ਵਿਚ ਜੋ ਪਕਿਆਈ ਤੇ ਪ੍ਰਬੁੱਧਤਾ ਹੈ ਉਹ ਮਾਰਕਸਵਾਦੀ ਚਿੰਤਨਧਾਰਾ ਅਤੇ ਇਤਿਹਾਸਕ-ਪਦਾਰਥਵਾਦ ਦੇ ਵਿਗਿਆਨਕ ਆਧਾਰਾਂ ਉਤੇ ਟੇਕ ਰਖਣ ਦੇ ਕਾਰਨ ਆਈ ਹੈ। ਜਿਹੜੇ ਵੀ ਵਿਵਹਾਰਕ ਰੂਪ ਵਿਚ ਇਸ ਵਿਚ ਛਿਦਰ ਜਾਂ ਤਰੁਟੀਆਂ ਸਨ, ਉਨ੍ਹਾਂ ਨੂੰ ਆਪ ਦੇ ਵਿਅਕਤੀਤਵ ਦੀ ਵਿਅਕਤੀਗਤ ਪ੍ਰਵਿਰਤੀ ਹੀ ਮੰਨਿਆ ਜਾ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਜਿਥੋਂ ਤਕ ਸਿਰਜਨਾਤਮਕ ਸਾਹਿਤ ਦਾ ਸੰਬੰਧ ਹੈ ਆਪ ਦੀ ਦੇਣ ਬੜੀ ਆਦਰਯੋਗ ਤੇ ਵਡਮੁਲੀ ਹੈ। ਇਸ ਦਾ ਉਨ੍ਹਾਂ ਦੇ ਸਮਕਾਲੀ ਜੀਵਨ ਨਾਲ ਘਨਿਸ਼ਟ ਸੰਬੰਧ ਹੈ ਅਤੇ ਇਸ ਦੀ ਸੰਵੇਦਨਸ਼ੀਲਤਾ ਤੇ ਆਦਰਸ਼ ਪਰਾਇਣਤਾ ਲੋਕਪੱਖੀ ਤੇ ਜਨ-ਹਿਤਕਾਰੀ ਹੈ।ਆਪਣੇ ਸਾਹਿਤਿਕ ਜੀਵਨ ਦੇ ਪਹਿਲੇ ਕੁਝ ਵਰ੍ਹਿਆਂ ਵਿਚ ਹੀ ਆਪ ਨੇ 'ਕਲਾਕਾਰ' ਵਰਗੀ ਉਤਕ੍ਰਿਸ਼ਟ ਰਚਨਾ ਦੀ ਸਿਰਜਣਾ ਕੀਤੀ, ਜਿਸ ਨੂੰ ਸਦਾ ਹੀ ਵੀਹਵੀਂ ਸਦੀ ਦੇ ਪਹਿਲੇ ਅੱਧ ਦੀਆਂ ਉਂਗਲਾਂ 'ਤੇ ਗਿਣੀਆਂ ਜਾਣ ਵਾਲੀਆਂ ਰਚਨਾਵਾਂ ਵਿਚ ਗਿਣਿਆ ਜਾਂਦਾ ਰਹੇਗਾ। ਨਾਟਕ ਦੇ ਖੇਤਰ ਵਿਚ ਉਨ੍ਹਾਂ ਦੀ ਬੌਧਿਕਤਾ-ਪ੍ਰਧਾਨ ਰਚਨਾ ਦਾ ਬੁੱਧੀਵਾਨ ਪਾਠਕ-ਵਰਗ ਸਦਾ ਸਤਿਕਾਰ ਕਰੇਗਾ ਅਤੇ ਉਨ੍ਹਾਂ ਦੇ ਸਿਰਜਨਾਤਮਕ ਵਰਤਾਰੇ ਦੇ ਘਟਨਾਕ੍ਰਮ ਤੇ ਸੰਯੋਜਨਾ-ਵਿਧੀ ਨੂੰ ਪ੍ਰੱਪਕ ਸਾਹਿਤਿਕ ਵਿਧੀ-ਵਿਧਾਨ ਵਜੋਂ ਘੋਖੇ-ਪਰਖੇਗਾ। 'ਕਲਾਕਾਰ' ਤੋਂ ਬਿਨਾਂ ਉਨ੍ਹਾਂ ਦੇ ਕਿਸੇ ਹੋਰ ਨਾਟਕ ਬਾਰੇ ਕੁਝ ਕਹਿਣਾ ਹਾਲੀ ਮੇਰੇ ਅਧਿਕਾਰ ਦਾ ਵਿਸ਼ਾ ਨਹੀਂ। ਉਨ੍ਹਾਂ ਦੇ ਨਾਟਕ-ਸਾਹਿਤ ਦਾ ਖੋਜਾਰਥੀ ਵਧੇਰੇ ਅਧਿਕਾਰ ਨਾਲ ਕੁਝ ਕਹਿ ਸਕਦਾ ਹੈ। ਇਨ੍ਹਾਂ ਨਾਟਕਾਂ ਦਾ ਰੰਗਕਰਮੀ ਦ੍ਰਿਸ਼ ਭਾਵੇਂ ਕੁਝ ਵੀ ਹੋਵੇ, ਇਨ੍ਹਾਂ ਦਾ ਬੌਧਿਕ ਪੱਧਰ ਤੇ ਸੁਰ ਨਿਸ਼ਚੇ ਹੀ ਬੜਾ ਉਚਕੋਟੀ ਦਾ ਪ੍ਰੱਪਕ ਤੇ ਪ੍ਰਬੀਨ ਹੈ। ਇਹੋ ਕੁਝ ਹੀ ਆਪ ਦੀਆਂ ਕੁਝ ਵਿਸ਼ੇਸ਼ ਨਿਕੀਆਂ ਕਹਾਣੀਆਂ ਬਾਰੇ ਕਿਹਾ ਜਾ ਸਕਦਾ ਹੈ ਜਿਨ੍ਹਾਂ ਵਿਚੋਂ ਪ੍ਰਤੀਨਿਧ ਕਹਾਣੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਪ੍ਰੋ. ਸੇਖੋਂ ਦੀ ਕਹਾਣੀ ਕਲਾ ਦੇ ਉਤਕ੍ਰਿਸ਼ਟ ਪ੍ਰਮਾਨਾਂ ਵਜੋਂ ਪ੍ਰਸਤੁਤ ਕਰ ਸਕਣਾ ਉਪਯੋਗੀ ਗੱਲ ਹੋਵੇਗੀ। ਇਹੋ ਗੱਲ ਉਨ੍ਹਾਂ ਦੇ ਭਿੰਨ ਭਿੰਨ ਸਮੇਂ ਸਮਾਚਾਰ ਤੇ ਸਾਹਿਤਿਕ ਪੱਤਰਾਂ ਦੇ ਆਲੋਚਨਾਤਮਕ ਲੇਖਾਂ ਤੇ ਭੂਮਿਕਾਵਾਂ ਦੇ ਪ੍ਰਤੀਨਿੱਧ ਆਧਾਰਾਂ, ਆਲੋਚਨਾਤਮਕ ਸੰਗ੍ਰਹਿ ਤਿਆਰ ਕਰਨ ਬਾਰੇ ਉਚਿਤ ਹੋਵੇਗੀ।

ਹਾਂ, ਇਕ ਗਦ ਲੇਖਕ ਦੇ ਤੌਰ 'ਤੇ ਉਨ੍ਹਾਂ ਦੀ ਗਦ-ਸ਼ੈਲੀ ਬੜੀ ਪ੍ਰੱਪਕ ਤੇ ਸ੍ਰੇਸ਼ਟ ਗੁਣਾਂ ਦੀ ਧਾਰਨੀ ਸੀ। ਇਸ ਵਿਚੋਂ ਪੰਜਾਬੀ ਭਾਸ਼ਾ ਦਾ ਨਿਖਰਵਾਂ ਆਧੁਨਿਕ ਸਰੂਪ ਵੇਖਿਆ ਜਾ ਸਕਦਾ ਹੈ।

**ਪੁਨਰ-ਮੁਲਾਂਕਣ ਦੀ ਆਵੱਸ਼ਿਅਕਤਾ :**

ਸਮੁਚੇ ਆਧੁਨਿਕ ਪੰਜਾਬੀ ਸਾਹਿਤ ਦੀ ਵਿਕਾਸ-ਰੇਖਾ ਹੁਣ ਉਸ ਪੜਾਅ ਉਤੇ ਪੁਜ ਗਈ ਹੈ ਕਿ ਇਹ ਹੁਣ ਆਪਣੀ ਯੁਵ-ਅਵਸਥਾ ਨੂੰ ਪਾਰ ਕਰਕੇ ਪ੍ਰੌਢ-ਅਵਸਥਾ ਵਿਚ ਪਰਵੇਸ਼ ਕਰ ਚੁਕੀ ਹੈ। ਵਰਤਮਾਨ ਸਦੀ ਅਤੇ ਪਿਛਲੇ ਛੇ ਦਹਾਕਿਆਂ ਦੇ ਸਾਹਿਤ ਦੇ ਪੁਨਰ-ਵਿਸ਼ਲੇਸ਼ਣ ਦੀ ਲੋੜ ਹੈ। ਸਮਾਲੋਚਕਾਂ ਨੇ ਇਸ ਨੂੰ ਪ੍ਰਗਤੀਵਾਦੀ, ਉਤਰ-ਪ੍ਰਗਤੀਵਾਦੀ, ਅਸਤਿਤਵਵਾਦੀ, ਜੁਝਾਰਵਾਦੀ, ਆਧੁਨਿਕਤਾਵਾਦੀ ਅਤੇ ਉਤਰ-ਆਧੁਨਿਕਤਾਵਾਦੀ ਕੋਟੀਆਂ ਦੀ ਸੰਗਿਆ ਦਿਤੀ ਹੈ ਅਤੇ ਆਪਣੇ ਭਿੰਨ-ਭਿੰਨ ਆਲੋਚਨਾਤਮਕ ਸਿਧਾਂਤ, ਅਤੇ ਨਵੀਨ ਆਲੋਚਨਾਤਮਕ ਵਿਧੀਆਂ ਨੂੰ ਪ੍ਰਚਲਿਤ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਪੱਛਮੀ ਸਮੀਖਿਆ ਪਧਤੀਆਂ ਦਾ ਤਾਂ ਯੰਤਰਵਤ ਆਰੋਪਨ ਹੀ ਕੀਤਾ ਗਿਆ ਹੈ ਜਿਸ ਨਾਲ ਪੰਜਾਬੀ ਸਮੀਖਿਆ ਮੰਡਲ ਵਿਚ ਸਪੱਸ਼ਟਤਾ ਤੇ ਨਿਖਾਰ ਆਉਣ ਦੀ ਥਾਂ ਧੁੰਦੂਕਾਰ ਵਧੇਰੇ ਵਧਿਆ ਹੈ।



Sri Satguru Jagjit Singh Ji eLibrary NamdhariElibrary@gmail.com

ਵਿਚਾਰੀ ਸਾਹਿਤਿਕ-ਕਿਰਤ ਤਾਂ ਨਿਰਜਿੰਦ ਰਹਿ ਕੇ ਵਿਸ਼ਲੇਸ਼ਣਾਤਮਕ ਜਬਰ ਦਾ ਸ਼ਿਕਾਰ ਹੋ ਅਧਮੋਈ ਜਿਹੀ ਹੀ ਰਹਿ ਗਈ ਹੈ। ਆਧੁਨਿਕ ਕਾਲ ਦੇ ਚਿੰਤਨ ਦੀ ਜਟਿਲਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨਾ ਹੀ ਇਹ ਸਭ ਪਧਤੀਆਂ ਦੋਸ਼-ਪੂਰਨ ਹਨ। ਪਰ ਇਨ੍ਹਾਂ ਸਭ ਨੂੰ ਇਕ ਸੂਤਰ ਵਿਚ ਪਰੋ ਕੇ ਇਨ੍ਹਾਂ ਵਿਚੋਂ ਕਿਸੇ ਅਜਿਹੇ ਆਧਾਰਭੂਤ ਮਾਡਲ ਨੂੰ ਲਭਣਾ ਹੋਵੇਗਾ, ਜੋ ਵਿਆਪਕ ਰੂਪ ਵਿਚ ਬਹੁਤ ਸਾਰੀਆਂ ਵਿਭਿੰਨ ਪ੍ਰਣਾਲੀਆਂ ਦੇ ਸਾਹਿਤ-ਰੂਪਾਂ ਉਤੇ ਲਾਗੂ ਹੋ ਸਕੇ। ਫਿਰ ਵੀ ਆਪਣੇ ਅਨੁਭਵ ਤੇ ਅਧਿਐਨ ਦੇ ਆਧਾਰ ਤੇ ਮੈਂ ਜਿਸ ਨਿਸ਼ਕਰਸ਼ ਉਤੇ ਪੁਜਾ ਹਾਂ ਉਹ ਇਹੋ ਹੀ ਹੈ ਕਿ ਪੰਜਾਬੀ ਸਾਹਿਤ ਦੀ ਸਮੁਚੀ ਪ੍ਰਕ੍ਰਿਤੀ ਮਾਨਵਵਾਦੀ ਲੋਕਤੰਤਰ ਅਸੰਪ੍ਰਦਾਇਕ ਤੇ ਜਨ-ਹਿਤਕਾਰੀ ਹੈ। ਸਮੇਂ-ਸਮੇਂ ਇਸ ਵਿਚ ਸਮਕਾਲੀ ਪ੍ਰਸਥਿਤੀਆਂ ਅਨੁਸਾਰ ਪਰਿਵਰਤਨ ਆਉਂਦੇ ਰਹੇ ਹਨ। ਪਰ ਇਸ ਦੀ ਮੂਲਭੂਤ ਆਤਮਾ ਦੀ ਸੇਧ ਹੁਣ ਤਕ ਵੀ ਸਾਰਥਕ ਤੇ ਪ੍ਰਗਤੀਸ਼ੀਲ ਹੈ। ਆਪਣੇ ਸੁਭਾ ਅਨੁਸਾਰ ਪੰਜਾਬੀ ਉਦਾਰਚਿਤ ਵੀ ਹੈ ਅਤੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰ ਕੇ ਆਪਣੇ ਵਿਚ ਸਮੋ ਲੈਣ ਵਾਲਾ ਉਦਾਰਭਾਵੀ ਵੀ ਹੈ, ਪਰ ਨਕਲਚੀ ਤੇ ਬੌਧਿਕ ਜੂਠ ਉਤੇ ਪਲਣ ਵਾਲਾ ਨਹੀਂ। ਹਰ ਸਾਹਿਤਕਾਰ ਨੇ ਆਪਣੇ ਯੁਗ ਅੰਦਰ ਪਰੰਪਰਾ ਦੀ ਦਸ਼ਾ ਤੇ ਦਿਸ਼ਾ ਨੂੰ ਪਛਾਣ ਕੇ ਆਪਣੀਆਂ ਵਿਅਕਤੀਗਤ ਸੰਭਾਵਨਾਵਾਂ ਅਨੁਸਾਰ ਯੋਗਦਾਨ ਪਾਉਣਾ ਹੁੰਦਾ ਹੈ। ਪ੍ਰਤਿਭਾਵਾਨ ਲੇਖਕ ਸਦਾ ਆਪਣਾ ਨਿਆਰਾ ਰਾਹ ਤਾਂ ਚੁਣਦਾ ਹੈ, ਪਰ ਉਸ ਨਿਆਰੇ ਦੀ ਵਿਸ਼ੇਸ਼ਤਾ ਸਰਬ ਮਾਨਵੀ ਤੇ ਸਮਕਾਲੀ ਮੰਡਲ ਦੇ ਸੰਦਰਭ ਵਿਚ ਹੀ ਜਾਣੀ ਪਛਾਣੀ ਜਾ ਸਕਦੀ ਹੈ।

ਉਪਰੋਕਤ ਦ੍ਰਿਸ਼ਟੀ ਤੋਂ ਵਾਚਿਆਂ ਪ੍ਰੋ. ਸੰਤ ਸਿੰਘ ਸੇਖੋਂ ਦਾ ਸਾਹਿਤਿਕ ਯੋਗਦਾਨ ਬੜਾ ਵਡਮੁੱਲਾ, ਆਪਣੇ ਸਮੇਂ ਦੇ ਪੱਥ-ਪ੍ਰਦਰਸ਼ਕਾਂ ਵਾਲਾ, ਮੌਲਿਕ, ਆਧੁਨਿਕ, ਸਾਰਥਕ ਅਤੇ ਯੁਗ-ਅਨੁਕੂਲ ਸਾਹਿਤਿਕ ਦਾਇਤਵ ਨੂੰ ਨਿਭਾਉਣ ਵਾਲਾ ਰਿਹਾ ਹੈ। ਉਹ ਆਪ ਵੀ ਉਚਕੋਟੀ ਦੇ ਸਾਹਿਤ ਸਿਰਜਕ ਸਨ ਅਤੇ ਸਾਹਿਤਿਕ ਸਿਰਜਣਾ ਦੀ ਸਮਕਾਲੀ ਫੁਲਵਾੜੀ ਦੇ ਪ੍ਰਬੀਨ ਤੇ ਪ੍ਰਬੁਧ ਮਾਲੀ ਤੇ ਰਖਵਾਲੇ ਵੀ ਸਨ। ਪ੍ਰੋ. ਸੇਖੋਂ ਦੀ ਸਾਹਿਤਿਕ ਸਿਰਜਨਾ ਤੇ ਯੋਗਦਾਨ ਵਿਚ ਹਾਲੀ ਵੀ ਬਹੁਤ ਕੁਝ ਵੱਡੀ ਪ੍ਰੇਰਨਾ ਤੇ ਉਪਯੋਗੀ ਸੇਧ ਨੂੰ ਜਗਾਉਣ ਤੇ ਟੁੰਬਣ ਵਾਲਾ ਹੈ। ਆਪਣੇ ਯੁਗ ਦੇ ਉਹ ਵਿਸ਼ੇਸ਼ ਮਾਡਲ ਹਨ, ਜਿਨ੍ਹਾਂ ਦੀ ਬੌਧਿਕਤਾ ਅਤੇ ਸੰਵੇਦਨਸ਼ੀਲ ਸਾਹਿਤਿਕਤਾ ਤੋਂ ਅਸੀਂ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਾਂ ਤੇ ਆਗਾਮੀ ਕਾਲ ਵਿਚ ਕਰਦੇ ਵੀ ਰਹਾਂਗੇ। ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਪਿਛਲੇ 60 ਸਾਲਾਂ ਦੇ ਸਾਹਿਤ ਦਾ ਜੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪ੍ਰੋ. ਸੰਤ ਸਿੰਘ ਸੇਖੋਂ ਦੀ ਵਿਲੱਖਣ ਪ੍ਰਤਿਭਾ ਦਾ ਕੋਈ ਹੋਰ ਸਾਨੀ ਲਭਣਾ ਜੇ ਅਸੰਭਵ ਨਹੀਂ ਤਾ ਕਠਿਨ ਜ਼ਰੂਰ ਹੈ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਆਪ ਨੇ ਪੰਜਾਬੀ ਸਾਹਿਤ ਦੇ ਮੰਡਲ ਵਿਚ ਉਸੇ ਭੂਮਿਕਾ ਨੂੰ ਨਿਭਾਇਆ ਹੈ ਜੋ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਡਾ. ਭਾਈ ਵੀਰ ਸਿੰਘ ਜੀ ਦੇ ਹਿੱਸੇ ਆਈ ਸੀ।



Sri Satguru Jagjit Singh Ji eLibrary NamdhariElibrary@gmail.com

# ਗੁਰ-ਸਿਖ-ਪੰਜਾਬੀ ਗਿਆਨੀ ਲਾਲ ਸਿੰਘ

(1916-1996)

## ਆਰੰਭਕ ਸਮਾਚਾਰ

ਗਿਆਨੀ ਲਾਲ ਸਿੰਘ ਦਾ ਜਨਮ 18 ਜਨਵਰੀ 1916 ਨੂੰ ਪਿਤਾ ਸ. ਗਿਆਨ ਸਿੰਘ ਤੇ ਮਾਤਾ ਕੇਸਰ ਕੌਰ ਦੇ ਘਰ ਪਿੰਡ ਦਾਉਧਰ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਹੋਇਆ। ਪਰਿਵਾਰ ਦੇ ਪੰਜ ਜੀਅ ਸਨ ਪਿਤਾ, ਮਾਤਾ, ਤਾਇਆ, ਭੂਆ ਤੇ ਬਾਲਕ ਲਾਲ ਸਿੰਘ। ਸੰਤ ਮੰਗਲ ਸਿੰਘ ਨੇ ਅਸੀਸ ਦਿੱਤੀ, "ਹੌਲਦਾਰਾ, ਲਾਲ ਭਾਗਾਂ ਵਾਲਾ ਹੋਵੇਗਾ, ਵੱਡਾ ਜਸ ਖੱਟੇਗਾ, ਲਾਲ ਸਿੰਘ ਨਾਮ ਰੱਖਿਆ ਗਿਆ। ਪਿਤਾ ਗਿਆਨ ਸਿੰਘ ਦਾ ਇਹ ਇਕਲੌਤਾ ਪੁੱਤਰ ਸੀ ਜਿਸ ਨੂੰ ਮਾਪਿਆਂ ਨੇ ਲਾਡ-ਮਲ੍ਹਾਰ ਨਾਲ ਪਾਲਿਆ ਅਤੇ ਉਸਦੀ ਮੁਢਲੀ ਪੜ੍ਹਾਈ ਵਲ ਉਚੇਚਾ ਧਿਆਨ ਦਿਤਾ।

ਪਿੰਡ ਦਾਉਧਰ ਮਾਲਵੇ ਦਾ ਮਸ਼ਹੂਰ ਪਿੰਡ ਹੈ। ਇਹ ਉਚੇ ਥੇਹ ਉਤੇ ਵਸਿਆ ਹੋਇਆ ਹੈ ਤੇ ਉਤਰ ਤੇ ਦੱਖਣ ਵੱਲ ਦੋ ਪਾਣੀਆਂ ਦੀਆਂ ਵੱਡੀਆਂ ਢਾਬਾਂ ਹਨ। ਪਿੰਡ ਦਾ ਗੁਰਦਵਾਰਾ ਸੰਤ ਮੰਗਲ ਸਿੰਘ ਦੇ ਪੁਰਸ਼ਾਰਥ ਦੁਆਰਾ ਨੇਤਰਹੀਣ ਤੇ ਅਪੰਗ ਵਿਅਕਤੀਆਂ ਦੀ ਸੇਵਾ ਸੰਭਾਲ ਕਾਰਨ ਆਹਰੇ-ਬਾਹਰੇ ਵਿਚ ਜਾਣਿਆ ਜਾਂਦਾ ਸੀ। 1925 ਵਿਚ ਨੌਂ ਸਾਲਾਂ ਦੀ ਆਯੂ ਵਿਚ ਲਾਲ ਸਿੰਘ ਨੇ ਵੱਡੇ ਬੱਧਣੀ ਕਲਾਂ ਤੋਂ ਪ੍ਰਾਇਮਰੀ ਪਾਸ ਕੀਤੀ। ਪਿਤਾ ਉਚੇਚੇ ਆਪਣੇ ਪੁੱਤ ਨੂੰ ਘੋੜੀ ਤੇ ਬਿਠਾ ਕੇ ਛੱਡਣ ਤੇ ਲੈਣ ਜਾਂਦੇ ਸਨ। ਅੱਠਵੀਂ ਜਮਾਤ ਦੀ ਪੜ੍ਹਾਈ ਪਿੰਡ ਚੂਹੜਚੱਕ ਤੋਂ ਕੀਤੀ ਜਿਥੇ ਲਛਮਣ ਸਿੰਘ ਗਿੱਲ ਉਸ ਦਾ ਸਹਿਪਾਠੀ ਸੀ। ਲਾਲ ਸਿੰਘ ਜਮਾਤ ਦਾ ਮਨੀਟਰ ਸੀ। ਉਸਤਾਦ ਦੇ ਕਹਿਣ ਉਤੇ ਲਾਲ ਸਿੰਘ ਨੇ ਆਪਣੇ ਜਮਾਤੀ ਲਛਮਣ ਸਿੰਘ ਨੂੰ ਕਿਸੇ ਸਜ਼ਾ ਕਾਰਨ ਚੁਪੇੜ ਮਾਰਨ ਤੋਂ ਇਨਕਾਰ ਕਰ ਦਿਤਾ। ਇਹੋ ਘਟਨਾ ਪਿਛੋਂ ਜਾ ਕੇ ਲਾਲ ਸਿੰਘ ਤੇ ਲਛਮਣ ਸਿੰਘ ਦੀ ਗੂਹੜੀ ਦੋਸਤੀ ਤੇ ਉੱਚੀਆਂ ਮੱਲਾਂ ਮਾਰਨ ਦਾ ਕਾਰਨ ਬਣੀ। ਮਿਡਲ ਪਾਸ ਕਰ ਕੇ ਲਾਲ ਸਿੰਘ ਨੇ ਅਗਲੀ ਪੜ੍ਹਾਈ ਮੋਗੇ ਤੋਂ ਕੀਤੀ। ਮੋਗੇ ਦੀ ਪੜ੍ਹਾਈ ਸਮੇਂ ਉਸ ਨੂੰ ਮਜ਼ਬਾਂ ਦੇ ਆਧਾਰ ਤੇ ਵੰਡੇ ਹੋਏ ਸਮਾਜਿਕ ਵਿਤਕਰਿਆਂ ਦਾ ਗਿਆਨ ਹੋਇਆ ਕਿ ਸਿਖ, ਹਿੰਦੂ, ਆਰੀਏ, ਮੁਸਲਮਾਨ, ਸਨਾਤਨੀ ਤੇ ਈਸਾਈ ਸਮਾਜ ਦੇ ਵਖ-ਵੱਖ ਫਿਰਕੇ ਹਨ। ਇਹ ਗੱਲ ਸਮੁਚੇ ਮਨੁਖੀ ਸਮਾਜ ਦੇ ਭਾਈਚਾਰੇ ਨੂੰ ਵਖ-ਵਖ ਘੇਰਿਆਂ ਵਿਚ ਸੁੰਗੇੜ ਦੇਣ ਵਾਲੀ ਸੀ। 9ਵੀਂ, 10ਵੀਂ ਵਿਚ ਪੜ੍ਹਦਿਆਂ ਹੋਇਆਂ ਲਾਲ ਸਿੰਘ ਨੂੰ ਕਵਿਤਾ ਬੋਲਣ ਤੇ ਗਾਉਣ ਦਾ ਸ਼ੌਕ ਜਾਗ ਪਿਆ ਸੀ। ਸਾਧੂ ਦਯਾ ਸਿੰਘ ਦੇ 'ਜ਼ਿੰਦਗੀ ਬਿਲਾਸ' ਤੇ ਕਿਸ਼ੋਰ ਚੰਦ ਦੇ ਕਿੱਸਿਆਂ ਨੇ ਉਸਦੀ ਸਾਹਿਤ ਪੜ੍ਹਨ ਦੀ ਚੇਟਕ ਨੂੰ ਜਗਾ ਦਿੱਤਾ ਤੇ ਉਹ ਕਵਿਤਾ ਦੇ ਛੰਦਾਂ ਤੇ ਬੰਦਾਂ ਨੂੰ ਕੋਰੜੇ ਤੇ ਕਬਿੱਤਾਂ ਨੂੰ ਗੁਣਗਣਾਉਣ ਤੇ ਰਹਾਅ ਨਾਲ ਗਾਉਣ ਦਾ ਸ਼ੌਕੀ ਬਣ ਗਿਆ।



Sri Satguru Jagjit Singh Ji eLibrary NamdhariElibrary@gmail.com

ਇੰਟਰਮੀਡੀਏਟ ਜਾਂ ਐਫ਼.ਏ. ਦੀ ਪੜ੍ਹਾਈ ਲਾਲ ਸਿੰਘ ਨੇ ਆਰੀਆ ਕਾਲਜ ਮੋਗੇ ਵਿਚ ਕੀਤੀ ਜਿਥੇ ਗਿ: ਸੰਤ ਸਿੰਘ ਨਿਰਮਾਣ ਨੇ ਉਸਦੀ ਕਵਿਤਾ ਬੋਲਣ ਤੇ ਪੜ੍ਹਨ ਦੇ ਅੰਦਾਜ਼ ਤੋਂ ਪ੍ਰਭਾਵਿਤ ਹੋ ਕੇ ਵਖ-ਵੱਖ ਕਾਲਜਾਂ ਤੇ ਸਕੂਲਾਂ ਦੇ ਭਾਸ਼ਣ ਤੇ ਕਵਿਤਾ ਬੋਲਣ ਦੇ ਮੁਕਾਬਲਿਆਂ ਨੂੰ ਜਿੱਤਣ ਦਾ ਤੇ ਇਨਾਮ ਪ੍ਰਾਪਤ ਕਰਨ ਦਾ ਭਾਗੀ ਬਣਾਇਆ। ਬਸ ਜੇ ਇਕ ਵਾਰ ਭਰੀਆਂ ਮਜਲਿਸਾਂ ਵਿਚ ਕੁਝ ਬੋਲਣ ਦਾ ਝਾਕਾ ਖੁਲ੍ਹ ਜਾਏ ਤਾਂ ਅਗਲੀ ਮੰਜ਼ਿਲ ਬੜੀ ਸੁਖਾਵੀਂ ਹੋ ਜਾਂਦੀ ਹੈ। ਮੋਗੇ ਦੀ ਪੜ੍ਹਾਈ ਸਮੇਂ ਉਸ ਦੀਆਂ ਕਈ ਸਾਂਝਾ ਪੱਕੀਆਂ ਹੋਈਆਂ। ਇਸ ਸਮੇਂ ਦੀਆਂ ਕੁਝ ਦੋਸਤੀਆਂ ਤਾਂ ਉਮਰ ਭਰ ਲਈ ਨਿਭੀਆਂ।

ਮੋਗੇ ਦੇ ਨੇਤਰ ਰੋਗਾਂ ਦੇ ਮਾਹਿਰ ਡਾ. ਮਥਰਾ ਦਾਸ ਦਾ ਨਾਮ ਬੜਾ ਮਸ਼ਹੂਰ ਸੀ। ਇਥੇ ਉਨ੍ਹਾਂ ਦੇ ਪੁੱਤਰ ਅੰਬੋ (ਅੰਮ੍ਰਿਤ ਲਾਲ) ਨਾਲ ਉਨ੍ਹਾਂ ਦੀ ਦੋਸਤੀ ਪੱਕੀ ਹੋ ਗਈ। ਇਥੇ ਹੀ ਉਸ ਦਾ ਇਕ ਮੁਸਲਮਾਨ ਦੋਸਤ ਸ਼ੇਖ਼ ਰਸੂਲ ਮੁਹੰਮਦ ਪੱਕਾ ਦੋਸਤ ਬਣ ਗਿਆ ਅਤੇ ਮੋਗੇ ਦੇ ਅਕਾਲੀ ਨੇਤਾ ਸ. ਬਸੰਤ ਸਿੰਘ ਨਾਲ ਉਸ ਦੀ ਸਾਂਝ ਵਧੀ। ਸ. ਬਸੰਤ ਸਿੰਘ ਦੀ ਸਰਪ੍ਰਸਤੀ ਨੇ ਲਾਲ ਸਿੰਘ ਨੂੰ ਅਕਾਲੀ ਲੀਡਰਾਂ ਮਾ. ਤਾਰਾ ਸਿੰਘ, ਗਿ. ਕਰਤਾਰ ਸਿੰਘ ਦੇ ਨੇੜੇ ਲੈ ਆਂਦਾ, ਜਿਨ੍ਹਾਂ ਦਾ ਡੂੰਘਾ ਪ੍ਰਭਾਵ ਲਾਲ ਸਿੰਘ ਦੇ ਅਗਾਮੀ ਜੀਵਨ 'ਤੇ ਪਿਆ। ਪਿਤਾ ਅੱਗੇ ਪੜ੍ਹਾਉਣਾ ਨਹੀਂ ਸੀ ਚਾਹੁੰਦਾ ਤੇ ਘਰ ਦੇ ਕੰਮ ਵਿਚ ਲਗਾਉਣਾ ਚਾਹੁੰਦਾ ਸੀ ਪਰ ਲਾਲ ਸਿੰਘ ਦਾ ਪੰਛੀ ਮਨ ਉੱਚੀਆਂ ਉਡਾਰੀਆਂ ਮਾਰਨ ਲਈ ਖੰਭ ਤੋਲ ਰਿਹਾ ਸੀ। ਕਹਿੰਦੇ ਹਨ 'ਜਿੱਥੇ ਚਾਹ, ਉਥੇ ਰਾਹ'। ਸ. ਬਸੰਤ ਸਿੰਘ ਮੋਗਾ ਨੇ ਲਾਲ ਸਿੰਘ ਦੇ ਮਨ ਵਿਚ ਮਿਸ਼ਨਰੀ ਕਾਲਜ ਵਿਚ ਗੁਰਮਤਿ ਦੀ ਪੜ੍ਹਾਈ ਲਈ ਪ੍ਰੇਰਨਾ ਜਗਾ ਦਿਤੀ। ਇਹ ਗੱਲ ਮੋਗੇ ਵਿਚ ਹੋਈ ਅਕਾਲੀ ਕਾਨਫਰੰਸ ਰਾਹੀਂ ਪ੍ਰੇਰਨਾ ਜਗਾਉਣ ਦਾ ਕਾਰਨ ਬਣੀ। ਇਸ ਕਾਨਫਰੰਸ ਵਿਚ ਲਾਲ ਸਿੰਘ ਸ਼ਹੀਦ ਸਿਖ ਮਿਸ਼ਨਰੀ ਕਾਲਜ ਦੇ ਪ੍ਰੋ. ਗੰਗਾ ਸਿੰਘ ਦੇ ਭਾਸ਼ਣ ਤੋਂ ਬਹੁਤ ਪ੍ਰਭਾਵਿਤ ਹੋਇਆ। ਲਾਲ ਸਿੰਘ ਦੇ ਦਿਲ ਵਿਚ ਉਸਦੀ ਸ਼ਾਗਿਰਦੀ ਕਰਨ ਤੇ ਉਸਦੀ ਭਾਸ਼ਣ-ਕਲਾ ਵਿਚ ਨਿਪੁੰਨਤਾ ਪ੍ਰਾਪਤ ਕਰਨ ਦੀ ਲਗਨ ਲਗ ਪਈ।

ਸ. ਬਸੰਤ ਸਿੰਘ ਦੀ ਪ੍ਰੇਰਨਾ ਸਦਕਾ ਲਾਲ ਸਿੰਘ ਗੁਜਰਾਂਵਾਲਾ ਦੇ ਗੁਰੂ ਨਾਨਕ ਖਾਲਸਾ ਕਾਲਜ ਤੇ ਉਸਦੇ ਨਾਲ ਲਗਦੇ ਉਪਦੇਸ਼ਕ ਕਾਲਜ ਪਹੁੰਚ ਗਿਆ, ਜਿਥੇ ਗੁਰਮਤਿ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਤੇ ਧਰਮ ਪ੍ਰਚਾਰਕ ਬਣਾ ਕੇ ਬਾਹਰ ਪ੍ਰਚਾਰ ਲਈ ਭੇਜੇ ਜਾਂਦੇ ਸਨ। ਇਥੇ ਹੀ ਲਾਲ ਸਿੰਘ ਦੇ ਨੌਜਵਾਨ ਮਨ ਵਿਚ ਕਈ ਕਰਵਟਾਂ ਉਭਰੀਆਂ ਜਿਨ੍ਹਾਂ ਨੇ ਉਸ ਲਈ ਨਵਾਂ ਮਾਰਗ ਸੁਨਿਸ਼ਚਿਤ ਕਰ ਦਿਤਾ।

ਜਦੋਂ ਲਾਲ ਸਿੰਘ ਗੁਜਰਾਂਵਾਲੇ ਦੇ ਉਪਦੇਸ਼ਕ ਕਾਲਜ ਵਿਚ ਪੜ੍ਹ ਰਿਹਾ ਸੀ ਤਾਂ ਉਸਦੇ ਮਨ ਵਿਚ ਝਨਾਂ ਦਰਿਆ ਨੂੰ ਵੇਖਣ ਦੀ ਤਾਂਘ ਉਤਪੰਨ ਹੋਈ। ਪੰਜਾਬੀ ਦੇ ਪ੍ਰਸਿਧ ਕਵੀ ਪ੍ਰੋ. ਮੋਹਣ ਸਿੰਘ ਦੀ 'ਸਾਵੇ ਪੱਤਰ' ਦੀ ਇਕ ਕਵਿਤਾ ਨੇ ਉਸਦੇ ਮਨ ਵਿਚ ਨਵੀਂ ਤਾਂਘ ਜਗਾ ਦਿਤੀ। ਇਕ ਲੋਕ ਗੀਤ ਹੈ:



Sri Satguru Jagjit Singh Ji eLibrary NamdhariElibrary@gmail.com

'ਵਗ ਵਗ ਵੇ ਝਨਾਂ ਦਿਆਂ ਪਾਣੀਆਂ!
ਤੇਰੇ ਕੰਢੇ ਉਤੇ ਆਸ਼ਕਾਂ ਨੇ ਮੌਜਾਂ ਮਾਣੀਆਂ।"

ਪ੍ਰੋ. ਮੋਹਣ ਸਿੰਘ ਦੀ ਕਵਿਤਾ ਦੇ ਸ਼ਬਦ ਹਨ:

"ਮੇਰੇ ਫੁੱਲ ਝਨਾਂ ਵਿਚ ਪਾਣੇ
ਮੈਂ ਸ਼ਾਇਰ ਮੇਰੇ ਫੁਲ ਸੁਹਾਵੇ
ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ
ਗੰਗਾ ਬਾਮ੍ਹਣੀ ਕੀ ਜਾਣੇ।
ਮੇਰੇ ਫੁੱਲ ਝਨਾਂ ਵਿਚ ਪਾਣੇ।..."

ਝਨਾਂ ਉਹ ਦਰਿਆ ਹੈ ਜਿਥੇ ਗੁਜਰਾਤ ਸ਼ਹਿਰ ਵਿਚ ਸੋਹਣੀ-ਮਹੀਂਵਾਲ ਦੀ ਪ੍ਰੇਮ-ਕਥਾ ਪੰਜਾਬੀਆਂ ਦੀਆਂ ਦਿਲੀ ਧੜਕਨਾਂ ਨੂੰ ਸਦਾ ਜਗਾਉਂਦੀ ਰਹੀ ਹੈ। ਭਾਈ ਗੁਰਦਾਸ ਨੇ ਵੀ ਪੰਜਾਬ ਦੀਆਂ ਪ੍ਰੇਮ-ਕਥਾਵਾਂ ਦਾ ਵਰਣਨ ਕਰਦੇ ਹੋਏ ਲਿਖਿਆ ਸੀ:

"ਲੈਲਾ ਮਜਨੂੰ ਆਸ਼ਕੀ
ਚਹੁੰ ਚੱਕੀ ਜਾਤੀ
ਰਾਂਝਾ ਹੀਰ ਵਖਾਣੀਐ
ਉਹ ਪਿਰਮ ਪਰਾਤੀ
ਸੋਹਣੀ ਮਹੀਂਵਾਲ ਲਈ
ਨੈਂ ਤਰਦੀ ਰਾਤੀ।"

ਵਿਦਿਆਰਥੀ ਲਾਲ ਸਿੰਘ ਨੇ ਸਾਈਕਲ ਕਿਰਾਏ ਉਤੇ ਲਿਆ ਤੇ ਜਰਨੈਲੀ ਸੜਕ ਤੇ ਜਾਂਦਾ ਹੋਇਆ ਕਈ ਮੀਲਾਂ ਦਾ ਪੰਧ ਤਹਿ ਕੀਤਾ ਤੇ ਉਥੇ ਪਹੁੰਚ ਗਿਆ।

"ਮੈਂ ਝਨਾਂ ਦੇ ਕੰਢੇ ਜਾ ਬੈਠਾ, ਝਨਾਂ ਦੇ ਪਾਣੀ ਨਾਲ ਮੂੰਹ ਹੱਥ ਧੋਤੇ, ਥਕੇਵਾਂ ਲਾਹਿਆ ਤੇ ਚੂਲੀਆਂ ਭਰ ਭਰ ਪਾਣੀ ਪੀਤਾ। ਪਾਣੀ ਪਾਣੀ ਹੀ ਹੁੰਦਾ ਹੈ ਪਰ ਜਦੋਂ ਇਸ ਵਿਚੋਂ ਇਸ਼ਕ ਦਾ ਸੁਆਦ ਆਵੇ ਤਾਂ ਇਹੋ ਸ਼ਰਾਬ ਬਣ ਜਾਂਦਾ ਹੈ।"

ਲਾਲ ਸਿੰਘ

ਇਸੇ ਜਕੋ-ਤਕੀ ਵਿਚ ਗੁਜਰਾਂਵਾਲਾ ਵਾਪਿਸ ਪੁੱਜਾ ਕਿ ਇਸ ਘਟਨਾ ਬਾਰੇ ਉਹ ਪ੍ਰਿੰ. ਛਹਿਬਰ ਸਿੰਘ ਨੂੰ ਸੱਚੋ-ਸੱਚ ਦਸੇ ਕਿ ਨਾ ਦੱਸੇ। ਅਖ਼ੀਰ ਉਸ ਨੇ ਝਾਕੇਨੂੰ ਲਾਂਭੇ ਕਰ ਕੇ ਸੱਚ ਦੱਸ ਦਿੱਤਾ ਤੇ ਪ੍ਰਿੰ. ਸਾਹਿਬ ਨੇ ਲਾਲ ਸਿੰਘ ਨੂੰ ਜੱਫੀ ਵਿਚ ਲੈ ਕੇ ਉਸਦੇ ਉਤਸ਼ਾਹ ਨੂੰ ਵਧਾਇਆ। ਸੂਖਮਭਾਵੀ ਵਿਅਕਤੀ ਸਦਾ ਭਾਵੁਕ ਹੁੰਦੇ ਹਨ, ਉਪਭਾਵੁਕ ਨਹੀਂ। ਭਾਵੁਕਤਾ ਸ਼੍ਰੇਸ਼ਟ ਪੁਰਸ਼ਾਂ, ਸਾਹਿਤਕਾਰਾਂ ਦਾ ਵੱਡਾ ਗੁਣ ਹੁੰਦਾ ਹੈ। ਭਾਵੁਕਤਾ ਸਦਗੁਣ ਹੈ ਤੇ ਉਪਭਾਵੁਕਤਾ ਅਵਗੁਣ।



Sri Satguru Jagjit Singh Ji eLibrary NamdhariElibrary@gmail.com

## ਦੋ ਪੰਜਾਬੀ ਕਾਨਫਰੰਸਾਂ:

ਲਾਲ ਸਿੰਘ ਦੇ ਗੁਜਰਾਂਵਾਲੇ ਪੜ੍ਹਾਈ ਸਮੇਂ ਦੋ ਵੱਡੀਆਂ ਪੰਜਾਬੀ ਕਾਨਫਰੰਸਾਂ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਇਕੋ ਸਮੇਂ ਗੁਜਰਾਂਵਾਲਾ ਕੀਤੀਆਂ ਗਈਆਂ। ਪਹਿਲੀ ਸੀ ਚੀਫ਼ ਖ਼ਾਲਸਾ ਦੀਵਾਨ ਵਲੋਂ ਕੀਤੀ ਗਈ ਸਿਖ ਵਿਦਿਅਕ ਕਾਨਫਰੰਸ ਤੇ ਦੂਜੀ ਸੀ ਅਕਾਲੀ ਕਾਨਫਰੰਸ। ਦੋਹਾਂ ਦੇ ਵੱਖੋ-ਵੱਖ ਦ੍ਰਿਸ਼ਾਂ ਨੇ ਲਾਲ ਸਿੰਘ ਦੇ ਸੂਖਮਭਾਵੀ ਮਨ 'ਤੇ ਵਖਰਾ-ਵਖਰਾ ਪ੍ਰਭਾਵ ਪਾਇਆ । ਸਿਖ ਵਿਦਿਅਕ ਕਾਨਫਰੰਸ ਵਿਚ ਡੈਲੀਗੇਟ ਸੈਸ਼ਨ ਵਿਚ ਹਾਜ਼ਰੀ ਟਿਕਟਾਂ ਉਤੇ ਹੁੰਦੀ ਸੀ ਜੋ ਵੱਡੇ-ਵੱਡੇ ਸਰਦਾਰ ਵਡੀਆਂ ਤੇ ਮੋਟੀਆਂ ਰਕਮਾਂ ਦੇ ਕੇ ਖ਼ਰੀਦਦੇ ਤੇ ਕਾਨਫਰੰਸ ਵਿਚ ਡੈਲੀਗੇਟਾਂ ਦੇ ਰੂਪ ਵਿਚ ਸਾਮਲ ਹੁੰਦੇ ਜਨ। ਲਾਲ ਸਿੰਘ ਨੇ ਇਸ ਕਾਨਫਰੰਸ ਵਿਚ ਕਈ ਉੱਘੀਆਂ ਹਸਤੀਆਂ ਦੇ ਦਰਸ਼ਨ ਕੀਤੇ ਪਰ ਉਸਦੀ ਭਾਈ ਵੀਰ ਸਿੰਘ ਦੇ ਦਰਸ਼ਨ ਦੀ ਰੀਝ ਪੂਰੀ ਨਾ ਹੋਈ। ਉਹ ਡੈਲੀਗੇਟ ਸੈਸ਼ਨ ਦੀ ਸਮਾਪਤੀ ਪਿਛੋਂ ਛੇਤੀ ਹੀ ਪ੍ਰਸਥਾਨ ਕਰ ਜਾਂਦੇ ਸਨ। ਉਨ੍ਹਾਂ ਦੀ ਕਵਿਤਾ ਦੇ ਇਹ ਵਾਕ ਬੜੇ ਢੁਕਵੇਂ ਪ੍ਰਤੀਤ ਹੁੰਦੇ ਹਨ:

"ਮੇਰੀ ਛੁਪੇ ਰਹਿਣ ਦੀ ਚਾਹ
ਤੇ ਛੁਪੇ ਟੁਰ ਜਾਣ ਦੀ
ਹਾਅ ਪੂਰੀ ਹੁੰਦੀ ਨਾ
ਮੈਂ ਤਰਲੇ ਲੈ ਰਿਹਾ।"

ਖੁੱਲ੍ਹੇ ਇਜਲਾਸ ਵਿਚ ਹਰ ਇਕ ਨੂੰ ਬੈਠਣ ਤੇ ਸੁਣਨ ਦੀ ਖੁਲ੍ਹ ਸੀ। ਅਕਾਲੀ ਕਾਨਫਰੰਸ ਵਿਚ ਮਾ. ਤਾਰਾ ਸਿੰਘ, ਗਿ: ਕਰਤਾਰ ਸਿੰਘ ਤੇ ਬਸੰਤ ਸਿੰਘ ਮੋਗਾ ਤੇ ਕਈ ਪੰਥਕ ਹਸਤੀਆਂ ਸ਼ਾਮਲ ਹੋਈਆਂ। ਇਥੇ ਹੀ ਲਾਲ ਸਿੰਘ ਨੇ ਸ਼ਹੀਦ ਸਿਖ ਮਿਸ਼ਨਰੀ ਕਾਲਜ ਦੇ ਪ੍ਰਿੰ. ਗੰਗਾ ਸਿੰਘ ਜੀ ਦਾ ਭਾਸ਼ਣ ਸੁਣਿਆ, ਜਿਸਦੀ ਸੁਭਾਸ਼ਣੀ ਸ਼ਕਤੀ ਤੇ ਸੁਭਾਸ਼ਣੀ ਕਲਾ ਦੀਆਂ ਜੁਗਤਾਂ ਤੋਂ ਪ੍ਰੇਰਿਤ ਹੋ ਕੇ ਲਾਲ ਸਿੰਘ ਦੇ ਮਨ ਵਿਚ ਪ੍ਰਿੰ. ਗੰਗਾ ਸਿੰਘ ਨੂੰ ਉਸਤਾਦ ਧਾਰਨ ਦੀ ਤਾਂਘ ਪ੍ਰਬਲ ਹੋ ਉਠੀ। ਉਸੇ ਸਾਲ ਹੀ ਐਫ. ਏ. ਪਾਸ ਕਰ ਕੇ ਲਾਲ ਸਿੰਘ ਸਿਖ ਸ਼ਹੀਦ ਮਿਸ਼ਨਰੀ ਕਾਲਜ ਵਿਚ ਜਾ ਦਾਖ਼ਲ ਹੋਇਆ। ਉਸ ਨੇ ਦੋਵੇਂ ਇਮਤਿਹਾਨ ਮਿਸ਼ਨਰੀ ਕਾਲਜ ਤੇ ਗਿਆਨੀ ਦੇ ਪਹਿਲੇ ਸਥਾਨ ਤੇ ਪਾਸ ਕੀਤੇ। ਮਾ. ਤਾਰਾ ਸਿੰਘ ਜੀ ਨੇ ਗਿ. ਲਾਲ ਸਿੰਘ ਨੂੰ ਆਪਣੇ ਨਾਲ ਧਰਮ ਪ੍ਰਚਾਰ ਦੇ ਦੌਰਿਆਂ ਤੇ ਜਾਣ ਲਈ ਜੋੜ ਲਿਆ, ਜਿਥੇ ਲਾਲ ਸਿੰਘ ਨੇ ਆਪਣੇ ਮੁਰਸ਼ਦ ਪ੍ਰਿੰ. ਗੰਗਾ ਸਿੰਘ ਸਮਾਨ ਵਖ-ਵਖ ਥਾਵਾਂ ਤੇ ਭਾਸ਼ਨ ਦੇ ਕੇ ਸੰਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਦਿਨਾਂ ਵਿਚ ਹੀ ਗਿ. ਗੁਰਮੁਖ ਸਿੰਘ ਮੁਸਾਫ਼ਿਰ ਤੇ ਗਿ. ਜ਼ੈਲ ਸਿੰਘ ਨਾਲ ਗਿ. ਲਾਲ ਸਿੰਘ ਦੀ ਗੂਹੜੀ ਜਾਣ ਪਛਾਣ ਹੋ ਗਈ।

## ਪਿਸ਼ੌਰ ਵਿਚ ਗਿ. ਲਾਲ ਸਿੰਘ ਦਾ ਭਾਸ਼ਣ:

ਪਿਸ਼ੌਰ ਵਿਚ ਦਿਤੇ ਗਏ ਰੇਡੀਓ ਭਾਸ਼ਣ ਨਾਲ ਲਾਲ ਸਿੰਘ ਸਰੋਤਿਆਂ ਵਿਚ ਇੰਨਾ



Sri Satguru Jagjit Singh Ji eLibrary NamdhariElibrary@gmail.com

ਹਰਮਨ ਪਿਆਰਾ ਹੋ ਗਿਆ ਕਿ ਕਈ ਈਸਾਈ ਕੁੜੀਆਂ ਉਸ ਨੂੰ ਪਿਸ਼ੌਰ ਦੇ ਭਾਈ ਜੋਗਾ ਸਿੰਘ ਦੇ ਗੁਰਦਵਾਰੇ ਮਿਲਣ ਆਈਆਂ। ਇਨ੍ਹਾਂ ਵਿਚੋਂ ਇਕ ਬੀਬੀ ਦਾਉਧਰ ਪਿੰਡ ਦੇ ਸੁੱਚਾ ਸਿੰਘ ਦੀ ਬੇਟੀ ਸੀ ਜੋ ਗਿ. ਜੀ ਦੇ ਪਿਤਾ ਦਾ ਗੂਹੜਾ ਮਿੱਤਰ ਸੀ। ਉਸਦੇ ਈਸਾਈ ਬਣ ਜਾਣ ਤੇ ਵੀ ਪਰਿਵਾਰ ਦੀ ਸਾਂਝ ਕਾਇਮ ਰਹੀ। ਉਸ ਨੇ ਆ ਕੇ ਗਿ. ਲਾਲ ਸਿੰਘ ਨੂੰ ਭੈਣ ਪ੍ਰੇਮ ਵਿਚ ਗਲਵਕੜੀ ਵਿਚ ਘੁਟ ਲਿਆ ਤੇ ਮਾਹੌਲ ਬੜਾ ਖੁਸ਼ਗਵਾਰ ਬਣ ਗਿਆ। ਭਾਈ ਜੋਗਾ ਸਿੰਘ ਗੁਰਦਵਾਰਾ ਦੇ ਮੈਨੇਜਰ ਭਾਈ ਈਸ਼ਰ ਸਿੰਘ ਉਸਦੇ ਮਿਸ਼ਨਰੀ ਕਾਲਜ ਦੇ ਨਿਵਾਸ ਤੋਂ ਹੀ ਜਾਣੂ ਸੀ, ਜਿਸ ਨੇ ਇਸ ਮਾਹੌਲ ਨੂੰ ਹੀ ਦਾਅਵਤ ਵਾਲਾ ਪ੍ਰੇਮ-ਭਾਈਚਾਰਾ ਬਣਾ ਦਿਤਾ।

ਸ਼ਹੀਦ ਸਿਖ ਮਿਸ਼ਨਰੀ ਕਾਲਜ ਦੀ ਪੜ੍ਹਾਈ ਸਮੇਂ ਭਾਰਤ ਦੀ ਮਸ਼ਹੂਰ ਹਸਤੀ ਡਾ. ਅੰਬੇਦਕਰ ਜੀ ਜੋ ਅਛੂਤ ਭਾਈਚਾਰੇ ਦਾ ਨੇਤਾ ਸੀ, ਮਾ. ਤਾਰਾ ਸਿੰਘ ਤੇ ਹੋਰ ਅਕਾਲੀ ਲੀਡਰਾਂ ਨੂੰ ਮਿਲਣ ਅੰਮ੍ਰਿਤਸਰ ਆਏ। ਉਨ੍ਹਾਂ ਦਾ ਮਨੋਰਥ ਤਾਂ ਅਛੂਤ ਸਮਾਜ ਨੂੰ ਸਿਖ ਧਰਮ ਵਿਚ ਪ੍ਰਵੇਸ਼ ਕਰਾਉਣਾ ਸੀ। ਲਾਲ ਸਿੰਘ ਡਾ. ਅੰਬੇਦਕਰ ਦੇ ਅੰਮ੍ਰਿਤਸਰ ਆਉਣ ਨੂੰ ਆਪਣੇ ਜੀਵਨ ਦੀ ਵੱਡੀ ਘਟਨਾ ਮੰਨਦਾ ਹੈ। ਡਾ. ਅੰਬੇਦਕਰ ਨਾਲ ਗੱਲਬਾਤ ਕਰਨ ਲਈ ਪੰਜਾਬ ਦੇ ਸਿਖ ਬੁਧੀਮਾਨ ਬਾਵਾ ਹਰਕ੍ਰਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਸ. ਭਾਗ ਸਿੰਘ ਐਡਵੋਕੇਟ ਗੁਰਦਾਸਪੁਰ, ਪ੍ਰਿੰ. ਕਸ਼ਮੀਰਾ ਸਿੰਘ, ਤੇ ਭਾਈ ਜੋਧ ਸਿੰਘ ਨੂੰ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ। ਡਾ. ਅੰਬੇਦਕਰ ਦੇ ਅੰਗਰੇਜ਼ੀ ਭਾਸ਼ਣ ਦਾ ਅਨੁਵਾਦ ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰੋ. ਤੇਜਾ ਸਿੰਘ ਕਰਦੇ ਰਹੇ। ਇਹ ਗੱਲਬਾਤ ਸਿਰੇ ਨਾ ਚੜ੍ਹ ਸਕੀ ਤੇ ਡਾ. ਅੰਬੇਦਕਰ ਦਾ ਅਛੂਤ ਭਾਈਚਾਰਾ ਮਹਾਤਮਾ ਗਾਂਧੀ ਜੀ ਦੇ ਪ੍ਰਭਾਵ ਥੱਲੇ ਹਰੀਜਨ ਭਾਈਚਾਰੇ ਵਿਚ ਸੰਗਠਿਤ ਹੋ ਗਿਆ।

**ਸਿਖ ਨੈਸ਼ਨਲ ਕਾਲਜ ਲਾਹੌਰ:**

ਚੀਫ਼ ਖ਼ਾਲਸਾ ਦੀਵਾਨ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਸਰਪ੍ਰਸਤ ਸੀ। ਇਸ ਤੋਂ ਵਖ ਹੋ ਕੇ ਸਿਖ ਨੈਸ਼ਨਲ ਕਾਲਜ ਲਾਹੌਰ 1938 ਵਿਚ ਹੋਂਦ ਵਿਚ ਆਇਆ ਜਿਸਦੇ ਪ੍ਰਿੰਸੀਪਲ ਨਿਰੰਜਨ ਸਿੰਘ ਜੀ ਸਨ ਜੋ ਮਾ. ਤਾਰਾ ਸਿੰਘ ਜੀ ਦੇ ਸਕੇ ਭਾਈ ਸਨ। ਇਹ ਦੋਵੇਂ ਹਸਤੀਆਂ ਮਾ. ਤਾਰਾ ਸਿੰਘ ਤੇ ਪ੍ਰਿੰ. ਨਿਰੰਜਨ ਸਿੰਘ ਉਚ ਕੋਟੀ ਦੇ ਸ੍ਰੇਸ਼ਟ ਮਨੁੱਖ ਸਨ, ਭਾਵੇਂ ਦੋਵਾਂ ਦੇ ਨਿਰਧਾਰਿਤ ਮਾਰਗ ਵਖਰੇ-ਵਖਰੇ ਸਨ। ਮਾ. ਤਾਰਾ ਸਿੰਘ ਜੀ ਕੱਟੜ ਅਕਾਲੀ ਸਿਖ ਸਨ ਤੇ ਪ੍ਰਿੰ. ਨਿਰੰਜਨ ਸਿੰਘ ਪੱਕੇ ਨੈਸ਼ਨਲਿਸਟ ਸਿਖ। ਮਾ. ਤਾਰਾ ਸਿੰਘ ਜੀ ਨੇ ਗਿ. ਲਾਲ ਸਿੰਘ ਨੂੰ ਅਗਲੀ ਪੜ੍ਹਾਈ ਲਈ ਸਿਖ ਨੈਸ਼ਨਲ ਕਾਲਜ ਦਾਖ਼ਲ ਕਰਵਾ ਦਿਤਾ, ਜੋ ਉਨ੍ਹਾਂ ਦਿਨਾਂ ਵਿਚ ਪ੍ਰਿੰ. ਨਿਰੰਜਨ ਸਿੰਘ ਦੀ ਅਗਵਾਈ ਵਿਚ ਵੱਡੀਆਂ ਵਿਦਿਅਕ ਤੇ ਰਾਜਸੀ ਸਰਗਰਮੀਆਂ ਦਾ ਕੇਂਦਰ ਬਣਿਆ। ਲਾਲ ਸਿੰਘ ਹੋਣਹਾਰ ਵਿਦਿਆਰਥੀ ਤੇ ਭਾਸ਼ਣ ਕਲਾ ਵਿਚ ਪ੍ਰਬੀਣ ਹੋਣ ਕਾਰਨ ਕਾਲਜ ਦੀਆਂ ਕਾਰਵਾਈਆਂ ਵਿਚ ਉੱਘਾ ਹਿੱਸਾ ਲੈਂਦਾ ਰਿਹਾ।



Sri Satguru Jagjit Singh Ji eLibrary NamdhariElibrary@gmail.com

ਪ੍ਰਿੰ. ਨਿਰੰਜਨ ਸਿੰਘ ਦੇ ਕਿਸੇ ਰਿਸ਼ਤੇਦਾਰ ਨੇ ਉਨ੍ਹਾਂ ਤੋਂ ਕੋਈ ਨਾਜਾਇਜ਼ ਮੰਗ ਮੰਗੀ ਤੇ ਉਨ੍ਹਾਂ ਨੇ ਉਸਦੇ ਮੂੰਹ 'ਤੇ ਚਪੇੜ ਮਾਰ ਦਿਤੀ ਜਿਸ ਤੋਂ ਕਾਲਜ ਦਾ ਮਾਹੌਲ ਭਖ ਗਿਆ ਤੇ ਵਿਦਿਆਰਥੀਆਂ ਨੇ ਪ੍ਰਿੰ. ਮੁਰਦਾਬਾਦ ਦੇ ਨਾਅਰੇ ਲਾਏ। ਵਿਦਿਆਥੀਆਂ ਨੇ ਹੜਤਾਲ ਕਰ ਦਿਤੀ। ਇਸ ਹੜਤਾਲ ਦੇ ਉਤੇਜਿਤ ਵਾਤਾਵਰਨ ਨੂੰ ਸ਼ਾਂਤ ਕਰਨ ਵਿਚ ਵਿਦਿਆਰਥੀ ਨੇਤਾ ਲਾਲ ਸਿੰਘ ਦਾ ਉੱਘਾ ਰੋਲ ਸੀ।

ਲਾਲ ਸਿੰਘ ਇਸ ਕਾਲਜ ਵਿਚ ਰਹਿੰਦਿਆਂ ਹੋਇਆਂ ਡਾ. ਜੀਤ ਸਿੰਘ ਸੀਤਲ ਦੇ ਨਾਲ ਗੁਰਦਵਾਰੇ ਵਿਚ ਸਵੇਰ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਕਥਾ ਵੀ ਕਰਦਾ ਰਿਹਾ ਤੇ ਐਫ਼.ਏ. ਪੰਜਾਬੀ ਦੀਆਂ ਜਮਾਤਾਂ ਨੂੰ ਗਿਆਨੀ (ਜੋ ਉਸ ਸਮੇਂ ਪੰਜਾਬੀ ਦੀ ਉਚ ਡਿਗਰੀ ਸੀ) ਹੋਣ ਕਾਰਨ ਪੜ੍ਹਾਉਂਦਾ ਰਿਹਾ। ਕਾਲਜ ਦੀ ਇਸ ਹੜਤਾਲ ਸਮੇਂ ਲਾਲ ਸਿੰਘ ਦੀ ਮਾਹੌਲ ਨੂੰ ਸ਼ਾਂਤ ਕਰਨ ਵਿਚ ਵੱਡੀ ਭੂਮਿਕਾ ਸੀ। ਸਤਵੰਤ ਸਿੰਘ, ਬਚਨ ਦਾਸ ਤਾਲਿਬ ਅਤੇ ਜਗਜੀਤ ਸਿੰਘ ਆਨੰਦ ਇਸ ਕਾਲਜ ਦੇ ਵਿਦਿਆਰਥੀ ਸਨ ਜੋ ਕਮਿਊਨਿਸਟ ਵਿਚਾਰਾਂ ਦੇ ਧਾਰਨੀ ਸਨ। ਇਸ ਮੌਕੇ ਲਾਲ ਸਿੰਘ ਨੇ ਮਾਹੌਲ ਨੂੰ ਸ਼ਾਂਤ ਕਰਨ ਵਿਚ ਸਰਗਰਮ ਹਿੱਸਾ ਪਾਇਆ। ਜਗਜੀਤ ਸਿੰਘ ਆਨੰਦ ਨੂੰ ਉਸਦੀ ਇੱਛਾ ਅਨੁਸਾਰ ਐਫ.ਸੀ. ਕਾਲਜ ਦਾਖ਼ਲ ਕਰਵਾ ਦਿਤਾ ਗਿਆ ਤੇ ਕਾਲਜ ਮੁੜ ਸ਼ਾਂਤ ਮਾਹੌਲ ਵਿਚ ਚਲਣ ਲਗ ਪਿਆ।

1940 ਵਿਚ ਲਾਲ ਸਿੰਘ ਨੇ ਬੀ.ਏ. ਪਾਸ ਕਰ ਲਿਆ ਤੇ ਮਾ. ਤਾਰਾ ਸਿੰਘ ਤੇ ਗਿ. ਕਰਤਾਰ ਸਿੰਘ ਨੇ ਉਸਨੂੰ ਪੰਜਾਬ ਯੂਨੀਵਰਸਿਟੀ ਦੀ ਪੋਲੀਟੀਕਲ ਸਾਇੰਸ ਦੀ ਐਮ.ਏ. ਸ਼੍ਰੇਣੀਆਂ ਵਿਚ ਦਾਖ਼ਲ ਕਰਵਾ ਦਿਤਾ। ਇਸ ਵਿਸ਼ੇ ਦੇ ਯੂਨੀਵਰਸਿਟੀ ਵਿਚ ਦੋ ਹੀ ਵਿਦਿਆਰਥੀ ਸਨ। ਇਸ ਸਮੇਂ ਵਿਦਿਆਰਥੀ ਲਾਲ ਸਿੰਘ ਨੂੰ ਪ੍ਰਿੰ. ਛਬੀਲ ਦਾਸ ਤੇ ਪ੍ਰੋ. ਬ੍ਰਿਜ ਨਰਾਇਣ ਵਰਗੇ ਪ੍ਰਮੁਖ ਅਰਥ ਸ਼ਾਸਤਰੀਆਂ ਦੇ ਭਾਸ਼ਣ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਲਾਹੌਰ ਦਾ ਵਾਈ.ਐਮ. ਸੀ.ਏ. ਹਾਲ ਪ੍ਰਮੁਖ ਵਿਸ਼ਿਆਂ ਦੇ ਭਾਸ਼ਣ ਕਰਵਾਉਣ ਲਈ ਬੜਾ ਉਘਾ ਸੀ। ਇਥੋਂ ਦੇ ਵਾਤਾਵਰਨ ਤੋਂ ਲਾਲ ਸਿੰਘ ਨੂੰ ਭਾਸ਼ਣ ਕਲਾ ਬਾਰੇ ਵਧੇਰੇ ਗਿਆਨ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

ਲਾਲ ਸਿੰਘ ਮਾ. ਤਾਰਾ ਸਿੰਘ ਤੇ ਗਿ. ਕਰਤਾਰ ਸਿੰਘ ਜੀ ਨਾਲ ਭਾਰਤ ਦੇ ਕਈ ਸ਼ਹਿਰਾਂ ਤੇ ਪਿੰਡਾਂ ਵਿਚ ਭਾਸ਼ਣ ਦੇਣ ਜਾਂਦਾ ਰਿਹਾ । ਇਹ ਭਾਸ਼ਣ ਸਿਖ ਇਤਿਹਾਸ ਤੇ ਗੁਰਮਤਿ ਬਾਰੇ ਹੀ ਹੁੰਦੇ ਸਨ। ਪ੍ਰਿੰ. ਗੰਗਾ ਸਿੰਘ ਦੀ ਸ਼ਾਗਿਰਦੀ ਹੋਰ ਵੀ ਰੰਗ ਲਿਆਈ ਤੇ ਲਾਲ ਸਿੰਘ ਸੁਭਾਸ਼ਣੀ ਸ਼ਕਤੀ ਵਿਚ ਹੋਰ ਵੀ ਪ੍ਰਬੀਣ ਹੋ ਗਿਆ। ਮਾ. ਤਾਰਾ ਸਿੰਘ ਜੀ ਨੇ ਲਾਲ ਸਿੰਘ ਨੂੰ ਸ਼ਹੀਦ ਸਿਖ ਮਿਸ਼ਨਰੀ ਕਾਲਜ ਵਿਖੇ ਵਾਈਸ ਪ੍ਰਿੰਸੀਪਲ ਨਿਯੁਕਤ ਕਰਾ ਦਿਤਾ ਤੇ 250 ਰੁਪਏ ਮਾਸਿਕ ਤਨਖਾਹ ਨਿਸ਼ਚਿਤ ਕਰ ਦਿਤੀ। ਗਿ. ਲਾਲ ਸਿੰਘ ਨੇ ਅੰਮ੍ਰਿਤਸਰ ਹੀ ਆਪਣੇ ਪਰਿਵਾਰ ਸਮੇਤ ਨਿਵਾਸ ਬਣਾ ਲਿਆ। 1940 ਵਿਚ ਮੁਹੰਮਦ ਅਲੀ ਜਿਨਾਹ ਨੇ ਮੁਸਲਿਮ ਲੀਗ ਨੂੰ ਕਾਇਮ ਕਰ ਕੇ ਪਾਕਿਸਤਾਨ ਦੀ ਮੰਗ ਦਾ ਐਲਾਨ ਕਰ ਦਿਤਾ। ਮੁਸਲਿਮ ਲੀਗ ਦੇ


Sri Satguru Jagjit Singh Ji eLibrary NamdhariElibrary@gmail.com

ਇਕ ਜਲਸੇ ਵਿਚ ਲਾਲ ਸਿੰਘ ਤੇ ਕੁਝ ਹੋਰ ਸਾਥੀ ਨਾਅਰੇ ਮਾਰਦੇ ਹੋਏ ਪਹੁੰਚੇ ਤੇ ਉਥੋਂ ਮੁਸਲਿਮ ਲੀਗ ਵਲੋਂ ਥੱਪੜ ਤੇ ਚਪੇੜਾਂ ਖਾ ਕੇ ਵਾਪਿਸ ਪਰਤੇ। ਇਹ ਗੱਲ ਜਜ਼ਬਾਤ ਵਿਚ ਆ ਕੇ ਕੀਤੀ ਗਈ ਸੀ, ਨਹੀਂ ਤਾਂ ਹਰ ਇਕ ਨੂੰ ਹੱਕ ਹੈ ਕਿ ਉਹ ਆਪਣੇ ਮੱਤ ਦਾ ਪ੍ਰਚਾਰ ਕਰੇ।

ਜਦੋਂ ਗਿ. ਲਾਲ ਸਿੰਘ ਸਿਖ ਮਸ਼ੀਨਰੀ ਕਾਲਜ ਵਿਚ ਅਧਿਆਪਕ ਸਨ ਤਾਂ ਉਨ੍ਹਾਂ ਦੇ ਸਹਿ-ਅਧਿਆਪਕ ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਹਰਭਜਨ ਸਿੰਘ ਸਨ। ਮਾ. ਤਾਰਾ ਸਿੰਘ ਤੇ ਗਿ. ਕਰਤਾਰ ਸਿੰਘ ਲਾਲ ਸਿੰਘ ਨੂੰ ਭਾਸ਼ਣ ਦੇਣ ਬਾਹਰ ਵੀ ਭੇਜ ਦੇਂਦੇ ਸਨ। ਇਨ੍ਹਾਂ ਦਿਨਾਂ ਵਿਚ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦਾ ਬੀ.ਏ. ਦਾ ਵਿਦਿਆਰਥੀ ਸਾਂ ਤੇ ਰਾਜਨੀਤੀ ਵਿਗਿਆਨ ਦੇ ਪ੍ਰੋ. ਵਰਿਆਮ ਸਿੰਘ ਜੋ ਭਾਸ਼ਣ ਕਲਾ ਵਿਚ ਨਿਪੁੰਨ ਸਨ, ਦੀ ਸ਼ਾਗਿਰਦੀ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਅਤੇ ਮੈਨੂੰ ਵੀ ਕਾਲਜ ਦੇ ਬਹਿਸ-ਮੁਬਾਸਿਆਂ (ਡੀਬੇਟਾਂ) ਵਿਚ ਹਿੱਸਾ ਲੈਣ ਦਾ ਕਾਫ਼ੀ ਅਭਿਆਸ ਹੋ ਚੁਕਾ ਸੀ। 1947-48 ਦੇ ਦਿਨਾਂ ਵਿਚ ਹਾਲ ਬਾਜ਼ਾਰ ਦੇ ਬਾਹਰ ਟੈਂਪਰੈਂਸ ਹਾਲ ਵਖ-ਵਖ ਰਾਜਨੀਤਕ ਸਰਗਰਮੀਆਂ, ਨੇਤਾਵਾਂ ਤੇ ਵਿਦਿਆਰਥੀਆਂ ਦੇ ਭਾਸ਼ਣਾਂ ਲਈ ਬੜਾ ਉਚਿਤ ਸਥਾਨ ਸੀ। ਇਥੇ ਹੀ 1948 ਵਿਚ ਇਕ ਡੀਬੇਟ 'ਆਜ਼ਾਦ ਭਾਰਤ ਵਿਚ ਕੌਮੀਕਰਨ' ਦੇ ਵਿਸ਼ੇ ਉਤੇ ਹੋਈ ਜਿਸ ਵਿਚ ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੂੰ ਪਖ ਤੇ ਵਿਪੱਖ ਵਿਚ ਸਰਗਰਮ ਭਾਸ਼ਣਾਂ ਨੂੰ ਸੁਣਨ ਦਾ ਮੌਕਾ ਮਿਲਿਆ। ਗਿ. ਲਾਲ ਸਿੰਘ ਨੂੰ ਮੈਂ ਪਹਿਲੀ ਵਾਰ ਟੈਂਪਰੈਂਸ ਹਾਲ ਵਿਚ ਭਾਸ਼ਣ ਦੇਂਦੇ ਹੋਏ ਸੁਣਿਆ। ਉਨ੍ਹਾਂ ਦਾ ਭਾਸ਼ਣ ਦੇਣ ਦਾ ਢੰਗ ਬੜਾ ਜਜ਼ਬਾਤੀ ਤੇ ਪ੍ਰੇਰਣਾ ਜਗਾਉ ਸੀ ਤੇ ਬੜੀ ਗਰਜਵੀਂ ਆਵਾਜ਼ ਵਿਚ ਉਨ੍ਹਾਂ ਭਾਸ਼ਣ ਦਿਤਾ। ਸਰੋਤੇ ਮਗਨ-ਮੁਗਧ ਹੋ ਕੇ ਭਾਸ਼ਣ ਸੁਣਦੇ ਰਹੇ ਤੇ ਤਾੜੀਆਂ ਵੀ ਮਾਰਦੇ ਰਹੇ। ਇਹ ਸੀ ਗਿ. ਲਾਲ ਸਿੰਘ ਦੀ ਭਾਸ਼ਣ ਕਲਾ ਦਾ ਮੇਰੇ ਮਨ ਉਤੇ ਪਿਆ ਪਹਿਲਾ ਪ੍ਰਭਾਵ।

1947 ਵਿਚ ਦੇਸ਼ ਦੀ ਵੰਡ ਹੋ ਗਈ। ਆਜ਼ਾਦ ਭਾਰਤ ਦੇ ਤਿੰਨ ਟੋਟੇ ਕਰ ਦਿਤੇ ਗਏ। ਦੇਸ਼ ਵੰਡ ਸਮੇਂ ਪੰਜਾਬ ਵਿਚ ਫਿਰਕੂ ਨਫ਼ਰਤ ਦਾ ਝੱਖੜ ਝੁੱਲਿਆ, ਜਿਸ ਬਾਰੇ ਗਿ. ਲਾਲ ਸਿੰਘ ਦੇ ਸੰਵੇਦਨਸ਼ੀਲ ਮਨ ਦੇ ਪ੍ਰਤੀਕਰਮ ਇਸ ਪ੍ਰਕਾਰ ਸਨ।

"ਅਮਨ-ਅਮਨ, ਸ਼ਾਂਤੀ ਸ਼ਾਂਤੀ ਦੀਆਂ ਆਵਾਜ਼ਾਂ ਅੱਜੇ ਤਕ ਕੰਨੀਂ ਨਹੀਂ ਪੈਂਦੀਆਂ, ਸਗੋਂ 'ਮਾਰ ਦਿਆਂਗੇ', 'ਮੁਕਾ ਦਿਆਂਗੇ' ਦੀਆਂ ਆਵਾਜ਼ਾਂ ਕੰਨਾਂ ਨੂੰ ਖੜੇ ਕਰ ਰਹੀਆਂ ਸਨ। 1947 ਦੇ ਉਜਾੜੇ ਨੇ ਵੰਡੇ ਹੋਏ ਦੋਹਾਂ ਪੰਜਾਬਾਂ ਵਿਚ ਚੂਰੀ ਖਾਂਦੀਆਂ ਤੇ ਪਰੋਸਦੀਆਂ ਹੀਰਾਂ ਨੂੰ ਕੀਰਨੇ ਪਾਉਣ ਲਾ ਦਿੱਤਾ।"

1947 ਦੇ ਖ਼ੂਨੀ ਫ਼ਿਰਕੂ ਫ਼ਸਾਦਾਂ ਤੇ ਦੇਸ਼ ਵੰਡ ਸਮੇਂ ਹਿੰਦੂ, ਸਿਖ ਤੇ ਮੁਸਲਿਮ ਆਬਾਦੀਆਂ ਦਾ ਆਪਣੀ ਜਨਮ ਭੂਮੀ ਨੂੰ ਲੱਖਾਂ ਦੀ ਗਿਣਤੀ ਵਿਚ ਛੱਡ ਕੇ ਦੂਜੇ ਦੇਸ਼ ਜਾਣਾ ਦੋਹਾਂ ਫ਼ਿਰਕਿਆਂ ਲਈ ਬੜੀ ਦੁਖਦਾਈ ਗੱਲ ਸੀ। ਜਲੰਧਰ ਦੇ ਬਾਬੂ ਲਾਭ ਸਿੰਘ ਉਘੇ ਅਕਾਲੀ ਨੇਤਾ ਸਨ। ਉਹ ਫ਼ਿਰਕੂ ਫ਼ਸਾਦਾਂ ਨੂੰ ਰੋਕਣ ਲਈ ਸ਼ਹਿਰ ਵਿਚ ਵਖ-ਵਖ ਥਾਵਾਂ ਤੇ ਜਾ ਕੇ



Sri Satguru Jagjit Singh Ji eLibrary NamdhariElibrary@gmail.com

ਸ਼ਾਂਤੀ ਰਖਣ ਦਾ ਸੁਨੇਹਾ ਦੇ ਰਹੇ ਸਨ ਕਿ ਕਿਸੇ ਜਨੂੰਨੀ ਨੇ ਉਨ੍ਹਾਂ ਨੂੰ ਛੁਰਾ ਮਾਰ ਕੇ ਕਤਲ ਕਰ ਦਿਤਾ। ਅਖ਼ਬਾਰਾਂ ਵਿਚ ਲਾਭ ਸਿੰਘ ਦੀ ਥਾਂ ਲਾਲ ਸਿੰਘ ਛਪ ਗਿਆ। ਪਿੰਡ ਦਾਉਧਰ ਵਿਚ ਇਹ ਖ਼ਬਰ ਪੜ੍ਹ ਕੇ ਸ਼ੋਕ ਫੈ਼ਲ ਗਿਆ। ਜੂਨ 1947 ਵਿਚ ਲਾਲ ਸਿੰਘ ਦੇ ਪਿਤਾ ਸ. ਗਿਆਨ ਸਿੰਘ ਦਾ ਦੇਹਾਂਤ ਹੋ ਗਿਆ। ਜਦੋਂ ਪਿੰਡ ਦਾਉਧਰ ਤੋਂ ਕੋਈ ਸਜਣ ਇਹ ਸ਼ੋਕ ਸਮਾਚਾਰ ਦੇਣ ਲਈ ਅੰਮ੍ਰਿਤਸਰ ਪੁਜਾ ਤਾਂ ਲਾਲ ਸਿੰਘ ਸ਼ੋਮਣੀ ਕਮੇਟੀ ਦੇ ਦਫ਼ਤਰ ਵਿਖੇ ਪਾਕਿਸਤਾਨ ਤੋਂ ਆਏ ਸ਼ਰਣਾਰਥੀਆਂ ਦੀ ਸੂਚੀ ਬਣਾ ਰਹੇ ਸਨ। ਸ਼ਰਣਾਰਥੀ ਇਕ ਕਤਾਰ ਵਿਚ ਖੜੋਤੇ ਸਨ। ਦਾਉਧਰ ਤੋਂ ਆਏ ਸਜਣ ਨੂੰ ਲੰਮੀ ਕਤਾਰ ਵਿਚ ਖੜਾ ਦਿਤਾ ਗਿਆ। ਲਾਲ ਸਿੰਘ ਨੂੰ ਪਿਤਾ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਦੁਖ ਤਾਂ ਹੋਣਾ ਹੀ ਸੀ। ਜਦੋਂ ਉਹ਼ ਛੇਤੀ-ਛੇਤੀ ਰੇਲ ਗੱਡੀਆਂ ਤੇ ਸਵਾਰ ਹੋ ਕੇ ਪਿੰਡ ਪਹੁੰਚੇ ਤਾਂ ਪਿਤਾ ਜੀ ਦਾ ਸੰਸਕਾਰ ਕੀਤਾ ਜਾ ਚੁਕਾ ਸੀ ਤੇ ਪਿੰਡ ਵਿਚ ਮਾਤਮ ਤੇ ਸ਼ੋਕ ਦਾ ਮਾਹੌਲ ਸੀ। ਅਜਿਹੀ ਸ਼ੋਕਾਤੁਰ ਸਥਿਤੀ ਵਿਚ ਹੀ ਲਾਲ ਸਿੰਘ ਨੂੰ ਆਪਣੇ ਪਿਆਰੇ ਬਾਪੂ ਜੀ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣਾ ਪਿਆ।

ਗਿਆਨੀ ਜੀ ਨੇ ਪਿੰਡ ਦੇ ਮੁਸਲਮਾਨ ਵਸਨੀਕਾਂ ਨੂੰ ਧਰਵਾਸ ਦਿਤਾ ਕਿ ਤੁਹਾਨੂੰ ਸਿਖਾਂ ਤੋਂ ਕੋਈ ਖ਼ਤਰਾ ਨਹੀਂ ਤੇ ਉਨ੍ਹਾਂ ਨੂੰ ਅਮਨ-ਅਮਾਨ ਨਾਲ ਪਾਕਿਸਤਾਨ ਪਹੁੰਚਾਉਣ ਵਿਚ ਸਹਾਇਤਾ ਕੀਤੀ। ਸ਼੍ਰੋਮਣੀ ਕਮੇਟੀ ਵਲੋਂ ਗਿ. ਲਾਲ ਸਿੰਘ ਦੀ ਡਿਊਟੀ ਪਾਕਿਸਤਾਨ ਤੋਂ ਆਏ ਹਿੰਦੂ, ਸਿਖ ਸ਼ਰਣਾਰਥੀਆਂ ਦੀ ਸੇਵਾ-ਸੰਭਾਲ ਤੇ ਮੁੜ-ਵਸੇਬੇ ਲਈ ਲਾਈ ਗਈ ਤੇ ਉਨ੍ਹਾਂ ਦੀਆਂ ਸੇਵਾਵਾਂ ਦਾ ਵਿਸ਼ੇਸ਼ ਤੌਰ ਤੇ ਲਾਭ ਉਠਾਇਆ ਗਿਆ। ਗਿ. ਲਾਲ ਸਿੰਘ ਭਾਰਤ ਦੀਆਂ ਵਖ-ਵਖ ਰਿਆਸਤਾਂ ਦੇ ਹੁਕਮਰਾਨਾਂ - ਰਾਜਿਆਂ, ਮਹਾਰਾਜਿਆਂ ਨੂੰ ਥਾਂ-ਥਾਂ ਤੇ ਜਾ ਕੇ ਮਿਲਿਆ। ਉਸ ਦੇ ਨਾਲ ਭਾਈ ਇੰਦਰ ਸਿੰਘ ਸੇਵਾਦਾਰ ਭੇਜਿਆ ਗਿਆ। ਇਸ ਕਾਰਜ ਵਿਚ ਲਾਲ ਸਿੰਘ ਨੂੰ ਕਾਫ਼ੀ ਸਫ਼ਲਤਾ ਮਿਲੀ। ਗਵਾਲੀਅਰ ਦੇ ਮਹਾਰਾਜੇ ਦਾ ਹੁੰਗਾਰਾ ਬੜਾ ਉਤਸ਼ਾਹ ਜਗਾਊ ਸੀ। ਸ਼ੇਖ਼ੂਪੁਰੇ ਦੇ ਢਾਬਾਂ ਪਿੰਡ ਦੇ ਮਜ਼੍ਹਬੀ ਸਿਖ ਸਰਦਾਰਾਂ ਨੂੰ ਉਹ ਗਵਾਲੀਅਰ ਰਿਆਸਤ ਵਿਚ ਵਸਾਉਣ ਲਈ ਸਫਲ ਹੋ ਗਿਆ, ਜਿਥੇ ਜਾ ਕੇ ਉਨ੍ਹਾਂ ਨੇ ਕਾਫ਼ੀ ਉੱਨਤੀ ਕੀਤੀ।

ਪੰਜਾਬ ਵਿਚ ਵੀ ਪਟਿਆਲਾ ਤੇ ਹੋਰ ਰਿਆਸਤਾਂ ਵਿਚ ਮੁੜ-ਵਸੇਬੇ ਦਾ ਕੰਮ ਸ਼ੁਰੂ ਹੋਇਆ। ਇਸ ਦੌਰਾਨ ਲਾਲ ਸਿੰਘ ਦੀ ਡਿਊਟੀ ਪਟਿਆਲੇ ਲਗਾਈ ਗਈ। ਇਸ ਸੰਬੰਧ ਵਿਚ ਗਿ. ਲਾਲ ਸਿੰਘ ਆਪਣੀ ਜੀਵਨ ਕਹਾਣੀ ਵਿਚ ਜ਼ਿਕਰ ਕਰਦੇ ਹਨ: "ਗਿ. ਕਰਤਾਰ ਸਿੰਘ ਜੀ ਰਿਫਊਜ਼ੀਆਂ ਦੇ ਵਸੇਬੇ ਦੀਆਂ ਵਿਊਂਤਾਂ ਕਢਦੇ ਰਹਿੰਦੇ, ਤੇ ਸਿਰੇ ਚਾੜ੍ਹਨ ਵਿਚ ਬਹੁਤ ਸਹਾਈ ਹੋਏ। ਪਹਿਲਾਂ ਪਾਕਿਸਤਾਨ 'ਚੋਂ ਕਢਣਾ ਤੇ ਮੁੜ ਵਸਾਉਣਾ ਉਨ੍ਹਾਂ ਦਾ ਇਕੋ ਇਕ ਕੰਮ ਸੀ।" ਤੇ ਗਿ. ਲਾਲ ਸਿੰਘ ਜੀ ਨੂੰ ਪਟਿਆਲੇ ਆ ਕੇ ਇਸ ਕਾਰਜ ਨੂੰ ਨਿਭਾਉਣਾ ਪਿਆ ਜਿਸ ਪਿਛੋਂ ਗਿ. ਲਾਲ ਸਿੰਘ ਦੇ ਜੀਵਨ ਦੇ ਆਗਾਮੀ 47 ਸਾਲ ਪਟਿਆਲੇ ਵਿਚ ਹੀ ਬੀਤੇ। ਗਿ. ਜੀ ਅਨੁਸਾਰ ਜਿਥੇ ਜੀਵਨ ਦੇ ਪਹਿਲੇ 32 ਸਾਲ ਉਨ੍ਹਾਂ ਨੇ ਕਈ ਥਾਵਾਂ ਤੇ ਗੁਜ਼ਾਰੇ, ਉਥੇ



Sri Satguru Jagjit Singh Ji eLibrary NamdhariElibrary@gmail.com

ਬਾਕੀ ਸਾਲ ਉਹ ਪਟਿਆਲੇ ਦੇ ਹੀ ਪੱਕੇ ਵਾਸੀ ਬਣ ਗਏ।

**ਪੰਜਾਬੀ ਭਾਸ਼ਾ, ਸਾਹਿਤ ਦੇ ਵਿਕਾਸ ਤੇ ਪ੍ਰਫੁੱਲਤਾ ਲਈ ਯਾਦਗਾਰੀ ਸੇਵਾ:**

ਜਿਵੇਂ ਕਿ ਪਿਛੇ ਉਲੇਖ ਕੀਤਾ ਗਿਆ ਹੈ ਕਿ ਗਿ. ਲਾਲ ਸਿੰਘ ਦੇ ਅਗਾਮੀ 47 ਸਾਲ ਪਟਿਆਲੇ ਵਿਚ ਰਹਿ ਕੇ ਅਤੇ ਵਖ-ਵਖ ਅਹੁਦਿਆਂ ਤੇ ਸੋਭਾਇਮਾਨ ਰਹਿ ਕੇ ਪੰਜਾਬ, ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਨੂੰ ਅਰਪਣ ਹੀ ਨਹੀਂ ਕੀਤੇ, ਸਗੋਂ ਇਸ ਖੇਤਰ ਵਿਚ ਉਨ੍ਹਾਂ ਨੇ ਵਡੇ-ਵਡੇ ਕਾਰਜਾਂ ਨੂੰ ਨਿਭਾਇਆ ਤੇ ਪ੍ਰਮੁਖ ਸੰਸਥਾਵਾਂ ਦੀ ਸੇਵਾ ਕਰ ਕੇ ਯਾਦਗਾਰੀ ਜਸ ਖੱਟਿਆ ਹੈ। ਇਸ ਖੇਤਰ ਵਿਚ ਉਨ੍ਹਾਂ ਦੀ ਸੇਵਾ ਵੱਡਮੁੱਲੀ, ਯਾਦਗਾਰੀ ਤੇ ਇਤਿਹਾਸਿਕ ਮਹੱਤਤਾ ਵਾਲੀ ਹੈ। ਵਿਸ਼ੇਸ਼ ਕਰ ਕੇ 1968 ਦਾ ਪੰਜਾਬੀ ਭਾਸ਼ਾ ਐਕਟ ਉਨ੍ਹਾਂ ਵਲੋਂ ਕੀਤੇ ਯਤਨਾਂ ਨੂੰ ਕਦੀ ਵੀ ਵਿਸਾਰ ਨਹੀਂ ਸਕੇਗਾ।

**ਰਿਆਸਤ ਪਟਿਆਲਾ ਦਾ ਪੰਜਾਬੀ ਭਾਸ਼ਾ ਨੂੰ ਸਰਕਾਰੀ ਤੌਰ ਤੇ ਲਾਗੂ ਕਰਨ ਦੇ ਅਭੁੱਲ ਤੇ ਅਮੁੱਲ ਯਤਨ:**

ਪੂਰਬੀ ਪੰਜਾਬ ਦੀਆਂ ਸਿਖ ਰਿਆਸਤਾਂ ਵਿਚੋਂ ਪਟਿਆਲਾ ਦੇ ਮਹਾਰਾਜਿਆਂ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਤੌਰ ਤੇ ਯੋਗ ਸਥਾਨ ਦਿਵਾਉਣ ਵਿਚ ਸਭ ਤੋਂ ਪਹਿਲਾਂ ਪਹਿਲ ਕੀਤੀ। ਜਿਸ ਦਾ ਜ਼ਿਕਰ ਇਤਿਹਾਸਿਕ ਮਹਾਨਤਾ ਵਾਲਾ ਹੈ। 1900 ਈ: ਵਿਚ ਮਹਾਰਾਜਾ ਰਜਿੰਦਰ ਸਿੰਘ ਨੇ ਵਲਿੰਗਟਨ ਕੰਪਨੀ ਤੋਂ ਪੰਜਾਬੀ ਦਾ ਟਾਈਪ ਰਾਈਟਰ ਬਣਵਾਇਆ, ਜਿਸ ਨੂੰ ਮਹਾਰਾਜੇ ਨੇ ਗੁ. ਸਿੰਘ ਸਭਾ ਪਟਿਆਲਾ ਨੂੰ ਅਰਪਣ ਕਰਦਿਤਾ। ਇਥੋਂ ਦੇ ਨਾਜ਼ਮ ਸ਼ੰਕਰ ਦਿਆਲ ਸ਼ਰਮਾ ਨੇ ਪਹਿਲੀ ਵਾਰ ਪੰਜਾਬੀ ਭਾਸ਼ਾ ਤੇ ਗੁਰਮੁਖੀ ਅਖਰਾਂ ਨੂੰ ਸਰਕਾਰੀ ਤੌਰ ਤੇ ਰਿਆਸਤ ਦੀ ਭਾਸ਼ਾ ਹੋਣ ਦਾ ਐਲਾਨ ਕੀਤਾ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

"ਗੁਰਮੁਖੀ ਅਖਰਾਂ ਵਿਚ ਪੰਜਾਬੀ ਬੋਲੀ ਸਾਰੇ ਦਫ਼ਤਰਾਂ ਵਿਖੇ ਪ੍ਰਚਲਿਤ ਕੀਤੀ ਜਾਵੇ। ਸਾਰੀਆਂ ਫਾਰਮਾਂ ਗੁਰਮੁਖੀ ਅਖਰਾਂ ਵਿਚ ਛਪਵਾਈਆਂ ਜਾਣ। ਸਾਰੇ ਨੌਕਰ ਹੋਣ ਵਾਲਿਆਂ ਦੀ ਪਰੀਖਸ਼ਾ ਲੈਣੀ ਚਾਹੀਦੀ ਹੈ ਕਿ ਕੀ ਉਹ ਗੁਰਮੁਖੀ ਲਿਖ ਪੜ੍ਹ ਸਕਦੇ ਹਨ ? ਜਿਹੜੇ ਗੁਰਮੁਖੀ ਨਹੀਂ ਜਾਣਦੇ, ਉਨ੍ਹਾਂ ਨੂੰ ਤਿੰਨ ਮਹੀਨੇ ਦਾ ਸਮਾਂ ਦਿਤਾ ਜਾਵੇ ਤੇ ਇਸ ਪਿਛੋਂ ਜਦੋਂ ਤੀਕ ਉਹ ਆਪਣੇ ਆਪ ਨੂੰ ਯੋਗ ਨਾ ਬਣਾ ਲੈਣ, ਉਦੋਂ ਤੀਕ ਉਨ੍ਹਾਂ ਦੀ ਤਲਬ ਰੋਕ ਦਿਤੀ ਜਾਵੇ।"

ਜੋਗਿੰਦਰ ਸਿੰਘ ਹੋਮ ਮਨਿਸਟਰ

ਰਿਆਸਤ ਪਟਿਆਲਾ।

ਪਹਿਲੀ ਸੰਸਾਰ ਜੰਗ ਦੇ ਆਰੰਭ ਹੋਣ ਕਰ ਕੇ ਇਹ ਹੁਕਮ ਭਾਵੇਂ ਪੂਰੀ ਤਰ੍ਹਾਂ ਲਾਗੂ ਨਾ ਹੋ ਸਕਿਆ। ਭਾਵੇਂ ਮਹਾਰਾਜਾ ਭੁਪਿੰਦਰ ਸਿੰਘ ਵੀ ਇਸ ਗੱਲ ਦਾ ਹਾਮੀ ਸੀ ਪਰ ਉਸਦੇ ਹੋਰ ਰੁਝੇਵਿਆਂ ਨੇ ਤੇ ਗਿ. ਲਾਲ ਸਿੰਘ ਦੇ ਸ਼ਬਦਾਂ ਵਿਚ ਦੇਸੀ ਰਿਆਸਤਾਂ ਦੇ ਮੁਖੀ ਬਣਨ ਤੇ ਅਤੇ



Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਸਰਕਾਰ ਦਾ ਦਿਲਦਾਦਾ ਹੋਣ ਕਾਰਨ ਇਸ ਗੱਲ ਨੂੰ ਮਹਾਰਾਜਾ ਯਾਦਵਿੰਦਰ ਸਿੰਘ ਨੇ 1942 ਵਿਚ ਵਿਸ਼ੇਸ਼ ਹੁਕਮ ਜਾਰੀ ਕਰ ਕੇ ਇਸ ਨੂੰ ਅਮਲੀ ਰੂਪ ਦੇ ਸਕਿਆ। ਮਹਾਰਾਜਾ ਯਾਦਵਿੰਦਰ ਸਿੰਘ ਨੇ ਇਸ ਆਦੇਸ਼ ਨੂੰ ਆਪਣੇ ਫੁਰਮਾਨ ਰਾਹੀਂ ਪੇਸ਼ ਕੀਤਾ, ਜਿਸ ਦੇ ਕੁਝ ਅੰਸ਼ ਨਿਮਨ-ਲਿਖਤ ਹਨ।

"ਰਿਆਸਤ ਪਟਿਆਲਾ ਵਿਚ ਪੰਜਾਬੀ ਤੇ ਹਿੰਦੀ ਦੋਵੇਂ ਜ਼ਰੂਰੀ ਮਜ਼ਮੂਨ ਬਣਾ ਕੇ ਪੜ੍ਹਾਏ ਜਾਣਗੇ, ਪੰਜਾਬੀ ਬੋਲਦੇ ਜ਼ਿਲ੍ਹਿਆਂ ਵਿਚ ਪੰਜਾਬੀ ਪਹਿਲੀ ਤੋਂ ਅੱਠਵੀਂ ਜਮਾਤ ਤਕ ਜ਼ਰੂਰੀ ਮਜ਼ਮੂਨ ਹੋਵੇਗਾ ਤੇ ਹਿੰਦੀ ਨੂੰ ਪੰਜਵੀਂ ਜਮਾਤ ਤੋਂ ਅੱਠਵੀਂ ਜਮਾਤ ਤਕ ਜ਼ਰੂਰੀ ਮਜ਼ਮੂਨ ਸਮਝਿਆ ਜਾਵੇਗਾ। ਇਸੇ ਤਰ੍ਹਾਂ ਕੰਢਾ-ਘਾਟ ਤੇ ਨਾਰਨੌਲ ਦੇ ਇਲਾਕਿਆਂ ਵਿਚ ਹਿੰਦੀ ਪਹਿਲੀ ਤੋਂ ਅੱਠਵੀਂ ਤਕ ਤੇ ਪੰਜਾਬੀ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਜ਼ਰੂਰੀ ਮਜ਼ਮੂਨ ਹੋਵੇਗਾ।"

1948 ਵਿਚ ਪੈਪਸੂ ਰਾਜ ਹੋਂਦ ਵਿਚ ਆਇਆ, ਜਿਸ ਵਿਚ ਮਹਿਕਮਾ ਪੰਜਾਬੀ ਵਿਸ਼ੇਸ਼ ਤੌਰ ਤੇ ਕਾਇਮ ਕੀਤਾ ਗਿਆ। ਇਸ ਪੰਜਾਬੀ ਮਹਿਕਮੇ ਵਿਚ ਗਿ. ਜੀ ਦੀ ਨਿਯੁਕਤੀ ਗਜ਼ਟਿਡ ਕੇਡਰ ਵਿਚ ਸਹਾਇਕ ਡਾਇਰੈਕਟਰ ਵਜੋਂ ਕੀਤੀ ਗਈ। ਇਸ ਚੋਣ ਵਿਚ ਪਹਿਲਾਂ ਪਹਿਲ ਕੁਝ ਵਿਘਨ ਵੀ ਪਏ ਪਰ ਅੰਤ ਵਿਚ ਸਫ਼ਲਤਾ ਗਿ. ਜੀ ਨੂੰ ਹੀ ਮਿਲੀ। ਉਸ ਸਮੇਂ ਪੈਪਸੂ ਸਰਕਾਰ ਵਿਚ ਦੋ ਉਚ ਅਧਿਕਾਰੀ ਸ. ਗਿਆਨ ਸਿੰਘ ਰਾੜੇਵਾਲਾ ਤੇ ਕਰਨਲ ਰਘਬੀਰ ਸਿੰਘ ਸਨ ਜਿਨ੍ਹਾਂ ਦਾ ਵਿਵਹਾਰ ਸਰਕਾਰੀ ਅਹਿਲਕਾਰਾਂ ਵਾਲਾ ਸੀ। ਉਹ ਮਹਾਰਾਜਾ ਯਾਦਵਿੰਦਰ ਸਿੰਘ ਦੇ ਵਫ਼ਾਦਾਰ ਤਾਂ ਸਨ ਪਰ ਰਿਆਸਤੀ ਅਫ਼ਸਰਾਂ ਵਾਲੀਆਂ ਰੁਚੀਆਂ ਉਨ੍ਹਾਂ ਦੇ ਸੁਭਾਅ ਦਾ ਅੰਗ ਵੀ ਸਨ। ਇਹ ਕਾਂਗਰਸ ਪਾਰਟੀ ਨਾਲ ਸੰਬੰਧ ਰਖਦੇ ਸਨ ਪਰ ਗਿ. ਜੀ ਦਾ ਰਾਜਸੀ ਪਿਛੋਕੜ ਅਕਾਲੀ ਪਾਰਟੀ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ: "ਮੈਂ ਖ਼ਦਰਪੋਸ਼ ਸਾਂ। ਮੇਰੀ ਪਗੜੀ ਗੂਹੜੀ ਨੀਲੀ ਸੀ ਜੋ ਆਦਮਪੁਰੀ ਦਸਤਾਰ ਕਹਾਉਂਦੀ ਸੀ। ਮੇਰੀ ਖ਼ਦਰ ਦੀ ਅਚਕਨ ਤੇ ਕਾਲੀ ਗੁਰਗਾਬੀ ਜ਼ਾਹਰਾ ਤੌਰ ਤੇ ਰਾਜਸੀ ਮਨੁਖ ਹੋਣ ਦਾ ਪ੍ਰਭਾਵ ਪਾਉਂਦੀ ਸੀ।" ਧਰਮ ਪ੍ਰਚਾਰਕ ਹੋਣਾ ਹੋਰ ਗੱਲ ਹੈ ਤੇ ਰਾਜਨੀਤਕ ਖੇਤਰ ਦੇ ਘੁਲਾਟੀ ਦੀ ਹੋਰ ਵਿਸ਼ੇਸ਼ਤਾ ਹੁੰਦੀ ਹੈ। ਗਿ. ਲਾਲ ਸਿੰਘ ਦੀ ਸ਼ਖ਼ਸੀਅਤ ਵਿਚ ਇਹ ਦੋਵੇਂ ਤੱਤ ਵਿਦਮਾਨ ਸਨ ਜਿਨ੍ਹਾਂ ਦੇ ਸਹਾਰੇ ਉਨ੍ਹਾਂ ਨੇ ਆਪਣੀ ਅਗਾਮੀ ਸਰਕਾਰੀ ਸੇਵਾ ਨੂੰ ਉਚੇ ਅਹੁਦਿਆਂ ਤੇ ਰਹਿ ਕੇ ਨਿਭਾਇਆ ਹੈ। ਗਿ. ਲਾਲ ਸਿੰਘ ਅਨੁਸਾਰ ਪੈਪਸੂ ਸਰਕਾਰ ਦੀ ਸੇਵਾ ਵਿਚ ਆਉਣ ਸਮੇਂ ਉਸ ਨੂੰ ਰਾਜਾ ਭਲਿੰਦਰ ਸਿੰਘ ਜੋ ਗੁਰਸਿਖੀ ਦੇ ਮੁਦਈ ਸਨ ਅਤੇ ਸਰਕਾਰੀ ਅਧਿਕਾਰੀਆਂ ਦਾ ਆਦਰ-ਸਤਿਕਾਰ ਵੀ ਕਰਦੇ ਸਨ, ਨਾਲ ਮੇਲ ਹੋਇਆ।

ਕਿਸੇ ਭਾਸ਼ਾ ਦਾ ਸਰਕਾਰੀ ਭਾਸ਼ਾ ਦੇ ਤੌਰ ਤੇ ਪ੍ਰਵਾਨ ਚੜ੍ਹਨਾ ਵੱਡੀ ਮਹੱਤਤਾ ਵਾਲੀ ਗੱਲ ਹੁੰਦੀ ਹੈ। ਪਹਿਲਾਂ ਵੀ ਰਿਆਸਤ ਪਟਿਆਲਾ ਨੇ ਇਸ ਖੇਤਰ ਵਿਚ ਪਹਿਲ ਕੀਤੀ ਸੀ ਅਤੇ ਹੁਣ ਪੈਪਸੂ ਸਰਕਾਰ ਨੇ ਇਸ ਭਾਸ਼ਾ ਨੂੰ 1949-50 ਵਿਚ ਇਹ ਦਰਜਾ ਦੇ ਕੇ ਪਹਿਲ



Sri Satguru Jagjit Singh Ji eLibrary NamdhariElibrary@gmail.com

ਕਰਨ ਦੀ ਸ਼ੋਭਾ ਖੱਟੀ ਸੀ।

ਗਿ. ਲਾਲ ਸਿੰਘ ਦਾ ਪੰਜਾਬੀ ਕਵਿਤਾ ਤੇ ਸਾਹਿਤ ਨਾਲ ਪ੍ਰੇਮ ਮੁਢਲੀ ਪੜ੍ਹਾਈ ਸਮੇਂ ਹੀ ਜਾਗ ਪਿਆ ਸੀ। ਆਪਣੀ ਅਗਾਮੀ ਸਰਕਾਰੀ ਸੇਵਾ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਰਜਾ ਦਿਵਾਉਣ ਅਤੇ ਸਰਕਾਰੀ ਤੌਰ ਤੇ ਵਰਤੋਂ ਕਰਵਾਉਣ ਵਿਚ ਸਦਾ ਸ਼ਲਾਘਾਯੋਗ ਕਾਰਜ ਕੀਤਾ ਹੈ। ਪੰਜਾਬੀ ਭਾਸ਼ਾ ਦੀ ਉਨਤੀ ਲਈ ਸਥਾਪਤ ਹੋਈਆਂ ਸੰਸਥਾਵਾਂ ਵਿਚ ਗਿਆਨੀ ਜੀ ਉਨ੍ਹਾਂ ਨਾਲ ਆਰੰਭ ਤੋਂ ਹੀ ਜੁੜ ਗਏ ਸਨ। ਪੰਜਾਬੀ ਸਾਹਿਤ ਅਕੈਡਮੀ ਜੋ 1954 ਵਿਚ ਪ੍ਰਿੰ. ਜੋਧ ਸਿੰਘ ਜੀ ਦੀ ਪ੍ਰਧਾਨਗੀ ਵਿਚ ਸਥਾਪਤ ਹੋਈ, ਉਦੋਂ ਤੋਂ ਹੀ ਆਪ ਇਸ ਦੇ ਮੁਢਲੇ ਮੈਂਬਰ ਬਣ ਗਏ। ਪੈਪਸੂ ਪੰਜਾਬ ਦੀ ਸਰਕਾਰਾਂ ਦੀ ਸੇਵਾ ਸਮੇਂ ਗਿਆਨੀ ਜੀ ਨੇ ਸਦਾ ਹੀ ਮੁਹਰੀਆਂ ਵਾਲਾ ਰੋਲ ਨਿਭਾਇਆ ਹੈ। ਇਨ੍ਹਾਂ ਦਿਨਾਂ ਵਿਚ ਹੀ ਪ੍ਰਿੰ. ਤੇਜਾ ਸਿੰਘ ਪੈਪਸੂ ਵਿਚ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਅਤੇ ਡਾਇਰੈਕਟਰ ਪੰਜਾਬੀ ਭਾਸ਼ਾ ਬਣਾਏ ਗਏ ਤੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਪੰਜਾਬ ਦੇ ਪੁਰਾਤੱਤਵ ਵਿਭਾਗ (ਮਹਿਕਮਾ ਆਰਕਾਈਵਜ਼) ਦੇ ਡਇਰੈਕਟਰ ਬਣੇ। ਇਨ੍ਹਾਂ ਸਭ ਦੇ ਦਫ਼ਤਰ ਇਨ੍ਹਾਂ ਦਿਨਾਂ ਵਿਚ ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਚ ਸਨ। ਪ੍ਰਿੰ. ਤੇਜਾ ਸਿੰਘ ਜੀ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਹੋਣ ਸਮੇਂ ਗਿ. ਲਾਲ ਸਿੰਘ ਜੀ ਨੇ ਉਥੇ ਆਰੰਭ ਹੋਈਆਂ ਐਮ.ਏ. ਪੰਜਾਬੀ ਦੀਆਂ ਕਲਾਸਾਂ ਨੂੰ ਨਾਲੇ ਪੜ੍ਹਿਆ ਤੇ ਨਾਲੇ ਪੜ੍ਹਾਇਆ। 1950-51 ਦੇ ਦਿਨਾਂ ਵਿਚ ਪੰਜਾਬੀ ਐਮ.ਏ. ਦੀਆਂ ਜਮਾਤਾਂ ਪੰਜਾਬ ਯੂਨੀਵਰਸਿਟੀ ਦੇ ਯਤਨਾਂ ਸਦਕਾ ਖਾਲਸਾ ਕਾਲਜ ਅੰਮ੍ਰਿਤਸਰ ਤੇ ਮਹਿੰਦਰਾ ਕਾਲਜ ਪਟਿਆਲਾ ਵਿਚ ਹੀ ਖੋਲ੍ਹੀਆਂ ਗਈਆਂ ਸਨ। ਪੈਪਸੂ ਸਰਕਾਰ ਦੀਆਂ ਸਰਕਾਰਾਂ ਸਮੇਂ ਗਿ. ਲਾਲ ਸਿੰਘ ਨੂੰ ਕਈ ਤਰ੍ਹਾਂ ਦੇ ਅੰਤਰ-ਵਿਰੋਧਾਂ ਵਿਚ ਸੇਵਾ ਨਿਭਾਉਣੀ ਪਈ ਤੇ ਆਪਣੀ ਸਿਆਣਪ ਨਾਲ ਗਿ. ਲਾਲ ਸਿੰਘ ਨੇ ਇਨ੍ਹਾਂ ਸਭ ਔਕੜਾਂ ਨੂੰ ਕਾਮਯਾਬੀ ਨਾਲ ਪਾਰ ਕੀਤਾ, ਵਿਸੇਸ਼ ਕਰ ਕੇ ਬਾਬੂ ਬ੍ਰਿਸ਼ਭਾਨ ਦੇ ਮੁਖ ਮੰਤਰੀ ਹੋਣ ਸਮੇਂ।

**ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ:**

ਉਦੋਂ ਤੱਕ ਪੈਪਸੂ ਰਾਜ ਨੂੰ 1 ਨਵੰਬਰ 1956 ਨੂੰ ਪੰਜਾਬ ਵਿਚ ਰਲਾ ਦਿਤਾ ਗਿਆ ਸੀ। ਪੰਜਾਬ ਦੇ ਲੇਖਕਾਂ ਵਲੋਂ ਪੰਜਾਬ ਵਿਚ ਇਕ ਅਜਿਹੀ ਯੂਨੀਵਰਸਿਟੀ ਬਣਾਉਣ ਦੀ ਮੰਗ ਜ਼ੋਰ ਫੜ ਰਹੀ ਸੀ। 30 ਅਪ੍ਰੈਲ 1962 ਵਿਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਹੋਈ। ਇਸ ਸਮੇਂ ਭਾਰਤ ਦੇ ਰਾਸ਼ਟਰਪਤੀ ਸਰਵ ਪੱਲੀ ਰਾਧਾਕ੍ਰਿਸ਼ਨਨ ਜੀ ਉਦਘਾਟਨ ਲਈ ਆਏ। ਰਾਸ਼ਟਰਪਤੀ ਜੀ ਆਪ ਭਾਸ਼ਣ ਕਲਾ ਵਿਚ ਪ੍ਰਬੀਨ ਸਨ। ਉਨ੍ਹਾਂ ਦੇ ਅੰਗਰੇਜ਼ੀ ਭਾਸ਼ਣ ਦਾ ਅਨੁਵਾਦ ਕਰਨ ਲਈ ਪੰਜਾਬ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਵਲੋਂ ਗਿ. ਲਾਲ ਸਿੰਘ ਨੂੰ ਇਹ ਸੇਵਾ ਸੌਂਪੀ ਗਈ। ਗਿ. ਲਾਲ ਸਿੰਘ ਦੇ ਸ਼ਬਦਾਂ ਵਿਚ: "ਅਜ ਮੇਰੇ ਧੀਰਜ ਤੇ ਮੇਰੀ ਮਾਤ ਬੋਲੀ ਦੋਹਾਂ ਦਾ ਇਮਤਿਹਾਨ ਹੈ। ਪੈਜ ਸਿਰਜਨਹਾਰ ਰਖਣ ਵਾਲਾ ਹੁੰਦਾ ਹੈ। ਮੇਰੀ ਪੈਜ ਗੁਰੂ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਆਪ ਰਖੀ। ਡਾ. ਰਾਧਾ ਕ੍ਰਿਸ਼ਨਨ ਸਾਹਿਬ ਸ਼ੁੱਧ, ਸਪੱਸ਼ਟ ਤੇ ਟਿਕਾਅ ਨਾਲ ਬੇਜੋੜ ਭਾਸ਼ਣ ਦੇਣ ਵਾਲੇ ਮੰਨੇ ਜਾਂਦੇ ਸਨ। ਉਨ੍ਹਾਂ ਦੇ ਬੋਲ ਟੱਲੀ ਵਾਂਗ ਟੁਣਕਦੇ ਸਨ। ਇਕ-ਇਕ ਸ਼ਬਦ ਮੈਂ ਠਰ੍ਹੰਮੇ ਨਾਲ ਸੁਣਿਆ ਤੇ ਦ੍ਰਿੜ੍ਹਤਾ ਨਾਲ ਸਟੇਜ ਉਤੇ ਖੜ੍ਹੋ ਕੇ ਜਨਤਾ ਨੂੰ ਪੰਜਾਬੀ ਵਿਚ ਸੁਣਾਇਆ।" ਇਸ ਇਤਿਹਾਸਕ ਘਟਨਾ ਨੇ ਗਿ. ਲਾਲ ਸਿੰਘ ਦੀ ਸ਼ੋਭਾ ਤੇ ਜਸ ਨੂੰ ਹੋਰ ਚਾਰ ਚੰਦ ਲਾ ਦਿਤੇ। ਇਹ ਸਮਾਗਮ ਕ੍ਰਿਕਟ ਗ੍ਰਾਊਂਡ ਪਟਿਆਲਾ ਵਿਖੇ ਹੋਇਆ ਸੀ।

1966 ਵਿਚ ਪੰਜਾਬ ਵਖ-ਵਖ ਤਿੰਨ ਹਿੱਸਿਆਂ ਵਿਚ ਸੰਗਠਿਤ ਕੀਤਾ ਗਿਆ। 1947 ਤੋਂ ਪਹਿਲਾਂ 29 ਜ਼ਿਲ੍ਹਿਆਂ ਤੇ 6 ਕਮਿਸ਼ਨਰੀਆਂ ਵਾਲੇ ਪੰਜਾਬ ਦੇ ਪਹਿਲੇ ਸੂਬੇ ਨੂੰ ਕੇਵਲ 10 ਜ਼ਿਲ੍ਹੇ ਹੀ ਪ੍ਰਾਪਤ ਹੋਏ। ਹਰਿਆਣਾ ਤੇ ਹਿਮਾਚਲ ਦੇ ਭਾਗ ਪਹਿਲਾਂ ਹੀ ਵਖ ਹੋ ਚੁਕੇ ਸਨ। ਜਨਤਾ ਜਨਾਰਦਨ ਦੇ ਸ਼ਬਦਾਂ ਵਿਚ ਪੰਜਾਬ ਦੇ ਹਿੱਸੇ 'ਪੰਜਾਬੀ ਸੂਬੀ' ਹੀ ਆਈ, ਜਿਸ ਦੇ ਕੇਵਲ 10 ਜ਼ਿਲ੍ਹੇ ਹੀ ਸਨ। ਗਿ. ਲਾਲ ਸਿੰਘ ਵਰਗੇ ਸੁਹਿਰਦ ਪੰਜਾਬੀਆਂ ਲਈ ਹੁਣ ਇਹ ਪੰਜਾਬੀ ਸੂਬਾ ਹੀ ਪ੍ਰਬੰਧਕ, ਸਭਿਆਚਾਰਕ ਤੇ ਸੰਸਕ੍ਰਿਤਕ ਗਤੀਵਿਧੀਆਂ ਦਾ ਕਾਰਜ ਖੇਤਰ ਰਹਿ ਗਿਆ ਸੀ, ਫ਼ਿਰ ਵੀ ਇਹ ਪੰਜਾਬੀ ਸੂਬਾ ਹੀ ਪੰਜਾਬੀ ਸਾਹਿਤ, ਸੰਸਕ੍ਰਿਤੀ, ਖੇਤੀਬਾੜੀ ਤੇ ਉਦਯੋਗਿਕ ਵਿਕਾਸ ਲਈ ਬਚਿਆ ਹੈ। ਵਰਤਮਾਨ ਪੰਜਾਬ ਦੇ ਉਚ ਅਹੁਦੇ ਤੇ ਬਿਰਾਜਮਾਨ ਹੋ ਕੇ ਗਿ. ਲਾਲ ਸਿੰਘ ਵਰਗੇ ਸੁਹਿਰਦ ਪੁਰਸ਼ ਨੇ ਪੰਜਾਬ ਦੀਆਂ ਵਰਤਮਾਨ ਪ੍ਰਾਪਤੀਆਂ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਹੈ।

1967 ਵਿਚ ਪੰਜਾਬ ਵਿਧਾਨ ਸਭਾ ਵਲੋਂ 29 ਦਸੰਬਰ 1967 ਨੂੰ ਗਿ. ਲਾਲ ਸਿੰਘ ਨੇ ਆਪਣੇ ਪੁਰਾਣੇ ਮਿੱਤਰ ਤੇ ਹਮਜਮਾਤੀ ਸ. ਲਛਮਣ ਸਿੰਘ ਗਿੱਲ ਨੂੰ ਵਿਸ਼ਵਾਸ ਵਿਚ ਲੈ ਕੇ ਪੰਜਾਬੀ ਭਾਸ਼ਾ ਐਕਟ ਸਰਬ ਸੰਮਤੀ ਨਾਲ ਪਾਸ ਕਰਵਾਇਆ ਜੋ 13 ਅਪ੍ਰੈਲ 1968 ਨੂੰ ਵੈਸਾਖੀ ਦੇ ਸ਼ੁਭ ਦਿਹਾੜੇ ਲਾਗੂ ਹੋਇਆ। ਗਿ. ਲਾਲ ਸਿੰਘ ਦੇ ਮਤ ਅਨੁਸਾਰ ਕਿਸੇ ਭਾਸ਼ਾ ਦੇ ਸਰਕਾਰੀ ਹੋਣ ਵਿਚ ਤਿੰਨ ਥੰਮ੍ਹ ਮੰਨੇ ਜਾਂਦੇ ਹਨ। 1. ਰਾਜ ਪ੍ਰਬੰਧ ਦੀ ਭਾਸ਼ਾ ਬਣੇ। 2. ਮੁਢਲੀ ਸਿਖਿਆ ਦਾ ਮਾਧਿਅਮ ਬਣੇ। 3. ਹਾਈਕੋਰਟ ਤੇ ਕਚਹਿਰੀਆਂ ਦੀ ਭਾਸ਼ਾ ਬਣੇ। ਪੰਜਾਬੀ ਭਾਸ਼ਾ ਨੂੰ ਅਜਿਹਾ ਮਾਨ-ਸਨਮਾਨ ਦਵਾਉਣ ਵਿਚ ਗਿ. ਲਾਲ ਸਿੰਘ ਨੇ ਬਤੌਰ ਡਾਇਰੈਕਟਰ ਜਨਰਲ ਭਾਸ਼ਾ ਵਿਭਾਗ ਰਾਤ-ਦਿਨ ਇਕ ਕਰਕੇ ਸਿਰੜ ਨਾਲ ਇਸ ਉਦੇਸ਼ ਦੀ ਪੂਰਤੀ ਕਰਵਾ ਦਿੱਤੀ। ਇਸ ਦਾ ਵੱਡਾ ਸਿਹਰਾ ਸਦਾ ਹੀ ਗਿ. ਲਾਲ ਸਿੰਘ ਨੂੰ ਦਿਤਾ ਜਾਂਦਾ ਰਹੇਗਾ।

**ਹੋਰ ਖੇਤਰਾਂ ਵਿਚ ਕੀਤਾ ਕਾਰਜ:**

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਡਾ. ਭਾਈ ਵੀਰ ਸਿੰਘ ਜੀ ਦਾ ਕਾਵਿ ਪ੍ਰਵਚਨ ਹੈ:

"ਸੀਨੇ ਖਿਚ ਜਿਨ੍ਹਾਂ ਨੇ ਖਾਧੀ,
ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ



Sri Satguru Jagjit Singh Ji eLibrary NamdhariElibrary@gmail.com

ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲੱਗੀ ਲਈ ਜਾਂਦੀ,
ਹੈ ਤੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨਾ ਕੋਈ
ਉਹ ਚਾਲ ਪਏ ਨਿਤ ਰਹਿੰਦੇ।"

ਸੋ ਗਿ. ਲਾਲ ਸਿੰਘ ਦੇ ਸੀਨੇ ਦੀ ਖਿੱਚ ਵਾਲੀ ਲਗਨ ਨੇ ਉਨ੍ਹਾਂ ਨੂੰ ਕਈ ਹੋਰ ਮਹੱਤਵਪੂਰਨ ਖੇਤਰਾਂ ਵਿਚ ਸਦਾ ਚੜ੍ਹੇ ਘੋੜੇ ਰਖਿਆ। ਉਨ੍ਹਾਂ ਦੀ ਹਿੰਮਤ ਤੇ ਸਿਰੜ ਨਾਲ 13 ਅਪ੍ਰੈਲ, 1968 ਨੂੰ ਪੰਜਬੀ ਭਾਸ਼ਾ ਐਕਟ ਲਾਗੂ ਹੋਇਆ। ਦੂਜਾ ਮਹੱਤਵਪੂਰਨ ਕਾਰਜ ਗਿ. ਜ਼ੈਲ ਸਿੰਘ ਦੇ ਮੁਖ ਮੰਤਰੀ ਕਾਲ ਵਿਚ ਗੁਰੂ ਗੋਬਿੰਦ ਸਿੰਘ ਮਾਰਗ ਦਾ ਬਣਨਾ ਤੇ ਸਿਰੇ ਚੜ੍ਹਨਾ ਹੈ। ਇਹ ਮਾਰਗ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੱਕ ਬਣ ਗਿਆ ਹੈ। ਥਾਂ-ਥਾਂ ਤੇ ਸਤੰਭ ਵੀ ਸੁਸ਼ੋਭਿਤ ਹਨ। ਇਸ ਦਾ ਮੂਲ ਨਿਸ਼ਾਨਾ ਇਸ ਮਾਰਗ ਨੂੰ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤਕ ਪੂਰਾ ਕਰਨ ਦਾ ਸੰਕਲਪ ਸੀ।

"ਅਬਚਲ ਨਗਰ ਗੋਬਿੰਦ ਗੁਰੂ ਕਾ,
ਨਾਮ ਜਪਤ ਸੁਖ ਪਾਇਆ ਰਾਮ।"

ਪੰਜਾਬ ਸਰਵਿਸ ਕਮਿਸ਼ਨ ਦੇ ਮੈਂਬਰ ਤੇ ਮੁਖੀ ਦੇ ਰੂਪ ਵਿਚ ਗਿਆਨੀ ਜੀ ਨੇ ਸਾਰੇ ਕਾਰਜ ਤੇ ਵਿਸ਼ੇਸ਼ ਕਰ ਕੇ ਕਮਿਸ਼ਨ ਦੇ ਇੰਟਰਵਿਊ ਸਮੇਂ ਪੰਜਾਬੀ ਭਾਸ਼ਾ ਵਿਚ ਉੱਤਰ ਦੇ ਸਕਣ ਨੂੰ ਲਾਗੂ ਕੀਤਾ। ਪੰਜਾਬ ਭਾਸ਼ਾ ਵਿਭਾਗ ਤੋਂ ਬਿਨਾਂ ਗਿਆਨੀ ਜੀ ਦਾ ਕਾਰਜ ਖੇਤਰ ਪੰਜਾਬ ਆਰਟ ਕੌਂਸਲ ਚੰਡੀਗੜ੍ਹ ਜਿਸ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਜੀ ਨੇ ਪੂਰਾ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੀ ਸਥਾਪਤੀ ਦਾ ਹੈ। ਇਨ੍ਹਾਂ ਸੰਸਥਾਵਾਂ ਵਿਚ ਗਿ. ਲਾਲ ਸਿੰਘ ਜੀ ਨੇ ਕਿਸੇ ਅਹੁਦੇ ਤੇ ਬਿਰਾਜਮਾਨ ਹੋਣ ਨੂੰ ਪ੍ਰਵਾਨ ਨਹੀਂ ਕੀਤਾ ਸਗੋਂ ਗੁਰਮਤਿ ਕਾਲਜ ਪਟਿਆਲਾ ਦੀ ਸਥਾਪਤੀ ਲਈ ਰਾਤ ਦਿਨ ਇਕ ਕਰ ਦਿਤਾ। ਇਥੋਂ ਤਕ ਕਿ ਕੁਝ ਮਹੀਨਿਆਂ ਲਈ ਪੱਕਾ ਡੇਰਾ ਵੀ ਇਸੇ ਕਾਲਜ ਵਿਚ ਲਾਈ ਰੱਖਿਆ। ਇਸੇ ਤਰ੍ਹਾਂ ਅਕਾਲ ਡਿਗਰੀ ਕਾਲਜ ਮਸਤੂਆਣਾ ਵਿਖੇ ਸਰਬ ਸ੍ਰੀ ਤੇਜਾ ਸਿੰਘ ਤੇ ਸੰਤ ਅਤਰ ਸਿੰਘ ਜੀ ਦੇ ਸ਼ੁਰੂ ਕੀਤੇ ਕਾਰਜਾਂ ਨੂੰ ਸਿਰੇ ਚਾੜ੍ਹਨ ਵਿਚ ਸਰਗਰਮ ਹਿੱਸਾ ਪਾਇਆ ਹੈ।

ਦਿੱਲੀ ਦੇ ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਕੁਝ ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ ਸੀ ਜਿਨ੍ਹਾਂ ਵਿਚ ਗਿ. ਲਾਲ ਸਿੰਘ ਤੋਂ ਬਿਨਾਂ ਪ੍ਰਿੰ. ਸੁਜਾਨ ਸਿੰਘ, ਸੰਤ ਸਿੰਘ ਸੇਖੋਂ ਤੇ ਪ੍ਰੋ. ਹਰਬੰਸ ਸਿੰਘ ਸਨ। ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬੀ ਸ਼ਬਦ ਜੋੜਾਂ ਨੂੰ ਸ਼ੁਧ ਰੂਪ ਦੇਣ ਵਾਲੀ ਸਬ ਕਮੇਟੀ ਵਿਚ ਗਿ. ਲਾਲ ਸਿੰਘ ਜੀ ਨੇ ਅਹਿਮ ਭੂਮਿਕਾ ਨੂੰ ਨਿਭਾਇਆ ਹੈ। ਆਪ ਪੰਜਾਬੀ ਯੂਨੀਵਰਸਿਟੀ ਦੇ ਸੈਨਿਟ ਤੇ ਸਿੰਡੀਕੇਟ ਦੇ ਮੈਂਬਰ ਵੀ ਰਹੇ ਹਨ। ਪੰਜਾਬੀ ਯੂਨੀਵਰਸਿਟੀ ਵਲੋਂ 1992 ਵਿਚ ਆਪ ਜੀ ਨੂੰ ਡਾਕਟਰ ਆਫ਼ ਲਿਟਰੇਚਰ ਦੀ



Sri Satguru Jagjit Singh Ji eLibrary NamdhariElibrary@gmail.com

ਮਾਣ-ਅਰਥ ਡਿਗਰੀ ਪ੍ਰਦਾਨ ਕਰ ਕੇ ਨਿਵਾਜਿਆ ਗਿਆ ਹੈ। ਸ਼ੋਭਾ ਪਤਰ ਦੇ ਸ਼ਬਦ ਨਿਮਨ ਲਿਖਤ ਹਨ।

"ਗਿਆਨੀ ਲਾਲ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਸਮਾਜ ਨੂੰ ਉਨ੍ਹਾਂ ਦੀ ਦੇਣ ਬਾਰੇ ਕੋਈ ਆਖ਼ਰੀ ਗੱਲ ਕਹਿਣਾ ਬਹੁਤ ਔਖੀ ਗੱਲ ਲਗਦੀ ਹੈ। ਇਹ ਅਰਦਾਸ ਹੈ: ਸ਼ਾਲਾ! ਕਲਮ, ਸੁਭਾਸ਼ਤਾ ਤੇ ਪ੍ਰਬੰਧ ਦਾ ਧਨੀ ਅਤੇ ਪੰਜਾਬੀਆਂ ਦਾ ਇਹ ਠਾਠਾਂ ਮਾਰਦਾ ਦਰਿਆ ਸਦਾ ਵਹਿੰਦਾ ਰਹੇ ਅਤੇ ਰਿਗਵੇਦ, ਸ੍ਰੀਮਦ ਭਗਵਦ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੁਆਰਾ ਹਰੀ ਭਰੀ ਕੀਤੀ ਸਾਹਿਤ ਵਾੜੀ ਨੂੰ ਹਰਿਆਵਲ ਬਖ਼ਸ਼ਦਾ ਰਹੇ। ਭਾਸ਼ਾ, ਸਾਹਿਤ, ਸਭਿਆਚਾਰ ਤੇ ਧਰਮ ਚਿੰਤਨ ਦੇ ਖੇਤਰ ਵਿਚ ਆਪ ਦੀ ਸ੍ਰੇਸ਼ਟ ਅਤੇ ਵਡਮੁੱਲੀ ਦੇਣ ਦੀ ਮਾਨਤਾ ਦੇ ਚਿੰਨ੍ਹ ਵਜੋਂ ਪੰਜਾਬੀ ਯੂਨੀਵਰਸਿਟੀ ਦੀ ਸੈਨਿਟ ਗਿ. ਲਾਲ ਸਿੰਘ ਜੀ ਨੂੰ ਡਾਕਟਰੇਟ ਆਫ਼ ਲਿਟਰੇਚਰ ਦੀ ਆਨਰੇਰੀ ਡਿਗਰੀ ਦੇਣ ਦੀ ਸਿਫ਼ਾਰਸ਼ ਕਰਦੀ ਹੈ।"

ਗਿ. ਲਾਲ ਸਿੰਘ ਜੀ ਦੀ ਮਨੋਹਰ ਸ਼ਖ਼ਸੀਅਤ ਨੂੰ ਡਾ. ਬਲਬੀਰ ਸਿੰਘ ਜੀ ਨੇ ਹੇਠ ਲਿਖੇ ਸ਼ਬਦਾਂ ਦਵਾਰਾ ਆਪਣਾ ਦਿਲੀ ਪ੍ਰੇਮ ਪ੍ਰਗਟਾਇਆ ਹੈ:

"ਬੋਲੀ ਦੇਸ਼ ਪੰਜਾਬ ਦੀ, ਹੋ ਗਈ ਮਾਲਾ ਮਾਲ।
ਰੰਗ ਚਲੂਲੇ ਰੰਗ ਗਈ, ਤੋੜ ਕਸੁੰਭੜੇ ਜਾਲ।
ਵਸੇ ਰਸੇ ਸੁਵੰਨੜੀ , ਫੁਲੇ ਫਲੇ ਚਿਰਕਾਲ।
ਲਾਲ ਸਿੰਘ ਦੀ ਲਾਲਸਾ, ਪੂਰਨ ਪੈ ਗਈ ਘਾਲ।"

ਜਨਮ ਸਮੇਂ ਦਾਉਧਰ ਪਿੰਡ ਦੇ ਪੰਜਾਂ ਜੀਆਂ ਦੇ ਟੱਬਰ ਵਾਲਾ ਲਾਲ ਸਿੰਘ 31 ਜੀਆਂ ਦੇ ਵਡ-ਪਰਿਵਾਰ ਦੇ ਮੁਖੀ ਦੇ ਰੂਪ ਵਿਚ 17.5.1996 ਨੂੰ "ਗੁਰਮੁਖ ਜਨਮ ਸਵਾਰ ਦਰਗਹਿ ਚਲਿਆ" ਦੇ ਕਥਨ ਅਨੁਸਾਰ ਇਹ 'ਗੁਰਸਿਖ ਪੰਜਾਬੀ' ਇਸ ਅਸਾਰ ਸੰਸਾਰ ਤੋਂ ਗੁਰਪੁਰੀ ਸਿਧਾਰ ਗਿਆ।



Sri Satguru Jagjit Singh Ji eLibrary NamdhariElibrary@gmail.com

# ਗਿਆਨੀ ਕੇਸਰ ਸਿੰਘ ਪੰਜਾਬ ਦਾ ਮਹਾਨ ਸਾਹਿਤਕਾਰ

**ਆਰੰਭਿਕ ਵਿਚਾਰ :**

ਗਿਆਨੀ ਕੇਸਰ ਸਿੰਘ (1912 ਤੋਂ 2006) ਪੰਜਾਬ ਦਾ ਮਹਾਨ ਲੇਖਕ ਤੇ ਸਾਹਿਤਕਾਰ ਹੈ ਜਿਸਦਾ ਸਾਹਿਤਕ ਯੋਗਦਾਨ ਇੰਨਾ ਵਡੇਰਾ ਤੇ ਉਚੇਰਾ ਹੈ ਕਿ ਉਸਨੂੰ ਵੀਹਵੀਂ ਸਦੀ ਦਾ ਪੰਜਾਬ ਦਾ ਸਰਵ ਸ੍ਰੇਸ਼ਠ ਪੰਜਾਬੀ ਸਾਹਿਤਕਾਰ ਕਿਹਾ ਜਾ ਸਕਦਾ ਹੈ। ਜਿਸਦੀ ਪੁਸ਼ਟੀ ਇਸ ਤੱਥ ਤੋਂ ਵੀ ਹੋ ਜਾਂਦੀ ਹੈ ਕਿ ਉਸਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ 2005 ਵਿਚ ਸਰਵ ਸ੍ਰੇਸ਼ਠ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ ਸੀ। ਉਸ ਦੀ ਕਲਮ ਤੋਂ ਰਚੀਆਂ ਗਈਆਂ 30 (ਤੀਹ) ਤੋਂ ਵੀ ਵੱਧ ਰਚਨਾਵਾਂ ਉਸ ਦੇ ਉੱਚ ਕੋਟੀ ਦੇ ਸਾਹਿਤਕਾਰ ਹੋਣ ਦੇ ਜਿਊਂਦੇ ਜਾਗਦੇ ਪ੍ਰਮਾਣ ਹਨ। ਉਸ ਦੀ ਅਦੁੱਤੀ ਪ੍ਰਤਿਭਾ ਇਨ੍ਹਾਂ ਰਚਨਾਵਾਂ ਦੇ ਅੱਖਰ-ਅੱਖਰ ਵਿਚ ਵਿਦਮਾਨ ਹੈ। ਜਿਨ੍ਹਾਂ ਦੀ ਵਿਲੱਖਣਤਾ ਤੇ ਨਿਵੇਕਲਾਪਣ ਉਸ ਨੂੰ ਵਿਸ਼ੇਸ਼ ਭਾਂਤ ਦਾ ਸ਼੍ਰੋਮਣੀ ਸਾਹਿਤਕਾਰ ਸਿੱਧ ਕਰਦੇ ਹਨ। ਉਸਦੀ ਆਪਣੀ ਯਾਦਗਾਰੀ ਸ਼ਖ਼ਸੀਅਤ ਉਸਦੇ ਵਿਸ਼ਾਲ ਅਨੁਭਵ, ਲਾਸਾਨੀ ਕੁਰਬਾਨੀ, ਉੱਚਤਮ ਗਿਆਨ ਬੋਧ ਅਤੇ ਆਪਣੀ ਭਾਂਤ ਦੀ ਹੀ ਅੰਤਰੀਵ ਲਗਨ ਪ੍ਰਪੱਕ ਅੰਤਰ ਦ੍ਰਿਸ਼ਟੀ, ਸਚਿਆਰੇ ਪ੍ਰੀਸ਼ਰਮ ਅਤੇ ਉਤਕ੍ਰਿਸ਼ਟ ਪ੍ਰਾਪਤੀਆਂ ਦੀ ਸਾਖੀ ਭਰਦੀ ਹੈ।

**ਅਲੌਕਿਕ ਵਿਅਕਤੀਤਵ ਦਾ ਸਵਾਮੀ:**

ਜਗਤ ਪ੍ਰਸਿਧ ਸਾਹਿਤਕ ਸਮਾਲੋਚਕ ਟੀ.ਐਸ.ਈਲੀਅਟ ਦਾ ਮਤ ਹੈ ਕਿ "ਉਤਕ੍ਰਿਸ਼ਟ ਸਾਹਿਤ ਅਰਥਾਤ ਕਲਾਸਕੀ ਰਚਨਾਵਾਂ 'ਪ੍ਰੌਢ ਮਨ' (ਵਿਅਕਤਿਤਵ) "ਦਾ ਪ੍ਰੌਢ ਪ੍ਰਗਟਾਉ" ਹੁੰਦੀਆਂ ਹਨ। ਗਿਆਨੀ ਕੇਸਰ ਸਿੰਘ ਦੀ ਪ੍ਰਤਿਭਾ ਤੇ ਉਸਦੀ ਸਾਹਿਤਕ ਸਿਰਜਨਾ ਟੀ.ਐਸ.ਈਲੀਅਟ ਵਲੋਂ ਸਥਾਪਤ ਉਕਤ ਕਸੌਟੀ ਉਤੇ ਪੂਰਨ ਭਾਂਤ ਪੂਰੀ ਉਤਰਦੀ ਹੈ।

1912 ਵਿਚ ਰਾਵਲਪਿੰਡੀ ਦੇ ਰਮਣੀਕ ਭੂਖੰਡ ਦੇ ਇਕ ਪਿੰਡ ਮੁਗਲ-ਖਾਲਸਾ ਦਾ ਜੰਮਪਲ ਕੇਸਰ ਸਿੰਘ ਬਚਪਨ ਵਿਚ ਹੀ ਮਾਤਾ ਲੱਛਮੀ ਦੇ ਵਾਤਸਲ ਪ੍ਰੇਮ ਤੋਂ ਵੰਚਿਤ ਹੋ ਗਿਆ। ਮਾਤਾ ਪੇਕੇ ਪਿੰਡ ਵਿਚ ਡਾਕੂਆਂ ਦਾ ਮੁਕਾਬਲਾ ਕਰਦੀ ਹੋਈ ਦੋ ਡਾਕੂਆਂ ਨੂੰ ਮਾਰ ਕੇ ਆਪ ਉਨ੍ਹਾਂ ਹੱਥੋਂ 1915 ਵਿਚ ਮਾਰੀ ਗਈ। ਉਸਦੇ ਵਿਛੋੜੇ ਵਿਚ ਬਾਪ ਪ੍ਰੇਮ ਸਿੰਘ ਵੀ ਜਦੋਂ ਕੇਸਰ ਸਿੰਘ ਹਾਲੀਂ ਸੱਤਾਂ ਵਰ੍ਹਿਆਂ ਦਾ ਸੀ, 1919 ਵਿਚ ਸੰਸਾਰ ਤੋਂ ਕੂਚ ਕਰ ਗਿਆ। ਇਨ੍ਹਾਂ ਦੋਹਾਂ ਭੈਣ ਭਰਾਵਾਂ ਦੀ ਪਾਲਣਾ ਉਸਦੀ ਭੂਆ ਨੇ ਕੀਤੀ ਅਤੇ ਪਿਛੋਂ ਉਸਦੇ ਭੈਣ ਤੇ ਭਣਵਈਏ ਨੇ ਉਸ ਨੂੰ ਆਪਣੀ ਨਿਗਰ਼ਾਨੀ ਵਿਚ ਲੈ ਲਿਆ। ਪਿੰਡ ਦੇ ਸਕੂਲ ਵਿਚ 1922 ਵਿਚ ਪ੍ਰਾਇਮਰੀ ਪਾਸ ਕਰਕੇ ਅਮਰੀਕਨ ਮਿਸ਼ਨ ਹਾਈ ਸਕੂਲ ਰਾਵਲਪਿੰਡੀ ਵਿਚ ਨੌਵੀਂ ਜਮਾਤ ਤਕ ਪੜ੍ਹਦਾ ਰਿਹਾ ਅਤੇ 1927 ਵਿਚ ਉਸਦਾ ਅਜਿਹਾ ਚਿੱਤ ਉਪਰਾਮ ਹੋਇਆ ਕਿ



Sri Satguru Jagjit Singh Ji eLibrary NamdhariElibrary@gmail.com

ਉਥੋਂ ਚੋਰੀ ਨੱਠ ਕੇ ਅੰਮ੍ਰਿਤਸਰ ਪਹੁੰਚ ਗਿਆ। ਜਿਥੇ ਉਸਨੇ ਸ੍ਰੀ ਦਰਬਾਰ ਸਾਹਿਬ ਤੇ ਮੰਜੀ ਸਾਹਿਬ ਦੇ ਸਥਾਨਾਂ ਉਤੇ ਉਸ ਸਮੇਂ ਗੁਜ਼ਾਰੇ ਜਦੋਂ ਅਕਾਲੀ ਲਹਿਰ ਦਾ ਪ੍ਰਭਾਵ ਪੂਰੇ ਸਿਖਰ ਉਤੇ ਸੀ। ਇਥੇ ਹੀ ਉਸਨੂੰ ਸੰਤ ਗੁਲਾਬ ਸਿੰਘ ਨੇ ਅੰਮ੍ਰਿਤਸਰਰ ਦੇ ਚੀਫ਼ ਖਾਲਸਾ ਦੀਵਾਨ ਦੇ ਯਤੀਮਖ਼ਾਨੇ ਵਿਚ ਭਰਤੀ ਕਰਵਾ ਦਿਤਾ ਜਿਥੇ ਉਸਨੇ 1927 ਤੋਂ 1931 ਤੱਕ ਪੜ੍ਹਾਈ ਕੀਤੀ। ਉਸਦੇ ਆਪਣੇ ਸ਼ਬਦਾਂ ਵਿਚ ਉਹ ਇਕ ਚੰਗਾ ਕਥਾਕਾਰ, ਭਾਸ਼ਣਕਾਰ ਅਤੇ ਗਾਇਕ ਬਣ ਗਿਆ। ਇਸ ਦੌਰਾਨ ਉਸਦਾ ਸੰਪਰਕ ਡਾ. ਸੈਫ਼ਉਦੀਨ ਕਿਚਲੂ ਵਰਗੇ ਪ੍ਰਸਿਧ ਨੇਤਾ ਨਾਲ ਹੋਇਆ ਜਿਸਨੂੰ ਉਹ ਟੂ-ਟੂ ਕਹਿ ਕੇ ਬੁਲਾਉਂਦਾ ਹੁੰਦਾ ਸੀ। ਉਸ ਸਮੇਂ ਦੇ ਪ੍ਰਸਿਧ ਕੀਰਤਨਕਾਰ ਭਾਈ ਸੰਤਾ ਸਿੰਘ ਨਾਲ ਕੁਝ ਸਮਾਂ ਸੰਗਤ ਵੀ ਕੀਤੀ। 1931 ਵਿਚ ਉਸਨੇ ਅੰਮ੍ਰਿਤਸਰ ਦੇ ਇਕ ਨੇੜਲੇ ਪਿੰਡ ਇਬਨ ਵਿਖੇ ਅਧਿਆਪਕ ਵਜੋਂ ਕਾਰਜ ਸ਼ੁਰੂ ਕੀਤਾ। 1934 ਵਿਚ ਉਸਨੇ ਗੁਰੂ ਰਾਮਦਾਸ ਗਿਆਨੀ ਕਾਲਜ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਸ. ਸ. ਅਮੋਲ ਦੀ ਪ੍ਰੇਰਨਾ ਸਦਕਾ ਉਸਦੇ ਸਾਹਿਤਕ ਪੱਤਰ "ਲਿਖਾਰੀ" ਵਿਚ ਵੀ ਉਸਦੀਆਂ ਰਚਨਾਵਾਂ ਛਪਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਦਿਨਾਂ ਵਿਚ ਹੀ ਉਸਦਾ ਮੇਲ ਪ੍ਰਿੰ. ਤੇਜਾ ਸਿੰਘ ਨਾਲ ਹੋਇਆ ਜਿਨ੍ਹਾਂ ਤੋਂ ਉਹ ਉਨ੍ਹਾਂ ਦੀਆਂ ਰਚਨਾਵਾਂ ਦੇ ਪਰੂਫ਼ ਪੜ੍ਹਾਉਣ ਜਾਂਦਾ ਹੁੰਦਾ ਸੀ। ਆਪ ਜੀ ਦੇ ਪ੍ਰਭਾਵ ਸਦਕਾ ਹੀ ਉਸਦੀਆਂ ਸਾਹਿਤਕ ਰੁਚੀਆਂ ਦੇ ਨਵੇਂ ਅੰਕੁਰ ਫੁੱਟਣ ਲਗੇ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ 1936 ਵਿਚ ਕੇਸਰ ਸਿੰਘ ਪੀਨਾਂਗ ਦੇ ਗੁਰਦੁਆਰੇ ਦੇ ਗ੍ਰੰਥੀ ਦੀ ਸੇਵਾ ਨਿਭਾਉਣ ਲਗਾ। ਇਥੇ ਹੀ ਉਸਨੇ ਯੰਗ ਸਿੱਖ ਐਸੋਸੀਏਸ਼ਨ ਨੂੰ ਜਥੇਬੰਦ ਕੀਤਾ ਪਰ ਉਸ ਲਈ ਕੁਦਰਤ ਨੇ ਇਕ ਨਵਾਂ ਖੇਤਰ ਚੁਣਿਆ ਸੀ, ਉਹ ਸੀ ਮਲਾਇਆ ਦੇ ਪ੍ਰਸਿਧ ਗਦਰੀ ਦੇਸ਼ ਭਗਤਾਂ ਬਾਬਾ ਚੰਦਾ ਸਿੰਘ, ਬਾਬਾ ਅਮਰ ਸਿੰਘ, ਬਾਬਾ ਬੁੱਧ ਸਿੰਘ ਨਾਲ ਸੰਬੰਧ, ਜਿਨ੍ਹਾਂ ਨੇ ਉਸ ਨੂੰ ਭਾਰਤੀ ਸੁਤੰਤਰਤਾ ਸੰਗਰਾਮ ਦੇ ਨਵੇਂ ਵਿਸ਼ਾਲ ਪਿੜ ਵਿਚ ਸੁਤੰਤਰਤਾ ਦੇ ਘੁਲਾਟੀਏ ਵਜੋਂ ਨਵੇਂ ਜੀਵਨ ਕਾਂਡ ਦਾ ਸ੍ਰੀ ਗਨੇਸ਼ ਕਰਵਾ ਦਿਤਾ। ਕੇਸਰ ਸਿੰਘ ਦੇ ਮਿਹਨਤੀ, ਸਿਰੜੀ ਅਤੇ ਸੁਲਗਨਸ਼ੀਲ ਸੁਭਾ ਨੇ ਉਸਨੂੰ ਸੁਤੰਤਰਤਾ ਸੰਗਰਾਮ ਦੇ ਜੀਵਨ ਪੰਧ ਦਾ ਸ਼ਾਹ ਸਵਾਰ ਬਣਾ ਦਿਤਾ ਅਤੇ ਦਿਨੋ ਦਿਨ ਉਸਦੀ ਬੌਧਿਕ ਸਮਰੱਥਾ ਤੇ ਪ੍ਰਤਿਭਾ ਆਪਣੇ ਲਈ ਨਵੇਂ ਨਵੇਂ ਮਾਰਗ ਜੋ ਬੜੇ ਜੋਖੋਂ ਭਰੇ ਸਨ, ਵਲ ਕਦਮ ਕਦਮ ਅਗੇ ਵਧਣ ਲਗੀ।

**ਬਲਕਾਰ ਸੁਤੰਤਰਤਾ ਸੰਗਰਾਮੀ:**

1939 ਵਿਚ ਦੂਜਾ ਸੰਸਾਰ-ਯੁੱਧ ਆਰੰਭ ਹੋਇਆ, ਇਕ ਬੰਨੇ ਜਰਮਨੀ, ਇਟਲੀ ਤੇ ਜਾਪਾਨ ਸਨ ਅਤੇ ਦੂਜੇ ਬੰਨੇ ਅੰਗਰੇਜ਼ ਤੇ ਉਨ੍ਹਾਂ ਦੇ ਹੋਰ ਮਿਤਰ ਸਾਥੀ। ਜੰਗ ਦੇ ਇਸ ਭਖਦੇ ਸਮੇਂ ਹੀ ਕੇਸਰ ਸਿੰਘ ਦਾ ਸੰਬੰਧ ਆਜ਼ਾਦ ਹਿੰਦ ਫ਼ੌਜ ਨੂੰ ਸਭ ਤੋਂ ਪਹਿਲਾਂ ਜਥੇਬੰਦ ਕਰਨ ਵਾਲੇ ਜਨਰਲ ਸੋਹਨ ਸਿੰਘ ਨਾਲ ਹੋਇਆ, ਪਿਛੋਂ ਰਾਸ ਬਿਹਾਰੀ ਬੋਸ ਜੋ ਇੰਡੀਅਨ ਇੰਡੀਪੈਂਡੈਂਟ


Sri Satguru Jagjit Singh Ji eLibrary NamdhariElibrary@gmail.com

ਲੀਗ ਦੇ ਪ੍ਰਧਾਨ ਸਨ; ਨਾਲ ਹੋਇਆ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਉਨ੍ਹਾਂ ਦਾ
ਨਿਕਟਵਰਤੀ ਸੰਪਰਕ ਉਨ੍ਹਾਂ ਦੇ ਪੂਰਵੀ ਏਸ਼ੀਆ ਨੂੰ ਛੱਡਣ ਤਕ ਰਿਹਾ, ਜਿਸ ਪਿਛੋਂ ਛੇਤੀ ਹੀ
ਨੇਤਾ ਜੀ ਹਵਾਈ ਹਾਦਸੇ ਦਾ ਸ਼ਿਕਾਰ ਹੋ ਗਏ। ਆਜ਼ਾਦ ਹਿੰਦ ਫ਼ੌਜ ਵਿਚ ਕੇਸਰ ਸਿੰਘ ਨੇ
ਕਈ ਕਾਰਜਾਂ ਨੂੰ ਨਿਭਾਇਆ। ਆਜ਼ਾਦ ਹਿੰਦੁਸਤਾਨ ਦੇ ਸਮਾਚਾਰ ਪੱਤਰ ਵਿਚ ਲੇਖ ਲਿਖਣ
ਅਤੇ ਪੀਨਾਂਗ ਰੇਡੀਓ ਤੋਂ ਪ੍ਰਸਾਰਣ ਦੀ ਸੇਵਾ ਤੋਂ ਲੈ ਕੇ ਆਜ਼ਾਦ ਹਿੰਦ ਫ਼ੌਜ ਦੇ ਸੈਨਿਕਾਂ ਨੂੰ
ਰਾਜਨੀਤਕ ਸਮਾਚਾਰਾਂ ਅਤੇ ਆਦਰਸ਼ਾਂ ਬਾਰੇ ਗਿਆਨ ਕਰਾਉਣ ਤੋਂ ਬਿਨਾਂ ਇੰਫਾਲ ਦੇ
ਮੋਰਚਿਆਂ ਵਿਚ ਜੰਗ ਵਿਚ ਸ਼ਾਮਿਲ ਹੋਣ ਤੋਂ ਲੈ ਕੇ, ਇਕ ਪ੍ਰਸ਼ਾਸਕ ਵਜੋਂ ਵੀ ਰਿਹਾ ਹੈ। ਇਕ
ਸਮੇਂ ਇਹ ਖ਼ਬਰ ਪ੍ਰਸਿਧ ਹੋ ਗਈ ਕਿ ਗਿਆਨੀ ਕੇਸਰ ਸਿੰਘ ਜੰਗ ਵਿਚ ਸ਼ਹੀਦ ਹੋ ਗਿਆ ਹੈ,
ਪਰ ਉਹ ਬਚ ਕੇ ਜਦੋਂ ਵਾਪਸ ਬਰਮਾ ਪੁੱਜਾ ਤਾਂ ਲੋਕਾਂ ਨੂੰ ਬੜੀ ਹੈਰਾਨੀ ਹੋਈ। ਕੁਝ ਲੋਕ ਇਹ
ਕਹਿੰਦੇ ਸਨ ਕਿ ਇਹ ਗਿਆਨੀ ਕੇਸਰ ਸਿੰਘ ਦਾ ਭੂਤ ਹੈ ਪਰ ਜਦੋਂ ਉਹ ਨੇਤਾ ਜੀ ਦੇ ਸਨਮੁਖ
ਪੇਸ਼ ਹੋਇਆ ਤਾਂ ਉਹਨਾਂ ਨੇ ਕੇਸਰ ਸਿੰਘ ਦੇ ਲੰਮੇ ਦਾੜ੍ਹੇ ਤੇ ਹੱਥ ਫੇਰਦਿਆਂ ਕਿਹਾ, "ਭੂਈ ਜੀ,
ਕਹਾਂ ਮਰੇ ਹੈਂ, ਅਭੀ ਤੋਂ ਇਹਨੌਂ ਨੇ ਬਹੁਤ ਕਾਮ ਕਰਨਾ ਹੈ।" ਇਥੇ ਇਹ ਚੇਤਾ ਕਰਾਉਣਾ ਬੜਾ
ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਦੂਜੇ ਮਹਾਂਯੁੱਧ ਦੇ ਸਮੇਂ ਮਲਾਇਆ, ਸਿਆਮ ਤੇ ਬਰਮਾ ਵਿਚ
ਗੁਜ਼ਾਰਿਆ ਤੇ ਜੀਵਨ ਦਾ ਉਹ ਤੀਖਣ ਅਨੁਭਵ ਜਿਹੜਾ ਕੇਸਰ ਸਿੰਘ ਨੂੰ ਇਸ ਸਮੇਂ ਇਨ੍ਹਾਂ
ਪੂਰਬ ਦੇ ਏਸ਼ੀਆਈ ਦੇਸ਼ਾਂ ਵਿਚ ਹੋਇਆ, ਉਹ ਹੀ ਉਨ੍ਹਾਂ ਦੇ ਪਿਛੋਂ ਲਿਖੇ ਗਏ ਨਾਵਲਾਂ ਵਿਚ
ਅਤੇ ਉਨ੍ਹਾਂ ਦੀ ਆਜ਼ਾਦ ਹਿੰਦ ਫ਼ੌਜ ਦੀ ਡਾਇਰੀ ਵਿਚ ਜੋ 1941 ਤੋਂ 1945 ਤਕ ਦੀ ਹੈ,
ਵਿਚ ਅੰਕਿਤ ਹੈ। ਇਹ ਡਾਇਰੀ 1945 ਵਿਚ ਗੁੰਮ ਹੋ ਗਈ ਸੀ ਤੇ ਤੀਹ ਸਾਲ ਪਿਛੋਂ ਉਨ੍ਹਾਂ ਨੂੰ
ਪ੍ਰਾਪਤ ਹੋਈ। ਇਸ ਡਾਇਰੀ ਵਿਚ ਕੇਸਰ ਸਿੰਘ ਦੇ ਬਹੁਤ ਸਾਰੇ ਨਾਵਲਾਂ ਦੇ ਬੀਜ ਬਿੰਦੂ ਤੇ
ਇਨ੍ਹਾਂ ਦੇ ਇਤਿਹਾਸਕ ਤੇ ਵਾਸਤਵਿਕ ਪਿਛੋਕੜ ਦਾ ਬੜਾ ਦਰਦਨਾਕ ਤੇ ਯਥਾਰਥਕ
ਵਰਣਨ ਹੈ। ਨਾਵਲ 'ਲਹਿਰ ਵਧਦੀ ਗਈ', 'ਜੰਗੀ ਕੈਦੀ', 'ਇਕ ਮਾਂਗ ਸੰਧੂਰੀ' ਤੇ 'ਬਾਬਾ
ਹਰੀ ਸਿੰਘ ਉਸਮਾਨ' ਆਦਿ ਨਾਵਲਾਂ ਵਿਚ ਇਸ ਸਮੇਂ ਦੇ ਬਹੁਤ ਸਾਰੇ ਸਮਾਚਾਰ ਲਿਖੇ ਹੋਏ
ਪ੍ਰਾਪਤ ਹੋ ਜਾਂਦੇ ਹਨ। ਦੂਜੇ ਮਹਾਂਯੁੱਧ ਦਾ ਬਹੁਤ ਸਾਰਾ ਹਿਰਦੇਵੇਦਕ ਵਰਣਨ ਕੇਸਰ ਸਿੰਘ ਦੇ
ਉਨ੍ਹਾਂ ਸਾਰੇ ਨਾਵਲਾਂ ਵਿਚ ਵੇਖਿਆ ਜਾ ਸਕਦਾ ਹੈ ਤੇ ਉਨ੍ਹਾਂ ਦੀ ਕਵਿਤਾ ਦੀ ਇਕਲੌਤੀ
ਪੁਸਤਕ 'ਆਜ਼ਾਦੀ ਦੀ ਕਵਿਤਾ' ਵਿਚ ਵੀ ਮਿਲ ਜਾਂਦਾ ਹੈ। ਦੂਜੇ ਮਹਾਂਯੁਧ ਦੇ ਇਸ ਨਿਜੀ
ਅਨੁਭਵ ਨੇ ਕੇਸਰ ਸਿੰਘ ਨੂੰ ਇਕ ਲੇਖਕ ਵਜੋਂ 'ਜੰਗ ਵਿਰੋਧੀ' ਤੇ 'ਅਮਨ ਪੱਖੀ' ਪ੍ਰਮੁੱਖ
ਸਾਹਿਤਕਾਰ ਬਣਾ ਦਿਤਾ ਹੈ। ਉਸਦੇ ਇਕ ਹੋਰ ਨਾਵਲ 'ਹੀਰੋਸ਼ੀਮਾ' ਦੇ ਬਿਰਤਾਂਤ ਤੋਂ ਵੀ ਇਹੋ
ਗੱਲ ਸਿਧ ਹੁੰਦੀ ਹੈ।

ਦੂਜੇ ਮਹਾਂਯੁੱਧ ਦੀ ਸਮਾਪਤੀ ਪਿਛੋਂ ਉਸ ਨੂੰ ਇਕ ਸਾਲ ਤਕ ਇਨ੍ਹਾਂ ਦੱਖਣੀ ਪੂਰਬੀ ਦੇਸ਼ਾਂ
ਵਿਚ ਹੀ ਗੁਪਤਵਾਸ ਵਿਚ ਰਹਿਣਾ ਪਿਆ। ਪਰ ਜਦੋਂ ਉਹ ਵਾਪਿਸ ਹਿੰਦੁਸਤਾਨ ਪਰਤਿਆ
ਤਾਂ ਉਸ ਦੀ ਸੰਪਤੀ ਉਹ ਵੱਡਮੁਲੇ ਦਸਤਾਵੇਜ਼ ਹੀ ਸਨ, ਜਿਨ੍ਹਾਂ ਦੇ ਆਧਾਰ 'ਤੇ ਉਸ ਨੇ



Sri Satguru Jagjit Singh Ji eLibrary NamdhariElibrary@gmail.com

'ਇੰਡੀਪੈਂਡੇਂਸ ਮੂਵਮੈਂਟ ਇਨ ਸਾਊਥ ਈਸਟ ਏਸ਼ੀਆ' ਲਿਖੀ। ਇਸ ਪੁਸਤਕ ਦੀ ਭੂਮਿਕਾ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵਡੇ ਭਾਈ ਸ਼ਰਤ ਚੰਦਰ ਬੋਸ ਨੇ ਇੰਜ ਲਿਖਿਆ ਹੈ: "ਇਸ ਪੁਸਤਕ ਵਿਚ ਸ੍ਰ. ਕੇਸਰ ਸਿੰਘ ਗਿਆਨੀ ਨੇ ਇਸ ਲਹਿਰ ਦਾ ਇਤਿਹਾਸਕ ਵਿਵਰਣ ਦਿਤਾ ਹੈ, ਇਸ ਦਾ ਬਿਰਤਾਂਤ ਵਰਤਮਾਨ ਸਦੀ ਦੇ ਆਰੰਭ ਤੋਂ ਸ਼ੁਰੂ ਹੁੰਦਾ ਹੈ ਅਤੇ ਪਿਛਲੇ ਮਹਾਂਯੁੱਧ ਦੇ ਅੰਤ 'ਤੇ ਆ ਕੇ ਸਮਾਪਤ ਹੁੰਦਾ ਹੈ।... ਇਸ ਪੁਸਤਕ ਦਾ ਵਡੇਰਾ ਭਾਗ ਆਜ਼ਾਦ ਹਿੰਦ ਫ਼ੌਜ ਦੇ ਸੰਗਠਨ, ਵਿਗਠਨ, ਅਤੇ ਇਸ ਦੇ ਸਰਵੁਚ ਸੈਨਾਪਤੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਇਸ ਦੇ ਪੁਨਰ-ਸਿਰਜਨ ਅਤੇ ਭਾਰਤੀ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਗਏ ਸੰਗਰਾਮ ਵਿਚ ਪਾਏ ਗਏ ਇਸ ਦੇ ਯੋਗਦਾਨ ਨਾਲ ਸੰਬੰਧਤ ਹੈ।"

ਆਜ਼ਾਦ ਹਿੰਦ ਫ਼ੌਜ ਦੇ ਇਤਿਹਾਸਕ ਪਿਛੋਕੜ ਨੂੰ ਗਿਆਨੀ ਕੇਸਰ ਸਿੰਘ ਨੇ ਨਵੇਂ ਸਿਧਾਂਤਕ ਕੋਣਾਂ ਤੋਂ ਵਾਚਿਆ ਤੇ ਬਿਆਨਿਆ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਆਜ਼ਾਦ ਹਿੰਦ ਫ਼ੌਜ ਨੂੰ ਜਥੇਬੰਦ ਕਰਨ ਵਿਚ ਆਧਾਰ-ਭੂਤ ਭੂਮੀ 1913-14 ਦੇ ਉਨ੍ਹਾਂ ਗਦਰੀ ਦੇਸ਼ ਭਗਤਾਂ ਨੇ ਤਿਆਰ ਕੀਤੀ ਜੋ ਅਮਰੀਕਾ ਤੋਂ ਵਾਪਿਸ ਆਉਂਦੇ ਹੋਏ ਇਨ੍ਹਾਂ ਦੇਸ਼ਾਂ ਵਿਚ ਵਸ ਗਏ ਸਨ ਅਤੇ ਇਥੇ ਰਹਿ ਕੇ ਹੀ ਭਾਰਤ.ਦੀ ਆਜ਼ਾਦੀ ਲਈ ਕਾਰਜ ਕਰਦੇ ਰਹੇ। ਚੇਤੇ ਰਖਣ ਵਾਲੀ ਗੱਲ ਇਹ ਹੈ ਕਿ ਗ਼ਦਰੀ ਦੇਸ਼ ਭਗਤਾਂ ਨੇ ਗ਼ਦਰ ਲਹਿਰ ਦੇ ਸਮੇਂ ਤੋਂ ਹੀ ਭਾਰਤੀ ਸੈਨਾ ਵਿਚ ਅੰਗਰੇਜ਼ ਸਾਮਰਾਜ ਵਿਰੋਧੀ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਸੀ ਤਾਂ ਜੋ ਉਨ੍ਹਾਂ ਦੀ ਸਹਾਇਤਾ ਨਾਲ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਤੋਂ ਭਾਰਤ ਨੂੰ ਮੁਕਤ ਕੀਤਾ ਜਾ ਸਕੇ। ਆਜ਼ਾਦ ਹਿੰਦ ਫ਼ੌਜ ਵਿਚ ਇਕ ਸੈਨਿਕ ਤੇ ਪ੍ਰਬੰਧਕ ਅਧਿਕਾਰੀ ਵਜੋਂ ਗਿਆਨੀ ਕੇਸਰ ਸਿੰਘ ਦਾ ਯੋਗਦਾਨ ਯਾਦਗਾਰੀ ਤੇ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ।

ਇਕ ਸਮੇਂ ਜਾਪਾਨੀਆਂ ਨੇ ਉਸ ਨੂੰ ਇਸ ਸ਼ੱਕ ਵਿਚ ਕੈਦ ਕਰ ਲਿਆ ਕਿ ਉਹ ਚੀਨੀਆਂ ਨਾਲ ਹਮਦਰਦੀ ਰਖਦਾ ਹੈ। ਆਪਣੇ ਉਸ ਸਮੇਂ ਦੇ ਉਦਗਾਰਾਂ ਨੂੰ ਕੇਸਰ ਸਿੰਘ ਨੇ ਆਪਣੀ ਇਕ ਛੁਟੇਰੀ ਕਵਿਤਾ ਵਿਚ ਜਿਸ ਤਰ੍ਹਾਂ ਬਿਆਨ ਕੀਤਾ ਹੈ, ਉਸ ਤੋਂ ਉਸ ਦੇ ਉਚੇਰੇ ਦ੍ਰਿੜ ਆਦਰਸ਼ਾਂ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ:

ਉਹ ਸਮਝਦੇ ਹਨ
ਮੈਂ ਜਿਹਲ ਦੀ ਚਾਰ ਦੀਵਾਰੀ ਵਿਚ
ਬੰਦ ਹਾਂ।
ਉਹ ਠੀਕ ਕਹਿੰਦੇ ਹਨ -
"ਮੇਰੀ ਸੋਚਣੀ
ਉਹਨਾਂ ਦੀ ਸੋਚਣੀ ਨਾਲੋਂ
ਵਖਰੀ ਹੈ।"
ਇਹੋ ਮੇਰਾ ਦੋਸ਼ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਦੋਸ਼ ਦੀ ਇਹੋ ਸਜ਼ਾ ਹੈ।
– ਬਾਜ਼ ਕਹਿੰਦਾ ਹੈ –
"ਮੇਰੀ ਉਡਾਰੀ ਲੰਮੀ ਹੈ"
ਉਕਾਬ ਕਹਿੰਦਾ ਹੈ –
"ਮੈਂ ਅਸਮਾਨੀ ਉਡਦਾ ਹਾਂ
ਇਹ ਨਾਚੀਜ਼ ਪੰਛੀ,
ਮੇਰੀ ਖ਼ਿਆਲ ਉਡਾਰੀ ਨੂੰ
ਕਦੋਂ ਪਹੁੰਚ ਸਕਦੇ ਹਨ?
ਜਿਹਲ ਦੀ ਚਾਰ ਦੀਵਾਰੀ
ਮੇਰੀ ਸੋਚਣੀ ਨੂੰ
ਕਿਵੇਂ ਬਦਲ ਸਕਦੀ ਹੈ?
ਮੇਰੀ ਖ਼ਿਆਲ ਉਡਾਰੀ ਨੂੰ
ਕਿਵੇਂ ਰੋਕ ਸਕਦੀ ਹੈ? (ਆਜ਼ਾਦੀ ਦੀ ਕਵਿਤਾ, ਪੰਨਾ 21)

**ਗਦਰ ਲਹਿਰ ਦਾ ਸ਼੍ਰੋਮਣੀ ਸਾਹਿਤਕਾਰ :**

ਜਿਵੇਂ ਕਿ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ ਗਿਆਨੀ ਕੇਸਰ ਸਿੰਘ 1913-14 ਵਿਚ ਕਾਇਮ ਹੋਈ ਗ਼ਦਰ ਪਾਰਟੀ ਦਾ ਸਭ ਤੋਂ ਪ੍ਰਮੁਖ ਨਾਵਲਕਾਰ ਹੈ। ਉਸ ਦੇ ਬਹੁਤ ਸਾਰੇ ਇਤਿਹਾਸਕ ਨਾਵਲ ਜਿਨ੍ਹਾਂ ਦੀ ਗਿਣਤੀ ਅੱਧੀ ਦਰਜਨ ਤੋਂ ਵੀ ਵਧੀਕ ਹੈ, ਭਾਰਤੀ ਸੁਤੰਤਰਤਾ ਸੰਗਰਾਮ ਦੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਸੰਬੰਧਿਤ ਹਨ। ਇੰਡੀਅਨ ਨੈਸ਼ਨਲ ਕਾਂਗਰਸ ਦਾ ਆਦਰਸ਼ ਅਹਿੰਸਾਵਾਦੀ ਸ਼ਾਂਤਮਈ ਅੰਦੋਲਨ ਦਾ ਸੀ, ਪਰ ਗ਼ਦਰ ਪਾਰਟੀ ਹਥਿਆਰਬੰਦ ਇਨਕਲਾਬ ਵਿਚ ਵਿਸ਼ਵਾਸ ਰਖਦੀ ਸੀ। ਉਨ੍ਹਾਂ ਨੇ ਗ਼ਦਰ ਨੂੰ ਨਵੇਂ ਅਰਥ ਰੈਵੋਲਿਊਸ਼ਨ ਜਾਂ ਇਨਕਲਾਬ ਦੇ ਦਿੱਤੇ। ਗ਼ਦਰ ਤਾਂ ਅਣ-ਆਯੋਜਿਤ ਬਗ਼ਾਵਤ ਹੁੰਦੀ ਹੈ ਜਿਸ ਦੇ ਸਿੱਟਿਆਂ ਬਾਰੇ ਕਈ ਵਾਰੀ ਵਿਦਰੋਹੀ ਸੁਚੇਤ ਨਹੀਂ ਹੁੰਦੇ ਪਰ ਇਨਕਲਾਬ ਨਿਸ਼ਚਿਤ ਰਾਜਨੀਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਜਥੇਬੰਦ ਸੰਗਰਾਮ ਦੇ ਰੂਪ ਵਿਚ ਕੀਤਾ ਜਾਂਦਾ ਹੈ। ਫਰਾਂਸ ਅਤੇ ਰੂਸ ਦੀ ਬਾਲਸ਼ੇਵਿਕ ਇਨਕਲਾਬਾਂ ਤੋਂ ਇਹ ਸਿਧਾਂਤਕ ਨੁਕਤਾ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਪਹਿਲੀ ਵਿਚ ਉਦੇਸ਼ ਸੀ ਆਜ਼ਾਦੀ, ਭਰਾਤਰੀਅਤਾ ਅਤੇ ਸਮਾਨਤਾ ਅਤੇ ਰੂਸ ਦੇ 1917 ਦੇ ਇਨਕਲਾਬ ਵਿਚ ਆਦਰਸ਼ ਸੀ ਮਜ਼ਦੂਰ ਜਮਾਤ ਦੀ ਸਰਦਾਰੀ ਵਿਚ ਹਕੂਮਤ ਕਾਇਮ ਕਰਨਾ। ਗ਼ਦਰ ਪਾਰਟੀ ਨੇ ਵੀ ਆਪਣੇ ਇਨਕਲਾਬੀ ਆਦਰਸ਼ਾਂ ਵਿਚ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਸਾਮਰਾਜ ਦੀ ਹਕੂਮਤ ਦਾ ਤਖ਼ਤਾ ਉਲਟਾ ਕੇ ਦੇਸ਼ ਵਿਚ ਪਰਜਾਤੰਤਰ ਸਥਾਪਿਤ ਕਰਨਾ ਸੀ।


Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਦੇ ਪ੍ਰਮੁਖ ਸਾਹਿਤਕਾਰ ਪ੍ਰਿੰ. ਸੁਜਾਨ ਸਿੰਘ ਨੇ ਜਦੋਂ ਉਹ ਜਨਤਾ ਹਾਈ ਸਕੂਲ, ਭਕਨਾ ਕਲਾਂ ਦਾ ਹੈਡ ਮਾਸਟਰ ਸੀ ਤਾਂ ਕੇਸਰ ਸਿੰਘ ਦੀ ਬਾਬਾ ਸੋਹਨ ਸਿੰਘ ਭਕਨਾ ਨਾਲ ਹੋਈ ਮੁਲਾਕਾਤ ਸਮੇਂ ਜੋ ਬਚਨ ਬਾਬਾ ਸੋਹਨ ਸਿੰਘ ਭਕਨਾ ਜੀ ਨੇ ਕੇਸਰ ਸਿੰਘ ਨੂੰ ਕਹੇ ਸਨ, ਅਤੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਦੱਸੇ, ਉਹ ਕੁਝ ਇਸ ਤਰ੍ਹਾਂ ਸਨ:

"ਵੇਖ ਪੁੱਤ! ਮੈਂ ਤੇਰੇ ਨਾਲ ਇਕ ਗਲ ਕਰਨ ਲੱਗਾਂ। ਦੇਸ਼ ਦੀ ਵੰਡ ਨੇ ਸਾਨੂੰ ਸਭ ਨੂੰ ਖੱਸੀ ਜਿਹਾ ਕਰ ਦਿਤੈ। ਦੇਸ਼ ਦੀ ਹਕੂਮਤ ਸਰਮਾਏਦਾਰਾਂ ਦੀ ਝੋਲੀ 'ਚ ਐ। ਜੇ ਗ਼ਦਰ ਲਹਿਰ ਨਾ ਚਲਦੀ, ਆਜ਼ਾਦ ਹਿੰਦ ਫ਼ੌਜ ਨਾ ਬਣਦੀ, ਹਜ਼ਾਰਾਂ ਲੋਕ ਫਾਹੇ ਨਾ ਚੜ੍ਹਦੇ ਤਾਂ ਗਾਂਧੀ ਟੋਪੀ ਵਾਲਿਆਂ ਨੂੰ ਕਿਸ ਪੁੱਛਣਾ ਸੀ। ਗੱਲਾਂ ਬੜੀਆਂ ਕਰਨ ਵਾਲੀਆਂ ਹਨ। ਅੱਜ ਇਕੋ ਗੱਲ ਮੰਨ... ਸਾਡਾ ਇਕ ਕੰਮ ਕਰੀ ਜਾਈਂ, ਜਿੰਨੇ ਸਾਡੇ ਬੰਦੇ ਸ਼ਹੀਦ ਹੋਏ ਐਂ, ਫਾਂਸੀ ਲੱਗੀ ਐ, ਪੁਲਿਸ ਮੁਕਾਬਲੇ 'ਚ ਮਾਰੇ ਗਏ ਐ, ਜੇਲ੍ਹਾਂ ਵਿਚ ਸ਼ਹੀਦ ਹੋਏ ਐਂ, ਉਨ੍ਹਾਂ ਬਾਰੇ ਅੱਜ ਦੀ ਹਕੂਮਤ ਅਵੇਸਲੀ ਹੋਈ ਬੈਠੀ ਐ, ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਆਪਣੀ ਕਲਮ ਨਾਲ ਜਗਾਂਦਾ ਰਹੀਂ, ਤਾਂਕਿ ਲੋਕਾਂ ਨੂੰ ਅਸਲੀਅਤ ਦਾ ਪਤਾ ਲਗੇ।"

ਗਿਆਨੀ ਕੇਸਰ ਸਿੰਘ ਨੇ ਸਚਮੁਚ ਹੀ ਬਾਬਾ ਭਕਨਾ ਜੀ ਦੇ ਉਪਰੋਕਤ ਬਚਨਾਂ ਨੂੰ ਪ੍ਰਤੀਬੱਧ ਢੰਗ ਨਾਲ ਨਿਭਾਇਆ ਹੈ। ਕੇਸਰ ਸਿੰਘ ਨੇ ਗ਼ਦਰ ਲਹਿਰ ਦੇ ਇਤਿਹਾਸਕ ਵੇਰਵਿਆਂ ਤੇ ਸੂਰਬੀਰ ਦੇਸ਼ ਭਗਤਾਂ ਤੇ ਸ਼ਹੀਦਾਂ ਦੇ ਬੀਰਭਾਵੀ ਕਾਰਨਾਮਿਆਂ ਬਾਰੇ ਜੋ ਕੁਝ ਵੀ ਲਿਖਿਆ ਹੈ, ਉਹ ਇਕ ਪ੍ਰਤੀਬੱਧ ਲੇਖਕ ਵਜੋਂ ਹੀ ਲਿਖਿਆ ਹੈ। ਇਸ ਪ੍ਰਕਾਰ ਉਹ ਗ਼ਦਰ ਲਹਿਰ ਦਾ ਪ੍ਰਮੁੱਖ ਸਾਹਿਤਕ ਪ੍ਰਵਕਤਾ ਬਣ ਗਿਆ ਹੈ। 1857 ਤੋਂ ਲੈ ਕੇ 1957 ਤਕ ਦੇ 100 ਸਾਲਾਂ ਦੇ ਇਤਿਹਾਸ ਨੂੰ ਉਸ ਨੇ ਆਪਣੇ ਸੁਪ੍ਰਸਿਧ ਨਾਵਲਾਂ 'ਮਦਨ ਲਾਲ ਢੀਂਗਰਾ', 'ਸ਼ਹੀਦ ਊਧਮ ਸਿੰਘ', 'ਸ਼ਹੀਦ ਮੇਵਾ ਸਿੰਘ ਲੋਪੋਕੇ', 'ਸਿੰਘ ਸਾਹਿਬ ਦੀ ਸ਼ਹੀਦੀ', 'ਜੰਝ ਲਾੜਿਆਂ ਦੀ', ਅਤੇ ਆਪਣੇ ਅੰਤਿਮ ਨਾਵਲ 'ਹਥਿਆਰਬੰਦ ਇਨਕਲਾਬ (1998) ਵਿਚ ਉਸਨੇ ਗ਼ਦਰ ਪਾਰਟੀ ਦੇ ਲਗਭਗ ਸਾਰੇ ਇਨਕਲਾਬੀ ਇਤਿਹਾਸ ਨੂੰ ਪੜ੍ਹਨ ਤੇ ਮਾਨਣਯੋਗ ਬਿਰਤਾਂਤ ਤੇ ਗ਼ਦਰ ਲਹਿਰ ਦੇ ਸਪੱਸ਼ਟ ਇਨਕਲਾਬੀ ਉਦੇਸ਼ਾਂ ਤੇ ਆਦਰਸ਼ਾਂ ਸਮੇਤ ਆਪਣੇ ਮਹਾਂਕਾਵਿਕ ਅਕਾਰਾਂ ਵਾਲੇ ਨਾਵਲਾਂ ਵਿਚ ਸੁਰੱਖਿਅਤ ਕਰ ਦਿਤਾ ਹੈ। ਪਹਿਲਾਂ ਉਸ ਦੇ ਨਾਵਲਾਂ ਦੇ ਵਿਅਕਤੀਗਤ ਸਿਰਲੇਖਾਂ ਤੋਂ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਉਹ ਗ਼ਦਰੀ ਦੇਸ਼ ਭਗਤਾਂ ਦੀਆਂ ਜੀਵਨੀਆਂ ਹੋਣ ਨਾ ਕਿ ਨਾਵਲ। ਪਰ ਜਿਸ ਰਸ ਬੁੱਧੀ, ਸਰਲ ਵਾਰਤਕ ਅਤੇ ਆਪਣੇ ਨਾਇਕ ਤੇ ਹੋਰ ਪਾਤਰਾਂ ਦੇ ਚਰਿੱਤਰ ਚਿਤਰਣ ਵਿਚ ਕਮਾਲ ਦੀ ਇੰਨਬਿੰਨ੍ਹਤਾ ਤੇ ਇਸ ਮਹਾਨ ਇਨਕਲਾਬੀ ਲਹਿਰ ਦੇ ਰਾਜਨੀਤਕ ਆਦਰਸ਼ਾਂ ਨੂੰ ਜਿਸ ਪੂਰਨ ਸੁਹਿਰਦਤਾ ਨਾਲ ਬਿਆਨ ਕੀਤਾ ਹੈ, ਉਸ ਨਾਲ ਉਸ ਦੀ ਰਚਨਾ ਅਗੇ ਸਚਮੁਚ ਸਿਰ ਝੁਕ ਜਾਂਦਾ ਹੈ।

ਹਥਿਆਰਬੰਦ ਇਨਕਲਾਬ ਤਾਂ ਸਤ ਲੜੀਆ ਉਹ ਸ਼ਾਹਕਾਰ ਹੈ, ਜਿਸ ਨੂੰ ਆਧੁਨਿਕ ਯੁਗ ਦੇ ਮਹਾਂਭਾਰਤ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਇਸ ਵਿਚ ਇੰਗਲਿਸਤਾਨ ਤੋਂ ਲੈ ਕੇ



Sri Satguru Jagjit Singh Ji eLibrary NamdhariElibrary@gmail.com

ਫਰਾਂਸ ਹਿੰਦੁਸਤਾਨ, ਕੈਨੇਡਾ, ਅਮਰੀਕਾ ਤੇ ਦੱਖਣੀ ਪੂਰਵੀ ਏਸ਼ੀਆ ਦੀ ਅਭੁਲ ਤੇ ਯਾਦਗਾਰੀ ਬੀਰ ਗਾਥਾ ਦਾ ਵਿਸਤਰਿਤ ਤੇ ਰੌਚਿਕ ਵਰਣਨ ਕੀਤਾ ਗਿਆ ਹੈ। ਕੇਸਰ ਸਿੰਘ ਜਿਥੇ ਕ੍ਰਾਂਤੀਕਾਰੀ ਆਦਰਸ਼ਾਂ ਬਾਰੇ ਸੁਹਿਰਦ ਹੈ, ਉਥੇ ਉਹ ਪ੍ਰਗਤੀਸ਼ੀਲ ਮਾਨਵਵਾਦੀ ਅੰਤਰ ਰਾਸ਼ਟਰੀ ਦ੍ਰਿਸ਼ਟੀਕੋਣ ਰਖਣ ਵਾਲਾ ਸ੍ਰੇਸ਼ਠ ਸਾਹਿਤਕਾਰ ਹੈ। ਉਸ ਦੇ ਸਮਾਜਿਕ ਨਾਵਲਾਂ 'ਵਾਰੇ ਸ਼ਾਹ ਦੀ ਮੌਤ', 'ਲੰਡਨ ਰੋਡ', 'ਤੀਜੀ ਪੀੜ੍ਹੀ', ਅਤੇ 'ਗਰੀਨ ਕਾਰਡ' ਆਦਿ ਨਾਵਲਾਂ ਵਿਚ ਉਸਨੇ ਮਨੁੱਖਤਾ ਦੇ ਜਿਸ ਭਾਗ ਨੂੰ ਅਤੇ ਜਿਸ ਦੇਸ਼ ਨੂੰ ਆਪਣੇ ਨਾਵਲਾਂ ਦੇ ਕਲੇਵਰ ਵਿਚ ਲਿਆ ਹੈ, ਉਸ ਤੋਂ ਉਸ ਦੇ ਅੰਤਰਰਾਸ਼ਟਰੀ ਦਿਸਹੱਦਿਆਂ ਵਾਲੀ ਅੰਤਰਰਾਸ਼ਟਰੀ ਦ੍ਰਿਸ਼ਟੀ ਦੇ ਦਿੱਗ ਦਰਸ਼ਨ ਹੋ ਜਾਂਦੇ ਹਨ। ਉਸ ਦੀ ਸਵੈ-ਜੀਵਨੀ 'ਆਤਮ ਕਥਾ' ਦੇ ਜੀਵਨ ਬਿਰਤਾਂਤ ਨੂੰ ਪੜ੍ਹ ਕੇ ਹੈਰਾਨ ਰਹਿ ਜਾਈਦਾ ਹੈ ਕਿ ਪੰਜਾਬ ਦਾ ਇਹ ਲੇਖਕ ਕਿੰਨੇ ਵੱਡੇ ਤੇ ਵਿਵਿਧ ਜੀਵਨ ਅਨੁਭਵ ਅਤੇ ਸਚਿਆਰੇ ਮਾਨਵੀ ਗਿਆਨ ਨੂੰ ਆਪਣੀ ਹਿਕ ਵਿਚ ਸੰਭਾਲੀ ਬੈਠਾ ਹੈ।

ਉਸ ਦੇ ਮਹਾਨਤਮ ਨਾਵਲ 'ਹਥਿਆਰਬੰਦ ਇਨਕਲਾਬ' ਜਿਸ ਦੇ ਸਤ ਭਾਗ ਹਨ - ਯੁਗਾਂਤਰ ਬੰਬ (ਪੰਨਾ 9-108); 'ਗੱਜੇ ਸ਼ੇਰ ਵਲੈਤ ਵਿਚ (ਪੰਨਾ 111-171); 'ਯੁਗਾਂਤਰ ਆਸ਼ਰਮ' (175-305); 'ਗ਼ਦਰ (ਪੰਨਾ 309-361); 'ਮਾਰੋ ਫਿਰੰਗੀ (365 ਪੰਨੇ ਤੋਂ 485); 'ਜੇਲ੍ਹਾਂ ਵਤਨੋਂ ਦੂਰ' (ਪੰਨਾ 489 ਤੋਂ ਪੰਨਾ 586); 'ਹਥਿਆਰਬੰਦ ਇਨਕਲਾਬ (ਪੰਨਾ 589 ਤੋਂ 729); ਦੇ ਸੱਤਾਂ ਪਰਬਾਂ ਵਿਚ ਵੀਹਵੀਂ ਸਦੀ ਦੀ ਸਮੁੱਚੀ ਇਨਕਲਾਬੀ ਗਾਥਾ ਨੂੰ ਸੁਰਖਿਅਤ ਕਰ ਲਿਆ ਗਿਆ ਹੈ ਅਤੇ ਉਹ ਵੀ ਅਜਿਹੀ ਰੌਚਿਕ ਸ਼ੈਲੀ ਵਿਚ ਜੋ ਪੜ੍ਹਨ ਮਾਨਣ, ਸਮਝਣ ਤੇ ਮਾਨਵ ਮਾਤਰ ਨੂੰ ਜਾਗਰੂਪ ਕਰਨ ਦੀ ਕਰਤਵ-ਪਰਾਇਣ ਭੂਮਿਕਾ ਨੂੰ ਨਿਭਾਉਂਦੀ ਹੈ, ਜਿਸ ਨੂੰ ਪੜ੍ਹ ਕੇ ਅਤੇ ਵਾਚ ਕੇ ਪਾਠਕ ਯੁਗ ਅਨੁਕੂਲ ਚਿੰਤਕ ਵਜੋਂ ਸੁਚੇਤ ਹੋ ਜਾਂਦਾ ਹੈ ਅਤੇ ਵਰਤਮਾਨ ਸਮੇਂ ਕਿਸੇ ਜਾਗੇ ਹੋਏ ਚੇਤੰਨ ਮਨੁੱਖ ਦਾ ਕੀ ਕਰਤੱਵ ਹੋ ਸਕਦਾ ਹੈ, ਇਸ ਸੰਦੇਸ਼ ਨੂੰ ਵੀ ਜਾਣ ਸਕਦਾ ਹੈ।

**ਗਿਆਨੀ ਕੇਸਰ ਸਿੰਘ ਖੋਜਕਾਰ ਦੇ ਰੂਪ ਵਿਚ:**

ਨਾਵਲ ਸਮਰਾਟ ਕੇਸਰ ਸਿੰਘ ਨੇ ਨਾ ਕੇਵਲ ਵੀਹਵੀਂ ਸਦੀ ਦੀ ਗ਼ਦਰੀ ਤਾਰੀਖ਼ ਨੂੰ ਗਲਪ ਰੂਪ ਵਿਚ ਹੀ ਰਚਿਆ ਹੈ, ਸਗੋਂ ਉਸਨੇ ਇਨ੍ਹਾਂ ਕ੍ਰਾਂਤੀਕਾਰੀ ਲਹਿਰਾਂ ਸੰਬੰਧੀ ਵਡਮੁਲੀ ਇਤਿਹਾਸਕ ਦਸਤਾਵੇਜ਼ੀ ਸਮੱਗਰੀ ਨੂੰ ਵੀ ਲੰਮੀ ਖੇਚਲ ਅਤੇ ਪਲਿਉਂ ਬਹੁਤ ਸਾਰਾ ਖ਼ਰਚ ਕਰ ਕੇ ਇਕੱਤਰ ਕੀਤਾ ਅਤੇ ਸਾਂਭਿਆ। 'ਇੰਡੀਅਨ ਇਡੀਪੈਂਡਸ ਮੂਵਮੈਂਟ ਇਨ ਸਾਊਥ ਈਸਟ ਏਸ਼ੀਆ' ਦਾ ਜ਼ਿਕਰ ਪਹਿਲਾਂ ਹੀ ਕੀਤਾ ਜਾ ਚੁਕਾ ਹੈ। ਉਸਨੇ ਗ਼ਦਰ ਲਹਿਰ ਦੀ ਕਵਿਤਾ ਤੇ ਵਾਰਤਕ ਸੰਬੰਧੀ ਬਹੁ ਕੀਮਤੀ ਤੇ ਦੁਰਲਭ ਸਮੱਗਰੀ ਇਕੱਤਰ ਕੀਤੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸਵਰਗਵਾਸੀ ਡਾ. ਕੇਸਰ ਸਿੰਘ (ਮੁਖੀ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਲੋਂ ਗ਼ਦਰ ਲਹਿਰ ਦੀ ਕਵਿਤਾ ਦੇ ਨਾਮ ਥੱਲੇ ਛਪ ਚੁਕਾ ਹੈ।



Sri Satguru Jagjit Singh Ji eLibrary NamdhariElibrary@gmail.com

ਗ਼ਦਰ ਲਹਿਰ ਦੀ ਵਾਰਤਕ ਬਾਰੇ ਇਨ੍ਹਾਂ ਸਤਰਾਂ ਦੇ ਲੇਖਕ (ਕਿਰਪਾਲ ਸਿੰਘ ਕਸੇਲ) ਦੀ ਸੰਪਾਦਨਾ ਅਧੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਪ ਚੁਕੀ ਹੈ। ਗ਼ਦਰ ਲਹਿਰ ਦੀ ਵਾਰਤਕ ਵਿਚ ਗਿਆਨੀ ਕੇਸਰ ਸਿੰਘ ਨੇ ਕੈਨੇਡਾ ਤੇ ਅਮਰੀਕਾ ਵਿਚ ਛਪੇ ਸਮਾਚਾਰ ਪੱਤਰ 'ਦੇਸ਼ ਸੇਵਕ', 'ਸੰਸਾਰ' ਤੇ 'ਗ਼ਦਰ ਹਿੰਦੁਸਤਾਨ ਵਿਚ' ਛਪੀ 1910 ਤੋਂ ਲੈ ਕੇ 1931 ਤੱਕ ਪ੍ਰਕਾਸ਼ਿਤ ਸਮੱਗਰੀ ਦਾ ਕਈ ਭਾਗਾਂ ਵਿਚ ਸੁ-ਸੰਪਾਦਨ ਕੀਤਾ ਹੈ। ਇਸ ਵਿਚ ਕੈਨੇਡਾ ਤੇ ਅਮਰੀਕਾ ਦੇ ਗ਼ਦਰੀ ਸਮਾਚਾਰਾਂ ਤੋਂ ਬਿਨਾਂ ਆਇਰਲੈਂਡ, ਦੱਖਣੀ ਅਫ਼ਰੀਕਾ, ਮੈਕਸੀਕੋ, ਚੀਨ, ਜਾਪਾਨ ਤੇ ਭਾਰਤ ਦੇ ਇਨਕਲਾਬੀ ਇਤਿਹਾਸ ਨਾਲ ਸਬੰਧਿਤ ਵੱਡਮੁੱਲੀ ਤੇ ਹੁਣ ਦੁਰਲਭ ਹੋ ਚੁਕੀ ਸਮੱਗਰੀ ਨੂੰ ਪਾਠਕਾਂ ਲਈ ਇਕੱਤਰ ਕਰ ਕੇ ਸਾਂਭ ਲਿਆ ਗਿਆ ਹੈ। ਹਿੰਦੁਸਤਾਨ ਗ਼ਦਰ ਪਾਰਟੀ ਦੇ ਵਾਸਤਵਿਕ ਇਤਿਹਾਸ ਨੂੰ ਜਾਨਣ ਲਈ ਪੁਸਤਕ 'ਗ਼ਦਰ ਲਹਿਰ ਦੀ ਵਾਰਤਕ' ਪ੍ਰਮਾਣੀਕ ਸਰੋਤ ਦੇ ਕਾਰਜ ਨੂੰ ਨਿਭਾਉਂਦੀ ਹੈ। ਹਿੰਦੁਸਤਾਨ ਗ਼ਦਰ ਦੇ 1 ਨਵੰਬਰ, 1913 ਦੇ ਅੰਕ ਵਿਚ ਗ਼ਦਰ ਪਾਰਟੀ ਦੇ ਪ੍ਰਥਮ ਸਕੱਤਰ ਤੇ ਪ੍ਰਮੁੱਖ ਵਿਦਵਾਨ ਲਾਲਾ ਹਰਦਿਆਲ ਦੇ ਸੰਪਾਦਕੀ ਤੇ ਵਿਸ਼ੇਸ਼ ਲੇਖ ਹਨ। ਉਨ੍ਹਾਂ ਨੇ ਲਿਖਿਆ ਹੈ ਕਿ ਗ਼ਦਰ ਅਰਥਾਤ ਇਨਕਲਾਬ ਦੇ ਦੋ ਵੱਡੇ ਸਾਧਨ ਹਨ। ਉਹ ਹਨ: ਅਖ਼ਬਾਰ ਤੇ ਹਥਿਆਰ। ਇਸੇ ਪੁਸਤਕ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਵਿਧਾਨ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ ਜਿਸ ਵਿਚ ਹਥਿਅਰਬੰਦ ਇਨਕਲਾਬ ਰਾਹੀਂ ਭਾਰਤ ਵਿਚੋਂ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਉਲਟਾ ਕੇ ਪਰਜਾਤੰਤਰ ਸਥਾਪਿਤ ਕਰਨ ਦਾ ਆਦਰਸ਼ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚ ਨਾ ਕੇਵਲ ਭਾਰਤ ਦੀ ਗ਼ਦਰੀ ਤਾਰੀਖ਼ ਨੂੰ ਹੀ ਸਾਂਭਿਆ ਗਿਆ ਹੈ, ਸਗੋਂ ਗ਼ਦਰ ਪਾਰਟੀ ਦੇ ਅੰਤਰਰਾਸ਼ਟਰੀ ਸੰਬੰਧਾਂ ਤੇ ਵੱਖ-ਵੱਖ ਦੇਸ਼ਾਂ ਦੇ ਤੱਤਕਾਲਿਕ ਇਨਕਲਾਬੀ ਸਮਾਚਾਰਾਂ ਦੇ ਵੇਰਵੇ ਵੀ ਦਿਤੇ ਗਏ ਹਨ। ਇਤਿਹਾਸਕ ਖੋਜੀਆਂ ਲਈ ਇਹ ਪੁਸਤਕ ਉਪਯੋਗੀ ਤੇ ਸਾਰਥਕ ਸਾਮੱਗਰੀ ਨੂੰ ਆਪਣੇ ਕਲੇਵਰ ਵਿਚ ਸਾਂਭੀ ਬੈਠੀ ਹੈ। ਗ਼ਦਰ ਲਹਿਰ ਦੀ ਵਾਰਤਕ ਦੇ ਸੰਪਾਦਕੀ ਤੇ ਵਿਸ਼ੇਸ਼ ਲੇਖਾਂ ਵਿਚ ਭਾਵੇਂ ਕਈ ਲੇਖਕਾਂ ਦੇ ਗੁਪਤ ਨਾਮ ਹੀ ਦਿਤੇ ਗਏ ਹਨ। ਫਿਰ ਵੀ ਇਹ ਲੇਖ ਗ਼ਦਰ ਪਾਰਟੀ ਦੇ ਸੰਸਥਾਪਕਾਂ ਤੇ ਸੰਚਾਲਕਾਂ ਦੀ ਇਨਕਲਾਬੀ ਵਿਚਾਰਧਾਰਾ ਦੀ ਸੱਚੀ-ਸੁੱਚੀ ਪ੍ਰਤੀਨਿਧਤਾ ਕਰਦੇ ਹਨ। ਗਿਆਨੀ ਕੇਸਰ ਸਿੰਘ ਦਾ ਇਹ ਇਤਿਹਾਸਕ ਖੋਜ ਦਾ ਕਾਰਜ ਸਦਾ ਲਈ ਯਾਦ ਰਖਿਆ ਜਾਵੇਗਾ। ਗ਼ਦਰ ਲਹਿਰ ਦੀ ਵਾਰਤਕ ਦੇ ਆਰੰਭ ਵਿਚ ਗਿਆਨੀ ਕੇਸਰ ਸਿੰਘ ਵਲੋਂ ਗ਼ਦਰ ਲਹਿਰ ਦੇ ਲੇਖਾਂ ਤੇ ਲੇਖਕਾਂ ਬਾਰੇ ਜਿਹੜੀ ਜਾਣਕਾਰੀ ਦਿਤੀ ਗਈ ਹੈ, ਉਹ ਗਿਆਨੀ ਕੇਸਰ ਸਿੰਘ ਦੇ ਰਾਜਨੀਤਕ ਆਦਰਸ਼ਾਂ ਬਾਰੇ ਮਹੱਤਵਪੂਰਣ ਪ੍ਰਕਾਸ਼ ਪਾਉਂਦੀ ਹੈ।

**ਆਜ਼ਾਦੀ ਦੀ ਕਵਿਤਾ :**

ਬਹੁਤ ਘੱਟ ਪੰਜਾਬੀ ਸਾਹਿਤਕਾਰਾਂ ਨੂੰ ਪਤਾ ਹੈ ਕਿ ਗਿਆਨੀ ਕੇਸਰ ਸਿੰਘ ਪੰਜਾਬੀ



Sri Satguru Jagjit Singh Ji eLibrary NamdhariElibrary@gmail.com

ਵਾਰਤਕ ਦੇ ਪ੍ਰਮੁੱਖ ਲੇਖਕ ਹੋਣ ਤੋਂ ਬਿਨਾਂ ਪੰਜਾਬੀ ਕਵਿਤਾ ਦੇ ਵੀ ਰਚਨਹਾਰ ਸਨ।

1 ਨਵੰਬਰ 1999 ਨੂੰ ਜਦੋਂ ਗਿਆਨੀ ਕੇਸਰ ਸਿੰਘ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਦੇ ਉਤੇ ਬੁਲਾਏ ਗਏ ਤੇ ਸਮਾਗਮ ਤੋਂ ਪਿੱਛੋਂ ਉਹ ਕੁਝ ਸਮੇਂ ਮੇਰੇ ਕੋਲ ਪਟਿਆਲੇ ਵੀ ਠਹਿਰੇ। ਇੱਥੇ ਉਨ੍ਹਾਂ ਨੇ ਮੈਨੂੰ ਆਪਣੀਆਂ ਕੁਝ ਕਵਿਤਾਵਾਂ ਸੁਣਾਈਆਂ ਤੇ ਨਾਲ ਹੀ ਕਿਹਾ ਕਿ ਮੈਂ ਇਹਨਾਂ ਨੂੰ ਛਾਪਣ ਦਾ ਖ਼ਿਆਲ ਨਹੀਂ ਰੱਖਦਾ। ਇਹ ਕਵਿਤਾ ਜੋ 'ਆਜ਼ਾਦੀ ਦੀ ਕਵਿਤਾ' ਦੇ ਨਾਂ ਥੱਲੇ ਜੂਨ 2000 ਵਿਚ ਲਾਹੌਰ ਬੁਕ ਸ਼ਾਪ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ, ਇਸ ਕਾਵਿ ਰਚਨਾ ਵਿਚ ਗਿਆਨੀ ਕੇਸਰ ਸਿੰਘ ਦਾ ਭਾਵੁਕ ਤੇ ਕਾਵਿਮਈ ਆਪਾ ਉਨ੍ਹਾਂ ਦੀ ਸੁੰਦਰ ਕਵਿਤਾ ਦੇ ਸੁਅਲੰਕ੍ਰਿਤ ਰੂਪ ਵਿਚ ਵਿਦਮਾਨ ਹੈ। ਇਸ ਵਿਚ ਪੋਠੋਹਾਰ ਤੇ ਕੈਨੇਡਾ ਦੀ ਧਰਤੀ ਦੇ ਕੁਦਰਤੀ ਦ੍ਰਿਸ਼ਾਂ ਦੇ ਸੁੰਦਰ ਵਰਣਨ ਤੋਂ ਬਿਨਾਂ ਉਨ੍ਹਾਂ ਦੇ ਦੂਸਰੇ ਮਹਾਂਯੁਧ ਦੇ ਸਮੇਂ ਦੇ ਉਦਗਾਰ ਵੀ ਬੜੀ ਦਰਦਨਾਕ ਤੇ ਕਰੁਣਾਮਈ ਸੁਰ ਵਾਲੀ ਕਵਿਤਾ ਵਿਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਬਰਮਾ ਵਿਚ ਬੋਧੀਆਂ ਦੇ ਪੀਲੇ ਬਾਣੇ ਵਿਚ ਪੀਤਾਂਬਰ ਪਹਿਣੇ ਬੋਧੀ ਸਾਧੂਆਂ ਨੂੰ ਜਿਸ ਤਰ੍ਹਾਂ ਜਪਾਨੀਆਂ ਵਲੋਂ ਜੰਗ ਦੀ ਭੱਠੀ ਵਿਚ ਝੋਕਿਆ ਗਿਆ, ਉਸ ਦਾ ਹਿਰਦੇਵੇਦਕ ਵਰਣਨ ਅਤੇ ਬਰਮੀ ਮਾਵਾਂ ਦੇ ਬੇਸ਼ਰਮ ਅਪਮਾਨ ਦੇ ਜੋ ਦ੍ਰਿਸ਼ ਪੇਸ਼ ਕੀਤੇ ਗਏ ਹਨ, ਉਹ ਜੰਗ ਦੇ ਦੋਜ਼ਖ਼ੀ ਸਿੱਟਿਆਂ ਉਤੇ ਸਦੀਵੀ ਲਾਹਨਤਾਂ ਪਾਉਣ ਵਾਲੇ ਹਨ। ਇਸ 'ਆਜ਼ਾਦੀ ਦੀ ਕਵਿਤਾ' ਵਿਚੋਂ ਕੁਝ ਉਦਾਹਰਣ ਇਥੇ ਦਿੱਤੇ ਜਾ ਰਹੇ ਹਨ:

(ੳ) ਪੀਤਾਂਬਰ ਪਹਿਨਿਆਂ
ਸਭ ਦੁਨੀਆਂ ਮੇਰਾ ਦੇਸ਼
ਸਭ ਲੋਕੀਂ ਮੇਰੇ ਰੱਬ
ਪੀਤਾਂਬਰ ਪਹਿਨਿਆ।
ਛੱਡੇ ਮਾਂ-ਪਿਓ ਜਾਏ
ਛੱਡੇ-ਮਾਂ-ਪਿਉ
ਫਿਰ ਛੱਡਿਆ ਘਰ ਬਾਰ
ਛੱਡੇ ਯਾਰ ਸਭ
ਸਭ ਦੁਨੀਆਂ ਮੇਰਾ ਦੇਸ਼
ਸਭ ਲੋਕੀਂ ਮੇਰੇ ਰੱਬ
ਪੀਤਾਂਬਰ ਪਹਿਨਿਆ।
ਇਹ ਮੇਰੇ ਰੱਬ ਦੇ ਪੁੱਤ
ਕੁਪੁੱਤੇ ਹੋ ਗਏ।
ਫੜ ਲਏ ਸਭ ਪੁੰਗੀ (ਸਾਧੂ)



Sri Satguru Jagjit Singh Ji eLibrary NamdhariElibrary@gmail.com

ਫਾਡੇ ਸਭ ਪੀਤਾਂਬਰ
ਜੜੀਆਂ ਬੇੜੀਆਂ।
ਫਿਰ ਲਾਈਆਂ ਹੱਥਕੜੀਆਂ
ਜੇਲ੍ਹੀਂ ਸੁੱਟਿਆ
ਕਹਿੰਦੇ:
"ਤੁਸੀਂ ਹੋ ਦੇਸ਼-ਧ੍ਰੋਹੀ
ਦੁਸ਼ਮਣ ਦੇ ਜਾਸੂਸ
ਦੇਸ਼ ਤੁਸਾਂ ਹੈ ਵੇਚਿਆ।"
ਸਭ ਦੁਨੀਆ ਮੇਰਾ ਦੇਸ਼
ਸਭ ਲੋਕੀਂ ਮੇਰੇ ਰੱਬ
ਪੀਤਾਂਬਰ ਪਹਿਨਿਆ। (ਆਜ਼ਾਦੀ ਦੀ ਕਵਿਤਾ ਪੰਨਾ 41)

(ਅ) ਮਾਂ ਤੇ ਬੱਚਾ
ਰੱਬ ਨੂੰ ਕੀ ਪਤੈ
ਕੀ ਹੋ ਰਿਹੈ ਅੱਜ।
ਬਗਮੀ ਬੱਚੇ ਦਾ ਢਿੱਡ
ਫੁਲਿਆ ਹੋਇਆ ਹੈ।
ਲੱਤਾਂ ਉਸਦੀਆਂ
ਤਗ੍ਹਾਂ ਨਾਲੋਂ ਪਤਲੀਆਂ ਹਨ।
ਅੱਖਾਂ ਉਸਦੀਆਂ
ਅੰਦਰ ਧਸ ਗਈਆਂ ਹਨ
ਡੂੰਘੇ ਟੋਇਆਂ ਵਿਚ।
ਮਾਂ ਉਸ ਦੀ
ਉਸ ਨੂੰ
ਆਪਣੀ ਨੰਗੀ ਗੋਦ ਵਿਚ
ਲੈ ਕੇ ਬੈਠੀ ਹੈ।
ਉਸਨੇ ਆਪਣਾ ਨੰਗੇਜ਼
ਬੱਚੇ ਦੇ ਨੰਗ-ਮੁਨੰਗੇ
ਤਨ ਨਾਲ
ਢੱਕਿਆ ਹੋਇਆ ਹੈ।



Sri Satguru Jagjit Singh Ji eLibrary NamdhariElibrary@gmail.com

ਰੱਬ ਨੂੰ ਕੀ ਪਤੈ
ਕੀ ਹੋ ਰਿਹਾ ਅੱਜ! (ਪੰਨਾ 26)

(ੲ) ਦੂਜੇ ਮਹਾਂਯੁੱਧ ਦਾ ਇਕ ਹੋਰ ਦ੍ਰਿਸ਼ 'ਜੰਗ ਇਕ ਪ੍ਰਭਾਵ' ਕਵਿਤਾ ਵਿਚੋਂ:-
ਮੇਰੀਆਂ ਅੱਖਾਂ ਵਿਚੋਂ ਹੰਝੂ
ਤ੍ਰਿਪ ਤ੍ਰਿਪ ਤਿਲ੍ਹਕ ਰਹੇ ਹਨ।
ਸੁੱਕੀਆਂ ਹੜ੍ਹਬਾਂ ਉਤੋਂ
ਹੰਝੂ ਢਲਕ ਰਹੇ ਹਨ।
ਦੋਵੇਂ ਹੱਥ ਚਿੱਕੜ ਵਿਚ ਖੁੱਭੇ,
ਗੋਡਿਆਂ ਪਰਨੇ ਹੋ ਕੇ
ਡੰਗਰਾਂ ਵਾਂਗੂੰ
ਛੱਪੜੀ ਵਿਚੋਂ ਪੀ ਰਿਹਾ ਹਾਂ ਪਾਣੀ!
ਅਸੀਂ ਦੋ ਲੱਤਾਂ ਵਾਲੀਆਂ
ਖੱਚਰਾਂ ਨਹੀਂ,
ਇਨਸਾਨ ਹਾਂ,
ਪਾਣੀ ਗੰਧਲਾ ਹੈ,
ਮਿੱਟੀ-ਰੰਗਾ,
ਪਰ ਮੇਰੇ ਹੰਝੂ ਕਿਉਂ ਨਿਰਮਲ ਹਨ?
ਤ੍ਰਿਹ ਲੱਗੀ ਹੈ
ਤਰਿਹਾਇਆ ਹਾਂ।
ਪਾਣੀ ਦੇ ਕਤਰੇ ਕਤਰੇ ਨੂੰ ਤਰਸ ਰਿਹਾ ਹਾਂ।
ਫਿਰ ਹੰਝੂਆਂ ਦਾ ਸਾਗਰ
ਕਿਥੋਂ ਉਮਡ ਪਿਆ ਹੈ (ਪੰਨਾ 22)

(ਸ) ਇਹ ਜੰਗਲੀ ਫੁਲ
ਗੁਲਾਬ ਦੇ
ਖਿੜਦੇ ਹਨ
ਝੀਲਾਂ ਕੰਢੇ
ਖੇਤਾਂ ਦੀਆਂ ਵੱਟਾਂ ਦੁਆਲ਼ੇ
ਸੜਕਾਂ ਦੇ ਚਾਰ ਚੁਫੇਰੇ



Sri Satguru Jagjit Singh Ji eLibrary NamdhariElibrary@gmail.com

ਖਿੜਨੋਂ ਨਹੀਂ ਹੱਟਦੇ
ਖਿੜਨੋਂ ਨਹੀਂ ਡਰਦੇ।
ਜੰਗਲੀ ਫੁੱਲਾਂ ਦੀ
ਇਹ ਧਰਤੀ
ਕਾਰਾਂ ਦੀਆਂ ਪਲੇਟਾਂ ਉਤੇ ਵੀ
ਹੁਣ ਆ ਖਿੜੇ ਹਨ। (ਐਲਪਰਟਾ ਦਾ ਜੰਗਲੀ ਗ਼ੁਲਾਬ, ਪੰਨਾ 115)

ਆਜ਼ਾਦੀ ਦੀ ਕਵਿਤਾ ਦੇ ਸੰਗ੍ਰਹਿ ਦੀਆਂ ਕਵਿਤਾਵਾਂ ਕਵੀ ਦੀ ਸੂਖਮਭਾਵੀ ਸੰਵੇਦਨਾ ਤੇ ਸੁਹਿਰਦ ਮਾਨਵਵਾਦੀ ਚੇਤਨਤਾ ਦੀ ਮਧੁਰ ਕਥੂਰੀ ਨੂੰ ਆਪਣੇ ਵਿਚ ਸਮੋਈ ਬੈਠੀਆਂ ਹਨ।

**ਸਾਰੰਸ਼:**

ਸਮੁੱਚੇ ਤੌਰ ਤੇ ਪੰਜਾਬ ਦੇ ਇਸ ਮਹਾਨ ਤੇ ਅੰਤਰਰਾਸ਼ਟਰੀ ਪਾਸਾਰਾਂ ਵਾਲੇ ਸਾਹਿਤਕਾਰ ਬਾਰੇ ਸਾਰੰਸ਼ ਵਜੋਂ ਜੇ ਕੁਝ ਕਹਿਣਾ ਹੋਵੇ ਤਾਂ ...

(ੳ) ਉਹ ਪੰਜਾਬ ਦਾ ਵੀਹਵੀਂ ਸਦੀ ਦਾ ਸਰਵੋਤਮ ਨਾਵਲਕਾਰ ਹੈ, ਜਿਸ ਦੇ ਇਤਿਹਾਸਕ ਤੇ ਰਾਜਨੀਤਕ ਉਦੇਸ਼ਾਂ ਅਤੇ ਮਾਨਵਵਾਦੀ ਆਦਰਸ਼ਾਂ ਵਾਲੇ ਸਮਾਜਿਕ ਨਾਵਲ ਉਸਦੀ ਵਿਲੱਖਣ ਪ੍ਰਤਿਭਾ ਤੇ ਸੱਚੇ-ਸੁੱਚੇ ਸੁਹਿਰਦ ਵਿਅਕਤੀਤਵ ਦਾ ਦਰਪਣ ਹਨ। ਇਨ੍ਹਾਂ ਦੀ ਵਸਤੂ ਸਾਮੱਗਰੀ ਉੱਚ ਕੋਟੀ ਦੀ ਵਿਚਾਰਧਾਰਕ ਚੋਣ ਉਤੇ ਆਧਾਰਿਤ ਹੈ। ਇਹ ਸਭ ਕੁਝ ਪਾਸੇ ਦਾ ਸੋਨਾ ਹੈ, ਆਦਰਸ਼ ਮਾਡਲ ਹਨ। 'ਜੰਗੀ ਕੈਦੀ' ਤੇ 'ਹਥਿਆਰਬੰਦ ਇਨਕਲਾਬ' ਵਿਸ਼ਵ ਸਾਹਿਤ ਨੂੰ ਬਹੁਤ ਵੱਡੀ ਦੇਣ ਹਨ। 'ਜੰਗੀ ਕੈਦੀ' ਦੂਜੇ ਮਹਾਂਯੁੱਧ ਦੇ ਭਿਅੰਕਰ ਸਮਾਚਾਰਾਂ ਤੇ ਦਰਦਨਾਕ ਪਰਿਸਥਿਤੀਆਂ ਦਾ ਸੁੰਦਰ ਤੇ ਪ੍ਰਭਾਵਸ਼ਾਲੀ ਵਰਣਨ ਤੇ ਬਿਰਤਾਂਤ ਹੈ ਜਿਸਦਾ ਸਮੁੱਚਾ ਸਥਾਨ ਭਾਰਤੀ ਤੇ ਵਿਸ਼ਵ ਸਾਹਿਤ ਵਿਚ ਸੁਵਿਖਿਆਤ ਹੈ। 'ਹਥਿਆਰਬੰਦ ਇਨਕਲਾਬ' ਤਾਂ ਆਧੁਨਿਕ ਯੁਗ ਦਾ ਮਹਾਂਭਾਰਤ ਹੈ, ਜਿਸ ਨੂੰ ਮੈਂ ਗ਼ਦਰ ਪੌਰਾਣ ਦੀ ਸੰਗਿਆ ਦਿਤੀ ਹੈ। 1899 ਵਿਚ ਭਾਈ ਵੀਰ ਸਿੰਘ ਜੀ ਨੇ 'ਸੁੰਦਰੀ' ਨਾਵਲ ਰਚ ਕੇ ਜਿਨ੍ਹਾਂ ਇਤਿਹਾਸਕ ਨਾਵਲਾਂ ਦੀ ਪਰੰਪਰਾ ਨੂੰ ਆਰੰਭ ਕੀਤਾ ਸੀ, ਉਸ ਇਤਿਹਾਸਕ ਨਾਵਲਾਂ ਦੀ ਪਰੰਪਰਾ ਦਾ ਸਿਖਰ ਪੂਰੇ ਇਕ ਸੌ ਸਾਲ ਪਿਛੋਂ, ਗਿਆਨੀ ਕੇਸਰ ਸਿੰਘ ਦੇ ਨਾਵਲ 'ਹਥਿਆਰਬੰਦ ਇਨਕਲਾਬ' ਵਿਚ ਵੇਖਿਆ ਜਾ ਸਕਦਾ ਹੈ।

(ਅ) ਕੇਸਰ ਸਿੰਘ ਦਾ ਸ਼ੁਮਾਰ ਸੰਸਾਰ ਭਰ ਦੇ ਜੰਗ ਵਿਰੋਧੀ ਤੇ ਅਮਨ ਪੱਖੀ ਅੰਤਰਰਾਸ਼ਟਰੀ ਮਾਨਵਵਾਦੀ ਭਾਵਨਾ ਵਾਲੇ ਸ਼੍ਰੋਮਣੀ ਲੇਖਕਾਂ ਵਿਚ ਕੀਤਾ ਜਾ ਸਕਦਾ ਹੈ। ਅਗੋਂ ਜਾਂ ਪਿਛੋਂ ਸਾਡੇ ਸਮਾਲੋਚਕਾਂ ਨੂੰ ਇਹ ਗੱਲ ਸਵੀਕਾਰ ਕਰਨੀ ਹੀ ਪਵੇਗੀ ਕਿ ਵੀਹਵੀਂ ਸਦੀ ਵਿਚ ਪੰਜਾਬ ਨੇ ਸੰਸਾਰ ਭਰ ਨੂੰ ਅਜਿਹਾ ਉਚੇ ਕਦ ਵਾਲਾ ਸਾਹਿਤਕਾਰ ਦਿਤਾ ਹੈ।

(ੲ) ਇਤਿਹਾਸ ਖੋਜੀ ਤੇ ਇਤਿਹਸਕਾਰ ਲੇਖਕ ਦੇ ਰੂਪ ਵਿਚ ਉਸਦਾ ਸਥਾਨ ਵੀ ਬੜਾ



Sri Satguru Jagjit Singh Ji eLibrary NamdhariElibrary@gmail.com

ਉਚੇਰਾ ਹੈ।

(ਸ) ਉਹ ਇਕ ਸਰਬਾਂਗੀ ਲੇਖਕ ਹੈ, ਜਿਸ ਨੇ ਨਾਵਲ, ਕਵਿਤਾ, ਸਵੈ-ਜੀਵਨੀ ਤੇ ਆਲੋਚਨਾ ਦੀਆਂ ਸਾਹਿਤਿਕ ਵਿਧਾਵਾਂ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ।

(ਹ) ਉਹ ਇਕ ਸੁਚੱਜਾ ਵਾਰਤਕਕਾਰ ਹੈ, ਜਿਸ ਨੇ ਪੋਠੋਹਾਰ ਦਾ ਜੰਮਪਲ ਹੁੰਦਿਆਂ ਹੋਇਆਂ ਵੀ ਕੇਂਦਰੀ ਭਾਸ਼ਾ ਦੀ ਟਕਸਾਲੀ ਬੋਲੀ ਦੀ ਵਰਤੋਂ ਕਰਕੇ ਸਰਲ, ਸ਼ੁੱਧ, ਸਪੱਸ਼ਟ, ਪੜ੍ਹਨ ਤੇ ਮਾਨਣਯੋਗ ਰਸਵੰਤ ਕਲਾਸਕੀ ਰਚਨਾ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

# ਮਾਵਾਂ ਠੰਡੀਆਂ ਛਾਵਾਂ

**(ਸ਼੍ਰੀਮਤੀ ਮਹਿੰਦਰ ਕੌਰ ਸੁਪਤਨੀ ਸ. ਗੰਗਾ ਸਿੰਘ ਕਸੇਲ)**
**(1910-1983)**

ਕਈ ਸਦੀਆਂ ਤੋਂ ਪੰਜਾਬ ਵਿਚ ਜਿਹੜੀ ਧਰਮ-ਮਰਯਾਦਾ ਪ੍ਰਚਲਤ ਸੀ ਉਸ ਵਿਚ ਇਸਤਰੀ ਜਾਤੀ ਨੂੰ ਕੋਈ ਦਰਜਾ ਪ੍ਰਾਪਤ ਨਹੀਂ ਸੀ। ਲੋਕ ਉਸ ਨੂੰ ਪਰਾਧੀਨ, ਅਬਲਾ, ਨਿਮਾਣੀ, ਪੈਰ ਦੀ ਜੁੱਤੀ, ਜਾਂ ਸੰਤਾਨ ਉਤਪਤੀ ਦੇ ਸਾਧਨ ਵਾਂਗ ਹੀ ਜਾਣਦੇ ਸਨ। ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਦੁਰਦਸ਼ਾ ਵੇਖ ਕੇ ਉਸਨੂੰ 'ਸੋ ਕਿਉਂ ਮੰਦਾ ਆਖੀਐ, ਜਿਤ ਜੰਮੇ ਰਾਜਾਨ" ਕਹਿ ਕੇ ਇਸਤਰੀ ਨੂੰ ਮੰਦਾ ਕਹਿਣ ਤੋਂ ਰੋਕਿਆ ਸੀ। ਦੂਜੇ ਬੰਨੇ "ਭੰਡ ਹੋਵੈ ਬੰਧਾਨ' ਅਤੇ ਭਾਗਾਂ ਰਤੀ ਚਾਰ ਆਖ ਕੇ ਬਰਾਬਰੀ ਦਾ ਦਰਜਾ ਪ੍ਰਦਾਨ ਕੀਤਾ ਸੀ। ਪੰਜਾਬ ਦੇ ਵਿਚ ਅਨੇਕ ਇਸਤਰੀਆਂ ਅਜਿਹੀਆਂ ਹੋਈਆਂ ਹਨ ਜਿਨ੍ਹਾਂ ਨੂੰ ਮਾਤਾ ਤ੍ਰਿਪਤਾ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਗੰਗਾ ਅਤੇ ਮਾਤਾ ਗੁਜਰੀ ਕਹਿ ਕੇ ਉਚ ਕੋਟੀ ਦਾ ਮਾਣ ਵੀ ਪ੍ਰਦਾਨ ਕੀਤਾ ਗਿਆ।

ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਰਚਨਾ 'ਬਾਬਰ ਬਾਣੀ' ਵਿਚ ਗੁਰੂ ਸਾਹਿਬ ਨੇ ਬਾਬਰ ਦੇ ਹੱਲੇ ਵੇਲੇ ਜਿਸ ਤਰ੍ਹਾਂ ਇਸਤਰੀ ਦੀ ਪੱਤ ਨੂੰ ਲੁਟਿਆ ਗਿਆ ਅਤੇ ਉਨ੍ਹਾਂ ਨੇ ਜਿਸ ਤਰ੍ਹਾਂ ਜਬਰਦਸਤੀ ਵਿਆਹ (ਅਕਦ) ਪੜ੍ਹਾਇਆ ਗਿਆ, ਉਹ ਉਸ ਸਮੇਂ ਦੀ ਸਮੁੱਚੀ ਇਸਤਰੀ ਜਾਤੀ ਦੀ ਨਿਘਰਦੀ ਦਸ਼ਾ ਦਾ ਕਰੁਣਾਮਈ ਚਿੱਤਰ ਪੇਸ਼ ਕਰਦੀਆਂ ਹਨ, ਜਿਹੜੀਆਂ ਵਿਆਹੁਤਾ ਇਸਤਰੀਆਂ ਮਾਂਗਾਂ ਵਿਚ ਸੰਧੂਰ ਨੂੰ ਸੁਹਾਗ ਦੀ ਨਿਸ਼ਾਨੀ ਵਜੋਂ ਪਾਉਂਦੀਆਂ ਸਨ, ਉਨ੍ਹਾਂ ਦੇ ਸਿਰਾਂ ਨੂੰ ਕਾਤੀਆਂ ਨਾਲ ਮੁੰਨਿਆ ਗਿਆ ਤੇ ਜਬਰਦਸਤੀ ਪੱਤ ਗੁਆ ਕੇ ਬੰਦੀ ਬਣਾ ਕੇ ਲੈ ਗਏ। ਲਗਭਗ ਅਜਿਹੀ ਇਸਤਰੀ ਜਾਤੀ ਦੀ ਮੰਦੀ ਦਸ਼ਾ 20ਵੀਂ ਸਦੀ ਵਿਚ ਵੀ ਪ੍ਰਚਲਿਤ ਰਹੀ ਹੈ। ਮੈਂ ਇਸ ਨਿਬੰਧ ਵਿਚ ਆਪਣੀ ਮਾਤਾ ਸ੍ਰੀ ਮਤੀ ਮਹਿੰਦਰ ਕੌਰ ਜਿਸ ਦਾ ਪੇਕਿਆਂ ਦਾ ਨਾਂ ਹਰਬੰਸ ਕੌਰ ਸੀ, ਜਿਸ ਨੂੰ ਬੀਬੀ ਬੰਸੋ ਕਰ ਕੇ ਬੁਲਾਇਆ ਜਾਂਦਾ ਸੀ, ਉਸ ਦੇ ਬਚਪਨ ਬਾਰੇ ਅਤਿ ਦੀ ਦੁਖਾਂਤਕ ਅਵਸਥਾ ਦਾ ਜ਼ਿਕਰ ਕਰਨ ਲਗਾ ਹਾਂ। ਮੇਰੀ ਮਾਤਾ ਦੇ ਪੇਕੇ ਘਰ ਦਾ ਜੀਵਨ ਵੀ ਸੁਖਾਵਾਂ ਨਹੀਂ ਸਗੋਂ ਕਾਫ਼ੀ ਦੁਖਦਾਈ ਹੈ। ਮੇਰੀ ਮਾਂ ਦੀ ਮਾਂ ਨੂੰ ਵੀ ਸਮਾਜਿਕ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਸੀ। ਕਿਉਂ ਜੋ ਉਸ ਸਮੇਂ 20ਵੀਂ ਸਦੀ ਦੇ ਆਰੰਭਕ ਸਾਲਾਂ ਵਿਚ ਵੀ ਇਸਤਰੀ ਨੂੰ ਆਪਣੀ ਮਰਜ਼ੀ ਅਨੁਸਾਰ ਜੀਵਨ ਜੀ ਸਕਣ ਦਾ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਸੀ। ਜੇ ਉਹ ਕਿਸੇ ਪਰਾਏ ਮਰਦ ਨਾਲ ਸਾਧਾਰਨ ਗੱਲ ਵੀ ਕਰ ਲੈਂਦੀ ਤਾਂ ਉਸ ਨੂੰ ਕਤਲ ਕਰ ਦੇਣਾ ਜਾਂ ਕਰਵਾ ਦੇਣਾ ਆਮ ਗੱਲ ਬਣ ਚੁਕੀ ਸੀ। ਮੇਰੀ ਮਾਂ ਦੀ ਮਾਂ ਨੂੰ ਵੀ ਅਜਿਹੀ ਸਮਾਜਿਕ ਕਰੋਪੀ ਦਾ ਹੀ ਸ਼ਿਕਾਰ ਹੋਣਾ ਪਿਆ ਸੀ।



Sri Satguru Jagjit Singh Ji eLibrary NamdhariElibrary@gmail.com

ਮੇਰੀ ਮਾਂ ਦੇ ਮਾਪੇ ਤਿੰਨ ਭਰਾ ਸਨ ਅਤੇ ਉਨ੍ਹਾਂ ਵਿਚੋਂ ਮੇਰਾ ਨਾਨਾ ਸਾਧੂ ਸਿੰਘ ਸਭ ਤੋਂ ਵੱਡਾ ਸੀ। ਦੂਜੇ ਥਾਂ ਤੇ ਸੁੰਦਰ ਸਿੰਘ ਤੇ ਤੀਜੇ ਥਾਂ ਤੇ ਸਭ ਤੋਂ ਛੋਟਾ ਸ਼ੇਰ ਸਿੰਘ ਸੀ ਜੋ ਨੰਬਰਦਾਰ ਸੀ ਤੇ ਪਿਛੋਂ ਜਾ ਕੇ ਜ਼ੈਲਦਾਰ ਬਣ ਗਿਆ ਸੀ। ਆਪਣੇ ਹੋਸ਼ ਸੰਭਾਲਣ ਸਮੇਂ ਮੇਰੀ ਮਾਂ ਨੂੰ ਵੱਡੇ ਹੱਤਿਆਕਾਂਡ ਦਾ ਦੁਖ ਬਾਲੜੀ ਉਮਰ ਵਿਚ ਹੀ ਸਹਿਣਾ ਪਿਆ। ਮੇਰੇ ਨਾਨੇ ਸਾਧੂ ਸਿੰਘ ਦੇ ਸੁਰਗਵਾਸ ਹੋਣ ਪਿਛੋਂ ਉਸ ਦੀ ਪਤਨੀ ਨੂੰ ਆਪਣੀ ਇੱਛਾ ਅਨੁਸਾਰ ਕੁਝ ਕਦਮ ਪੁੱਟਣ ਪਿਛੇ ਕਤਲ ਕਰਵਾ ਦਿਤਾ ਗਿਆ ਸੀ ਤੇ ਉਸਦੀ ਸੰਤਾਨ ਮੇਰੀ ਮਾਤਾ ਹਰਬੰਸੋਂ ਤੇ ਉਸ ਦੇ ਭਰਾ ਤਾਰਾ ਸਿੰਘ ਤੇ ਅਜਾਇਬ ਸਿੰਘ ਨੂੰ ਉਨ੍ਹਾਂ ਦੇ ਚਾਚੇ ਜ਼ੈਲਦਾਰ ਸ਼ੇਰ ਸਿੰਘ ਨੇ ਹੀ, ਜੋ ਬੜਾ ਭਲਾ ਪੁਰਸ਼ ਸੀ, ਨੇ ਇਨ੍ਹਾਂ ਤਿੰਨਾਂ ਮਾਂ-ਮਹਿਟਰ ਬਾਲਾਂ ਦੀ ਆਪਣੀ ਸੰਤਾਨ ਵਾਂਗ ਸੇਵਾ ਸੰਭਾਲ ਕੀਤੀ। ਹੋ ਸਕਦਾ ਹੈ ਕਿ ਇਨ੍ਹਾਂ ਤਿੰਨਾਂ ਭੈਣ-ਭਰਾਵਾਂ ਨੂੰ ਇਸ ਵਰਤੇ ਦੁਖਾਂਤ ਦਾ ਬਚਪਨ ਵਿਚ ਅਹਿਸਾਸ ਨਾ ਹੋਇਆ ਹੋਵੇ ਪਰ ਛੋਟੀ ਉਮਰ ਦੇ ਫੋੜੇ ਸਾਰੀ ਜ਼ਿੰਦਗੀ ਨੂੰ ਹੀ ਤਲਖ਼ ਬਣਾ ਦੇਂਦੇ ਹਨ ਤੇ ਵਰਤੇ ਗਏ ਭਾਣੇ ਨੂੰ ਭੁਲਾ ਸਕਣਾ ਇਕ ਤਰ੍ਹਾਂ ਨਾਲ ਅਸੰਭਵ ਗੱਲ ਹੀ ਹੋ ਜਾਂਦੀ ਹੈ।

ਦੂਜਾ ਕਸ਼ਟ ਜਾਂ ਸੰਕਟ ਦਾ ਸਮਾਂ ਮੇਰੀ ਮਾਂ ਨੂੰ ਉਸ ਸਮੇਂ ਸਹਿਣਾ ਪਿਆ ਜਦੋਂ ਕਿ ਮੈਂ ਇਕ ਨੰਨ੍ਹਾ ਬਾਲ ਸਾਂ। ਮੇਰੀ ਮਾਤਾ ਦਾ ਵਿਆਹ ਛੋਟੀ ਉਮਰ ਵਿਚ ਹੀ (12-13 ਸਾਲ) ਵਿਚ ਹੀ ਕਰ ਦਿਤਾ ਗਿਆ ਸੀ। ਉਸ ਦੀ ਭੂਆ ਬੀਬੀ ਸੰਤੋਂ ਜੋ ਸਾਡੇ ਪਿੰਡ ਕਸੇਲ ਵਿਚ ਹੀ ਵਿਆਹੀ ਗਈ ਸੀ, ਮੇਰੀ ਮਾਂ ਦੀ ਭੂਆ ਤੇ ਫੁੱਫੜ ਨੇ ਇਹ ਰਿਸ਼ਤਾ ਮੇਰੇ ਪਿਤਾ ਸ. ਗੰਗਾ ਸਿੰਘ ਨਾਲ ਕਰ ਦਿਤਾ ਸੀ ਜੋ ਮੇਰੀ ਮਾਤਾ ਤੋਂ ਕੁਝ ਸਾਲ ਵੱਡੀ ਉਮਰ ਦਾ ਸੀ।

ਇਹੋ ਜਿਹਾ ਹੀ ਇਕ ਦੁਖਾਂਤ 20ਵੀਂ ਸਦੀ ਦੇ ਆਰੰਭ ਵਿਚ ਮੇਰੀ ਦਾਦੀ ਲਛਮਣ ਕੌਰ
ਨਾਲ ਵਾਪਰਿਆ। ਪੇਕਿਆਂ ਵਲੋਂ ਉਹ ਸਰਦਾਰਾਂ ਦੀ ਧੀ ਸੀ ਜਿਸਦੀਆਂ ਬਾਕੀ ਭੈਣਾਂ ਉੱਚ
ਘਰਾਣਿਆਂ ਵਿਚ ਵਿਆਹੀਆਂ ਗਈਆਂ ਸਨ ਪਰ ਜਿਨ੍ਹਾਂ ਦੇ ਵਿਆਹੁਤਾ ਜੀਵਨ ਦੇ ਤਲਖ਼-
ਤਜਰਬਿਆਂ ਨੇ ਉਸ ਦਾ ਰਿਸ਼ਤਾ ਸਾਧਾਰਨ ਜੱਟਾਂ ਦੇ ਪਰਿਵਾਰ ਵਿਚ ਕਰ ਦਿਤਾ। ਮੇਰੇ ਬਾਬੇ
ਪੰਜ ਭਰਾ ਸਨ, ਜਿਨ੍ਹਾਂ ਦੇ ਨਾਂ ਵੀਰ ਸਿੰਘ, ਈਸ਼ਰ ਸਿੰਘ, ਕੇਸਰ ਸਿੰਘ, ਸ਼ੇਰ ਸਿੰਘ ਤੇ ਮਾਨ
ਸਿੰਘ ਸਨ। ਮਾਨ ਸਿੰਘ ਸਭ ਤੋਂ ਛੋਟਾ ਸੀ ਤੇ ਨਾਮ-ਕੱਟਾ ਫ਼ੌਜੀ ਸੀ। ਉਹ 1903 ਵਿਚ ਪਲੇਗ
ਦੀ ਮਹਾਂਮਾਰੀ ਦਾ ਸ਼ਿਕਾਰ ਹੋਇਆ, ਇਸ ਲਈ ਮੇਰੀ ਦਾਦੀ ਨੂੰ ਵੀ ਘਰੋਗੀ ਦੁਖਾਂਤ ਦਾ
ਸਾਹਮਣਾ ਕਰਨਾ ਪਿਆ। ਮੇਰੀ ਦਾਦੀ ਲਛਮਣ ਕੌਰ ਜਿਸ ਨੂੰ ਲੱਛਮੀ ਕਰ ਕੇ ਬੁਲਾਇਆ
ਜਾਂਦਾ ਸੀ, ਮੇਰੇ ਬਾਬੇ ਮਾਨ ਸਿੰਘ ਦੇ ਦੇਹਾਂਤ ਪਿਛੋਂ ਆਪਣੀ ਧੀ ਬੰਤੋ ਤੇ ਪੁਤਰ ਗੰਗਾ ਸਿੰਘ ਨੂੰ
ਲੈ ਕੇ ਆਪਣੇ ਰਿਸ਼ਤੇਦਾਰ ਲਾਹੌਰ ਦੇ ਮਲਵਈ ਸਰਦਾਰਾਂ, ਜਿਨ੍ਹਾਂ ਦਾ ਵਡੇਰਾ ਮਹਾਰਾਜਾ
ਰਣਜੀਤ ਸਿੰਘ ਦੇ ਸਮੇਂ ਧੰਨਾ ਸਿੰਘ ਮਲਵਈ ਕਰ ਕੇ ਜਾਣਿਆ ਜਾਂਦਾ ਸੀ ਤੇ ਲਾਹੌਰ ਦਰਬਾਰ
ਵਿਚ ਉਸ ਦਾ ਵਿਸ਼ੇਸ਼ ਸਥਾਨ ਸੀ, ਇਨ੍ਹਾਂ ਮਲਵਈ ਸਰਦਾਰਾਂ ਦੇ ਵਡੇਰਿਆਂ ਵਿਚੋਂ ਸੀ।

ਮੇਰੀ ਵਿਧਵਾ ਦਾਦੀ ਲਛਮਣ ਕੌਰ ਨੇ ਸਾਰੇ ਜੱਟਾਂ ਦੀ ਔਖਿਆਈ ਨੂੰ ਅਨੁਭਵ ਕਰ ਕੇ



Sri Satguru Jagjit Singh Ji eLibrary NamdhariElibrary@gmail.com

ਲਾਹੌਰ ਦੇ ਮਲਵਈ ਸਰਦਾਰਾਂ ਦੇ ਘਰ ਸ਼ਰਣਾਗਤ ਹੋਣ ਨੂੰ ਚੰਗਾ ਸਮਝਿਆ। ਜਿਸ ਨਾਲ ਮੇਰੇ ਵਡੇਰਿਆਂ ਨੇ ਪਿੰਡਾਂ ਦੇ ਜੱਟ ਸਮਾਜ ਦੇ ਟਾਕਰੇ ਉਤੇ ਲਾਹੌਰ ਦੇ ਸ਼ਹਿਰੀ ਸਮਾਜ ਦੁਆਰਾ ਕਈ ਚੰਗੇ ਗੁਣ ਵੀ ਧਾਰਨ ਕਰ ਲਏ ਸਨ।

ਮੇਰੇ ਵਡੇਰਿਆਂ ਦੇ ਲਾਹੌਰ ਨਿਵਾਸ ਨੇ ਉਨ੍ਹਾਂ ਵਿਚ ਸ਼ਹਿਰੀ ਸੂਝ-ਬੂਝ ਵਿਕਸਿਤ ਕਰ ਦਿਤੀ ਅਤੇ ਮੇਰੇ ਬਾਪ ਸ. ਗੰਗਾ ਸਿੰਘ ਨੇ ਲਾਹੌਰ ਵਿਚ ਰਹਿ ਕੇ ਚੰਗੇ ਸਕੂਲ 'ਰੰਗ-ਮਹਿਲ ਮਿਸ਼ਨ ਹਾਈ ਸਕੂਲ' ਵਿਚ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ, ਲਾਹੌਰ ਵਿਚ ਹੀ ਜੋ ਉਸ ਸਮੇਂ ਪੰਜਾਬ ਦੀ ਰਾਜਧਾਨੀ ਸੀ, ਵਿਚ ਸੈਨਿਕ ਲੇਖਾਕਾਰ ਦੇ ਦਫ਼ਤਰ ਵਿਚ ਨੌਕਰੀ ਕਰ ਲਈ।

ਮੇਰੇ ਮਾਪਿਆਂ ਦਾ ਕੁਝ ਸਮੇਂ ਦਾ ਜੀਵਨ ਚੰਗਾ ਗੁਜ਼ਰਿਆ। ਉਹ ਡੇਵਿਸ ਰੋਡ ਵਿਖੇ ਰਹਿਣ ਲਗ ਪਏ। ਮੇਰੀ ਦਾਦੀ ਲਛਮਣ ਕੌਰ ਬੜੀ ਭਲੀ ਔਰਤ ਸੀ। ਉਹ ਗੁਰਦੁਆਰਾ ਡੇਰਾ ਸਾਹਿਬ ਜਾ ਕੇ ਅਰਦਾਸਾਂ ਕਰਦੀ। ਫਲਸਰੂਪ 19 ਮਾਰਚ 1928 ਨੂੰ ਉਸ ਦੇ ਘਰ ਪੋਤਰੇ ਨੇ ਜਨਮ ਲਿਆ, ਜਿਸ ਦਾ ਨਾਮ 'ਕ' ਅਖਰ ਤੇ ਕਿਰਪਾਲ ਸਿੰਘ ਰਖਿਆ ਗਿਆ। ਉਸ ਸਮੇਂ ਪਰਿਵਾਰ ਵਿਚ ਤਾਂ ਬੜੀ ਖ਼ੁਸ਼ੀ ਹੋਈ ਪਰ ਨਾਲ ਹੀ ਸਾਡੇ ਪਰਿਵਾਰ ਉਤੇ ਇਕ ਹੋਰ ਕਰੋਪੀ ਆ ਗਈ। ਇਨ੍ਹਾਂ ਦਿਨਾਂ ਵਿਚ ਹੀ ਕੁਝ ਮਹੀਨੇ ਪਹਿਲਾਂ ਪਿਤਾ ਜੀ ਨੂੰ ਤਪਦਿਕ ਦਾ ਚੰਦਰਾ ਰੋਗ ਹੋ ਗਿਆ ਜੋ ਉਸ ਸਮੇਂ ਲਾਇਲਾਜ ਮੰਨਿਆ ਜਾਂਦਾ ਸੀ। ਉਧਰੋਂ ਜੋਤਸ਼ੀ ਨੇ ਇਹ ਵਹਿਮ ਪਾ ਦਿਤਾ ਕਿ ਜੇ ਇਹ ਪਿਓ-ਪੁੱਤਰ ਇਕ ਦੂਜੇ ਦੇ ਮੱਥੇ ਲਗਣਗੇ ਤਾਂ ਇਹ ਭਲਾ ਨਹੀਂ ਹੋਵੇਗਾ। ਅਪ੍ਰੈਲ ਦੇ ਮਹੀਨੇ ਵਿਚ ਗਰਮੀ ਸ਼ੁਰੂ ਹੋ ਜਾਂਦੀ ਹੈ ਤੇ ਲਾਹੌਰ ਸ਼ਹਿਰ ਗਰਮੀ ਵਿਚ ਤਪਣ ਲਗ ਪੈਂਦਾ ਹੈ। ਇਸ ਲਈ ਮੇਰੇ ਪਰਿਵਾਰ ਦੇ ਕੁਝ ਰਿਸ਼ਤੇਦਾਰ - ਮੇਰਾ ਨਾਨਾ ਜ਼ੈਲਦਾਰ ਸ਼ੇਰ ਸਿੰਘ, ਮੇਰੀ ਮਾਂ ਦਾ ਫੁਫੜ ਆਲਾ ਸਿੰਘ, ਮੇਰੀ ਦਾਦੀ ਪਿਤਾ ਜੀ ਨੂੰ ਕੋਹਮਰੀ ਪਹਾੜ ਲੈ ਗਏ। ਇਹ ਖ਼ਿਆਲ ਕੀਤਾ ਜਾਂਦਾ ਸੀ ਕਿ ਪਹਾੜਾਂ ਉਤੇ ਜਾਣ ਨਾਲ ਤਪਦਿਕ ਦੇ ਮਰੀਜ਼ ਨੂੰ ਕੁਝ ਸੁਖਾਵਾਂ ਸਾਹ ਆਉਂਦਾ ਹੈ। ਇਥੇ ਹੀ 20 ਜੂਨ 1928 ਨੂੰ ਮੇਰੇ ਪਿਤਾ ਜੀ ਪਰਲੋਕ ਸਿਧਾਰ ਗਏ। ਮੇਰੇ ਨਾਨਾ ਜ਼ੈਲਦਾਰ ਸ਼ੇਰ ਸਿੰਘ ਦੇ ਕਥਨ ਅਨੁਸਾਰ ਉਨ੍ਹਾਂ ਨੇ ਆਪਣੇ ਅੰਤਿਮ ਸਮੇਂ ਨਾਲ ਆਏ ਪਰਿਵਾਰ ਦੇ ਜੀਆਂ ਨੂੰ ਇਉਂ ਸੰਬੋਧਨ ਕੀਤਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਤੇ ਮੇਰੀ ਮਾਤਾ ਦੇ ਫੁੱਫੜ ਆਲਾ ਸਿੰਘ ਨੂੰ ਕੇਵਲ ਇਹ ਵਾਕ ਕਹੇ, "ਭਾਈਆ, ਇਨ੍ਹਾਂ ਦਾ ਖ਼ਿਆਲ ਰੱਖੀਂ।" ਪਿਤਾ ਜੀ ਦਾ ਅੰਤਿਮ ਸਸਕਾਰ ਵੀ ਕੋਹਮਰੀ ਕਰ ਦਿਤਾ ਗਿਆ ਅਤੇ ਉਨ੍ਹਾਂ ਦੀਆਂ ਅਸਥੀਆਂ ਦੇ ਫੁਲ ਚੁਗ ਕੇ ਜੋ ਉਨ੍ਹਾਂ ਦੇ ਸਰੀਰ ਦੀ ਅੰਤਿਮ ਰਾਸ ਪੂੰਜੀ ਸੀ, ਲੈਕੇ ਉਹ ਲਾਹੌਰ ਨੂੰ ਚਲ ਪਏ। ਪਿਤਾ ਜੀ ਦੇ ਫੁਲ ਵੀ ਰਾਵੀ ਦਰਿਆ ਵਿਚ ਪ੍ਰਵਾਹ ਦਿਤੇ ਗਏ। ਸਾਡਾ ਪਰਿਵਾਰ, ਵਿਸ਼ੇਸ਼ ਕਰ ਕੇ ਮੇਰੇ ਪਿਤਾ ਜੀ ਬੜਾ ਸੰਜਮ ਨਾਲ ਗੁਜ਼ਾਰਾ ਕਰਨ ਵਾਲੇ ਸਨ। ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਹੁਣ ਲਾਹੌਰ ਵਿਚ ਰਹਿਣਾ ਬੇਅਰਥ ਸੀ। ਇਸ ਲਈ ਸਾਡਾ ਬਾਕੀ ਬਚਿਆ ਪਰਿਵਾਰ ਪਿੰਡ ਕਸੇਲ ਆ ਗਿਆ,



Sri Satguru Jagjit Singh Ji eLibrary NamdhariElibrary@gmail.com

ਜਿਥੇ ਕੁਝ ਸਾਲ ਪਹਿਲਾਂ ਮੇਰੇ ਪਿਤਾ ਜੀ ਨੇ ਪਿੰਡ ਵਿਚ ਦੋ-ਮੰਜ਼ਿਲਾ ਮਕਾਨ ਬਣਾ ਲਿਆ ਸੀ।
ਰਹਿਣ ਲਈ ਇਹ ਮਕਾਨ ਤੇ ਕੋਈ 8-10 ਵਿਘੇ ਜ਼ਮੀਨ ਸਾਡੇ ਕੋਲ ਸੀ ਪਰ ਇਸ ਨਾਲ
ਸਾਡਾ ਗੁਜ਼ਾਰਾ ਹੋ ਸਕਣਾ ਬੜਾ ਮੁਸ਼ਕਲ ਸੀ। ਚੰਗੇ ਭਾਗਾਂ ਨੂੰ ਮੇਰੇ ਪਿਤਾ ਜੀ ਦੇ ਦਫ਼ਤਰ ਦੇ
ਕੁਝ ਅਧਿਕਾਰੀਆਂ ਨੇ ਤਰਸ ਦੇ ਅਧਾਰ 'ਤੇ ਮੇਰੀ ਮਾਤਾ ਜੀ ਨੂੰ ਪੰਝੀ ਰੁਪਏ ਮਹੀਨੇ ਪੈਨਸ਼ਨ
ਲਗਵਾ ਦਿਤੀ ਤੇ ਮੇਰੇ ਲਈ ਵੀ ਸਰਕਾਰ ਵਲੋਂ 5 ਰੁਪਏ ਮਹੀਨਾ ਭੱਤਾ ਮਨਜ਼ੂਰ ਹੋ ਗਿਆ।
ਉਸ ਸਮੇਂ ਇਹ 30 ਰੁਪਏ ਦੀ ਰਕਮ ਪਰਿਵਾਰ ਦੇ ਗੁਜ਼ਾਰੇ ਲਈ ਕਾਫ਼ੀ ਸਮਝੀ ਜਾਂਦੀ ਸੀ। ਮੇਰੀ
ਮਾਤਾ ਦੇ ਭੂਆ ਫੁੱਫੜ ਮੇਰੀ ਮਾਤਾ, ਮੇਰਾ ਤੇ ਮੇਰੀ ਦਾਦੀ ਤੇ ਹੋਰ ਰਿਸ਼ਤੇਦਾਰਾਂ ਦਾ ਤਨੋ-ਮਨੋ
ਪੱਖ ਪੂਰਦੇ ਰਹੇ। ਮੇਰੀ ਮਾਤਾ ਦੇ ਭੂਆ-ਫੁੱਫੜ ਸਾਡੇ ਵਡੇਰਿਆਂ ਦੇ ਦੋ ਟੱਬਰਾਂ ਵਿਚੋਂ ਵਖਰੇ
ਪਰਿਵਾਰ ਵਿਚੋਂ ਸਨ। ਸਾਡੇ ਇਨ੍ਹਾਂ ਦੋਹਾਂ ਪਰਿਵਾਰਾਂ ਦਾ ਪਿਛੋਕੜ ਸਾਂਝਾ ਸੀ, ਕੇਵਲ
ਦਾਦਕਿਆਂ ਤੋਂ ਹੀ ਵੱਖਰੇ-ਵੱਖਰੇ ਹੋਏ ਸਨ।

ਮੇਰੇ ਪਰਦਾਦੇ ਹਰੀ ਸਿੰਘ ਤੇ ਹੀਰਾ ਸਿੰਘ ਸਕੇ ਭਰਾ ਸਨ। ਹਰੀ ਸਿੰਘ ਦੇ ਪੰਜ ਪੁੱਤਰ ਸਨ
ਜਿਸ ਵਿਚ ਮੇਰਾ ਬਾਬਾ ਮਾਨ ਸਿੰਘ ਸਭ ਤੋਂ ਛੋਟਾ ਸੀ। ਉਸ ਦਾ ਦੇਹਾਂਤ ਵੀ 1903 ਦੀ
ਪਲੇਗ ਦੀ ਬੀਮਾਰੀ ਨਾਲ ਹੋ ਗਿਆ ਸੀ। ਇਸ ਸਮੇਂ ਮੇਰੇ ਮਾਤਾ ਜੀ ਦੇ ਭੂਆ ਤੇ ਫੁੱਫੜ ਨੇ ਜੋ
ਨਿਰਸੰਤਾਨ ਸਨ, ਮੇਰੇ ਪਿਤਾ ਜੀ ਦੇ ਅੰਤਿਮ ਸ਼ਬਦਾਂ ਦਾ ਧਿਆਨ ਰਖਦੇ ਹੋਏ ਸਾਡੇ ਪਰਿਵਾਰ
ਦਾ ਪੂਰਾ-ਪੂਰਾ ਖ਼ਿਆਲ ਰਖਿਆ। ਪਹਿਲਾਂ ਪਹਿਲ ਬਾਬਾ ਆਲਾ ਸਿੰਘ ਸ਼ਰਾਬ ਦੇ ਠੇਕੇ ਲੈ
ਲੈਂਦਾ ਸੀ, ਜਿਸ ਕਰ ਕੇ ਉਸ ਦਾ ਨਾਮ ਠੇਕੇਦਾਰ ਆਲਾ ਸਿੰਘ ਕਰ ਕੇ ਹੀ ਜਾਣਿਆ ਜਾਂਦਾ
ਸੀ। ਉਸ ਨੂੰ ਲਵੇਰੇ ਰਖਣ ਦਾ ਬੜਾ ਸ਼ੌਕ ਸੀ ਤੇ ਕਈ ਸਾਲਾਂ ਤਕ ਉਹ ਹੀ ਸਾਨੂੰ ਦੁੱਧ
ਪਹੁੰਚਾਉਣ ਦਾ ਯਤਨ ਕਰਦਾ ਰਿਹਾ। ਮੇਰੇ ਨਾਨਕਿਆਂ ਤੇ ਦਾਦਕਿਆਂ ਵੱਲ ਇਸ ਦੁਵੱਲੀ
ਸਾਂਝ ਨੇ ਸਾਡਾ ਚੰਗਾ ਸਾਥ ਨਿਭਾਇਆ।

ਜਦੋਂ ਮੇਰੇ ਪਿਤਾ ਜੀ ਦਾ ਦੇਹਾਂਤ ਹੋਇਆ ਤਾਂ ਉਸ ਸਮੇਂ ਮੇਰੀ ਮਾਤਾ ਦੀ ਉਮਰ ਕੇਵਲ
18 ਸਾਲ ਦੀ ਸੀ। ਜਿਸ ਨੂੰ ਵਿਆਹੁਤਾ ਜੀਵਨ ਦਾ ਇਕੋ ਲਾਭ ਉਸ ਦਾ ਇਕਲੌਤਾ ਪੁੱਤਰ
ਹੀ ਸੀ ਜਿਸ ਨੂੰ ਸਬਰ ਸ਼ੁਕਰ ਕਰ ਕੇ ਉਸ ਦੀ ਸੰਭਾਲ ਨੂੰ ਆਪਣੇ ਜ਼ਿੰਮੇ ਲੈ ਲਿਆ। ਨਹੀਂ ਤਾਂ
ਉਸ ਦੀ ਉਮਰ ਹੀ ਕੀ ਸੀ। ਉਸ ਦੇ ਮਾਪੇ ਉਸ ਨੂੰ ਕਿਸੇ ਹੋਰ ਦੇ ਲੜ ਵੀ ਲਾ ਸਕਦੇ ਸਨ ਪਰ
ਮੇਰੀ ਮਾਤਾ ਨੂੰ ਇਹ ਗੱਲ ਮੰਜ਼ੂਰ ਨਹੀਂ ਸੀ। ਉਸ ਦਾ ਵਿਆਹੁਤਾ ਜੀਵਨ ਕੇਵਲ ਛੇ ਸਾਲਾਂ ਦਾ
ਹੀ ਸੀ ਪਰ ਉਸ ਨੇ ਆਪਣੇ ਪੁੱਤਰ ਦੀ ਜ਼ਿੰਮੇਵਾਰੀ ਨੂੰ ਆਪਣੇ ਸਿਰ ਲੈ ਲਿਆ। ਪੰਜਾਬ ਦੇ ਜੱਟ
ਪਰਿਵਾਰਾਂ ਵਿਚ ਵਿਧਵਾ ਇਸਤਰੀਆਂ ਦਾ ਜੀਵਨ ਕੰਡਿਆਂ ਦੀ ਸੇਜ ਸਮਾਨ ਹੁੰਦਾ ਹੈ ਪਰ
ਉਸ ਨੇ ਆਪਣੇ ਮਨ ਵਿਚ ਇਹ ਇਰਾਦਾ ਦ੍ਰਿੜ ਕਰ ਲਿਆ ਕਿ ਉਹ ਆਪਣੇ ਪੁਤਰ ਨੂੰ ਖ਼ੂਬ
ਪੜ੍ਹਾਵੇਗੀ ਤੇ ਉਸੇ ਵਿਚੋਂ ਹੀ ਵੱਡੇ ਧਰਵਾਸ ਨੂੰ ਲਭ ਲਵੇਗੀ। ਮੇਰੀ ਦਾਦੀ ਦੀ ਸਰਪ੍ਰਸਤੀ ਵੀ
ਉਸਦਾ ਵੱਡਾ ਸੁਭਾਗ ਸੀ। ਮੇਰੀ ਦਾਦੀ ਰੱਬ ਦਾ ਨਾਂ ਲੈਣ ਵਾਲੀ ਭਲੀ ਇਸਤਰੀ ਸੀ। ਉਸ ਨੇਂ
ਆਪਣੇ ਰੰਡੇਪੇ ਦਾ ਜੀਵਨ.ਲਾਹੌਰ ਸ਼ਹਿਰ ਵਿਚ ਹੀ ਗੁਜ਼ਾਰਿਆ ਸੀ। ਜਦੋਂ ਸਾਡਾ ਪਰਿਵਾਰ



Sri Satguru Jagjit Singh Ji eLibrary NamdhariElibrary@gmail.com

ਪਿੰਡ ਵਾਪਸ ਆਇਆ ਤਾਂ ਆਉਂਦਿਆਂ ਨੂੰ ਸ਼ਰੀਕਾਂ ਨੇ ਸਾਡੀ ਹਵੇਲੀ ਵਿਚੋਂ ਹਿੱਸੇ ਆਉਂਦਾ ਪੰਜਵੇਂ ਹਿੱਸੇ ਦੀ ਥਾਂ ਢਾਈਵਾਂ ਹਿੱਸਾ ਹੀ ਸਾਡੇ ਪੱਲੇ ਪਾਇਆ। ਮੈਨੂੰ ਆਪਣੇ ਬਚਪਨ ਦੀਆਂ ਕੁਝ ਯਾਦਾਂ ਚੇਤੇ ਹਨ ਜਿਨ੍ਹਾਂ ਵਿਚੋਂ ਕੁਝ ਇਕ ਦਾ ਵਰਨਣ ਮੈਂ ਆਪਣੀ ਜੀਵਨ ਕਹਾਣੀ ਵਿਚ ਕਰ ਚੁਕਾ ਹਾਂ।

ਮੇਰੀ ਦਾਦੀ ਅੰਮ੍ਰਿਤ ਵੇਲੇ ਉਠ ਕੇ ਬਚਪਨ ਵਿਚ ਮੇਰੀ ਉਂਗਲੀ ਫੜ ਕੇ ਮੈਨੂੰ ਗੁਰਦਵਾਰੇ ਲੈ ਜਾਂਦੀ ਜਿਥੇ ਗੈਸ ਦੇ ਚਾਨਣ ਵਿਚ ਭਾਈ ਜੈਮਲ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਹੁੰਦਾ। ਉਧਰ ਘਰ ਵਿਚ ਮੇਰੀ ਮਾਤਾ ਦੁੱਧ ਰਿੜਕਣਾ ਪਾ ਦਿੰਦੀ ਤੇ ਬੜੀ ਮਿੱਠੀ ਸੁਰ ਵਿਚ ਜਪੁਜੀ ਸਾਹਿਬ ਦਾ ਪਾਠ ਕਰਦੀ। ਜਦੋਂ ਮੈਂ ਛੇ ਸਾਲਾਂ ਦਾ ਹੋਇਆ ਤਾਂ ਮੇਰੀ ਮਾਂ ਦਾ ਫੁਫੜ ਬਾਬਾ ਆਲਾ ਸਿੰਘ ਮੈਨੂੰ ਸਕੂਲ ਦਾਖ਼ਲ ਕਰਵਾਉਣ ਗਿਆ। ਉਮਰ ਦੇ ਖਾਨੇ ਵਿਚ ਵਡੇ ਮੁਨਸ਼ੀ ਦੇ ਪੁਛਣ ਉਤੇ ਉਸਨੇ ਮੇਰਾ ਜਨਮ ਚੇਤ-ਵਿਸਾਖ ਦਾ ਲਿਖਵਾ ਦਿਤਾ ਤੇ ਸਰਕਾਰੀ ਕਾਗਜ਼ਾਂ ਵਿਚ 19 ਮਾਰਚ 1928 ਦੀ ਥਾਂ 24 ਅਪ੍ਰੈਲ, 1928 ਲਿਖਿਆ ਗਿਆ ਜੋ ਸਰਕਾਰੀ ਕਾਗਜ਼ਾਂ ਵਿਚ ਹੁਣ ਤਕ ਚਲਦਾ ਰਿਹਾ ਹੈ। ਉਦੋਂ ਮੈਂ ਤੀਜੀ ਜਮਾਤ ਵਿਚ ਪੜ੍ਹਦਾ ਸਾਂ ਜਦੋਂ ਮੇਰੀ ਦਾਦੀ ਦਾ ਦੇਹਾਂਤ ਹੋਇਆ।

ਮਰਨ ਤੋਂ ਪਹਿਲਾਂ ਮੇਰੀ ਦਾਦੀ ਨੇ ਮੇਰੀ ਮਾਂ ਨੂੰ ਇਹ ਨਸੀਹਤ ਕੀਤੀ, "ਧੀਏ, ਜੱਟਾਂ ਦੇ ਪਰਿਵਾਰਾਂ ਵਿਚ ਵਿਧਵਾ ਇਸਤਰੀ ਨੂੰ ਬੜੇ ਪੱਕੇ ਇਰਾਦੇ ਨਾਲ ਰਹਿਣਾ ਪੈਂਦਾ ਹੈ। ਧੀਏ, ਤੂੰ ਚੱਪਣੀ ਨਾ ਬਣੀ, ਚੱਪਣੀ ਦਾ ਢੋਂਡਰੂ ਬਣੀ। ਚਪਣੀ ਤਾਂ ਮਾੜੀ ਜੀ ਠੋਕਰ ਨਾਲ ਕਈ ਠੀਕਰੀਆਂ ਵਿਚ ਬਦਲ ਜਾਂਦੀ ਹੈ ਪਰ ਚੱਪਣੀ ਦਾ ਢੋਂਡਰੂ ਕਈ ਠੇਢੇ ਖਾ ਕੇ ਵੀ ਬਚਿਆ ਰਹਿੰਦਾ ਹੈ। ਮੇਰੀ ਮਾਤਾ ਨੇ ਸਚਪੁਚ ਆਪਣੇ ਜੀਵਨ ਨੂੰ ਇਸੇ ਤਰ੍ਹਾਂ ਢਾਲ ਲਿਆ ਸੀ। ਉਸਨੇ ਆਪਣੇ ਦੁਖ ਨੂੰ ਘਟਾਉਣ ਲਈ ਆਪਣੇ ਘਰ ਨੂੰ ਸੰਵਾਰਨ, ਸ਼ਿੰਗਾਰਨ ਤੇ ਸੁਖਦਾਈ ਬਣਾਉਣ ਲਈ ਆਪਣੇ ਜੀਵਨ ਵਿਚ ਬਹੁਤ ਮਿਹਨਤ ਕੀਤੀ। ਉਹ ਘਰੋਗੀ ਕੰਮ ਧੰਦਿਆਂ ਵਿਚ ਸਦਾ ਰੁੱਝੀ ਰਹਿੰਦੀ। ਉਨ੍ਹਾਂ ਦਿਨਾਂ ਵਿਚ ਘਰਾਂ ਵਿਚ ਚਰਖੇ ਕੱਤਣ ਦਾ ਰਿਵਾਜ ਬੜਾ ਆਮ ਸੀ। ਮੇਰੀ ਮਾਤਾ ਨੇ ਆਪਣੇ ਆਪ ਨੂੰ ਘਰ ਦੇ ਕੰਮਾਂ ਵਿਚ ਇੰਨਾ ਰੁਝਾ ਲਿਆ ਕਿ ਘਰ ਵਿਚ ਇੰਨਾ ਸਮਾਨ ਹੋਣਾ ਚਾਹੀਦਾ ਹੈ ਕਿ ਘਰ ਵਿਚ ਦਸ ਪ੍ਰੋਹਣੇ ਵੀ ਆ ਜਾਣ ਤਾਂ ਸਭੇ ਲੋੜਾਂ ਘਰੋਂ ਹੀ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦਿਨਾਂ ਵਿਚ ਮਜ਼ਹਬੀਆਂ ਦਾ ਇਕ ਮੁੰਡਾ ਵਸਣ ਸਿੰਘ ਜੋ ਉਮਰ ਵਿਚ ਮੇਰੇ ਤੋਂ 2-3 ਸਾਲ ਵੱਡਾ ਸੀ, ਕਾਮਾ ਰਖ ਲਿਆ। ਉਹ ਛੋਟੇ ਕੱਦ ਦਾ ਤੇ ਸਾਂਵਲੇ ਰੰਗ ਦਾ ਸੀ। ਪਰ ਅਣਥੱਕ ਕਾਮਾ ਸੀ। ਹੁਣ ਅਸਾਂ ਘਰ ਵਿਚ ਮੱਝਾਂ ਵੀ ਰੱਖ ਲਈਆਂ ਸਨ ਤੇ ਇਕ ਵਰਾਂਡੇ ਵਿਚ ਪੱਕੀਆਂ ਖੁਰਲੀਆਂ ਵੀ ਬਣਾ ਲਈਆਂ ਸਨ। ਜਿਸ ਨਾਲ ਲਵੇਰਾ ਘਰ ਵਿਚ ਹੋਣ ਕਾਰਨ ਦੁੱਧ, ਦਹੀਂ ਵੀ ਖੁੱਲ੍ਹਾ ਮਿਲਣ ਲਗ ਪਿਆ ਸੀ। ਮੇਰੀ ਮਾਤਾ ਚਰਖਾ ਕੱਤਦੀ। ਵੇਲਣੇ ਤੇ ਰੂੰ ਵੇਲਦੀ ਅਤੇ ਸੂਤ ਦੀਆਂ ਅਟੀਆਂ ਬਣਾ ਬਣਾ ਕੇ ਕਿੱਲੀਆਂ ਨਾਲ ਲਟਕਾਈ ਰਖਦੀ, ਜਿਸ ਨਾਲ ਇਕ ਦੋ ਸਾਲਾਂ ਵਿਚ ਹੀ ਰੇਜੇ, ਖੇਸ, ਚੌਤਈਆਂ ਅਤੇ ਹੋਰ ਵੀ



Sri Satguru Jagjit Singh Ji eLibrary NamdhariElibrary@gmail.com

ਸਮਾਨ ਘਰ ਦਾ ਸ਼ਿੰਗਾਰ ਬਣ ਗਿਆ।

ਤਿੰਨ ਵਿਧਵਾ ਇਸਤਰੀਆਂ ਮੇਰੀ ਦਾਦੀ ਲਛਮਣ ਕੌਰ, ਮੇਰੀ ਭੂਆ ਬੀਬੀ ਬੰਤੋ, ਮੇਰੀ ਮਾਤਾ ਮਹਿੰਦਰ ਕੌਰ ਤਿੰਨਾਂ ਸੁਆਣੀਆਂ ਨੂੰ ਵਿਧਵਾ ਇਸਤਰੀਆਂ ਦੇ ਦੁਖਾਂ ਦਾ ਪੂਰਾ ਪੂਰਾ ਅਹਿਸਾਸ ਸੀ। ਆਪਣੇ ਗ਼ਮ ਨੂੰ ਦੂਰ ਕਰਨ ਲਈ ਉਹ ਬੜੀ ਮਿੱਠੀ ਆਵਾਜ਼ ਵਿਚ ਪੁਰਾਣੇ ਲੋਕ ਗੀਤ ਤੇ ਕੁਝ ਸਾਹਿਤਕ ਪੁਸਤਕਾਂ ਬੜੀ ਮਿੱਠੀ ਹੇਕ ਵਚ ਗਾ ਕੇ ਆਪਣੇ ਦੁਖ ਨੂੰ ਘਟਾਉਣ ਦਾ ਯਤਨ ਕਰਦੀਆਂ। ਇਨ੍ਹਾਂ ਵਿਚ ਬਹੁਤ ਸਾਰੇ ਗ੍ਰੰਥ ਗਿ. ਕੇਸਰ ਸਿੰਘ ਕਲਾਸਵਾਲੀਏ ਦੇ ਸਰਲ ਬੈਂਤਾ ਵਿਚ ਸਨ। ਗੁਰੂ ਨਾਨਕ ਪ੍ਰਕਾਸ਼, ਦਸ਼ਮੇਸ਼ ਪ੍ਰਕਾਸ਼, ਬਾਬਾ ਬੰਦਾ ਬਹਾਦਰ ਤੇ ਤੇਗ ਖ਼ਾਲਸਾ , ਰਾਜ ਖਾਲਸਾ, ਸੁਧਾਰ ਖਾਲਸਾ ਆਦਿ ਸਨ। ਇਨ੍ਹਾਂ ਸਿਖ ਧਾਰਮਿਕ ਇਤਿਹਾਸਿਕ ਗ੍ਰੰਥਾਂ ਤੋਂ ਬਿਨਾਂ ਉਹ ਵਿਧਾਤਾ ਸਿੰਘ ਤੀਰ ਦਾ ਨਲ ਦਮਯੰਤੀ ਦਾ ਕਿੱਸਾ ਵੀ ਪੜ੍ਹ ਲੈਂਦੀਆਂ ਸਨ। ਇਕ ਬੜਾ ਪਿਆਰਾ ਬਾਰਾਮਾਂਹ ਜੋ ਮੋਤੀ ਰਾਮ ਦਾ ਲਿਖਿਆ ਹੋਇਆ ਸੀ, ਉਹ ਬੜੀ ਸ਼ਰਧਾ ਨਾਲ ਗਾਉਂਦੀਆਂ ਸਨ, ਜਿਹਦੇ ਕੁਝ ਬੋਲ ਸਨ :

ਚੇਤ ਚਿੰਤਨ ਮਨ ਸਮਝ ਪਿਆਰੇ
ਦੁਨੀਆਂ ਝੂਠਾ ਬਾਣਾ ਹੈ।
ਜਿਸਦੇ ਨਾਲ ਤੂੰ ਲਾਈ ਦੋਸਤੀ,
ਉਸੇ ਨੇ ਚਲ ਜਾਣਾ ਹੈ।
ਸਭ ਦੇ ਸਿਰ ਤੇ ਕਾਲ ਕੂਕਦਾ,
ਕਯਾ ਰਾਜਾ ਕਯਾ ਰਾਣਾ ਹੈ।
ਮੋਤੀ ਰਾਮ ਤੂੰ ਸਮਝ ਪਿਆਰੇ
ਦੁਨੀਆ ਝੂਠਾ ਬਾਣਾ ਹੈ।

ਬਚਪਨ ਵਿਚ ਮੈਨੂੰ ਤਿੰਨ ਵਿਧਵਾ ਇਸਤਰੀਆਂ ਨਾਲ ਰਹਿਣ ਦਾ ਮੌਕਾ ਮਿਲਿਆ। ਮੇਰੀ ਦਾਦੀ, ਮੇਰੀ ਭੂਆ ਤੇ ਮੇਰੀ ਮਾਤਾ, ਲਗਾਤਾਰ ਘਰੇਗੀ ਕੰਮਾਂ ਵਿਚ ਜੁਟੀਆਂ ਰਹਿੰਦੀਆਂ। ਸਾਡੇ ਘਰ ਦੇ ਉਤਲੇ ਚੁਬਾਰੇ ਦੇ ਬੂਹੇ-ਬਾਰੀਆਂ ਚੜ੍ਹਦੇ ਲਹਿੰਦੇ ਵੱਲ ਸਨ। ਸਿਆਲ ਵਿਚ ਦੁੱਧ ਦੀ ਬੜੀ ਮੌਜ ਰਹਿੰਦੀ। ਸਾਡੇ ਘਰ ਦੀਆਂ ਤਿੰਨ ਬਾਰੀਆਂ ਪਿਛਵਾੜੇ ਦੀ ਵੱਡੀ ਗਲੀ ਵਲ ਖੁਲ੍ਹਦੀਆਂ ਸਨ। ਹੇਠਲੇ ਦਲਾਨ ਵਿਚ ਗਲੀ ਵਲ ਕੋਈ ਬਾਰੀ ਨਹੀਂ ਸੀ। ਕੇਵਲ ਇਕ ਰੋਸ਼ਨਦਾਨ ਸੀ ਪਰ ਉਤਲੇ ਚੁਬਾਰੇ ਦੀਆਂ ਬਾਰੀਆਂ ਪੱਛਮ ਦੀ ਬਾਹੀ ਵੱਲ ਖੁਲ੍ਹਦੀਆਂ ਸਨ ਜਿਥੋਂ ਦੂਰ ਦੂਰ ਦੀਆਂ ਪੈਲੀਆਂ ਤੇ ਵੰਨ-ਸੁਵੰਨੀਆਂ ਫ਼ਸਲਾਂ ਦੇ ਹਰਿਆਵਲੇ ਦ੍ਰਿਸ਼ ਨੂੰ ਵੇਖਿਆ ਜਾ ਸਕਦਾ ਸੀ।

ਸਾਡੇ ਪਿੰਡ ਤੋਂ ਮੇਰਾ ਨਾਨਕਾ ਪਿੰਡ 5 ਕੋਹ ਦੇ ਫਾਸਲੇ ਤੇ ਸੀ। ਮੇਰੇ ਨਾਨੇ ਜ਼ੈਲਦਾਰ ਸ਼ੇਰ ਸਿੰਘ ਦੀ ਇਕ ਚੀਨੀ ਘੋੜੀ ਰਖੀ ਹੁੰਦੀ ਸੀ, ਜਿਸ ਉਤੇ ਸਵਾਰੀ ਕਰ ਕੇ ਮੈਂ ਤੇ ਮੇਰੀ ਮਾਂ ਆਪਣੇ ਪਿੰਡ ਤੋਂ ਨਾਨਕੇ ਪਹੁੰਚ ਜਾਂਦੇ ਸਾਂ। ਮੇਰੇ ਮਾਮਿਆਂ ਵਿਚੋਂ ਕੋਈ ਇਕ ਸਾਨੂੰ ਲੈਣ ਜਾਂ



Sri Satguru Jagjit Singh Ji eLibrary NamdhariElibrary@gmail.com

ਛੱਡਣ ਆਉਂਦਾ ਤਾਂ ਉਹ ਘੋੜੀ ਦੇ ਨਾਲ ਨਾਲ ਹੀ ਛੋਹਲੇ ਕਦਮੀਂ ਨਾਲ ਨਾਲ ਤੁਰਿਆ ਜਾਂਦਾ। ਜਦੋਂ ਮੈਂ 9 ਸਾਲ ਦਾ ਸਾਂ ਤਾਂ ਮੇਰਾ ਇਕ ਦੇਸ਼ ਭਗਤ ਤਾਇਆ ਬਾਬਾ ਹਰਨਾਮ ਸਿੰਘ ਲਗਭਗ 30 ਸਾਲ ਮਲਾਇਆ, ਸ਼ੰਘਈ ਤੋਂ ਹੁੰਦਾ ਹੋਇਆ ਪਹਿਲਾਂ ਕਨੇਡਾ ਤੇ ਫਿਰ ਅਮਰੀਕਾ ਪਹੁੰਚ ਗਿਆ। ਦਸਵੀਂ ਦੀ ਪ੍ਰੀਖਿਆ ਉਸਨੇ ਖਾਲਸਾ ਕਾਲਜ ਦੇ ਕਾਲਜੀਏਟ ਸਕੂਲ ਵਿਚੋਂ ਪਾਸ ਕਰ ਲਈ ਸੀ। ਤੇ ਹੁਣ ਉਹ ਲਗਭਗ 30-32 ਸਾਲ ਪਿਛੋਂ ਪਿੰਡ ਪਰਤਿਆ ਸੀ। ਉਹ 1914-15 ਵਾਲੀ ਗ਼ਦਰ ਪਾਰਟੀ ਦਾ ਮੈਂਬਰ ਸੀ। ਦੇਸ਼ ਦੀ ਆਜ਼ਾਦੀ ਖ਼ਾਤਰ ਸੰਗਰਾਮ ਕਰਦਾ ਆ ਰਿਹਾ ਸੀ। ਅਮਰੀਕਾ ਦੀ ਗ਼ਦਰ ਪਾਰਟੀ ਨੇ ਉਸਨੂੰ ਕੁਝ ਸਾਥੀਆਂ ਸਮੇਤ ਰੂਸ ਭੇਜ ਦਿਤਾ ਸੀ ਜਿਥੇ ਉਸਨੇ ਲਗਭਗ 10 ਸਾਲ ਸੋਵੀਅਤ ਯੂਨੀਅਨ ਵਿਚ ਗੁਜ਼ਾਰੇ ਸਨ। ਉਸਦਾ ਵਿਦੇਸ਼ਾਂ ਦਾ ਨਾਂ ਪ੍ਰੀਤਮ ਸਿੰਘ ਸੀ। 1937-38 ਵਿਚ ਅੰਮ੍ਰਿਤਸਰ ਦਾ ਕਿਸਾਨ ਮੋਰਚਾ ਚਲ ਰਿਹਾ ਸੀ ਜਿਸ ਵਿਚ ਹਰਨਾਮ ਸਿੰਘ ਕਸੇਲ ਨੇ ਜਥੇਦਾਰ ਊਧਮ ਸਿੰਘ ਨਾਗੋਕੇ ਨਾਲ ਇਕ ਜਲੂਸ ਦੀ ਅਗਵਾਈ ਕੀਤੀ ਸੀ। ਅੰਮ੍ਰਿਤਸਰ ਦੇ ਉਚੇ ਪੁਲ ਤੇ ਜਦੋਂ ਇਕ ਵੱਡਾ ਜਲੂਸ ਡਿਪਟੀ ਕਮਿਸ਼ਨਰ ਨੂੰ ਬਿਨੈ-ਪੱਤਰ ਦੇਣ ਜਾ ਰਿਹਾ ਸੀ ਤਾਂ ਉਚੇ ਪੁਲ ਉਤੇ ਜਿਸ ਦਾ ਹੁਣ ਨਾਮ 'ਭੰਡਾਰੀ ਪੁਲ' ਹੈ, ਪੁਲਿਸ ਨੇ ਲਾਠੀਚਾਰਜ ਕੀਤਾ ਸੀ। ਇਸੇ ਸਿਲਸਿਲੇ ਵਿਚ ਬਾਬਾ ਹਰਨਾਮ ਸਿੰਘ ਨੂੰ ਪਿੰਡ ਕਸੇਲ ਵਿਚ ਨਜ਼ਰਬੰਦ ਕਰ ਦਿਤਾ ਗਿਆ ਸੀ। ਉਸ ਦੀ ਪਹਿਲੀ ਪਤਨੀ ਸ੍ਰੀਮਤੀ ਜੀਵਲ ਕੌਰ ਪਰਲੋਕ ਸਿਧਾਰ ਗਈ ਸੀ। ਇਸੇ ਸਮੇਂ ਪਿੰਡ ਆ ਕੇ ਬਾਬਾ ਹਰਨਾਮ ਸਿੰਘ ਨੇ ਮੇਰੀ ਪੜ੍ਹਾਈ ਵਲ ਉਚੇਚਾ ਧਿਆਨ ਦਿਤਾ। ਉਦੋਂ ਤਕ ਮੈਂ ਚੌਥੀ ਜਮਾਤ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪਾਸ ਕਰ ਲਈ ਸੀ ਤੇ ਹੁਣ ਉਹ ਮੈਨੂੰ ਢੰਡ ਦੇ ਡਿਸਟ੍ਰਕ ਬੋਰਡ ਦੇ ਸਕੂਲ ਵਿਚ ਪੰਜਵੀਂ ਜਮਾਤ ਵਿਚ ਦਾਖਲ ਕਰਵਾ ਗਿਆ ਸੀ। ਇਕ ਸਾਲ ਦੀ ਨਜ਼ਰਬੰਦੀ ਤੋਂ ਪਿਛੋਂ ਉਹ ਰਾਜਸੀ ਕਾਰਜਾਂ ਵਿਚ ਫੇਰ ਸਰਗਰਮ ਹੋ ਗਿਆ। ਇਨ੍ਹਾਂ ਦਿਨਾਂ ਵਿਚ ਹੀ ਮੇਰੀ ਦਾਦੀ ਲਛਮੀ ਕੌਰ ਦਾ ਦੇਹਾਂਤ ਹੋ ਗਿਆ। ਉਸਨੇ ਹਰਨਾਮ ਸਿੰਘ ਨੂੰ ਉਸ ਦੇ ਬਚਪਨ ਵਿਚ ਚਾਚੀ ਵਜੋਂ ਬੜਾ ਪਿਆਰ ਦਿਤਾ ਸੀ। ਮੈਨੂੰ ਯਾਦ ਹੈ ਕਿ 1938 ਵਿਚ ਜਦੋਂ ਮੇਰੀ ਦਾਦੀ ਸੁਰਗਵਾਸ ਹੋਈ ਤਾਂ ਉਸ ਨੂੰ ਪਾਣੀ ਦੀ ਅੰਤਿਮ ਘੁੱਟ ਵੀ ਬਾਬਾ ਹਰਨਾਮ ਸਿੰਘ ਨੇ ਹੀ ਪਿਆਈ ਸੀ। ਬਾਬਾ ਹਰਨਾਮ ਸਿੰਘ ਰਾਜਸੀ ਕਾਰਜਾਂ ਵਿਚ ਸਰਗਰਮ ਹੋ ਗਿਆ ਤੇ ਸ਼ੇਖ਼ੂਪੁਰਾ ਵਿਖੇ ਇਕ ਦਿਤੇ ਭਾਸ਼ਣ ਵਿਚ ਨੌਂ ਮਹੀਨੇ ਦੀ ਕੈਦ ਕਰ ਦਿਤਾ ਗਿਆ। ਇਸ ਪਿਛੋਂ ਉਹ ਇਕ ਸਿਆਸੀ ਕੈਦੀ ਵਜੋਂ ਲਗਾਤਾਰ ਨਜ਼ਰਬੰਦ ਰਿਹਾ। ਜਦੋਂ 1943 ਵਿਚ ਉਹ ਰਿਹਾਅ ਹੋ ਕੇ ਆਇਆ ਤਾਂ ਪਿੰਡ ਦੇ ਰਾਜਸੀ ਵਰਕਰਾਂ ਨੇ ਉਸ ਦਾ ਨਿੱਘਾ ਸਵਾਗਤ ਕੀਤਾ। ਇਸ ਸਮੇਂ ਮੈਂ 1944 ਵਿਚ ਖਾਲਸਾ ਹਾਈ ਸਕੂਲ ਸਿਰਹਾਲੀ ਤੋਂ 10ਵੀਂ ਪਾਸ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹ ਰਿਹਾ ਸਾਂ। ਇਸ ਪਿਛੋਂ ਬਾਬਾ ਹਰਨਾਮ ਸਿੰਘ ਸਾਡੇ ਘਰ ਹੀ ਸਾਡੇ ਨਾਲ ਰਿਹਾ ਅਤੇ ਉਸ ਕੋਲੋਂ ਮੈਨੂੰ ਪਿਤਾ-ਪਿਆਰ ਮਿਲਿਆ। ਇਕ-ਦੋ ਸਾਲ ਉਸਨੇ ਦੇਸ਼ਭਗਤ ਪਰਿਵਾਰ-ਸਹਾਇਕ ਕਮੇਟੀ ਵਿਚ ਸਕੱਤਰ ਦੀ ਸੇਵਾ ਨੂੰ ਨਿਭਾਇਆ। ਇਸੇ ਦੇਸ਼ ਭਗਤ



Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਸਹਾਇਕ ਕਮੇਟੀ ਦੇ ਦਫ਼ਤਰ ਹੀ ਮੈਨੂੰ ਬਾਬਾ ਜੀ ਦੇ ਨਾਲ ਰਹਿਣਾ ਪਿਆ। ਇਥੇ ਮੈਨੂੰ ਬਹੁਤ ਸਾਰੇ ਦੇਸ਼ ਭਗਤਾਂ ਬਾਬਿਆਂ ਰਾਜਸੀ ਵਰਕਰਾਂ ਨੂੰ ਮਿਲਣ ਦਾ ਮੌਕਾ ਮਿਲਿਆ ਤੇ ਮੇਰੇ ਅੰਦਰ ਵੀ ਦੇਸ਼ ਭਗਤੀ ਦੀ ਲਗਨ ਲਗ ਪਈ। ਇਸੇ ਦਫ਼ਤਰ ਵਿਚ ਮੈਨੂੰ ਸੰਤ ਬਾਬਾ ਵਸਾਖਾ ਸਿੰਘ ਦਦੇਹਰ ਜੋ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਪ੍ਰਧਾਨ ਸਨ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਠਠਗੜ੍ਹ ਤੇ ਹੋਰ ਦੇਸ਼ ਭਗਤਾਂ ਦੀ ਸੰਗਤ ਨੂੰ ਮਾਨਣ ਦਾ ਅਵਸਰ ਪ੍ਰਾਪਤ ਹੋਇਆ। ਮੇਰੇ ਅੰਦਰ ਦੇਸ਼ ਭਗਤੀ ਦੀ ਲਗਨ ਤੇ ਮਾਰਕਸੀ ਵਿਚਾਰਾਂ ਦੇ ਪ੍ਰਭਾਵਾਂ ਨੂੰ ਇਸ ਦਫ਼ਤਰ ਵਿਚ ਰਹਿ ਕੇ ਹੀ ਗ੍ਰਹਿਣ ਕੀਤਾ ਸੀ ਜਿਸ ਨੇਂ ਮੈਨੂੰ ਆਪਣੇ ਅਧਿਆਪਕ ਜੀਵਨ ਤੇ ਸਾਹਿਤ ਰਚਨਾ ਦੇ ਖੇਤਰ ਵਿਚ ਨਵੀਂ ਨਰੋਈ ਸੇਧ ਪ੍ਰਦਾਨ ਕੀਤੀ ਹੈ ਤੇ ਸਿਧਾਂਤਕ ਤੌਰ ਤੇ ਮੈਂ ਸਾਹਿਤਕ ਰਚਨਾ ਨੂੰ ਰਾਸ਼ਟਰੀ ਤੇ ਪ੍ਰਗਤੀਸ਼ੀਲ ਮਾਨਵਵਾਦੀ ਦ੍ਰਿਸ਼ਟੀਕੋਣ ਅਪਨਾਉਣ ਤੋਂ ਕਦੀ ਇਧਰ-ਉਧਰ ਨਹੀਂ ਹੋਣ ਦਿਤਾ। 1946 ਵਿਚ ਐਫ਼.ਏ. ਦੀ ਪ੍ਰੀਖਿਆ ਪਾਸ ਕਰ ਕੇ ਮੇਰਾ ਵਿਆਹ ਚੌਧਰੀ ਸੰਤਾ ਸਿੰਘ ਦੇ ਘਰ ਹੋ ਗਿਆ ਜੋ ਅੰਮ੍ਰਿਤਸਰ ਦੀ ਜੀ.ਟੀ. ਰੋਡ ਉਤੇ ਖਾਲਸਾ ਕਾਲਜ ਦੇ ਨੇੜਲੇ ਸਥਾਨ 'ਤੇ ਸੀ ਜਿਸ ਨਾਲ ਮੈਨੂੰ ਆਗਲੀ ਐਮ.ਏ. ਤੱਕ ਦੀ ਪੜ੍ਹਾਈ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ। ਆਪਣੇ ਜੀਵਨ ਦੇ ਬਾਕੀ ਸਮਾਚਾਰਾਂ ਨੂੰ ਮੈਂ ਆਪਣੀ ਪੁਸਤਕ 'ਮੇਰੀ ਜੀਵਨ ਕਹਾਣੀ' ਵਿਚ ਲਿਖ ਹੀ ਦਿਤਾ ਹੈ।

ਮੇਰੇ ਜੀਵਨ ਦੀਆਂ ਕਈ ਯਾਦਾਂ ਆਪਣੀ ਮਾਤਾ ਨਾਲ ਵੀ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਉਸ ਦੇ ਦ੍ਰਿੜ੍ਹ ਇਰਾਦਿਆਂ ਤੇ ਮਮਤਾ ਦੀ ਝਲਕ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਇਥੇ ਕੇਵਲ ਮੈਂ ਕੁਝ ਘਟਨਾਵਾਂ ਦਾ ਹੀ ਵਰਨਣ ਕਰਾਂਗਾ। 1948-49 ਵਿਚ ਮੈਨੂੰ ਵੀ ਰਾਜਸੀ ਖੇਤਰਾਂ ਵਿਚ ਸਰਗਰਮ ਕਾਰਜਾਂ ਵਿਚ ਹਿੱਸਾ ਲੈਣ ਕਰ ਕੇ ਥਾਣਾ ਸਦਰ ਵਿਚ ਹਵਾਲਾਤ ਵਿਚ ਨਜ਼ਰਬੰਦ ਕਰ ਦਿਤਾ ਗਿਆ। ਅਜਿਹੇ ਸਮੇਂ ਸੀ.ਆਈ.ਡੀ. ਦਾ ਯਤਨ ਹੁੰਦਾ ਹੈ ਕਿ ਇਹ ਵਿਅਕਤੀ ਕਿਸੇ ਤਰ੍ਹਾਂ ਡੋਲ ਜਾਵੇ ਤੇ ਸਰਕਾਰ ਤੋਂ ਮਾਫ਼ੀ ਮੰਗ ਲਵੇ। ਮੈਂ ਥਾਣਾ ਸਦਰ ਦੀ ਹਵਾਲਾਤ ਵਿਚ ਬੰਦ ਸਾਂ। ਪਿੰਡ ਦੇ ਕਈ ਲੋਕ ਮੈਨੂੰ ਮਿਲਣ ਆਉਂਦੇ ਰਹੇ। ਮਹਿੰਦਰਜੀਤ ਮੈਨੂੰ ਘਰੋਂ ਰੋਟੀ ਲਿਆ ਕੇ ਪਹੁੰਚਾਉਂਦੀ ਰਹੀ। ਮੇਰੀ ਮਾਤਾ ਵੀ ਇਕ ਦਿਨ ਮੈਨੂੰ ਮਿਲਣ ਆਈ ਤੇ ਜਿਹੜੇ ਸ਼ਬਦ ਉਸ ਮੈਨੂੰ ਕਹੇ, "ਪੁੱਤਾ! ਮੇਰੇ ਦੁੱਧ ਨੂੰ ਲਾਜ ਨਾ ਲਾਈਂ" ਉਸ ਦਾ ਭਾਵ ਇਹ ਸੀ ਕਿਤੇ ਮੁਆਫ਼ੀ ਨਾ ਮੰਗ ਲਵੀਂ। ਉਸ ਦੇ ਇਹ ਸ਼ਬਦ ਕਿੰਨੇ ਵਡਮੁੱਲੇ ਸਨ ਤੇ ਮਮਤਾ ਦੇ ਭਾਵ ਕਿੰਨੇ ਦ੍ਰਿੜ੍ਹ ਸਨ। ਇਕ ਹੋਰ ਯਾਦ ਦਾ ਜ਼ਿਕਰ ਮੈਂ ਆਪਣੀ ਜੀਵਨ ਕਹਾਣੀ ਵਿਚ ਕਰ ਚੁਕਾ ਹਾਂ। ਉਦੋਂ ਅਸੀਂ ਨਾਨਕੇ ਪਿੰਡ ਵਲੋਂ ਆਪਣੇ ਪਿੰਡ ਵਲ ਜਾ ਰਹੇ ਸਾਂ। ਮੇਰੀ ਮਾਤਾ ਨੇ ਮੇਰੀ ਉਂਗਲ ਫੜੀ ਹੋਈ ਸੀ। ਰਾਹ ਵਿਚੋਂ ਅੱਕ ਦੀਆ ਕਰੂੰਬਲੀਆਂ ਤੋੜ ਕੇ ਉਸਨੇ ਆਪਣੇ ਮੂੰਹ ਵਿਚ ਪਾ ਲਈਆਂ। ਮੈਨੂੰ ਪਤਾ ਸੀ ਕਿ ਅੱਕ ਜ਼ਹਿਰ ਹੁੰਦਾ ਹੈ। ਮੈਂ ਉਸ ਨੂੰ ਅਜਿਹਾ ਕਰਨੋਂ ਰੋਕ ਲਿਆ ਤੇ ਉਸ ਮੈਨੂੰ ਥਾਪੜ ਕੇ ਅੱਗੇ ਤੋਰ ਲਿਆ।

1964 ਵਿਚ ਮੈਂ ਅੱਖਾਂ ਦੀ ਜੋਤ ਗਵਾ ਬੈਠਾ। ਮੈਂ ਲੁਧਿਆਣੇ 123 ਨਿਊ ਮਾਡਲ



Sri Satguru Jagjit Singh Ji eLibrary NamdhariElibrary@gmail.com

ਟਾਊਨ ਵਿਚ ਰਹਿੰਦਾ ਸਾਂ। ਮੇਰੀ ਮਾਂ ਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਕਿ ਮਹਿੰਦਰਜੀਤ ਦਾ ਮੇਰੇ ਪ੍ਰਤੀ ਮੋਹ ਭੰਗ ਹੋ ਰਿਹਾ ਹੈ। ਸ਼ਾਇਦ ਮੇਰੀ ਮਾ ਦਾ ਇਹ ਭੁਲੇਖਾ ਹੋਵੇ। ਉਸ ਨੇ ਜ਼ੋਰ-ਜ਼ੋਰ ਦੀ ਆਪਣੀ ਛਾਤੀ ਨੂੰ ਥਾਪੜਿਆ। ਉਸ ਦਾ ਖ਼ਿਆਲ ਸੀ ਕਿ ਕਿਤੇ ਇਹ ਅਨਹੋਣੀ ਨਾ ਵਾਪਰੇ। ਸਗੋਂ ਸੱਚ ਤਾਂ ਇਹ ਹੈ ਕਿ ਮੇਰੇ ਅੰਧਿਆਰੇ ਜੀਵਨ ਵਿਚ 'ਅੰਧਲੇ ਦੀ ਟੇਕ' ਦੀ ਨਿਆਈਂ ਉਸਨੇ ਮੇਰਾ ਸਾਥ ਸਦਾ ਨਿਭਾਇਆ ਹੈ। ਮੇਰੇ ਗ੍ਰਹਿਸਥੀ ਜੀਵਨ ਵਿਚ ਇਨ੍ਹਾਂ ਦੋਹਾਂ ਸਕੀਆਂ ਭੈਣਾਂ ਦੇ ਵਲੋਂ ਕੋਈ ਤਰੇੜ ਨਹੀਂ ਆਈ।

1968 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਮੇਰਾ ਸਾਹਿਤ ਸ਼੍ਰੋਮਣੀ ਵਜੋਂ ਸਨਮਾਨ ਕੀਤਾ ਤੇ 1968 ਵਿਚ ਹੀ ਮੈਂ ਡੈਪੂਟੇਸ਼ਨ ਤੇ ਭਾਸ਼ਾ ਵਿਭਾਗ ਵਿਚ ਸਹਾਇਕ ਡਾਇਰੈਕਟਰ ਵਜੋਂ ਕੰਮ ਕਰਦਾ ਰਿਹਾ। ਇਸ ਦੌਰਾਨ ਮੇਰੀ ਮਾਤਾ ਬਹੁਤਾ ਚਿਰ ਪਿੰਡ ਵਿਚ ਹੀ ਰਹੀ, ਕਿਉਂ ਜੋ ਉਥੋਂ ਦਾ ਵਾਤਾਵਰਣ ਉਸ ਨੂੰ ਮਨਭਾਉਂਦਾ ਸੀ ਤੇ ਰਿਸ਼ਤੇਦਾਰੀਆਂ ਨੇੜੇ ਦੇ ਪਿੰਡਾਂ ਵਿਚ ਹੋਣ ਕਰ ਕੇ ਬਹੁਤ ਸਾਰੇ ਸਾਕ-ਸੰਬੰਧੀ ਉਸ ਨੂੰ ਮਿਲਣ ਆ ਜਾਂਦੇ ਸਨ। ਕਈ-ਕਈ ਮਹੀਨੇ ਉਹ ਮੇਰੇ ਕੋਲ ਪਟਿਆਲੇ ਆ ਕੇ ਵੀ ਰਹੀ। ਪਰ ਇਸ ਸ਼ਹਿਰੀ ਵਾਤਾਵਰਣ ਵਿਚ ਉਸ ਦਾ ਦਮ ਘੁੱਟਦਾ ਸੀ। ਇਕ ਦਿਨ ਜਦੋਂ ਉਹ ਬਰਾਂਡੇ ਵਿਚ ਬੈਠੀ ਸੀ, ਕਿਸੇ ਨੇ ਆ ਕੇ ਬਾਹਰਲਾ ਬੂਹਾ ਖੜਕਾਇਆ। ਜਦੋਂ ਉਹ ਬੂਹਾ ਖੋਲ੍ਹਣ ਜਾਣ ਲਗੀ ਤਾਂ ਉਹ ਡਿਗ ਪਈ ਤੇ ਉਸਦੇ ਚੂਲੇ ਤੇ ਸੱਟ ਲਗ ਗਈ। ਵਿਰਧ-ਵਰੇਸ ਵਿਚ ਉਹ ਕਿਸੇ ਅਪਰੇਸ਼ਨ ਦੀ ਝਾਲ ਨਹੀਂ ਝਲ ਸਕਦੀ ਸੀ ਤੇ ਉਹ ਪੀੜੀ 'ਤੇ ਬੈਠ ਕੇ ਘਸੀਟ-ਘਸੀਟ ਕੇ ਹੀ ਤੁਰਦੀ ਰਹੀ। ਪਰ ਉਸਦਾ ਕੰਮ ਕਰਨ ਦਾ ਜ਼ੋਸ਼ ਮੱਠਾ ਨਹੀਂ ਪਿਆ। ਉਹ ਬੈਠੀ-ਬੈਠੀ ਕੁਝ ਨਾ ਕੁਝ ਕੰਮ ਕਰਦੀ ਰਹਿੰਦੀ। ਜਦੋਂ ਉਹ ਪਟਿਆਲੇ ਤੋਂ ਉਪਰਾਮ ਹੋ ਜਾਂਦੀ ਤਾਂ ਉਹ ਪਿੰਡ ਚਲੀ ਜਾਂਦੀ। ਪਿੰਡ ਵਿਚ ਮੇਰਾ ਭਤੀਜਾ ਦਿਲਬਾਗ ਸਿੰਘ ਤੇ ਉਸ ਦੀ ਭਤੀਜੀ ਅਮਰੀਕ ਕੌਰ ਤੇ ਉਸ ਦੇ ਪਤੀ ਬਲਬੀਰ ਸਿੰਘ ਨੇ ਉਸਦੀ ਬੜੀ ਸੇਵਾ ਕੀਤੀ।

1983 ਵਿਚ ਜਦੋਂ ਉਹ ਪਿੰਡ ਕਸੇਲ ਗਈ ਹੋਈ ਸੀ ਤਾਂ ਉਸ ਨੂੰ ਇੰਝ ਪ੍ਰਤੀਤ ਹੋਇਆ ਕਿ ਉਸ ਦਾ ਅੰਤਿਮ ਸਮਾਂ ਨੇੜੇ ਪੁਜ ਚੁਕਾ ਹੈ। ਉਹ ਝਬਾਲ ਬੈਂਕ ਵਿਚੋਂ ਪੈਨਸ਼ਨ ਲੈਂਦੀ ਹੁੰਦੀ ਸੀ। ਉਸ ਨੇ ਬਲਬੀਰ ਸਿੰਘ ਤੇ ਦਿਲਬਾਗ ਸਿੰਘ ਨੂੰ ਨਾਲ ਲੈ ਕੇ ਆਪਣੀ ਆਖ਼ਰੀ ਪੈਨਸ਼ਨ ਪ੍ਰਾਪਤ ਕੀਤੀ ਤੇ ਉਨ੍ਹਾਂ ਦੋਹਾਂ ਨੂੰ ਨਾਲ ਲੈ ਕੇ ਛੇਤੀ-ਛੇਤੀ ਪਟਿਆਲੇ ਪਹੁੰਚਣ ਦੀ ਕੀਤੀ। ਲੁਧਿਆਣੇ ਪਹੁੰਚ ਕੇ ਹਨੇਰਾ ਹੋ ਚੁਕਾ ਸੀ ਤੇ ਉਹ ਆਪਣੇ ਭਰਾ ਦਰਸ਼ਨ ਸਿੰਘ ਸੰਧੂ ਦੇ ਘਰ ਰਹੇ। ਅਗਲੇ ਦਿਨ ਸਵੇਰੇ ਹੀ ਉਥੋਂ ਚਲ ਕੇ 11 ਵਜੇ ਦੁਪਹਿਰ ਤੋਂ ਪਹਿਲਾਂ ਉਹ ਪਟਿਆਲੇ ਪਹੁੰਚ ਗਏ। ਉਸਦੀ ਹਾਲਤ ਤਾਂ ਚਿੰਤਾਜਨਕ ਹੀ ਸੀ। ਸ਼ਾਮ ਨੂੰ ਮੈਂ ਸਥਾਨਕ ਡਾਕਟਰ ਨੂੰ ਬੁਲਾਇਆ ਤੇ ਉਸ ਕੋਲੋਂ ਸਲਾਹ ਲੈ ਕੇ ਦਵਾਈਆਂ ਦੇ ਦਿਤੀਆਂ। ਉਸੇ ਰਾਤ ਜਦੋਂ ਬਾਹਰ ਵਿਹੜੇ ਵਿਚ ਸਾਰੇ ਸੁੱਤੇ ਪਏ ਸਨ, ਉਸ ਦਾ ਦੇਹਾਂਤ ਹੋ ਗਿਆ। ਬਲਬੀਰ ਸਿੰਘ ਨੇ ਉਸਨੂੰ ਜਗਾਉਣ ਦਾ ਜਤਨ ਕੀਤਾ, ਪਰ ਉਸ ਨੇ ਇਹ ਵਾਕ ਕਹੇ, "ਚਾਚੀ ਤਾਂ ਹੈ ਨਹੀਂ।"



Sri Satguru Jagjit Singh Ji eLibrary NamdhariElibrary@gmail.com

ਆਪਣੀ ਭਾਵਨਾ ਅਨੁਸਾਰ ਮੋਹ-ਮਮਤਾ ਦੀ ਬੱਝੀ ਹੋਈ ਉਹ ਆਪਣੇ ਅੰਤਿਮ ਸਮੇਂ ਮੇਰੇ ਕੋਲ ਪਹੁੰਚ ਗਈ। ਉਸ ਦੀ ਇਹ ਤੀਬਰ ਇੱਛਾ ਸੀ ਕਿ ਮੈਂ ਅੰਤਿਮ ਸਮੇਂ ਆਪਣੇ ਪੁਤਰ ਕੋਲ ਜਾ ਕੇ ਹੀ ਸਵਾਸ ਤਿਆਗਾਂ। ਇੰਝ ਮੇਰੀ ਮਾਤਾ ਜਿਸ ਨੇ ਮੇਰੇ ਮੋਹ-ਪਿਆਰ ਵਿਚ ਆਪਣਾ ਜੀਵਨ ਬਤੀਤ ਕੀਤਾ ਸੀ, ਮੇਰੇ ਹੱਥਾਂ ਵਿਚ ਸਦੀਵੀ ਵਿਛੋੜਾ ਦੇ ਗਈ। ਮੈਂ ਹਰ ਰੋਜ਼ ਅੰਮ੍ਰਿਤ ਵੇਲੇ ਉਸ ਦੀ ਦੇਹ-ਅਰੋਗਤਾ ਲਈ ਅਰਦਾਸ ਕਰਦਾ ਹੁੰਦਾ ਸਾਂ। ਪਰ ਉਸ ਦਿਨ ਮੈਨੂੰ ਅਕਾਲ ਪੁਰਖ ਦੀ ਹਜ਼ੂਰੀ ਵਿਚ ਇਹ ਅਰਦਾਸ ਕਰਨੀ ਪਈ, "ਅਕਾਲ ਪੁਰਖ, ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ। ਮੇਰੇ ਨਾਲੋਂ ਵੀ ਵਧ ਉਸਦੀ ਮ੍ਰਿਤੂ ਦਾ ਦੁਖ ਵਸਣ ਸਿੰਘ ਨੂੰ ਹੋਇਆ, ਜਿਸ ਨੇ ਸਾਰੀ ਉਮਰ ਤਨੋਂ-ਮਨੋਂ ਮੇਰੀ ਮਾਤਾ ਦੀ ਸੇਵਾ ਕੀਤੀ ਸੀ। ਉਸ ਦੀਆਂ ਭੁਬਾਂ ਕੋਲ ਬੈਠਿਆਂ ਨੂੰ ਕਰੁਣਾਤਰ ਕਰ ਰਹੀਆਂ ਸਨ ਤੇ ਉਸਦੇ ਹੰਝੂ ਠੱਲ੍ਹੇ ਨਹੀਂ ਸੀ ਜਾਂਦੇ।

ਉਸਦੇ ਗੁਜ਼ਰ ਜਾਣ ਦੇ ਕੁਝ ਮਹੀਨੇ ਪਿਛੋਂ ਮੈਂ ਪਿੰਡ ਕਸੇਲ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਵਾਇਆ। ਉਸਦੀ ਅੰਤਿਮ ਅਰਦਾਸ ਵਿਚ ਸਾਰੇ ਰਿਸ਼ਤੇਦਾਰ ਤੇ ਸਨੇਹੀ ਸ਼ਾਮਿਲ ਹੋਏ। ਹੁਣ ਵੀ ਜਦੋਂ ਮੈਨੂੰ ਆਪਣੀ ਮਾਂ ਦੀ ਯਾਦ ਆਉਂਦੀ ਹੈ ਤਾਂ ਮਾਤ-ਪ੍ਰੇਮ ਦੀ ਪ੍ਰਬਲ ਖਿੱਚ ਮੇਰੇ ਨੇਤਰਾਂ ਵਿਚੋਂ ਪ੍ਰੇਮ ਦੇ ਹੰਝੂ ਕੇਰ ਕੇ ਆਪਣੀ ਮਾਂ ਨੂੰ ਯਾਦ ਕਰ ਲੈਂਦਾ ਹਾਂ ਕਿਉਂ ਜੋ ਮਾਵਾਂ ਸਦਾ ਹੀ ਠੰਢੀਆਂ ਛਾਵਾਂ ਹੁੰਦੀਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਨਿੱਕੀ ਮਾਂ

ਨਿੱਕੀ ਮਾਂ ਦਾ ਅਸਲੀ ਨਾਂ ਸਹੁਰਿਆਂ ਦਾ ਬਸੰਤ ਕੌਰ ਤੇ ਪੇਕਿਆਂ ਦਾ ਸੰਤੋ ਸੀ। ਨਿੱਕੀ ਮਾਂ ਮੇਰੀ ਮਾਤਾ ਮਹਿੰਦਰ ਕੌਰ ਦੀ ਸਕੀ ਭੂਆ ਸੀ। ਉਸਦੇ ਘਰ ਵਾਲੇ ਆਲਾ ਸਿੰਘ ਨੇ ਮੇਰੀ ਮਾਂ ਦਾ ਸਾਕ ਪਿੰਡ ਕਸੇਲ ਵਿਚ ਲਿਆ ਕੇ ਮੇਰੇ ਪਿਤਾ ਸ: ਗੰਗਾ ਸਿੰਘ ਨਾਲ ਕਰਵਾਇਆ ਸੀ। ਆਲਾ ਸਿੰਘ ਕਈ ਸਾਲ ਵਖ-ਵਖ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਲੈਂਦਾ ਰਿਹਾ ਸੀ ਇਸ ਲਈ ਉਸ ਦੇ ਨਾਂ ਨਾਲ ਪ੍ਰਚਲਿਤ ਸ਼ਬਦ ਠੇਕੇਦਾਰ ਵੀ ਜੁੜ ਗਿਆ ਸੀ। ਮੇਰੀ ਮਾਤਾ ਦੇ ਭੂਆ-ਫੁੱਫੜ ਦੋਵੇਂ ਬੜੇ ਸਾਊ ਵਿਅਕਤੀ ਸਨ। ਆਮ ਜ਼ਿਮੀਂਦਾਰ ਪਰਿਵਾਰਾਂ ਵਾਂਗ ਉਸ ਸਮੇਂ ਘਰੋਗੀ ਜੀਵਨ ਬੜਾ ਸੁਖਾਲਾ ਤੇ ਖ਼ੁਸ਼ੀਆਂ ਭਰਿਆ ਸੀ। ਹਰ ਵਿਹੜੇ ਵਿਚ 4 ਜਾਂ 5 ਪਰਿਵਾਰ ਹੁੰਦੇ ਸਨ; ਭਾਵੇਂ ਉਹਨਾਂ ਦੀਆਂ ਰਿਹਾਇਸ਼ਾਂ ਵੱਖਰੀ-ਵੱਖਰੀ ਕੋਠੜੀਆਂ ਵਿਚ ਹੁੰਦੀਆਂ ਸਨ ਪਰ ਇਨ੍ਹਾਂ ਮਕਾਨਾਂ ਵਿਚ ਖੁੱਲ੍ਹੇ ਸੁਫ਼ੇ ਤੇ ਪਿੱਛੇ ਕੋਠੜੀਆਂ ਹੁੰਦੀਆਂ ਸਨ। ਨਿਕੀ ਮਾਂ ਦਾ ਘਰ ਵੀ ਉਸ ਸਮੇਂ ਅਨੁਸਾਰ ਖੁੱਲ੍ਹਾ-ਡੁੱਲ੍ਹਾ ਸੀ। ਇਹ ਮਕਾਨ ਇਕ ਵਿੱਘੇ ਦਾ ਹੋਏਗਾ। ਨਿੱਕੀ ਮਾਂ ਦੇ ਵਿਹੜੇ ਵਿਚ ਚਹੁੰ ਟੱਬਰਾਂ ਦਾ ਨਿਵਾਸ ਸੀ; ਉਸ ਤਰ੍ਹਾਂ ਖੁੱਲ੍ਹਾ ਮਕਾਨ ਵੀ ਬੜੀ ਸਾਰਥਕ ਜੁਗਤ ਨਾਲ ਬਣਾਇਆ ਗਿਆ ਸੀ।

ਨਿੱਕੀ ਮਾਂ ਦੇ ਵਿਹੜੇ ਵਿਚ ਚਾਰ ਪਰਿਵਾਰਾਂ ਦਾ ਨਿਵਾਸ ਸੀ ਤੇ ਉਸੇ ਪ੍ਰਕਾਰ ਇਸ ਮਕਾਨ ਦੀ ਬਣਤਰ ਤੇ ਵੰਡ ਕੀਤੀ ਗਈ ਸੀ। ਨਿੱਕੀ ਮਾਂ ਦੇ ਦਿਉਰ, ਜੇਠ ਚਾਰ ਭਰਾ ਸਨ; ਜਿਨ੍ਹਾਂ ਦੇ ਕ੍ਰਮਵਾਰ ਨਾਮ - ਜਗਤ ਸਿੰਘ, ਆਸਾ ਸਿੰਘ, ਆਲਾ ਸਿੰਘ ਤੇ ਮਾਲਾ ਸਿੰਘ ਸਨ। ਮਕਾਨ ਦੇ ਪਿਛਵਾੜੇ ਵਾਲੇ ਬੰਨ੍ਹੇ ਚਾਰ ਕੋਠੜੀਆਂ, ਅੱਗੇ ਸੁਫਾ ਜੋ ਸਭ ਲਈ ਸਾਂਝਾ ਸੀ। ਦੋਹੀਂ ਬੰਨ੍ਹੇ ਇਕ-ਇਕ ਰਸੋਈ ਅਤੇ ਉੱਤੇ ਸੱਜੇ ਅਤੇ ਖੱਬੇ ਸਿਰਿਆਂ ਉਤੇ ਦੋ ਚੁਬਾਰੇ ਸਨ। ਇਹ ਸਾਰਾ ਮਕਾਨ ਨਿੱਕੀਆਂ ਨਾਨਕਸ਼ਾਹੀ ਇਟਾਂ ਦਾ ਬਣਿਆ ਹੋਇਆ ਸੀ। ਕੋਠੇ ਉਤਲੇ ਦੋ ਚੁਬਾਰੇ ਸਿਰਿਆਂ ਤੇ ਸਨ ਜਿਸ ਵਿਚ ਵੱਡੇ ਭਾਈ ਜਗਤ ਸਿੰਘ ਤੇ ਆਸਾ ਸਿੰਘ ਰਹਿੰਦੇ ਸਨ। ਉਤਲੀ ਮੰਜ਼ਲ ਦੀਆਂ ਦੋ ਕੋਠੜੀਆਂ ਦਾ ਸਥਾਨ ਖ਼ਾਲੀ ਸੀ ਜੋ ਦੋ ਭਰਾਵਾਂ ਆਲਾ ਸਿੰਘ ਤੇ ਮਾਲਾ ਸਿੰਘ ਦੀ ਮਾਲਕੀ ਸਨ। ਸੱਜੇ ਬੰਨ੍ਹੇ ਉਪਰਲੀ ਛੱਤ ਨੂੰ ਪੌੜੀਆਂ ਚੜ੍ਹਦੀਆਂ ਸਨ। ਇਸਦੇ ਨਾਲ ਹੀ ਵੱਡਾ ਪਿੱਪਲ ਦਾ ਬ੍ਰਿਛ ਸੀ ਜਿਸਦੀਆਂ ਟਾਹਣੀਆਂ ਨਾਲ ਪੀਂਘ ਪਾਈ ਹੁੰਦੀ ਸੀ। ਪਰਿਵਾਰਾਂ ਦੀਆਂ ਧੀਆਂ ਪੀਂਘ ਚੜ੍ਹਾਉਂਦੀਆਂ, ਉੱਤੇ ਪਿੱਪਲ ਦੇ ਪੱਤਿਆਂ ਨੂੰ ਪੈਰ ਲਾ ਕੇ ਆਉਂਦੀਆਂ। ਬੜਾ ਵੇਖਣਯੋਗ ਤੇ ਮਾਨਣਯੋਗ ਨਜ਼ਾਰਾ ਹੁੰਦਾ ਸੀ।

ਮੈਨੂੰ ਯਾਦ ਹੈ, ਨਿੱਕੀ ਮਾਂ ਨੇ ਡਿਓਢੀ ਵਿਚ ਜੋ ਪ੍ਰਵੇਸ਼-ਦਵਾਰ ਸੀ, ਵਿਚ ਚਰਖਾ ਡਾਹਿਆ ਹੋਇਆ ਸੀ। ਚਰਖੇ ਦੀ ਲੱਕੜੀ ਦਾ ਰੰਗ ਭਾਵੇਂ ਫਿੱਕਾ ਪੈ ਗਿਆ ਸੀ ਪਰ ਚਰਖੇ ਵਿਚ ਲੱਗੀਆਂ ਮੇਖਾਂ ਹਾਲੇ ਵੀ ਚਮਕਾਂ ਮਾਰ ਰਹੀਆਂ ਸਨ। ਦੁਪਹਿਰ ਤੋਂ ਪਹਿਲਾਂ ਦਾ ਸਮਾਂ ਸੀ, ਨਿੱਕੀ ਮਾਂ ਨੇ ਮੈਨੂੰ 6 ਸਾਲ ਦੇ ਨੂੰ ਗੋਦ ਵਿਚ ਬਿਠਾਇਆ ਹੋਇਆ ਸੀ ਤੇ ਉਹ ਇਹ ਗੀਤ ਗਾ ਰਹੀ ਸੀ:



Sri Satguru Jagjit Singh Ji eLibrary NamdhariElibrary@gmail.com

"ਘੂੰ-ਘੂੰ ਚਰਖਿਆ
ਮੈਂ ਲਾਲ ਪੂਣੀ ਕੱਤਾਂ ਕਿ ਨਾ।
ਦੂਰ ਮੇਰੇ ਸਹੁਰੇ,
ਮੈਂ ਨੇੜੇ ਹੋ ਕੇ ਵੱਸਾਂ ਕਿ ਨਾ।
ਵੱਸ ਕੁੜੀਏ ਤੂੰ ਵੱਸ ਕੁੜੀਏ,
ਤੂੰ ਨੇੜੇ ਹੋ ਕੇ ਵੱਸ ਕੁੜੀਏ।"

ਤੇ ਫਿਰ ਉਸ ਦੂਜਾ ਗੀਤ ਛੋਹ ਲਿਆ:

"ਵੇ ਜ਼ਲਾਲ ਜੀਨਾ
ਤੇਰਾ ਨੱਕ ਫੀਨਾ
ਸਾਡੀ ਧੀ ਮੋਰਨੀ
ਅਸਾਂ ਨੀ ਤੇਰੇ ਨਾਲ ਤੋਰਨੀ"

ਮਾਲਾ ਸਿੰਘ ਦੇ ਇਕ ਮੁੰਡੇ, ਮੇਰੇ ਹਾਣੀ ਦਾ ਸਿਰ ਮੁੰਨ੍ਹਿਆ ਹੋਇਆ ਸੀ। ਨਿੱਕੀ ਮਾਂ ਨੇ ਉਸਦੇ ਸਿਰ ਤੇ ਠੂੰਗੇ ਮਾਰ ਕੇ ਕਹਿਣਾ:

"ਘੋਨ੍ਹੀ ਟਿੰਡ, ਵੱਡਾ ਨੱਕ ਦਾ ਸਿੱਟਾ
ਬਾਬੇ ਦਾ ਤਮਾਕੂ ਮਿੱਠਾ।"

ਅੱਜ ਤੋਂ 60-70 ਸਾਲ ਪਹਿਲਾਂ ਸਾਡੇ ਪਿੰਡਾਂ ਦਾ ਜੀਵਨ ਸਾਂਝਾ ਸਭਿਆਚਾਰ ਸੀ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਸਭ ਰਲ ਕੇ ਬਹਿੰਦੇਸਨ। ਨਿੱਕੀ ਮਾਂ ਦੇ ਵੱਡੇ ਘਰ ਦੇ ਨਾਲ ਹੀ ਹੇਠਲੇ ਬੰਨ੍ਹੇ ਕਈ ਖੁੱਲ੍ਹੇ ਘਰ ਵੱਸੇ ਹੋਏ ਸਨ। ਇਕ ਵਣ ਦਾ ਬ੍ਰਿਛ ਸੀ ਜਿਸਦੀਆਂ ਪੀਲੂ ਬੜੀਆਂ ਮਿੱਠੀਆਂ ਹੁੰਦੀਆਂ ਸਨ। ਇਹ ਸੀ ਮੇਰੇ ਬਚਪਨ ਦੇ ਘਰਾਂ ਦਾ ਦ੍ਰਿਸ਼।

ਨਿੱਕੀ ਮਾਂ ਚਹੁੰ ਘਰਾਂ ਦੇ ਆਉਣ ਵਾਲੇ ਪ੍ਰੋਹਣਿਆਂ ਦਾ ਬੜਾ ਖ਼ਿਆਲ ਰੱਖਦੀ। ਉਨ੍ਹਾਂ ਲਈ ਉਚੇਚੇ ਖਾਣੇ ਤਿਆਰ ਕਰਦੀ। ਨਿੱਕੀ ਮਾਂ ਦਾ ਪਤੀ ਬਾਬਾ ਆਲਾ ਸਿੰਘ ਘਰ ਵਿਚ ਲਵੇਰਾ ਜ਼ਰੂਰ ਰੱਖਦਾ। ਸ਼ੁਰੂ-ਸ਼ੁਰੂ ਵਿਚ ਉਹ ਸਾਡੇ ਘਰ ਵੀ ਦੁੱਧ ਪਹੁੰਚਾਉਂਦਾ ਸੀ। ਮੈਨੂੰ ਯਾਦ ਹੈ ਕਿ ਮੇਰੇ 6-7 ਸਾਲਾਂ ਤਕ ਉਹ ਮੈਨੂੰ ਕੰਧਾੜੇ ਚੁੱਕ ਕੇ ਲਈ ਫਿਰਦਾ ਸੀ। ਜਦੋਂ ਮੈਂ ਉਸਨੂੰ ਬਾਬਾ ਮਸ਼ਕਬੋਰੀ-ਮਸ਼ਕਬੋਰੀ ਕਹਿੰਦਾ ਤਾਂ ਉਹ ਮੈਨੂੰ ਆਪਣੀ ਪਿੱਠ ਤੇ ਮਸ਼ਕ ਵਾਂਗ ਰੱਖ ਲੈਂਦਾ। ਬਾਬਾ ਆਲਾ ਸਿੰਘ ਹੀ ਮੈਨੂੰ 5-6 ਸਾਲਾਂ ਦੇ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਵਾ ਕੇ ਗਿਆ ਸੀ। ਜਦੋਂ ਮੈਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ 5 ਜਮਾਤਾਂ ਪਾਸ ਕਰ ਲਈਆਂ ਤਾਂ ਉਨ੍ਹਾਂ ਦਿਨਾਂ ਵਿਚ ਮੇਰੇ ਤਾਇਆ ਜੀ ਬਾਬਾ ਹਰਨਾਮ ਸਿੰਘ ਕਈ ਸਾਲਾਂ ਦੀ ਜੇਲ੍ਹ ਕੱਟ ਕੇ ਰਿਹਾਅ ਹੋ ਕੇ ਪਿੰਡ ਆਏ ਸਨ ਤੇ 1 ਸਾਲ ਲਈ ਉਨ੍ਹਾਂ ਨੂੰ ਪਿੰਡ ਵਿਚ ਹੀ ਹਦੂਦ ਬੰਦ ਕਰ ਦਿੱਤਾ ਸੀ। ਇਕ ਸਿਪਾਹੀ ਜਿਸ ਦਾ ਨਾਂ ਫ਼ਰੀਦ-ਬਖ਼ਸ਼ ਸੀ, ਉਨ੍ਹਾਂ ਦੀ ਪੱਕੀ ਨਿਗਰਾਨੀ ਤੇ ਲਾਇਆ ਗਿਆ ਸੀ। ਜਦੋਂ ਬਾਬਾ ਹਰਨਾਮ ਸਿੰਘ ਦੀ ਨਜ਼ਰਬੰਦੀ ਦਾ ਸਮਾਂ



Sri Satguru Jagjit Singh Ji eLibrary NamdhariElibrary@gmail.com

ਖ਼ਤਮ ਹੋ ਗਿਆ ਤਾਂ ਉਹ ਸਿਪਾਹੀ ਫ਼ਰੀਦ ਬਖ਼ਸ਼ ਉਨ੍ਹਾਂ ਦੀ ਨਿਗਰਾਨੀ ਤੇ ਲੱਗਾ ਰਿਹਾ। ਉਨ੍ਹਾਂ ਦਿਨਾਂ ਵਿਚ ਦੇਸ਼ ਭਗਤੀ ਤੇ ਸੁਤੰਤਰਤਾ ਸੰਗਰਾਮ ਦਾ ਰੰਗ ਇਨਾ ਗੂੜ੍ਹਾ ਸੀ ਕਿ ਫਰੀਦ ਬਖਸ਼ ਵਰਗਾ ਸਰਕਾਰੀ ਨੌਕਰ, ਜਿਹੜੀਆਂ ਰਿਪੋਰਟਾਂ ਸਰਕਾਰ ਨੂੰ ਭੇਜਦਾ ਸੀ, ਉਹ ਬਾਬਾ ਜੀ ਨੂੰ ਪਹਿਲਾਂ ਹੀ ਪੜ੍ਹ ਕੇ ਸੁਣਾ ਦੇਂਦਾ ਸੀ। ਜਦੋਂ ਕਿਤੇ ਬਾਬਾ ਹਰਨਾਮ ਸਿੰਘ ਆਪਣੇ ਕਿਸੇ ਰਿਸ਼ਤੇਦਾਰ ਜਾਂ ਆਪਣੀ ਭੈਣ ਹਰਨਾਮ ਕੌਰ ਨੂੰ ਉਸਦੇ ਪਿੰਡ ਜੌਹਨਸਮਹਾਰ ਮਿਲਣ ਜਾਂਦੇ ਤਾਂ ਫਰੀਦ ਬਖ਼ਸ਼ ਵੀ ਨਾਲ ਜਾਂਦਾ। ਅੰਮ੍ਰਿਤਸਰ ਸ਼ਹਿਰ ਵਿਚ ਤਾਂ ਉਹ ਬਾਬਾ ਜੀ ਦੇ ਪਿੱਛੇ-ਪਿੱਛੇ ਜਾਂਦਾ ਤੇ ਅੱਗੇ ਜਾ ਕੇ ਦੋਵੇਂ ਇਕੱਠੇ ਹੋ ਜਾਂਦੇ।

ਨਿੱਕੀ ਮਾਂ ਦੇ ਵਿਹੜੇ ਵਿਚ ਚਹੁੰ ਟੱਬਰਾਂ ਦੀਆਂ ਰੌਣਕਾਂ ਬਣੀਆਂ ਰਹਿੰਦੀਆਂ ਸਨ। ਗਰਮੀਆਂ ਵਿਚ ਨਿੱਕੀ ਮਾਂ ਦੇ ਵਿਹੜੇ ਦਾ ਸਾਰਾ ਪਰਿਵਾਰ ਬਾਹਰ ਸੌਂਦਾ। ਥਾਓਂ-ਥਾਂਈਂ ਮੰਜੇ ਵਿਛੇ ਹੁੰਦੇ। ਨਿੱਕੀ ਮਾਂ ਨੇ ਆਪਣੇ ਮੰਜੇ ਸਿਰਹਾਣੇ ਦੁੱਧ ਵਾਲੀ ਕਾੜਨੀ ਰੱਖੀ ਹੁੰਦੀ। ਅੱਧੀ ਰਾਤ ਨੂੰ ਢਾਈ-ਤਿੰਨ ਵਜੇ ਉਠ ਕੇ ਨਿੱਕੀ ਮਾਂ ਦੇ ਦਗੀਏ-ਜਠੀਏ, ਕਣਕ ਦੇ ਨਾੜ ਨੂੰ ਨਿੱਕੀ ਮਾਂ ਦੇ ਮੋਰੀਆਂ ਵਾਲੇ ਸ਼ਿਕਾਲੇ ਵਿਚ ਨਾੜ ਪਾ ਕੇ ਉਸ ਦਾ ਦੁੱਧ ਪੀ ਲੈਂਦੇ। ਨਿੱਕੀ ਮਾਂ ਦਾ ਭਰਾ ਘਰਿੰਡੇ ਵਾਲਾ ਜ਼ੈਲਦਾਰ ਸ਼ੇਰ ਸਿੰਘ ਬੀਮਾਰ ਹੋ ਗਿਆ। ਉਸ ਨੂੰ ਡਾਕਟਰਾਂ ਨੇ ਕੁਝ ਸਮਾਂ ਪਹਾੜ ਤੇ ਗੁਜ਼ਾਰਨ ਲਈ ਕਿਹਾ। ਉਹ ਪੂਰੇ ਦੋ ਮਹੀਨੇ ਸ਼ਿਮਲੇ ਜਾ ਕੇ ਰਿਹਾ ਤੇ ਇਨ੍ਹਾਂ ਦਿਨਾਂ ਵਿਚ ਨਿੱਕੀ ਮਾਂ ਨੇ ਆਪਣੇ ਭਰਾ ਦੀ ਖ਼ੂਬ ਸੇਵਾ ਕੀਤੀ। ਮੇਰੇ ਨਾਲ ਨਿੱਕੀ ਮਾਂ ਦਾ ਬਹੁਤ ਪਿਆਰ ਸੀ। ਜਦੋਂ ਮੈਂ ਦਸਵੀਂ ਪਾਸ ਕਰ ਕੇ ਅੰਮ੍ਰਿਤਸਰ ਕਾਲਜ ਵਿਚ ਦਾਖ਼ਲ ਹੋਇਆ ਤਾਂ ਜਦੋਂ ਮੈਂ ਪਿੰਡ ਜਾਣਾ, ਨਿੱਕੀ ਮਾਂ ਨੂੰ ਜਾ ਕੇ ਮਿਲਣਾ ਤਾਂ ਉਸਨੇ ਦਵਾਨੀਆਂ-ਚਵਾਨੀਆਂ ਦਾ ਬਹੁਤ ਸਾਰਾ ਭਾਨ ਮੇਰੇ ਲਈ ਰੱਖਿਆ ਹੁੰਦਾ। ਕਈ ਵਾਰ ਇਹ ਭਾਨ ਇਨਾ ਜ਼ਿਆਦਾ ਹੁੰਦਾ ਕਿ ਕਮੀਜ਼ ਦਾ ਬੋਝਾ ਭਰ ਜਾਂਦਾ। ਫੇਰ ਇਕ ਦਿਨ ਮੈਨੂੰ ਪਤਾ ਲੱਗਾ ਕਿ ਨਿੱਕੀ ਮਾਂ ਬੀਮਾਰ ਹੈ। ਮੈਂ ਸਾਈਕਲ ਲੈ ਕੇ ਨਿੱਕੀ ਮਾਂ ਦੀ ਖ਼ਬਰ ਲੈਣ ਗਿਆ ਪਰ ਜਾ ਕੇ ਪਤਾ ਲੱਗਾ ਕਿ ਨਿੱਕੀ ਮਾਂ ਪਰਲੋਕ ਸਿਧਾਰ ਗਈ ਹੈ। ਉਸ ਦੇ ਸਰੀਰ ਨੂੰ ਸਾਰੇ ਰਲ ਕੇ ਮੜ੍ਹੀਆਂ ਵੱਲ ਲੈ ਜਾ ਚੁੱਕੇ ਸਨ। ਮੈਂ ਛੇਤੀ-ਛੇਤੀ ਮੜ੍ਹੀਆਂ ਵੱਲ ਗਿਆ। ਨਿੱਕੀ ਮਾਂ ਦਾ ਦਾਹ-ਸਸਕਾਰ ਹੋ ਰਿਹਾ ਸੀ। ਨਿੱਕੀ ਮਾਂ ਦੀ ਯਾਦ ਵਿਚ ਮੇਰੇ ਹੰਝੂ ਪਰਲ-ਪਰਲ ਵਗ ਰਹੇ ਸਨ। ਅੱਜ ਵੀ ਜਦੋਂ ਕਦੀ ਮੈਨੂੰ ਨਿੱਕੀ ਮਾਂ ਦੀ ਯਾਦ ਆਉਂਦੀ ਹੈ ਤਾਂ ਮੈਂ ਬਦੋ-ਬਦੀ ਭਾਵਕ ਹੋ ਜਾਂਦਾ ਹਾਂ। ਧੰਨ ਹਨ ਨਿੱਕੀ ਮਾਂ ਵਰਗੀਆਂ ਉਹ ਕੋਮਲ ਪਵਿੱਤਰ ਰੂਹਾਂ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਲਾਹੌਰ ਬੁੱਕਸ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com